# ਖੋਜ ਪੰਧ

# KHOJ PANDH

Approved by U.G.C. Care list

ਯੂ. ਜੀ. ਸੀ. ਕੇਅਰ ਲਿਸਟ ਵਿਚ ਸ਼ਾਮਿਲ

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਖੋਜ ਜਰਨਲ

**ISSN No. 2394-0980**

**March 2025**

**Vol. 11**

**Annual Peer Reviewed Refereed Journal**

## ਪੰਜਾਬੀ ਭਾਸ਼ਾ ਅਤੇ ਸਾਹਿਤ: ਉੱਤਰ ਆਧੁਨਿਕ ਪਰਿਪੇਖ

**PUNJABI JOURNAL**

**Price: 500**

**ਪੰਜਾਬੀ ਵਿਭਾਗ**

ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ

ਖ਼ਾਲਸਾ ਕਾਲਜ, ਪਟਿਆਲਾ

ਪੰਜਾਬ, ਭਾਰਤ

**ਮੁੱਖ ਸਰਪ੍ਰਸਤ**
**ਸ. ਹਰਜਿੰਦਰ ਸਿੰਘ ਜੀ ਧਾਮੀ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ

**ਸਰਪ੍ਰਸਤ**
ਸ. ਸੁਖਮਿੰਦਰ ਸਿੰਘ
ਸਕੱਤਰ ਵਿੱਦਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ

**ਮੁੱਖ ਸੰਪਾਦਕ**
ਡਾ. ਧਰਮਿੰਦਰ ਸਿੰਘ ਉੱਭਾ
ਪ੍ਰਿੰਸੀਪਲ, ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ

**ਸੰਪਾਦਕ**
ਪ੍ਰੋ. ਪਰਮਜੀਤ ਕੌਰ (ਮੁਖੀ ਪੰਜਾਬੀ ਵਿਭਾਗ)
ਡਾ. ਦਵਿੰਦਰ ਸਿੰਘ
ਡਾ. ਪੁਸ਼ਪਿੰਦਰ ਕੌਰ
ਡਾ. ਸਰਬਜੀਤ ਸਿੰਘ
ਪ੍ਰੋ. ਜਗਰੂਪ ਕੌਰ
ਡਾ. ਜਸਵਿੰਦਰ ਸਿੰਘ

**ਸਲਾਹਕਾਰ ਬੋਰਡ**
ਡਾ. ਓਮ ਪ੍ਰਕਾਸ਼ ਵਸ਼ਿਸ਼ਟ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਡਾ. ਸਤਨਾਮ ਸਿੰਘ ਸੰਧੂ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਜੋਗਾ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਆਤਮ ਸਿੰਘ ਰੰਧਾਵਾ
ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ
ਪ੍ਰੋ. ਅੱਛਰੂ ਸਿੰਘ
ਸ਼੍ਰੋਮਣੀ ਸਾਹਿਤਕਾਰ
ਡਾ. ਪਰਮਜੀਤ ਕੌਰ ਸਿੱਧੂ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਡਾ. ਸਤੀਸ਼ ਕੁਮਾਰ ਵਰਮਾ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਮਨਜਿੰਦਰ ਸਿੰਘ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ
ਡਾ. ਸਰਬਜਿੰਦਰ ਸਿੰਘ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ
ਡਾ. ਪ੍ਰਵੀਨ ਕੁਮਾਰ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਡਾ. ਰਜਿੰਦਰਪਾਲ ਸਿੰਘ ਬਰਾੜ
ਪੰਜਾਬੀ ਯੂਨਵਰਸਿਟੀ, ਪਟਿਆਲਾ
ਪਰਮਵੀਰ ਸਿੰਘ
ਖ਼ਾਲਸਾ ਸਕੂਲ, ਸਰੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ



*Releasing Schedule: January to to December (Annual)*



**©All rights reserved with National Press Associates. No part of this Journal may be reproduced or Transmitted in any from or by any means of electronic or mechanical including photocopy, recording or any information stored in a retrieval system, without the prior written permission of the publisher and college.**



**Production & Hosting By National Press Associates, New Delhi**
**Website:** www.npajournals.org **E-mail.** info@npajournals.org **Ph. +91-98889-34889**

# ਖੋਜ ਪੰਧ

## ਤਤਕਰਾ

ISSN 2394-0980 Vol. 11

March 2025

ਸੰਪਾਦਕੀ ਪੰਨਾ

1. ਉਤਰ ਆਧੁਨਿਕਤਾ ਤੇ ਨੈਤਿਕਤਾ 1-7
ਡਾ. ਮਨਮੋਹਨ ਸਿੰਘ

2. ਉੱਤਰ ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਰਬਜੀਤ ਕੌਰ ਸੋਹਲ ਦਾ ਕਥਾ-ਜਗਤ
ਡਾ. ਪਰਮਜੀਤ ਕੌਰ ਸਿੱਧੂ 8-16

3. ਸਮਕਾਲੀ ਪੰਜਾਬੀ ਨਾਰੀ- ਕਾਵਿ : ਉੱਤਰ ਆਧੁਨਿਕ ਪਰਿਪੇਖ
ਡਾ. ਪ੍ਰਵੀਨ ਕੁਮਾਰ 17-27

4. ਸ਼ਿਵ ਕੁਮਾਰ ਰਚਿਤ 'ਲੂਣਾ': ਉਤਰ-ਆਧੁਨਿਕ ਪੜ੍ਹਤ ਤੇ ਸਭਿਆਚਾਰਕ ਪੁਨਰ-ਵਿਆਖਿਆ
ਡਾ. ਹਰਿੰਦਰ ਕੌਰ ਸੋਹਲ 28-37

5. ਸਿੱਖ ਧਰਮ ਅਤੇ ਪੰਜਾਬੀ ਸਾਹਿਤ ਦਾ ਉੱਤਰ ਆਧੁਨਿਕ ਪਰਿਪੇਖ
ਡਾ. ਪਰਮਜੀਤ ਕੌਰ 38-46

6. ਸਮਕਾਲ ਵਿੱਚ ਨਾਰੀ ਰਚਿਤ ਪਰਵਾਸੀ ਪੰਜਾਬੀ ਕਹਾਣੀ ਦੇ ਸਰੋਕਾਰ : ਉੱਤਰ-ਆਧੁਨਿਕ ਪਰਿਪੇਖ
ਡਾ. ਗੁਰਪ੍ਰੀਤ ਕੌਰ ਬਰਾੜ 47-55

7. ਸੁਰਜੀਤ ਪਾਤਰ ਦੀ ਕਵਿਤਾ ਵਿਚ ਕੌਮੀਅਤ ਦਾ ਸੰਕਲਪ
ਡਾ. ਦਵਿੰਦਰ ਸਿੰਘ 56-65

8. ਰਾਜਨੀਤਿਕ ਸਿਧਾਂਤ ਅਤੇ ਉੱਤਰ-ਆਧੁਨਿਕਤਾਵਾਦ
ਡਾ. ਜਗਤਾਰ ਸਿੰਘ 66-77

9. ਪੰਜਾਬੀ ਸਾਹਿਤ ਵਿਚ ਗੁਰਮੁਖੀ ਲਿਪੀ ਦਾ ਯੋਗਦਾਨ: (ਉਤਪਤੀ ਅਤੇ ਭਵਿੱਖ , ਉਤਰ ਆਧੁਨਿਕ ਪਰਿਪੇਖ ਚ)
ਡਾ. ਸੁਮਨਪ੍ਰੀਤ ਕੌਰ 78-84

10. ਵਨੀਤਾ ਦੀ ਕਵਿਤਾ: ਉਤਰ ਆਧੁਨਿਕ ਪਰਿਪੇਖ
ਡਾ. ਜਸਵਿੰਦਰ ਕੌਰ 85-93

11. ਉੱਤਰ ਆਧੁਨਿਕਤਾ,ਸਿੱਖ ਸਿਧਾਂਤ ਅਤੇ ਪੰਜਾਬੀ ਸਭਿਆਚਾਰ
ਡਾ. ਮਨਿੰਦਰ ਕੌਰ 94-102

12. ਸਮਕਾਲੀ ਨਾਰੀ ਕਾਵਿ ਵਿਚ ਧਾਰਮਿਕ, ਰਾਜਨੀਤਿਕ ਅਤੇ ਸਮਾਜ-ਸਭਿਆਚਾਰਕ ਬਿੰਬਕਾਰੀ ਰੂਪਾਂਤਰਨ: ਇਕ ਵਿਸ਼ਲੇਸ਼ਣ
ਡਾ. ਰੁਪਿੰਦਰ ਕੌਰ 103-115

13. ਮੀਡੀਆ ਦੀ ਭਾਸ਼ਾ: ਉੱਤਰ ਆਧੁਨਿਕ ਪਰਿਪੇਖ
ਡਾ. ਗੁਰਪ੍ਰੀਤ ਕੌਰ 116-121

14. ਸ਼੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ ਆਸਾ ਦੀ ਵਾਰ : ਉੱਤਰ ਆਧੁਨਿਕ ਪਰਿਪੇਖ
ਡਾ. ਸਰਬਜੀਤ ਕੌਰ 122-127

15. ਪੰਜਾਬੀ ਭਾਸ਼ਾ ਅਤੇ ਸਾਹਿਤ: ਉੱਤਰ ਆਧੁਨਿਕਤਾ ਦੇ ਪਰਪੇਖ ਵਿੱਚ
ਹਰਪ੍ਰੀਤ ਕੁਮਾਰ 128-141

16. ਉੱਤਰ ਆਧੁਨਿਕ ਸਾਹਿਤ ਅਧਿਐਨ ਦ੍ਰਿਸ਼ਟੀ
ਸੰਦੀਪ ਕੌਰ 142-148

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਸੰਪਾਦਕੀ

ਸਮਕਾਲ ਦੇ ਵਿੱਚ ਬਹੁਤ ਸਾਰੀਆਂ ਕਦਰਾਂ ਕੀਮਤਾਂ ਤੇਜੀ ਨਾਲ ਬਦਲ ਰਹੀਆਂ ਹਨ। ਅਜਿਹੀ ਸਥਿਤੀ ਵਿਚ ਸਾਹਿਤ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਮਨੁੱਖ ਨੂੰ ਚੰਗੇ ਭਵਿੱਖ ਵੱਲ ਵਿਧੀਵਤ ਤਰੀਕੇ ਨਾਲ ਲੈ ਕੇ ਜਾ ਸਕਦੀ ਹੈ। ਸਾਹਿਤ, ਕਿਸ ਵੀ ਵਿਧਾ ਦਾ ਹੋਵੇ ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗੀ ਦਿਸ਼ਾ ਦੇ ਸਕੇ। ਇਸ ਲਈ ਡੂੰਘੇ ਚਿੰਤਨ ਦੀ ਜ਼ਰੂਰਤ ਹਮੇਸ਼ਾਂ ਬਣੀ ਰਹਿੰਦੀ ਹੈ। ਇਸ ਦੌਰ ਨੂੰ ਤਕਨੀਕ ਦਾ ਦੌਰ ਕਿਹਾ ਜਾਂਦਾ ਹੈ | ਅਸੀਂ ਅੱਜ ਤਕਨੋਲਜੀ ਦੀ ਸਹਾਇਤਾ ਨਾਲ ਪੂਰੇ ਵਿਸ਼ਵ ਨੂੰ ਇੱਕ ਨਵੇਂ ਦੌਰ ਵੱਲ ਲੈ ਕੇ ਜਾ ਰਹੇ ਹਾਂ | ਸਾਹਿਤ ਕਿਸੇ ਵੀ ਸਭਿਅਤਾ ਲਈ ਬਹੁਤ ਜ਼ਰੂਰੀ ਤੱਤ ਹੁੰਦਾ ਹੈ ਇੱਕ ਪੀੜੀ ਦਾ ਸਾਹਿਤ ਦੂਸਰੀ ਪੀੜ੍ਹੀ ਤਕ ਭਾਸ਼ਾ ਦੇ ਮਾਧਿਅਮ ਰਾਹੀਂ ਪਹੁੰਚਦਾ ਹੈ। ਸਾਹਿਤ ਚਿੰਤਨ ਦੀ ਪ੍ਰਕਿਰਿਆ ਹਮੇਸ਼ਾ ਚਲਦੀ ਰਹਿੰਦੀ ਹੈ ਜਿਵੇਂ ਜਿਵੇਂ ਮਨੁੱਖ ਨੇ ਤਰੱਕੀ ਕੀਤੀ ਹੈ। ਵਿਗਿਆਨਕ ਨਜ਼ਰੀਏ ਨੇ ਉਸ ਦੀ ਮਦਦ ਕੀਤੀ ਹੈ। ਇੱਕ ਪਾਸੇ ਵਿਗਿਆਨਕ ਨਜ਼ਰੀਆ ਹੈ ਤੇ ਦੂਜੇ ਪਾਸੇ ਇਤਿਹਾਸ ਵੀ ਹੈ। ਸਾਹਿਤ ਹਮੇਸ਼ਾ ਇਕ ਪੀੜ੍ਹੀ ਨੂੰ ਦੂਜੀ ਪੀੜ੍ਹੀ ਨਾਲ ਜੋੜਦਾ ਹੋਇਆ, ਰਾਹ ਦਸੇਰਾ ਬਣਿਆ ਹੈ। ਸਮਕਾਲ ਦੇ ਵਿੱਚ ਬਹੁਤ ਸਾਰੀਆਂ ਕਦਰਾਂ ਕੀਮਤਾਂ ਤੇਜੀ ਨਾਲ ਬਦਲ ਰਹੀਆਂ ਹਨ। ਅਜਿਹੀ ਸਥਿਤੀ ਵਿਚ ਸਾਹਿਤ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਮਨੁੱਖ ਨੂੰ ਚੰਗੇ ਭਵਿੱਖ ਵੱਲ ਵਿਧੀਵਤ ਤਰੀਕੇ ਨਾਲ ਲੈ ਕੇ ਜਾ ਸਕਦੀ ਹੈ। ਸਾਹਿਤ ਕਿਸ ਪ੍ਰਕਾਰ ਦਾ ਹੋਵੇ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗੀ ਦਿਸ਼ਾ ਦੇ ਸਕੇ। ਇਸ ਲਈ ਡੂੰਘੇ ਚਿੰਤਨ ਦੀ ਜ਼ਰੂਰਤ ਹਮੇਸ਼ਾਂ ਬਣੀ ਰਹਿੰਦੀ ਹੈ। ਸਾਹਿਤ ਚਿੰਤਨ ਲਈ ਬਹੁਤ ਸਾਰੀਆਂ ਪ੍ਰਣਾਲੀਆਂ, ਇਤਿਹਾਸ ਵਿੱਚ ਮਿਲਦੀਆਂ ਹਨ। ਇਨ੍ਹਾਂ ਪ੍ਰਣਾਲੀਆਂ ਰਾਹੀਂ ਸਾਹਿਤ ਨੂੰ ਦੇਖਣਾ, ਸਮਕਾਲ ਦੀ ਵੱਡੀ ਜ਼ਰੂਰਤ ਹੈ। ਅੱਜ ਬਹੁਤ ਸਾਰਾ ਸਾਹਿਤ ਰਚਿਆ ਜਾ ਰਿਹਾ ਹੈ। ਇਸ ਸਾਰੇ ਸਾਹਿਤ ਨੂੰ ਸਾਹਿਤਕ ਮਾਪਦੰਡਾਂ ਅਧੀਨ ਦੇਖਣ ਵਿੱਚ ਸਾਹਿਤਕ ਪ੍ਰਣਾਲੀਆਂ ਸਾਡੀ ਮਦਦ ਕਰਦੀਆਂ ਹਨ। ਇਸ ਲਈ ਹੱਥਲੇ ਖੋਜ ਪੱਤਰਾਂ ਵਿੱਚ ਡੂੰਘੇ ਚਿੰਤਨ ਦੀ ਗੱਲ ਕੀਤੀ ਗਈ ਹੈ ਕਿਸੇ ਵੀ ਸਦੀ ਦਾ ਸਾਹਿਤ ਤਾਂ ਹੀ ਇਤਿਹਾਸ ਬਣ ਸਕਦਾ ਹੈ ਜੇਕਰ ਉਸ ਵਿੱਚ ਸਾਹਿਤਕ ਨਿਯਮਾਂ ਦੀ ਪਾਲਣਾ ਕੀਤੀ ਹੋਵੇ। ਇਸ ਅੰਕ ਵਿੱਚ ਉਹ ਸਾਰੇ ਖੋਜ ਪੱਤਰ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਵਿੱਚ ਉੱਤਰ ਆਧੁਨਿਕ ਪਰਿਪੇਖ ਨੂੰ ਆਧਾਰ ਬਣਾ ਕੇ ਖੋਜ ਕੀਤੀ ਗਈ ਹੈ। ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਮੁੱਢ ਤੋਂ ਲੈ ਕੇ ਹੁਣ ਤਕ ਸਮਾਜ, ਰਾਜਨੀਤੀ, ਦਰਸ਼ਨ, ਕਲਾ ਅਤੇ ਸੰਸਕ੍ਰਿਤੀ ਆਦਿ ਦੇ ਰੂਪ ਵਿਚ ਇਹਨਾਂ ਮਨੁੱਖੀ ਵਰਤਾਰਿਆਂ ਅਤੇ ਮਨੁੱਖੀ ਵਿਵਹਾਰ ਦੇ ਵਿਭਿੰਨ ਪਹਿਲੂਆਂ ਨੂੰ ਸਮਝਣ ਦਾ ਯਤਨ ਹੁੰਦੇ ਰਹੇ ਹਨ। ਇਹ ਯਤਨ ਕਿਸੇ ਨਾ ਕਿਸੇ ਚਿੰਤਨ ਦੇ ਰੂਪ ਵਿਚ ਸਾਹਮਣੇ ਆਉਂਦੇ ਰਹੇ ਅਤੇ ਇਹ ਚਿੰਤਨ, ਵਾਦ ਦੇ ਰੂਪ ਵਿਚ ਸਾਨੂੰ ਪ੍ਰਾਪਤ ਹਨ। ਦੁਨੀਆ ਦੇ ਹਰ ਮਨੁੱਖ ਵਾਂਗ ਪੰਜਾਬੀ ਮਨੁੱਖ ਵੀ ਨਵੀਆਂ ਪ੍ਰਸਥਿਤੀਆਂ ਤੋਂ ਪ੍ਰਭਾਵ ਗ੍ਰਹਿਣ ਕਰ ਰਿਹਾ ਹੈ। ਇਸ ਸਮੇਂ ਵਿਚ ਉੱਪਜ ਰਹੀ ਲਿਖਤ ਵੀ ਨਵੇਂ ਯਥਾਰਥ ਨਾਲ ਸਾਂਝ ਪਾਉਣ ਲਈ ਯਤਨਸ਼ੀਲ ਹੈ। ਅਜਿਹੇ ਯਥਾਰਥ ਨੂੰ ਅਭਿਵਿਅਕਤ ਕਰਨ ਲਈ ਨਵੇਂ ਪ੍ਰਯੋਗਾਂ ਦੇ ਨਾਲ ਨਾਲ ਨਵੇਂ ਰੂਪਾਂ ਅਤੇ ਬਿੰਬਾਂ ਦੀ ਸਿਰਜਣਾ ਕੀਤੀ ਗਈ ਹੈ। ਸਨਅਤੀਕਰਨ ਦੇ ਯੁੱਗ ਵਿਚ ਮਨੁੱਖੀ ਸ਼ਖ਼ਸੀਅਤ ਦੁਬਿਧਾਗ੍ਰਸਤ ਹੋ ਗਈ ਹੈ। ਪੂੰਜੀ ਦੇ ਕੇਂਦਰ ਵਿਚ ਆਉਣ ਕਾਰਨ ਮਾਨਵੀ ਰਿਸ਼ਤਿਆਂ ਦੀ ਟੁੱਟ ਭੱਜ ਵੱਧ ਰਹੀ ਹੈ। ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਕਰਕੇ ਸਾਡੀ ਜੀਵਨ-ਸ਼ੈਲੀ ਬਦਲ ਰਹੀ ਹੈ। ਵਰਤਮਾਨ ਯੁੱਗ ਵਿਚ ਕੰਪਿਊਟਰ ਤੇ ਇਲੈਕਟ੍ਰੋਨਿਕ ਯੰਤਰਾਂ ਨੇ ਮਨੁੱਖ ਦੀ ਸਥਿਤੀ ਨੂੰ ਬਦਲ ਕੇ ਰੱਖ ਦਿੱਤਾ ਹੈ। ਕਾਨਫਰੰਸਾਂ, ਗੋਸ਼ਟੀਆਂ ਅਤੇ ਸੰਵਾਦ ਸਮੇਂ ਦੀ ਵੱਡੀ ਜ਼ਰੂਰਤ ਹੁੰਦੇ ਹਨ। ਇਹ ਮੰਚ ਨਵੇਂ ਵਿਚਾਰਾਂ ਨੂੰ ਮੌਕਾ ਪ੍ਰਦਾਨ ਕਰਦੇ ਹਨ। ਅਕਾਦਮਿਕ ਖੇਤਰ ਵਿਚ ਵਾਪਰ ਰਹੇ ਵਰਤਾਰਿਆਂ ਦੇ ਨਾਲ ਨਾਲ ਨਵੇਂ ਸਾਹਿਤਕ ਚਿੰਤਨ ਅਤੇ ਵਿਰਸੇ ਪ੍ਰਤੀ ਵੀ ਜਾਗਰੂਕ ਹੋਣ ਦੀ ਵੱਡੀ ਜ਼ਰੂਰਤ ਹੈ। ਖ਼ਾਲਸਾ ਕਾਲਜ ਪਟਿਆਲਾ ਨੇ ਇਸ ਜ਼ਰੂਰਤ ਨੂੰ ਸਮਝਦਿਆਂ ਵਿਦਵਾਨਾਂ ਅਤੇ ਵਿਚਾਰਵਾਨਾਂ ਨੂੰ ਸੰਵਾਦ ਕਰਨ ਲਈ ਇੱਕ ਮੰਚ ਮੁਹੱਈਆ ਕਰਵਾਇਆ ਹੈ। ਇਸ ਵਿਚਾਰ ਗੋਸ਼ਟੀ ਅਧੀਨ 'ਪੰਜਾਬੀ ਭਾਸ਼ਾ ਅਤੇ ਸਾਹਿਤ: ਉੱਤਰ ਆਧੁਨਿਕ ਪਰਿਪੇਖ ਅੰਕ 'ਤੇ ਵਿਚਾਰ ਕਰਨ ਲਈ ਬਹੁਤ ਸਾਰੇ ਵਿਦਵਾਨ ,ਅਧਿਆਪਕ, ਅਤੇ ਖੋਜਾਰਥੀਆਂ ਦੇ ਖੋਜ ਪੇਪਰ ਪ੍ਰਾਪਤ ਹੋਏ ਸਨ। ਪ੍ਰਾਪਤ ਖੋਜ ਪੱਤਰਾਂ ਨੂੰ ਰਵਿਊ ਕਮੇਟੀ ਵੱਲੋਂ ਪੜਤਾਲ ਕਰਕੇ, ਸਾਹਿਤਕ ਪੱਧਰ ਅਤੇ ਅਕਾਦਮਿਕ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ, 16 ਖੋਜ-ਪੱਤਰ ਇਸ ਖੋਜ ਜਨਰਲ 'ਖੋਜ ਪੰਧ' ਵਿੱਚ ਛਾਪਣ ਦੀ ਖੁਸ਼ੀ ਪ੍ਰਾਪਤ ਕਰ ਰਹੇ ਹਾਂ।ਇਨ੍ਹਾਂ ਖੋਜ ਪੱਤਰਾਂ ਵਿਚ ਸਾਹਿਤ ਦੇ ਚਿੰਤਨ ਅਧੀਨ ਵੱਖ ਵੱਖ ਪਹਿਲੂਆਂ 'ਤੇ ਗੱਲ ਹੋਈ ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸਾਨੂੰ ਸਾਡੀ ਅਮੀਰ ਸਾਹਿਤਕ ਦੀ ਡੂੰਘੀ ਜਾਣਕਾਰੀ ਤੇ ਚਿੰਤਨ ਬਾਰੇ ਡੂੰਘੀਆਂ ਅਤੇ ਮੁੱਲਵਾਨ ਪ੍ਰਾਪਤੀਆਂ ਬਾਰੇ ਪਤਾ ਲੱਗੇਗਾ।

ਖੋਜ ਪੱਤਰਾਂ ਵਿੱਚ ਲੇਖਕਾਂ ਨੇ ਵੱਖ ਵੱਖ ਖੋਜ ਦ੍ਰਿਸ਼ਟੀਆਂ ਅਤੇ ਵੱਖ ਵੱਖ ਵਿਸ਼ਿਆਂ ਬਾਰੇ ਭਰਵੀਂ ਵਿਚਾਰ ਚਰਚਾ ਕਰਨ ਦਾ ਯਤਨ ਕੀਤਾ ਹੈ।

ਸਾਨੂੰ ਪੂਰਨ ਵਿਸ਼ਵਾਸ ਹੈ ਕਿ ਸਾਡੇ ਵੱਲੋਂ ਕੀਤਾ ਗਿਆ ਇਹ ਯਤਨ ਆਉਂਦੇ ਸਮੇਂ ਵਿੱਚ ਸਾਡੀ ਭਾਸ਼ਾ ਅਤੇ ਸਾਹਿਤ ਦੇ ਨਜਰੀਏ ਨੂੰ ਵੱਖ ਵੱਖ ਪਹਿਲੂਆਂ ਨੂੰ ਸਮਝਣ ਵਿੱਚ ਸਹਾਈ ਹੋਵੇਗਾ।

ਡਾ. ਧਰਮਿੰਦਰ ਸਿੰਘ ਉੱਭਾ
ਪ੍ਰਿੰਸੀਪਲ,
ਖ਼ਾਲਸਾ ਕਾਲਜ, ਪਟਿਆਲਾ

(UGC Care Listed Journal)

# UGC CARE List

Note: Please Log in to view journal details viz. website of the journal, publisher, subject, table of contents (for print journals), language of the journal, etc.

| Sr.No. | Journal Title | ISSN | E-ISSN | UGC-CARE coverage years | View |
|---|---|---|---|---|---|
| 1 | Khoj Pandh | 2394-0980 | NA | from July-2022 to Present | |

Copyright © 2023 Savitribai Phule Pune University. All rights reserved.

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 1-7

# ਉਤਰ ਆਧੁਨਿਕਤਾ ਤੇ ਨੈਤਿਕਤਾ

**ਡਾ. ਮਨਮੋਹਨ ਸਿੰਘ**
**ਸਾਬਕਾ ਆਈ. ਪੀ. ਐੱਸ.**

ਸਾਹਿਤਕਾਰਾਂ, ਬੁੱਧੀਜੀਵੀਆਂ, ਚਿੰਤਕਾਂ ਤੇ ਇਥੋਂ ਤੱਕ ਕੇ ਦਾਰਸ਼ਿਨਕਾਂ ਵਿਚ ਵੀ ਅੱਜ ਕੱਲ੍ਹ ਇਕ ਗੰਭੀਰ ਬੌਧਿਕ ਰੋਗ (disorder) ਵਿਆਪਤ ਹੈ, ਉਹ ਹੈ; "Pomophobia" (Postmodernism phobia) ।ਇਹ ਇਸ ਲਈ ਹੈ ਕਿਉਂ ਕਿ ਉਤਰ ਆਧੁਨਿਕਵਾਦ ਹਮੇਸ਼ਾਂ ਹੀ ਇਕ ਖ਼ਤਰਨਾਕ ਨਾਅਰੇ ਨਾਲ ਵਾਬਸਤਾ ਰਿਹੈ, 'ਨਿਯਮਾਂ ਨੂੰ ਤੋੜੋ'। ਜਦੋਂ ਇਹ ਗੱਲ ਨੈਤਿਕਤਾ 'ਤੇ ਆਉਂਦੀ ਹੈ ਤਾਂ ਉਤਰ ਆਧੁਨਿਕਤਾ ਜੋ ਇਕ ਤਰ੍ਹਾਂ ਦਾ ਬੌਧਕ ਗ਼ਲਬਾ ਹੈ, ਕੋਲ ਇਸ ਬਾਰੇ ਗੁਣਾਤਮਕ ਜਾਂ ਉਤਪਾਦਕੀ ਉਪਭੋਗ ਲਈ ਕੁੱਝ ਵੀ ਕਹਿਣ ਲਈ ਨਹੀਂ ਹੈ । ਨਿਸਚਿਤ ਹੀ ਇਹ ਉਤਰ ਆਧੁਨਿਕਤਾ ਦੀ ਬੁਰੀ ਪੜ੍ਹਤ ਹੈ । ਇਸ ਪੜਾਅ 'ਤੇ ਇਸ ਪੇਪਰ ਰਾਹੀਂ ਉਤਰ ਆਧੁਨਿਕਤਾਵਾਦ ਨੂੰ ਫਰੋਲਿਆ ਜਾਵੇਗਾ ਤਾਂ ਕਿ ਉਤਰ ਆਧੁਨਿਕਤਾਵਾਦ ਤੇ ਨੈਤਿਕਤਾ ਵਿਚਾਲੇ ਸਬੰਧਾਂ ਤੇ ਸਾਂਝੇ ਵਿਚਾਰਾਂ ਨੂੰ ਮੂਹਰੇ ਲਿਆਂਦਾ ਜਾਵੇਗਾ।ਇਹ ਤਾਂ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਨੈਤਿਕਤਾ, ਗਿਆਨ ਦੀ ਉਹ ਸ਼ਾਖ਼ਾ ਹੈ ਜੋ ਕਿ ਸਦਾਚਾਰਕ ਸਿਧਾਂਤਾਂ ਤੇ ਮੁੱਲਾਂ ਨਾਲ ਜੁੜੀ ਹੋਈ ਹੈ ਅਤੇ ਕਈ ਤਰ੍ਹਾਂ ਦੇ do's and don'ts ਤੇ taboos ਇਸ ਨਾਲ ਵਾਬਸਤਾ ਨੇ । ਆਪੋ ਆਪਣੀ ਪੋਜੀਸ਼ਨ ਅਨੁਸਾਰ ਕਈ ਤਰ੍ਹਾਂ ਦੇ ਵਿਚਾਰਾਂ ਦੇ ਸਕੂਲ ਨੈਤਿਕ ਪ੍ਰਤਿਮਾਨਾਂ (ethical norms) ਦਾ ਵਾਸਤਾ ਪਾਉਂਦੇ ਨੇ। ਇਨ੍ਹਾਂ ਸਦਾਚਾਰਕ ਨੇਮਾਂ (moral codes) ਨੂੰ ਕਈ ਤਰ੍ਹਾਂ ਦੇ ਰੇਖਕੀ ਤੇ ਸੰਰਚਨਾਤਮਕ ਉਸਾਰਾਂ 'ਚ ਬੰਨ੍ਹਿਆ ਗਿਆ ਪਾਇਆ ਜਾਂਦੈ । ਇਹ ਹਾਲਾਤ ਸਿਰਫ਼ ਆਧੁਨਿਕ ਤੇ ਪਰੰਪਰਾਵਾਦੀ ਦੋਹਾਂ ਵਿਚਾਰਾਂ 'ਚ ਹੀ ਪਏ ਜਾਂਦੇ ਸੀ । ਪਰ ਜਿਸ ਬਿੰਦੂ 'ਤੇ ਜ਼ੋਰ ਦੇਣ ਦੀ ਗੱਲ ਹੈ ਉਹ ਇਹ ਹੈ ਕਿ ਨਾਮ ਵਜੋਂ ਆਧੁਨਿਕਤਾ ਹੋਣ 'ਤੇ ਵੀ ਇਸ ਵਿਚ ਕਈ ਪਰੰਪਰਾਵਾਦੀ ਧਾਰਨਾਵਾਂ ਅਜੇ ਵੀ ਸਾਂਭੀਆਂ ਹੋਈਆਂ ਪਾਈਆਂ ਜਾਂਦੀਆਂ ਨੇ । ਇਕ ਪਾਸੇ ਤਾਂ ਇਸ ਨੇ ਪਰੰਪਰਾ ਦੇ ਕਈ ਮਾਰੂ ਤੇ ਖ਼ਤਰਨਾਕ ਪ੍ਰਤਿਮਾਨਾਂ ਨੂੰ ਬਲਸ਼ੀਲ ਕੀਤਾ ਹੈ ਅਤੇ ਦੂਜੇ ਪਾਸੇ ਵਿਗਿਆਨ, ਤਰਕ, ਵਿਵੇਕ, ਤਕਨੀਕ, ਮੁਕਤੀ ਤੇ ਆਜ਼ਾਦੀ ਜਿਹੇ ਮੁੱਦਿਆਂ 'ਚ ਕੁੱਝ ਪ੍ਰਗਤੀ ਦੇ ਬਾਵਜੂਦ ਵੀ ਆਧੁਨਿਕਤਾ 'ਚ ਕਈ ਮਾਰੂ ਸਮੱਸਿਆਵਾਂ ਘਰ ਕਰੀ ਬੈਠੀਆਂ ਨੇ । ਕੀ ਜੇ ਆਧੁਨਿਕਤਾ, ਪਰੰਪਰਾ ਨੂੰ ਮਜ਼ਬੂਤ ਕਰਦੀ ਹੈ ਤਾਂ ਇਹ ਪਹਿਲਾ ਮੁੱਖ ਸਵਾਲ ਬਣਦਾ ਹੈ । ਇਸ ਤੋਂ ਬਾਅਦ ਦੂਜਾ ਪ੍ਰਸ਼ਨ ਇਹ ਉਠਦੈ ਕਿ ਫਿਰ ਆਧੁਨਿਕਤਾ ਇਨ੍ਹਾਂ ਸਮੱਸਿਆਵਾਂ ਨਾਲ ਨਿਬੜਦੀ ਕਿਵੇਂ ਹੈ । ਜੰਗਾਂ, ਦਹਿਸ਼ਤਵਾਦ, ਦਹਿਸ਼ਤਵਾਦ ਉਪਰ ਵਿੱਢੀ ਜੰਗ, ਮਨੁੱਖਤਾ ਦਾ ਘਲੂਘਾਰਾ/ਨਸਲਕੁਸ਼ੀ (genocide), ਸਰਵਨਾਸ਼ (holocaust), ਮੌਤ ਦੇ ਕੈਂਪਸ, ਮੌਤ ਦੇ ਮਰਸੀਨਰੀਆਂ ਦੇ ਟੋਲੇ ਆਦਿ ਕੁਝ ਅਜਿਹੇ ਜਵਲੰਤ ਰਾਜਨੀਤਕ ਮੁੱਦੇ ਨੇ ਜੋ ਕਿ ਪੂਰਾ ਵਿਸ਼ਵ ਪ੍ਰਗਤੀ, ਤਰੱਕੀ ਤੇ ਉਨਤੀ ਦੇ ਨਾਮ 'ਤੇ ਉਦਯੋਗਿਕ ਇਨਕਲਾਬ ਦੇ ਦਿਨਾਂ ਤੋਂ ਜੂਝਦਾ ਆ ਰਿਹਾ ਹੈ । ਨਸਲਵਾਦ (racism), ਜਾਤਵਾਦ (casteism) ਅਤੇ ਧਾਰਮਿਕ ਉਨਮਾਦ ਤੇ ਰੂੜ੍ਹੀਵਾਦਤਾ ਆਦਿ ਵਰਤਮਾਨ ਦੌਰ 'ਚ ਆਪਣੇ ਟੈਕਨੋਕਰੈਟਿਕ ਮੁਲੰਮੇ ਕਾਰਣ ਹੋਰ ਘਿਣੌਣਾ ਰੂਪ ਅਖਤਿਆਰ ਕਰਦਾ ਜਾ ਰਿਹੈ । ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਪਰੰਪਾਵਾਦ ਦੀ ਹੀ ਅਗਲੀ ਪੀੜ੍ਹੀ ਹੈ ।ਇਨ੍ਹਾਂ ਮੁੱਦਿਆਂ ਤੋਂ ਇਲਾਵਾ ਵਰਤਮਾਨ ਦੌਰ 'ਚ ਸਮਾਜਿਕ ਤੇ ਸੱਭਿਆਚਾਰਕ ਖੇਤਰ ਵਿਚ ਲਿੰਗਕ ਅਨਿਆਂ (gender injustice), ਪਰਾਲਿੰਗਕ ਅਸਮਾਨਤਾ (transgender inequality), ਅਤੇ ਸਮਲਿੰਗਕ ਸਬੰਧਾਂ (homosexual relationships), ਉਦਾਰੀਕਰਣ (liberalization), ਨਿੱਜੀਕਰਣ (privatization) ਅਤੇ ਵਿਸ਼ਵੀਕਰਣ (globalization) ਜਿਹੀਆਂ ਵਿਸ਼ਾਲ ਤੇ ਵਿਕਟ ਸਮੱਸਿਆਂਵਾਂ ਕਾਰਣ ਵੱਡਾ ਭੰਬਲਭੂਸਾ ਤੇ ਧੁੰਦੂਕਾਰਾ ਵਿਆਪਤ ਹੈ ਜਿਸ ਕਾਰਣ ਗ਼ਰੀਬੀ, ਬੇਰੋਜ਼ਗਾਰੀ, ਘੱਟਬੇਰੋਜ਼ਗਾਰੀ (underemployment), ਖਾਧ ਸੰਕਟ ਅਤੇ ਜੰਕ ਤਕਨੌਲੋਜੀ ਜਿਹੇ ਪ੍ਰਸ਼ਨ ਪੈਦਾ ਹੋ ਰਹੇ ਨੇ । ਵਾਤਾਵਰਣੀ (ecological) ਖੇਤਰ 'ਚ ਪੂਰਾ ਗਲੋਬ ਹੀ ਵਾਤਾਵਰਣੀ ਸੰਕਟ (disasters) ਜਿਵੇਂ ਜੀਵਾਂ ਦੀ ਨਸਲ ਦਾ ਖ਼ਤਮ ਹੋਣਾ, ਗਲੋਬਲ ਵਾਰਮਿੰਗ, ਪਰਮਾਣੂ ਪ੍ਰਦੂਸ਼ਣ, ਸਾਈਬਰ ਪ੍ਰਦੂਸ਼ਣ, ਜੀਨ ਮੈਨੂਪਲੇਸ਼ਨ, ਜੈਨਿਟਿਕ ਇੰਨਜੀਨੀਅਰਿੰਗ, ਮਾਨਵੀ ਪ੍ਰਯੋਗਾਤਮਕਤਾ, ਇੱਛਤ ਮੌਤ/ ਸੁਮੌਤਕਾਰੀ (euthanasia) ਤੇ ਮਾਨਵੀ ਕਲੋਨਿੰਗ ਆਦਿ ਖ਼ਤਰੇ ਪਾਏ ਜਾ ਰਹੇ ਨੇ । ਇਨ੍ਹਾਂ ਸਾਰੇ ਹੈਰਾਨਕੁੰਨ ਕਰਨ ਵਾਲੇ ਜਵਲੰਤ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਕ ਅਤੇ ਵਾਤਾਵਰਣੀ ਮੁੱਦਿਆਂ ਅੰਦਰ ਵਿਚਕਾਰਲਾ ਤੇ ਕੇਂਦਰੀ ਸਾਂਝਾ ਸੂਤਰ ਨੈਤਿਕਤਾ ਹੈ ਜੋ ਕਿ ਪਰੰਪਰਕ ਤੇ ਆਧੁਨਿਕ ਨੈਤਿਕ ਸਿਧਾਂਤਾਂ ਤੇ ਵਿਚਾਰਾਂ (doctrines) ਨੇ ਘੱਟ ਕੀ, ਕਦੇ ਵੀ ਦੇਖਣ/ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ । ਜੇਕਰ ਕੁੱਝ ਸਪੱਸ਼ਟੀਕਰਣ ਜਾਂ ਵਿਆਖਿਆ

(explication) ਇਨ੍ਹਾਂ ਨੈਤਿਕ ਸਿਧਾਂਤਕਤਾਵਾਂ ਨੇ ਕੀਤੀ ਵੀ ਹੈ ਤਾਂ ਉਹ ਸੰਰਚਨਾਵਾਂ ਮਹਾਂ ਬਿਰਤਾਂਤ (grandnarratives) ਹੋ ਨਿਬੜੀਆਂ ਜੋ ਕਿ ਛੋਟੇ /ਲਘੂ (micro) ਪੱਧਰ ਦੇ ਮੁੱਦਿਆਂ ਨਾਲ ਖੜ੍ਹੇ ਹੁੰਦੇ ਨਹੀਂ ਦਿਖਾਈ ਦਿੰਦੇ । ਇੰਝ **ਉਤਰ ਆਧੁਨਿਕਤਾ** ਅੰਤਹੀਣ ਰੂਪ 'ਚ ਅਫ਼ੈਸਲਾਕੁੰਨਤਾ (undecidability) ਦੇ ਤਰਕ ਨਾਲ ਸੰਘਰਸ਼ ਕਰਦੀ ਦਿਖਾਈ ਦਿੰਦੀ ਹੈ । ਇਨ੍ਹਾਂ ਨੇ ਹੀ ਪਰਿਭਾਸ਼ਿਤ ਪ੍ਰਤਿਮਾਨਾਂ 'ਚ ਦੋਫਾੜ/ਵੱਢ (rupture) ਪਾਈ ਹੈ ਆਪਣੇ ਰਾਹਾਂ 'ਚ ਨਵੀਆਂ ਲੀਹਾਂ ਤਲਾਸ਼ੀਆਂ ਨੇ । ਉਤਰ ਆਧੁਨਿਕਤਾ ਕੋਲ ਕੋਈ ਸਥਿਰ/ਸਥਿਤ ਪ੍ਰਤਿਮਾਨਕ ਸਿਧਾਂਕਤਾ ਨਹੀਂ ਇਸੇ ਕਾਰਣ ਬੁਹਤ ਸਾਰੇ ਵਿਵਾਦਸਪਦ ਉਤਰਆਧੁਨਿਕ ਵਿਚਾਰ 'ਵਿਖੰਡਨਵਾਦ (deconstruction) ਬਾਰੇ ਕਿਹਾ ਜਾਂਦੈ ਕਿ ਇਹ ਉਹ ਦਰਸ਼ਨ ਹੈ ਜੋ ਕੁੱਝ ਨਹੀਂ (nothing) ਕਹਿੰਦੈ।ਉਤਰ ਆਧੁਨਿਕਤਾਵਾਦ ਨੇ ਕਦੇ ਵੀ ਲੰਮੇ-ਚੌੜੇ-ਉਚੇ (ਲੋਡਟੇ) ਸਿਧਾਂਤਾਂ ਨੂੰ ਪ੍ਰੋਤਸਾਹਿਤ ਨਹੀਂ ਕੀਤੈ ਅਤੇ ਇਹ ਸਰਵਜਨੀਕਰਣ/ਸਰਵਵਿਆਪੀਕਰਣ (universalizing) ਅਤੇ ਖ਼ਾਸੂਸੀਕਰਣ (particularizing) ਪ੍ਰਤਿ ਵੀ ਬੜਾ ਕਰੀਟੀਕਲ ਤੇ ਸਾਵਧਾਨ ਹੈ । ਉਤਰ ਆਧੁਨਿਕਤਾ ਵਿਚ, ਸੱਚਵਾਦਤਾ ਜਾਂ ਪਾਰਸਾਈ ਕੋਈ ਅਜਿਹਾ ਚਿਹਨਕ ਨਹੀਂ ਜੋ ਲੰਮੀਆਂ ਚੌੜੀਆਂ ਕਦਰਾਂ ਕੀਮਤਾਂ ਵਰੋਸਾਉਂਦਾ ਹੈ । ਉਤਰ ਆਧੁਨਿਕਤਾਵਾਦ ਨੈਤਿਕ ਐਨਸਾਈਕਲੋਪੀਡੀਅਕ ਬਿਆਨੀ ਨੂੰ ਪਵਿੱਤਰ ਟੈਕਸਟ ਵਜੋਂ ਸਵਿਕਾਰਣ ਪ੍ਰਤਿ ਨਾਬਰ ਹੈ । ਸਗੋਂ ਇਹ ਤਾਂ ਭਿੰਨ ਭਿੰਨ ਰਾਜਨੀਤਕ, ਸਭਿਆਚਾਰਕ, ਆਰਥਿਕ ਅਤੇ ਮਨੋਵਿਗਿਆਨਕ ਮੁੱਦਿਆਂ ਨਾਲ ਸੰਵਾਦ (dialouge) ਰਚਾਉਂਦੈ । ਇਕ ਪ੍ਰਸੰਗ/ਸੰਦਰਭ (context) ਦੀ ਚਿਹਨਕੀ ਮਹੱਤਤਾ ਨੂੰ ਅਰਥਾਂ ਦੇ ਫ਼ੈਸਲੇ ਹਿੱਤ ਸਹਿਮਤੀ ਦਿੰਦਾ ਹੈ । ਨੈਤਿਕ ਧਰਾਤਲ 'ਤੇ ਵੀ ਇਥੇ ਕਈ ਉਤਰਆਧੁਨਿਕ ਵਿਚਾਰ ਹਨ ਅਤੇ ਹਰ ਉਤਰਆਧੁਨਿਕ ਚਿੰਤਕ ਕੋਲ ਦਰਸ਼ਨ ਨਾਲ ਨਿਬੜਨ ਦਾ ਆਪੋ ਆਪਣਾ ਢੰਗ ਹੈ । ਦਰਅਸਲ ਉਤਰ ਆਧੁਨਿਕਤਾ 'ਤੇ ਕਈ ਵਾਰ ਵਿਚਾਰ ਚਰਚਾ ਹੋਇਆ ਜੋ ਕਿ ਉਤਰਆਧੁਨਿਕਕਾਰਾਂ ਦੇ ਵਿਚਕਾਰ ਹੀ ਰਿਹਾ । Nick Lacey ਆਪਣੇ ਲੇਖ 'Introduction to Films' ਜੋ ਕਿ Linda Hutcheon ਦੀ ਕਿਤਾਬ 'The Politics of PostModernism' 'ਚ ਦਰਜ ਹੈ, ਵਿਚ ਉਤਰਆਧੁਨਿਕਕਾਰਾਂ ਦੀ ਮਨੋਵ੍ਰਿਤੀ (mindset) ਦੀ ਵਿਆਖਿਆ ਕਰਦੀ ਹੋਈ ਲਿਖਦੀ ਹੈ ਕਿ ਉਤਰ ਆਧੁਨਿਕਤਾ ਵਿਚ ਉਤਰਪੂੰਜੀਵਾਦੀ ਸਮਾਜ ਦੀ ਪ੍ਰਤਿਧੁਨੀ ਸੁਣਦੀ ਮਿਲਦੀ ਹੈ ਜਿਸ ਵਿਚ ਮਾਨਵੀ ਹੋਂਦ ਦੇ ਨਾਲ ਨਾਲ ਹਰ ਚੀਜ਼ ਸੱਤਹ 'ਤੇ ਆ ਗਈ ਹੈ ।

Linda Hutcheon ਅਨੁਸਾਰ ਉਤਰਆਧੁਨਿਕਕਾਰ ਸਾਡੇ ਜੀਵਨ ਦਾ ਹਿੱਸਾ ਬਣ ਚੁੱਕੇ ਨੇ ਅਤੇ ਬੁਹਤ ਸਾਰੇ ਵਿਸ਼ਵਾਸਾਂ ਤੇ ਰੀਤੀ ਰਿਵਾਜਾਂ ਨੂੰ ਗ਼ੈਰ-ਕੁਦਰਤੀਕਰਣ (de-naturalize) ਕਰਨ ਦੀ ਕੋਸ਼ਿਸ਼ ਕਰਦੇ ਨੇ । ਉਤਰਆਧੁਨਿਕਕਾਰਾਂ ਦੀਆਂ ਲਿਖਤਾਂ ਸਭਿਆਚਾਰਾਂ, ਪਰੰਪਰਾਵਾਂ, ਧਰਮਾਂ ਦੀ ਰੂੜ੍ਹੀਵਾਦਤਾ ਨੂੰ ਤੋੜਦੀਆਂ ਨੇ ਅਤੇ ਇਹ ਪ੍ਰਦਰਸ਼ਿਤ ਕਰਦੀਆਂ ਨੇ ਕਿ ਇਹ ਸਾਨੂੰ ਮਿਲੀਆਂ ਨਹੀਂ ਸਗੋਂ ਇਹ ਤਾਂ ਸਾਡੇ ਵੱਲੋਂ ਘੜ੍ਹੀਆਂ/ ਬਣਾਈਆਂ ਗਈਆਂ ਨੇ । ਪਰੰਤੂ ਇਹ ਨਾਰੀਵਾਦੀਆਂ, ਗੇਅ ਲੈਸਬੀਅਨਾਂ, ਮਾਰਕਸਵਾਦੀਆਂ, ਨਸਲਮੁੱਖਤਾ ਵਿਰੋਧੀਆਂ ਖ਼ਾਸ ਕਰਕੇ ਕਾਲ਼ਿਆਂ ਜਿਹੇ ਹੋਰਾਂ/ਦੂਜਿਆਂ (others) ਨਾਲ ਭਾਵੁਕ ਤੌਰ 'ਤੇ ਜੁੜੇ ਹੋਣ ਕਾਰਣ ਉਨ੍ਹਾਂ ਦੇ ਸਮਾਜਿਕ ਤੇ ਰਾਜਨੀਤਕ ਉੱਥਾਨ (upliftment) ਦਾ ਸਮਰਥਨ ਕਰਦੀਆਂ ਨੇ । ਉਤਰਆਧੁਨਿਕਕਾਰ ਸੱਤਾ (power) ਦੇ ਮੂਹਰੇ 'ਹੋਰਾਂ/ਦੂਜਿਆਂ' ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੇ ਨੇ । ਇਸ ਭਾਵ ਨਾਲ ਉਤਰਆਧੁਨਿਕਕਾਰਾਂ ਦੀ ਇਕ ਪੋਜੀਸ਼ਨ ਹੈ ਪਰ ਇਹ ਪੋਜੀਸ਼ਨ ਸਿਰਫ਼ ਸਿਧਾਂਤਕ ਆਰਮਚੇਅਰ ਵਾਂਗ ਮਹਿਜ਼ ਸਿਧਾਂਤਕ ਪੋਜੀਸ਼ਨ ਦਾ ਦਾਰਸ਼ਨਕੀਕਰਣ ਨਹੀਂ ਕਰਦੀ । ਉਤਰਆਧੁਨਿਕਕਾਰਾਂ ਕੋਲ ਲਾਗੂ ਕਰਨ ਲਈ ਕੋਈ ਬਣੀ ਬਣਾਈ ਜਾਂ ਘੜ੍ਹੀ ਘੜਾਈ ਨੈਤਿਕ ਨਿਯਮਾਵਲੀ ਨਹੀਂ। ਹੁਣ ਅਸੀਂ ਕੁੱਝ ਉਤਰਆਧੁਨਿਕਕਾਰਾਂ ਦੇ ਵਿਚਾਰਾਂ ਨੂੰ ਘੋਖਦੇ ਹੋਏ ਉਨ੍ਹਾਂ ਦੇ ਨੈਤਿਕਤਾ ਦੇ ਪ੍ਰਵਚਨ 'ਤੇ ਨਜ਼ਰਸਾਨੀ ਕਰਾਂਗੇ । ਆਪਣੀ ਸਮਝ ਨੂੰ ਸਰਲ ਬਣਾਉਣ ਲਈ ਉੱਤਰਆਧੁਨਿਕਵਾਦੀਆਂ ਨੂੰ ਦੋ ਮੁੱਖ ਸਮੂਹਾਂ 'ਚ ਵੰਡਿਆ ਜਾ ਸਕਦੈ । 'The Politics of PostModernism' ਵਿਚ Shanon Weiss ਤੇ Karla Weslee ਅਨੁਸਾਰ ਇਹ ਦੋਵੇਂ ਸਮੂਹ ਇਕ ਦੂਜੇ ਦੇ ਐਨ (diametrically) ਵਿਰੋਧ 'ਚ ਖੜ੍ਹਦੇ ਨੇ । ਇਨ੍ਹਾਂ 'ਚੋਂ ਇਕ ਤਾਂ ਹਨ; ਸੰਦੇਹਵਾਦੀ (Skeptical) ਉਤਰ ਆਧੁਨਿਕਤਾਵਾਦੀ ਅਤੇ ਦੂਜੇ ਨੇ ਹਾਂਵਾਚਕ (affirmative) ਉਤਰ ਆਧੁਨਿਕਤਾਵਾਦੀ । ਪਹਿਲੇ ਉਹ ਨੇ, ਜੋ ਸਾਰੇ ਸਿਸਟਮਾਂ 'ਚ ਵਰਤਮਾਨ ਹੋਂਦਸ਼ੀਲ ਪ੍ਰਵਿਰਤੀਆਂ ਤੇ ਸਥਿਰਤਾਵਾਂ (fixities) ਨੂੰ ਉਖਾੜ ਸੁੱਟਦੇ ਨੇ । ਇਹ ਆਧੁਨਿਕ ਪ੍ਰੋਜੈਕਟਾਂ ਦੇ ਤਿੱਖੇ ਵਿਰੋਧੀ ਤੇ ਕਰੀਟੀਕਲ ਨੇ ਅਤੇ ਸਾਰੀਆਂ ਸੰਰਚਨਾਵਾਂ ਪ੍ਰਤਿ ਵਿਰੋਧ ਦਰਜ ਕਰਦੇ ਨੇ ।ਇਨ੍ਹਾਂ ਅਨੁਸਾਰ ਸਾਰੇ ਸਿਧਾਂਤ ਕੁੱਝ ਨਾ ਕੁੱਝ ਛੁਪਾਉਂਦੇ, ਨਿਰੂਪਦੇ ਅਤੇ ਧੁੰਦਲਾਉਂਦੇ (obfuscate) ਨੇ ।ਇਹ ਇਕੱਲੇਕਾਰੇ, ਵਿਛੁੰਨੇ, ਬੇਮੇਲ/ਅਨਰਥ (disparated) ਤੇ ਕੁਰੱਖ਼ਤ/ ਬੇਸੁਰੇ (dissonant) ਨੇ । ਇਸਦਾ ਭਾਵ ਹੈ ਇਹ ਵਿਰੋਧੀ ਸੱਤਾਵਾਂ ਨੂੰ ਅਲਹਿਦਾ/ਘਟਾਉਂਦੇ/ਛੇਕਦੇ/ਛੰਡਦੇ (exclude), ਨਿਯੰਤਰਤ ਕਰਦੇ ਤੇ ਹੁਕਮ (order) 'ਚ ਰੱਖਦੇ ਨੇ । ਦੂਜੇ ਸਮੂਹ ਵਾਲੇ ਉੱਤਰ ਆਧੁਨਿਕਕਾਰ

Volume: 11, March 2025 ISSN: 2394-0980
PP: 1-7

ਵਰਤਮਾਨ ਹੋਂਦਸ਼ੀਲ ਸੰਰਚਨਾਵਾਂ 'ਚ ਦੋਫਾੜ/ਵੱਢ (rupture) ਪਾਉਂਦੇ ਹੋਏ ਵਿਕਲਪਾਂ ਦੀ ਤਲਾਸ਼ ਕਰਦੇ ਨੇ । ਇਹ ਉੱਤਰ ਆਧੁਨਿਕਕਾਰ ਸਿਧਾਂਤਾਂ ਨੂੰ ਵੀ ਤੱਜਦੇ ਤਾਂ ਨੇ ਪਰ ਇਨ੍ਹਾਂ ਦਾ ਮੱਤ ਹੈ ਕਿ ਸਿਧਾਂਤ ਬਿਲਕੁਲ ਖ਼ਤਮ ਨਹੀਂ ਕੀਤੇ ਜਾ ਸਕਦੇ ਸਗੋਂ ਰੂਪਾਂਤਰਿਤ ਜ਼ਰੂਰ ਕੀਤੇ ਜਾ ਸਕਦੇ ਨੇ । ਦਰਅਸਲ ਇਹ ਅਮਨ, ਸ਼ਾਂਤੀ, ਵਾਤਾਵਰਣ, ਨਾਰੀਵਾਦ ਤੇ ਸਬਾਲਟਰਨ ਜਿਹੇ ਮੁੱਦਿਆਂ ਗਿਰਦ ਸੰਗਠਿਤ ਮੁਹਿੰਮਾਂ ਤੇ ਲਹਿਰਾਂ ਨੂੰ ਸਮਰਥਨ ਦਿੰਦੇ ਨੇ । Linda Hutcheon ਅਨੁਸਾਰ ਉਤਰ ਆਧੁਨਿਕਤਾਵਾਦੀ ਜੰਗ, ਗਰਮਖ਼ਿਆਲੀ ਪ੍ਰਤਿਰੋਧ/ ਨਾਬਰੀ (radically antagonistic) ਅਤੇ ਆਰਜੀ ਸਮਰਥਨ (provisionally Supportive) ਦੇ ਕਿਤੇ ਵਿਚ ਵਿਚਾਲ਼ੇ ਖੜ੍ਹੇ ਦਿਖਾਈ ਦਿੰਦੇ ਨੇ। ਇਨ੍ਹਾਂ ਦੋਹਾਂ ਕੈਂਪਾਂ ਬਾਰੇ ੍ਹਲ ਫੋਸਟਰ ਦਾ ਵਿਚਾਰ ਹੈ ਕਿ ਇਨ੍ਹਾਂ 'ਚੋਂ ਇਕ ਤਾਂ ਨਾਬਰੀ ਤੇ ਵਿਰੋਧ (resistance) ਵਾਲੀ ਉੱਤਰਆਧੁਨਿਕਤਾ ਹੈ ਅਤੇ ਦੂਜੀ ਪ੍ਰਤਿਕਿਰਿਆ (reaction) ਵਾਲੀ । ਇਹ ਉੱਤਰਸੰਰਚਨਾਵਾਦੀ ਵੀ ਹੈ ਤੇ ਨਵਰੂੜ੍ਹੀਵਾਦੀ (neoconservative) ਵੀ। ਇਹਾਬ ਹਸਨ ਦੀ ਕਿਤਾਬ 'The Post Modern Turn: Essays in Post Modern Theory and Culture' ਵਿਚ ਯਾਂ ਬੋਦਲੇਆਰਦ ਨੂੰ Rousenau ਵੱਲੋਂ ਸੰਦੇਹਵਾਦੀਆਂ ਦੇ ਗਰੁੱਪ 'ਚ ਉਸਦੀ ਇਕ ਉਸ ਟਿੱਪਣੀ ਕਾਰਣ ਰੱਖਿਆ ਗਿਆ ਹੈ ਜਿਸ ਵਿਚ ਉਹ ਕਹਿੰਦਾ ਹੈ ਕਿ 'Every thing has already happened…nothing new can occur' ਜਾਂ 'There is no real world' । ਇਸਦੇ ਬਰਅਕਸ ਇਹਾਬ ਹਸਨ ਨਵਰੂੜ੍ਹੀਵਾਦੀ ਉਤਰਆਧੁਨਿਕ ਹੈ ਜੋ ਕਿ ਜਾਣ ਬੁੱਝ ਕੇ ਟਿੱਪਣੀ ਕਰਦਾ ਹੈ ਕਿ ਉਤਰਆਧੁਨਿਕਵਾਦ ਤਾਂ ਫਿਲਮਾਂ, ਥੀਏਟਰ, ਨਾਚ, ਸੰਗੀਤ, ਕਲਾ ਤੇ ਆਰਕੀਟੈਕਚਰ 'ਚ , ਸਾਹਿਤ ਤੇ ਆਲੋਚਨਾ 'ਚ, ਦਰਸ਼ਨ, ਧਰਮਸ਼ਾਸਤਰ, ਮਨੋਵਿਗਿਆਨ, ਇਤਿਹਾਸਕਾਰੀ ਤੇ ਨਵੇਂ ਵਿਗਿਆਨਾਂ ਜਿਵੇਂ ਸਾਇਬਰਨੈਟਿਕਸ, ਤਕਨੌਲੋਜੀ ਅਤੇ ਕਈ ਤਰ੍ਹਾਂ ਦੀਆਂ ਸਭਿਆਚਾਰਕ ਜੀਵਨ ਸ਼ੈਲੀਆਂ ਤੇ ਪ੍ਰਵਿਰਤੀਆਂ ਵਾਸਤੇ 'Shiboleth' ( This is a custom and a principle or belief distinguishing a particular class or group of people labeling them as 'Outmoded'. This word comes from Hebrew in which it means Year of Con. According to Bible the word was used in ancient Isreal as a test of nationality) ਬਣ ਗਿਆ ਹੈ ।

ਯਾਂ ਲਿਓਤਾਰਦ ਨੇ ਆਪਣੀ ਕਿਤਾਬ 'The Post Modern Conditions: A report on Knowledge' 'ਚ ਆਧੁਨਿਕਤਾ ਦੇ ਪ੍ਰਤਿਰੋਧ 'ਚ ਉਕਸਾਹਟ ਪੈਦਾ ਕਰਦਿਆਂ ਇਹ ਸ਼ਪਥ ਲੈਂਦੇ ਹੋਏ ਕਹਿੰਦਾ ਹੈ ਕਿ ਚਲੋ…ਸੰਪੂਰਣਤਾ (tolality) ਦੇ ਵਿਰੁਧ ਸੰਘਰਸ਼ ਵਿੱਢੀਏ । ਚਲੋ…ਜਿਨ੍ਹਾਂ ਦਾ ਕੋਈ ਪ੍ਰਤਿਨਿੱਧਤਵ ਨਹੀਂ ਹੈ (unrepresentable) ਉਨ੍ਹਾਂ ਦੇ ਗਵਾਹ ਬਣੀਏ । ਚਲੋ…ਆਪਣੇ ਵਿਰੋਧ ਨੂੰ ਹੋਰ ਸਕਰਮਕ ਬਣਾਈਏ ਤਾਂ ਕਿ ਆਪਣੇ ਨਾਮ ਤੇ ਸਨਮਾਨ ਦੇ ਮਾਣ ਨੂੰ ਬਚਾਅ ਸਕੀਏ । ਉਤਰ ਆਧੁਨਿਕਵਾਦੀਆਂ 'ਚੋਂ ਪ੍ਰਮੁੱਖ ਰੋਲਾਂ ਬਾਰਤ ਹੈ ਜੋ ਕਿ ਆਪਣੇ ਬਿਆਨ 'ਲੇਖਕ ਦੀ ਮੌਤ' ਹੋ ਚੁੱਕੀ ਹੈ, ਬਾਰੇ ਜਾਣਿਆਂ ਜਾਂਦੈ । ਉਸਨੇ ਨੈਤਿਕ ਮੁੱਦਿਆਂ ਬਾਰੇ ਆਪਣੇ ਵਿਚਾਰ ਪ੍ਰਗਟਾਂਦਿਆਂ ਕਿਹਾ ਹੈ ਕਿ ਧਰਮ ਤੇ ਰੱਬ, ਬੰਦਿਆਂ ਦੇ ਬੰਦਾ ਹੋਣ/ਬਣਨ (humanistic) ਲਈ ਜ਼ਰੂਰੀ ਨੇ । ਇਸ ਬਾਰੇ ਉਹ ਕਹਿੰਦੈ ਕਿ ਇਸ ਬਿੰਦੂ 'ਤੇ ਇਹ ਬਲ ਦੇਣ ਲਈ ਜ਼ਰੂਰੀ ਹੈ ਕਿ 'ਹੋਂਦ/ਹੋਣ' (being) ਦੀ ਕੋਈ ਛੁੱਪੀ ਹੋਈ ਸ਼ਕਤੀ ਨਹੀਂ ਹੈ ਜੋ ਜੀਵਨ ਨੂੰ ਰੇਖਾਂਕਿਤ ਕਰਦੀ ਜਾਂ ਅੱਗੇ ਤੋਰਦੀ ਹੈ ।ਹੈਇਡੈਗਰ ਦੇ ਉਪਰ ਲਿਖੇ ਇਕ ਲੇਖ ਅਨੁਸਾਰ ਮੁੱਢਲੇ ਯੂਨਾਨੀਆਂ ਦੇ ਕੰਨਾਂ 'ਚ ਕਿਸੇ ਨੇ ਫੂਕ ਨਹੀਂ ਮਾਰੀ । ਪੱਛਮ ਦੇ ਕਵੀਆਂ ਅਨੁਸਾਰ ਇਥੇ ਸਿਰਫ਼ ਅਸੀਂ ਹਾਂ ਜੋ ਕਿ ਕਿਸੇ ਦੀ ਮੁੱਠੀ 'ਚ ਨਹੀਂ ਹਨ । ਉਨ੍ਹਾਂ ਨੂੰ ਉਨ੍ਹਾਂ ਦੇ ਸ਼ਬਦਾਂ ਦੀ ਸ਼ਕਤੀ ਹੀ ਬਣਾਉਂਦੀ ਹੈ ਜੋ ਇਹ ਸ਼ਬਦ ਬੋਲਦੇ ਨੇ।ਸਾਨੂੰ ਮਾਨਵੀ ਸਵੈ ਦੀ ਤਸਵੀਰ ਦੀ ਲੋੜ ਨਹੀਂ ਕਿ ਸਾਡੇ ਕੋਲ ਸਦਾਚਾਰ ਆ ਸਕੇ । ਉਸਦਾ ਕਹਿਣਾ ਹੈ ਕਿ ਗੁਲਾਗਜ਼ (A system of harsh labour camps maintaind in the Soviet Union) ਵਿਚ ਜੀਵਨ ਹੌਲੀ ਹੌਲ਼ੀ ਮੇਰੇ ਮੂਹਰੇ ਖੁੱਲ੍ਹਣ ਲੱਗਾ ਕਿ ਨੇਕੀ ਤੇ ਬਦੀ ਨੂੰ ਵਖਰਿਆਉਂਦੀ ਰੇਖਾ ਸਟੇਟ, ਜਮਾਤਾਂ ਅਤੇ ਰਾਜਨੀਤਕ ਪਾਰਟੀਆਂ 'ਚੋਂ ਨਹੀਂ ਗੁਜ਼ਰਦੀ ਸਗੋਂ ਹਰ ਬੰਦੇ ਦੇ ਮਾਨਵੀ ਹਿਰਦੇ 'ਚੋਂ ਲੰਘਦੀ ਹੈ ਅਤੇ ਇਹ ਸਾਰੇ ਮਾਨਵੀ ਦਿਲਾਂ 'ਚੋਂ ਗੁਜ਼ਰਦੀ ਹੈ । ਆਪਣੇ ਉਤਰਆਧੁਨਿਕ ਤੇ ਨੈਤਿਕਤਾ ਬਾਰੇ ਵਿਚਾਰਾਂ ਬਾਰੇ ਮਸ਼ਹੂਰ ਚਿੰਤਕ ਤੇ ਸਮਾਜਵਿਗਿਆਨੀ Zygmunt Bauman ਨੇ ਆਪਣੀ ਕਿਤਾਬ 'Postmoderm Ethics' 'ਚ ਇਹ ਸਤਰ 'morality without ethical code' ਦਰਜ ਕਰਕੇ ਉਤਰ ਆਧੁਨਿਕਤਾ ਤੇ ਨੈਤਿਕਤਾ ਨੂੰ ਵੱਖਰਿਆਇਆ ਹੈ ।

ਮਾਨਵੀ ਯਥਾਰਥ ਦੀ ਬਹੁਅਰਥਤਾ (ambiguity) ਬਾਰੇ ਪ੍ਰਤਿਕਰਮ ਦਿੰਦਿਆਂ ਭਉਮਓਨ ਦਾ ਇਹ ਵਿਚਾਰ ਉਸਦੀ ਇਸ ਪੋਜੀਸ਼ਨ 'ਤੇ ਆਧਾਰਿਤ ਹੈ ਕਿ ਬੰਦੇ ਦੀ ਸਦਾਚਾਰਕ ਤੇ ਨੈਤਿਕ ਕ਼ਸ਼ਮਤਾ ਹੀ ਉਸਨੂੰ ਮਾਨਵੀ ਹੋਂਦ ਵਜੋਂ ਪਰਿਭਾਸ਼ਿਤ ਕਰਦੀ ਹੈ । Bauman ਦੀ ਕਿਤਾਬ 'Postmodern Ethics' 'ਚ ਉਸਦੀ ਟਿੱਪਣੀ ਹੈ ਕਿ, 'It is society, its continuing existence and its well-being, that is made possible by moral competence of its members- not the other way round…Rather than reiterating that there

would be no moral individuals if not for the training/drilling job performed by society, we move toward the understanding that it must be the moral capacity of human beings that makes them so conspicuously capable to form societies and against all odds to secure their-happy or less happy-survival…{i}t is the personal morality that makes ethical negotiation and consensus possible, not the other way round.'

ਇਨ੍ਹਾਂ ਉਤਰਆਧੁਨਿਕਕਾਰਾਂ ਤੋਂ ਇਲਾਵਾ ਇਕ ਹੋਰ ਚਿੰਤਕ ਜਿਸ ਨੂੰ ਪੂਰੀ ਤਰ੍ਹਾਂ ਤਾਂ ਉਤਰਆਧੁਨਿਕ ਤਾਂ ਨਹੀਂ ਕਿਹਾ ਜਾ ਸਕਦੈ ਪਰ ਉਸਦੇ ਵਿਚਾਰ ਵਰਤਮਾਨ ਉਤਰ ਆਧੁਨਿਕਤਾ ਦੇ ਵਿਚਾਰਧਾਰਾਈ ਦੌਰ 'ਚ ਨੈਤਿਕਤਾ ਦਾ ਗਿਆਨ ਸ਼ਾਸਤਰ ਸਿਰਜਣ 'ਚ ਵੱਡੀ ਭੂਮਿਕਾ ਨਿਭਾਉਂਦੇ ਦਿਖਾਈ ਦੇ ਰਹੇ ਨੇ; ਇਹ ਚਿੰਤਕ ਹੈ, ਮਿਖੇਲ ਮਿਖਾਈਲੋਵਿਚ ਬਾਖ਼ਤਿਨ ਆਪਣੀ ਕਿਤਾਬ 'Towards the Philosophy of the Act' ਵਿਚ ਕਾਂਤ ਦੇ ਵਿਚਾਰਾਂ ਨੂੰ ਵਿਕੇਂਦ੍ਰਿਤ ਕਰਦਿਆਂ ਹੋਇਆਂ ਆਪਣੇ ਨੈਤਿਕਤਾ ਦੇ ਦਰਸ਼ਨ ਨੂੰ ਵਿਕਸਤ ਕਰਨ ਦੇ ਆਹਰ 'ਚ ਹੈ । ਇਹ ਪਾਠ ਬਾਖ਼ਤਿਨ ਦੀਆਂ ਮੁੱਢਲੀਆਂ ਲਿਖਤਾਂ 'ਚੋਂ ਹੈ ਜੋ ਕਿ ਨੈਤਿਕਤਾ ਤੇ ਸੁਹਜ ਨਾਲ ਦੋ ਚਾਰ ਹੈ । ਬਾਖ਼ਤਿਨ ਨੇ ਹੋਂਦ ਦੀ ਸਹਿਭਾਗਤਾ ਦੀ ਨਿਵੇਕਲਤਾ ਨੂੰ ਪਛਾਣਦਿਆਂ ਤਿੰਨ ਦਾਅਵੇ ਕੀਤੇ ਨੇ;

(1) ਮੈਂ ਸਕਰਮਕ ਤੇ ਅਕਰਮਕ ਦੋਹਾਂ ਰੂਪਾਂ 'ਚ ਹੋਂਦ 'ਚ ਹਿੱਸਾ ਲੈਂਦੀ ਹੈ ।
(2) ਮੇਰੀ ਨਿਵੇਕਲਤਾ ਦਿੱਤੇ ਹੋਣਾ (ਗਵਿਏਨ) ਹੈ ਪਰ ਇਹ ਮੈਂ ਤਰਫ਼ੋਂ ਅਸਲ 'ਚ ਪ੍ਰਾਪਤ ਕੀਤੀ ਨਿਵੇਕਲਤਾ 'ਚ ਯੁਗਮੀ ਰੂਪ 'ਚ ਹੀ ਕਿਸੇ ਹੱਦ ਤੱਕ ਕਾਰਜਸ਼ੀਲ ਹੁੰਦੀ ਹੈ ।
(3) ਕਿਉਂ ਕਿ ਮੈਂ ਅਸਲ ਅਤੇ ਅਸਥਾਪਨੀ ਹੈ, ਇਸ ਲਈ ਮੈਂ ਲਾਜ਼ਮੀ ਹੀ ਮੇਰੀ ਨਿਵੇਕਲਤਾ ਨੂੰ ਅਸਲਪਨ ਦੇਵੇਗਾ ।

ਬਾਖ਼ਤਿਨ ਅੱਗੇ ਕਹਿੰਦਾ ਹੈ ਕਿ ਸਮੁੱਚੀ ਅਸਲ ਏਕਤਾ ਦੇ ਸਬੰਧ 'ਚ ਮੇਰੇ ਨਿਵੇਕਲੇ ਵਿਚਾਰ ਮੇਰੀ ਹੋਂਦ ਦੀ ਨਿਵੇਕਲੀ ਥਾਂ 'ਤੋਂ ਉਗਮਦੇ ਨੇ । ਬਾਖ਼ਤਿਨ ਨੈਤਿਕਤਾ ਦੇ ਸੰਕਲਪ ਨਾਲ ਦੋ ਚਾਰ ਹੁੰਦਾ ਹੋਇਆ ਮਾਨਵੀ ਨੈਤਿਕ ਕਾਰਜ ਨੂੰ ਦੀ ਕਾਨੂੰਨੀ ਸਮਝ ਤੋਂ ਉਪਰ ਦੱਸਦਾ ਹੈ । ਬਾਖ਼ਤਿਨ ਅਨੁਸਾਰ, 'ਮੈਂ, ਕਦੇ ਵੀ ਨੈਤਿਕ ਤੇ ਸਦਾਚਾਰਕ (moral) ਮੰਗਾਂ ਪ੍ਰਤਿ ਨਿਰਲੇਪਤਾ ਨਹੀਂ ਬਣਾਈ ਰੱਖ ਸਕਦੀ ਕਿਉਂ ਕਿ ਇਹ ਉਸਦੀ ਚੇਤਨਤਾ ਦੀ ਅਵਾਜ਼ 'ਚੋਂ ਆਪਣਾ ਆਪ ਪ੍ਰਗਟਾਉਂਦੀਆਂ ਨੇ।ਇਸ ਕਿਤਾਬ 'ਚ ਬਾਖ਼ਤਿਨ ਮਾਨਵੀ ਮਾਨਸਿਕਤਾ ਦੀ 'ਆਰਕੀਟੈਕਟੋਨਿਕਸ' ਤੇ ਸਕੀਮੈਟਿਕ ਮਾਡਲ ਨਾਲ ਜਾਣ ਪਛਾਣ ਕਰਾਉਂਦਾ ਹੈ ਜਿਸਦੇ ਤਿੰਨ ਭਾਗ ਹਨ; "ਮੈਂ ਮੇਰੇ ਲਈ (I for myself), "ਮੈ ਹੋਰਾਂ ਲਈ" (I for the others) ਅਤੇ "ਹੋਰ ਮੇਰੇ ਲਈ" (others for me) । ਮੈਂ ਮੇਰੇ ਲਈ ਪਹਿਚਾਣ ਦਾ ਅਵਿਸ਼ਵਾਸਯੋਗ ਸਰੋਤ ਹੈ । ਬਾਖ਼ਤਿਨ ਦਾ ਤਰਕ ਹੈ ਕਿ 'ਮੈਂ ਮੇਰੇ ਲਈ' ਰਾਹੀਂ ਮਨੁੱਖ ਪਹਿਚਾਣ ਦੀ ਭਾਵਨਾ ਵਿਕਸਿਤ ਕਰਦੈ ਕਿਉਂ ਕਿ ਇਹੋ ਢੰਗ ਹੈ ਜਿਸ ਰਾਹੀਂ ਮੈਂ ਨੂੰ, ਹੋਰਾਂ ਵੱਲੋਂ ਦੇਖਿਆ ਜਾਂਦਾ ਹਾਂ । ਇਸ ਦੇ ਉਲਟ "ਹੋਰ ਮੇਰੇ ਲਈ" ਅਜਿਹਾ ਢੰਗ ਹੈ ਜਿਸ ਵਿਚ ਹੋਰ ਮੇਰੇ ਪ੍ਰਤੱਖਣ ਨੂੰ ਆਪਣੀਆਂ ਪਹਿਚਾਣਾਂ 'ਚ ਸ਼ਾਮਿਲ ਕਰਦੇ ਨੇ ।ਬਾਖ਼ਤਿਨ ਅਨੁਸਾਰ ਪਹਿਚਾਣ (identity) ਸਿਰਫ਼ ਨਿੱਜ ਨਾਲ ਹੀ ਸਬੰਧਿਤ ਨਹੀਂ ਹੁੰਦੀ ਸਗੋਂ ਇਹ ਸਾਰਿਆਂ ਦੁਆਰਾ ਸਾਂਝੀ ਕੀਤੀ ਜਾਂਦੀ ਹੈ ।ਇੰਝ ਉਤਰ ਆਧੁਨਿਕਵਾਦੀਆਂ ਵਿਚਕਾਰ ਚਾਹੇ ਕੋਈ ਵੀ ਅਸਹਿਮਤੀ ਹੋਵੇ ਪਰ ਉਤਰ ਆਧੁਨਿਕਤਾਵਾਦ ਗ਼ਾਲਿਬੀ (dominant) ਤੇ ਦਾਬੇ/ਗ਼ਲਬੇ (hegmonic) ਦੀ ਰਾਜਨੀਤੀ ਪ੍ਰਤਿ ਲਾਜ਼ਮੀ ਜਾਗਰਿਤੀ ਜ਼ਰੂਰ ਪੈਦਾ ਕਰਦਾ ਹੈ । ਇਹ ਗੋਰੇ (white), ਮਰਦ (male), ਪੱਛਮੀ/ਅਮਰੀਕੀ/ਯੋਰਪੀ ਤੇ ਬੁਰਜ਼ੂਆਜ਼ੀ ਨੂੰ ਦਿੱਤੀ ਗਈ ਸਰਵਵਿਆਪੀ/ ਸਰਵਜਨਕ ਅਧਿਕਾਰਕ ਪਹਿਲ ਵੱਲ ਵੀ ਧਿਆਨ ਦਿਵਾਉਂਦਾ ਹੈ । ਇਸ ਤੋਂ ਇਲਾਵਾ ਇਹ ਪ੍ਰਭਾਵਸ਼ਾਲੀ ਤੇ ਭਾਰੂ/ਗ਼ਾਲਿਬੀ ਸਭਿਆਚਾਰਾਂ ਦੀ ਮਾਰ ਤੇ ਸ਼ੋਸ਼ਣ ਹੇਠ ਦੱਬਿਆਂ, ਕੁਚਲਿਆਂ, ਨਿਓਟਿਆਂ, ਨਿਆਸਰਿਆਂ ਜਿਵੇਂ ਔਰਤ, ਨਾਰੀ (woman), ਕਾਲ਼ੇ (black), ਦਲਿਤ/ਦਮਿਤ (subaltern), ਸਮਲਿੰਗਕ (gay-lesbian), ਮੂਲ ਲੋਕ (native), ਪ੍ਰੋਲੋਤਾਰੀ, ਦੋਲਿੰਗਕ (bisexual), ਨਸਲੀ (ethnics) ਤੇ ਮੁੱਢਕਦੀਮੀਆਂ (aborignals) ਅਤੇ ਬੰਦੇ ਦੀ ਸਵੈ (self) ਅਤੇ ਪਹਿਚਾਣ (identity) ਨਾਲ ਜੁੜੇ ਪਹਿਲੂਆਂ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਦੇ ਜੀਵਨ ਹਾਲਾਤਾਂ ਦੀ ਪੋਲੀਮਿਕਸ ਵੀ ਸਿਰਜਦਾ ਹੈ । ਵਿਖੰਡਨ (deconstruction) ਨੂੰ ਨੈਤਿਕਤਾ ਵਜੋਂ ਦੇਖਦਿਆਂ ਹੋਇਆਂ ਇਸ ਪੇਪਰ ਦੇ ਇਸ ਭਾਗ 'ਚ ਅਸੀਂ ਵਰਤਮਾਨ ਦੌਰ 'ਚ ਸਮਾਜ-ਰਾਜਨੀਤਕ ਸਮੱਸਿਆਵਾਂ ਉਪਰ ਹੋਏ ਲੰਮੀ ਚੌੜੀ ਨੈਤਿਕ ਵਿਚਾਰ ਚਰਚਾ ਨੂੰ ਉਤਰਆਧੁਨਿਕ ਚਿੰਤਕ ਯੱਕ ਦੈਰੀਦਾ ਦੇ ਦ੍ਰਿਸ਼ਟੀਕੋਣ ਤੋਂ ਵਿਚਾਰਨ ਦਾ ਯਤਨ ਕੀਤਾ ਹੈ । ਦੈਰੀਦਾ ਦਾ 'ਹੋਰ/ਦੂਜੇ (others) ਦੀ ਸਮੱਸਿਆ ਤੇ ਸਰੋਕਾਰਾਂ ਪ੍ਰਤਿ (ਦੈਰੀਦਾ ਨੇ 'other' ਦਾ ਸੰਕਲਪ ਲੈਵੀਨਾਸ ਤੋਂ ਲਿਆ) ਦਾਰਸ਼ਨਿਕ ਵਿਵੇਚਨ (ਉਸਦੀ ਇਕ 1981 'ਚ ਇਕ ਇੰਟਰਵਿਊ ਰਿਚਰਡ ਕੇਆਰਨੇ ਨੇ ਲਈ ਅਤੇ ਇਹ 'Dialouges with contemporary Continental Thinkers' ivc 'Deconstruction and Other' ਦੇ ਸਿਰਲੇਖ ਹੇਠ ਛਪੀ, 'ਚੋਂ

Volume: 11, March 2025 ISSN: 2394-0980
PP: 1-7

ਪ੍ਰਤੱਖ ਹੁੰਦਾ ਹੈ ਜਿਸ ਵਿਚ ਉਹ ਵਿਆਖਿਆਉਂਦਾ ਹੈ ਕਿ ਵਿਖੰਡਨ ਹਮੇਸ਼ਾ ਹੀ ਭਾਸ਼ਾ ਦੇ ਹੋਰ/ਦੂਜੇ (others) ਨਾਲ ਸਰੋਕਾਰਿਤ ਰਿਹਾ ਹੈ।ਲੋਗੋਸੈਂਟਰੀਸੀਜ਼ਮ ਦਾ ਕਰੀਟੀਕ ਅਸਲ 'ਚ ਹੈ ਹੀ ਹੋਰ/ਦੂਜੇ ਅਤੇ 'ਭਾਸ਼ਾ ਦੇ ਹੋਰ/ਦੂਜੇ (other of language) ਦੀ ਤਲਾਸ਼।ਪੱਛਮੀ ਵਿਚਾਰ ਤੇ ਸਮਝ ਅੰਦਰ ਮੂਲ ਪ੍ਰਵਿਰਤੀਆਂ ਨੇ ਜਿਵੇਂ ਲੋਗੋਸੈਂਟਰੀਸੀਜ਼ਮ, ਜੋ ਕਿ ਸਦੀਵੀ ਸੱਚ ਦੀ ਹੋਂਦ 'ਚ ਵਿਸ਼ਵਾਸ ਨੂੰ ਦਰਸਾਉਂਦੀ ਹੈ। ਦੂਜੀ ਹੈ, ਈਗੋਸੈਂਟਰੀਸੀਜ਼ਮ, ਜੋ ਕਿ ਸਦੀਵੀ ਸਵੈ 'ਤੇ ਵਿਸ਼ਵਾਸ ਜਿਤਾਉਂਦੀ ਹੈ । ਤੀਜੀ ਹੈ, ਫੋਨੋਸੈਂਟਰੀਸੀਜ਼ਮ, ਜੋ ਕਿ ਲਿਖਤ ਉਪਰ ਧੁਨੀ ਦੀ ਪਹਿਲ ਦਰਜ ਕਰਾਉਂਦੀ ਹੈ। ਚੌਥੀ ਹੈ, ਫੈਲੋਸੈਂਟਰੀਸੀਜ਼ਮ, ਜੋ ਨਾਰੀ ਪੈਰਾਡਾਇਮ ਉਪਰ ਮਰਦ ਦੇ ਦਾਬੂ ਤੇ ਭਾਰੂ ਹੋਣ ਵੱਲ ਸੰਕੇਤ ਕਰਦੀ ਹੈ। ਪੰਜਵੀਂ ਹੈ, ਈਥਨੋਸੈਂਟਰੀਸੀਜ਼ਮ, ਜੋ ਦੂਜੇ/ਹੋਰ ਸਭਿਆਚਾਰਾਂ ਤੇ ਬੌਧਿਕ ਪਰੰਪਰਾ ਉਪਰ ਕਿਸੇ ਭਾਰੂ ਸਭਿਆਚਾਰ ਤੇ ਬੌਧਿਕ ਪਰੰਪਰਾ ਦੀ ਉਤਮਤਾ (superiority) ਦਰਸਾਉਂਦੀ ਹੈ । ਇਹ ਸਾਰੀਆਂ ਪ੍ਰਵਿਰਤੀਆਂ ਹੀ ਦੈਰੀਦਾ ਦੇ ਵਿਖੰਡਨ ਦੇ ਨਿਸ਼ਾਨੇ ਉੱਤੇ ਰਹੀਆਂ ਨੇ।ਦੈਰੀਦਾ ਨੇ 'Afterword: Towards an Ethics of discussion' ਵਿਚ ਆਪਣੀ ਕਿਤਾਬ 'Of Grammotology' 'ਚ ਵਿਚਾਰ ਪ੍ਰਗਟਾਏ ਨੇ ਕਿ 'ਪਾਠ (text) ਤੋਂ ਬਾਹਰ ਕੁੱਝ ਨਹੀਂ ਹੈ' (there is nothing outside the text), ਬਾਰੇ ਪੈਦਾ ਹੋਈ ਗ਼ਲਤਫ਼ਹਿਮੀ ਤੇ ਭੁੰਬਲਭੂਸੇ ਨੂੰ ਮਿਟਾਉਣ ਦੀ ਕੋਸ਼ਿਸ਼ ਇਹ ਲਿਖ ਕੇ ਕੀਤੀ ਹੈ ਕਿ ਜੋ ਮੈਂ ਵਿਖੰਡਨ ਬਾਰੇ ਕਿਹਾ ਉਹ ਕਈਆਂ ਲਈ ਇਹ ਨਾਅਰਾ ਬਣ ਗਿਆ ਹੈ ਭਾਵ ਇਸਨੂੰ ਬੜਾ ਹੀ ਗ਼ਲਤ ਸਮਝਿਆ ਗਿਆ ਹੈ । ਉਹ ਇਕ ਵਿਕਲਪ ਸੂਤਰ ਸੁਝਾਉਂਦਾ ਹੈ ਜਿਸ ਵਿਚ ਬਨਸਪਿਤ ਘੱਟ ਧੁੰਦਲਾਹਟ ਹੈ । ਉਹ ਕਹਿੰਦਾ ਹੈ ਕਿ 'ਪ੍ਰਸੰਗ ਤੋਂ ਬਾਹਰ ਕੁੱਝ ਨਹੀਂ (There is nothing outside context) । ਉਸਨੇ ਆਪਣੀ ਇਕ ਹੋਰ ਲਿਖਤ 'Critical Inquairy' ਲਿਖਿਆ ਹੈ ਕਿ 'ਪ੍ਰਸੰਗ ਤੋਂ ਬਿਨਾ ਕੁੱਝ ਨਹੀਂ' (There is nothing but context) । ਅੰਤ ਉਹ ਆਪਣੀ ਕਿਤਾਬ 'Living On' 'ਚ ਲਿਖਦਾ ਹੈ ਕਿ 'ਕੋਈ ਵੀ ਅਰਥ ਪ੍ਰਸੰਗ ਤੋਂ ਬਾਹਰ ਨਿਸਚਿਤ ਨਹੀਂ ਹੋ ਸਕਦੈ ਪਰ ਕੋਈ ਵੀ ਪ੍ਰਸੰਗ ਸੰਤ੍ਰਿਪਤੀ ਦੀ ਆਗਿਆ ਨਹੀਂ ਦਿੰਦਾ (No meaning can be determined out of context, but no context permits saturation)।ਇਥੇ ਅਸੀਂ ਹਿੰਸਾ ਦਾ ਮੁੱਦਾ ਲੈਂਦੇ ਹਾਂ । ਜੇ ਇਹ ਪੁੱਛਿਆ ਜਾਵੇ ਕਿ ਕੀ ਉੱਤਰ ਆਧੁਨਿਕ ਅਹਿੰਸਾ (non violence) ਦਾ ਜਾਂ ਹਿੰਸਾ (violence) ਦਾ ਸਮਰਥਨ ਕਰਦੇ ਨੇ ? ਇਸ ਦਾ ਜਵਾਬ ਦੈਰੀਦਾ ਇੰਝ ਦਿੰਦਾ ਹੈ ਕਿ ਇਹ ਪ੍ਰਸੰਗਿਕ ਹੈ ਪਰ ਨਾਲ ਨਾਲ ਹੀ ਦੈਰੀਦਾ ਬਾਰ ਬਾਰ ਨੈਤਿਕਤਾ ਦੀ ਮਹੱਤਤਾ ਦੀ ਵਿਆਖਿਆ ਵੀ ਕਰਦਾ ਹੈ ਤੇ ਟਿੱਪਣੀਆਂ ਦਿੰਦੈ ਜਿਵੇਂ ਕਿ 'ਵਿਖੰਡਨ ਨਿਆਂ ਹੈ'(deconstruction is justice), 'ਹੋਰਾਂ/ਦੂਜਿਆਂ ਵੱਲ ਖੁੱਲ੍ਹਣਾ (openness towards others) ਜਾਂ 'ਡੈਮੋਕਰੇਸੀ ਨੂੰ ਆਉਣ ਦਿਓ (let democracy to come) ਆਦਿ ਸਾਰੀਆਂ ਉਸਦੇ ਨੈਤਿਕ ਸਰੋਕਾਰਾਂ ਦਾ ਸਬੂਤ ਨੇ।ਰਿਚਰਡ ਕੇਆਰਨੇ ਨੂੰ ਦੈਰੀਦਾ ਨੇ 'Questioning Ethics: Contemprary debate in Philosophy, Hospitality, Justice and Responsibility' ਦੇ ਵਿਸ਼ੇ 'ਤੇ ਇੰਟਰਵਿਊ ਦਿੰਦਿਆਂ ਕਿਹਾ ਕਿ 'ਨੈਤਿਕਤਾ ਤੇ ਰਾਜਨੀਤੀ ਅਫ਼ੈਸਲਾਕੁੰਨਤਾ (undecidebility) ਦੇ ਨਾਲ ਸ਼ੁਰੂ ਹੁੰਦੀਆਂ ਨੇ । ਜੇ ਅਸੀਂ ਜਾਣਦੇ ਹਾਂ ਕਿ ਅਸਾਂ ਕੀ ਕਰਨੈ, ਜੇ ਅਸਾਨੂੰ ਗਿਆਨ ਹੈ ਕਿ ਅਸਾਂ ਫ਼ੈਸਲੇ ਤੋਂ ਪਹਿਲਾਂ ਕੀ ਕਰਨੈ ਤਾਂ ਉਹ ਫ਼ੈਸਲਾ, ਫ਼ੈਸਲਾ ਨਹੀਂ ਹੋਵੇਗਾ । ਉਹ ਤਾਂ ਸਿਰਫ਼ ਨਿਯਮਾਂ ਦਾ ਲਾਗੂ ਕਰਨਾ ਹੋਵੇਗਾ । ਇਸ ਆਧਾਰਵਾਕ (premiss) ਦਾ ਨਤੀਜਾ ਹੋਵੇਗਾ ਤਾਂ ਫਿਰ ਕੋਈ ਸਮੱਸਿਆ ਨਹੀਂ ਹੋਵੇਗੀ ਤੇ ਉੱਥੇ ਕੋਈ ਫ਼ੈਸਲਾ ਵੀ ਨਹੀਂ ਹੋਵੇਗਾ...ਪਰ ਜੇ ਉਥੇ ਫ਼ੈਸਲਾ ਹੈ ਤਾਂ ਇਸ ਅਫ਼ੈਸਲਾਕੁੰਨਤਾ 'ਚੋਂ ਲੰਘਣਾ ਹੀ ਪਵੇਗਾ ਅਤੇ ਇਸ ਸਿਧਾਂਤਕ ਗਿਆਨ ਦੇ ਖੇਤਰ 'ਚ ਅਗਲਾ ਕਦਮ ਹੋਵੇਗਾ । ਇੰਝ ਜਦੋਂ ਮੈਂ ਕਹਿੰਦਾਂ ਕਿ ਮੈਂ ਨਹੀਂ...ਨਹੀਂ ਜਾਣਦਾ ਕਿ ਕੀ ਕਰਨੈ ਤਾਂ ਇਹ ਕੋਈ ਫ਼ੈਸਲੇ ਦੀ ਨਕਾਰਾਤਮਕ ਸਥਿਤੀ ਨਹੀਂ, ਸਗੋਂ ਇਸ 'ਚ ਫ਼ੈਸਲੇ ਦੀ ਸੰਭਾਵਨਾ ਛੁਪੀ ਹੈ ।

Shaoh ਰਿਸਰਚ ਸੈਂਟਰ, ਇੰਟਰਨੈਸ਼ਨਲ ਸਕੂਲ ਆਫ਼ ਹੋਲੋਕੁਆਸਟ ਸਟਡੀਜ਼ ਵਿਖੇ ਇਕ ਹੋਰ ਇੰਟਰਵਿਊ 'ਚ ਡਾ. ਮਿਸ਼ੇਲ ਬਿਨ ਨੇਫਤਾਲੀ ਦੇ ਪ੍ਰਸ਼ਨਾਂ ਦਾ ਜਵਾਬ ਦਿੰਦਿਆਂ ਦੈਰੀਦਾ ਕਹਿੰਦਾ ਹੈ ਕਿ Jankelevitch standpoint ( Valdimir Jenkelevitch (1903-1985) who wrote book named as 'Le Pardon' which is devoted to the notion of foregiveness to German Natszi's collective crimes against Jewish in 2nd world war) 'ਤੇ ਕੋਈ ਨਿਸ਼ਕਰਸ਼ੀ ਤੇ ਫ਼ੈਸਲਾਕੁੰਨ ਟਿੱਪਣੀ ਨਹੀਂ ਕਰਨਾ ਚਾਹੁੰਦਾ । ਦੈਰੀਦਾ ਕਹਿੰਦਾ ਹੈ ਕਿ ਨਸਲਕੁਸ਼ੀ (genocide) ਲਈ ਮੁਆਫ਼ੀ ਇਕ ਵੱਡਾ ਸਮੱਸਿਆਕਾਰ ਹੈ । ਦੈਰੀਦਾ ਪ੍ਰਸ਼ਨ ਦਾ ਜੁਆਬ ਇਕ ਹੋਰ ਪ੍ਰਸ਼ਨ ਨਾਲ ਦਿੰਦੈ ਕਿ 'ਅਸਲ 'ਚ ਮੁਆਫ਼ੀ ਕਿਸ ਨੂੰ....? ਕੌਣ ਕਿਸਨੂੰ ਮੁਆਫ਼ ਕਰੇ...? ਇਹ ਤਾਂ ਹਿੰਸਾ ਦੇ ਸ਼ਿਕਾਰ ਹੋਏ ਬੰਦਿਆਂ 'ਤੇ ਨਿਰਭਰ ਹੈ ਕਿ ਉਹ ਕਸਾਈਆਂ ਨੂੰ ਮੁਆਫ਼ ਕਰਨ । ਪਰ ਅਸੀਂ ਤਾਂ ਅੱਜ ਜਾਂ ਤਾਂ ਸ਼ਿਕਾਰ ਹੋਏ ਵਿਅਕਤੀਆਂ ਜਾਂ ਕਸਾਈਆਂ ਦੇ ਵਾਰਿਸ ਹਾਂ। ਇਸੇ ਲਈ ਮੁਆਫ਼ੀ ਦਾ ਪ੍ਰਸ਼ਨ ਅੱਜ ਸ਼ੁੱਧ ਰੂਪ 'ਚ ਕਿਸੇ ਨੂੰ ਨਹੀਂ ਪੁੱਛਿਆ ਜਾ ਸਕਦਾ । ਲੇਕਿਨ ਉਸਦਾ Saoah forces (word for Jewish holocaust) ਨੂੰ ਕਹਿਣਾ ਹੈ ਕਿ ਉਹ

Volume: 11, March 2025 ISSN: 2394-0980

PP: 1-7

ਆਪਣੇ ਆਪ ਨੂੰ ਪੁੱਛਣ ਕਿ ਮੁਆਫ਼ੀ ਦਾ ਕੀ ਭਾਵ ਹੈ ? ਕੀ ਇਹ ਸੰਭਵ ਹੈ…? ਜੇ ਇਹ ਜ਼ਰੂਰੀ ਹੈ ਤਾਂ ਇਹ ਪ੍ਰਸ਼ਨ ਕਿਥੋਂ ਆ ਰਿਹੈ…? ਉਹ ਸਭਿਆਚਾਰ ਕਿਹੜਾ ਹੈ ਜੋ ਮੁਆਫ਼ੀ ਦੀ ਸਮਝ ਨੂੰ ਲੈ ਕੇ ਚੱਲ ਰਿਹਾ ਹੈ…? ਕੀ ਸਭਿਆਚਾਰ 'ਚ ਮੁਆਫ਼ੀ ਦੇ ਪਿਛੇ Torah ਦਾ ਮੁੱਲ ਨਹੀਂ ਪਿਆ…? ਇਹ ਮੇਰੇ ਲਈ ਸੁਆਲ ਨੇ । ਇਹ ਸਿਰਫ਼ ਅੰਦਾਜ਼ਾਮੂਲਕ ਸਵਾਲ ਨਹੀਂ ਸਗੋਂ ਇਹ ਉਸ ਇਤਿਹਾਸਕ ਹੋਂਦ ਦੇ ਪ੍ਰਸ਼ਨ ਨੇ ਜਿਸ 'ਚ ਅਸੀਂ ਅੱਜ ਵਿਚਾਰ ਰਹੇ ਹਾਂ ।ਸਤੰਬਰ 11, 2001 ਦੇ ਦੋ ਹਫ਼ਤਿਆਂ ਬਾਅਦ ਹੀ ਨਿਊਯਾਰਕ ਵਿਖੇ ਤਤਕਾਲਿਕ ਸਮੇਂ ਤੇ ਸਥਿਤੀ ਬਾਰੇ ਗਿਓਵਾਨੋ ਬਾਰੋਦੋਰੀ ਨੇ ਦੈਰੀਦਾ ਤੇ ਜੁਰਗੈਨ ਹੈਬਰਮਾਸ ਨੂੰ ਇਕ ਇੰਟਰਵਿਊ ਕੀਤਾ ਤੇ ਪ੍ਰਸ਼ਨ ਪੁੱਛਿਆ ਕਿ ਇਸ ਸਮੇਂ ਤੇ ਸਥਿਤੀ ਬਾਰੇ ਉਹ ਦੋਵੇਂ ਹੀ ਦਾਰਸ਼ਨਿਕਾਂ ਵਾਂਗ ਪ੍ਰਸ਼ਨਾਂ ਦਾ ਜਵਾਬ ਦੇਣ । ਦੈਰੀਦਾ ਨੇ ਦਹਿਸ਼ਤਵਾਦ ਨੂੰ ਵਿਖੰਡਨ ਕਰਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਜੁਆਬ ਦਿੱਤਾ, ਜਿਸਨੂੰ ਮਗਰੋਂ ਗਿਓਵਾਨੋ ਨੇ ਆਪਣੀ ਕਿਤਾਬ 'Philosophy in a Time of Terror' ਵਿਚ ਵੀ ਸ਼ਾਮਿਲ ਕੀਤਾ। ਦੈਰੀਦਾ ਦਾ ਕਹਿਣਾ ਸੀ ਕਿ ਕੀ ਦਹਿਸ਼ਤਵਾਦ ਕਿਸੇ ਰਾਜਨੀਤਕ ਤੱਤਸਾਰ ਦਾ ਦਾਅਵਾ ਕਰ ਸਕਦੈ ਕਿ ਜਾਂ ਇਹ ਇਕ ਸਧਾਰਨ ਅਪਰਾਧਿਕ ਗਤਿਵਿਧੀ ਹੈ । ਕੀ ਸਟੇਟ ਦਾ ਦਹਿਸ਼ਤਵਾਦ ਸਵੀਕਾਰਕਰਣਯੋਗ ਹੈ ? ਜੇ ਨਹੀਂ ਤਾਂ ਜੰਗ ਤੇ ਦਹਿਸ਼ਤਵਾਦ 'ਚ ਕੀ ਅੰਤਰ ਹੈ ? ਦੈਰੀਦਾ ਸਪੱਸ਼ਟ ਤੌਰ 'ਤੇ ਟਿੱਪਣੀ ਕਰਦੈ ਕਿ ਦਹਿਸ਼ਤਵਾਦ ਤੇ ਇਹੋ ਜਿਹੇ ਵਿਖੰਡਨੀ ਦਾਅਵਿਆਂ ਨੂੰ ਡੀਟੈਕਟ ਵੀ ਕੀਤਾ ਜਾ ਸਕਦੈ ਤੇ ਕੋਈ ਨਾਮ ਵੀ ਦਿੱਤਾ ਜਾ ਸਕਦੈ ਪਰ ਇਨ੍ਹਾਂ 'ਤੇ ਨਾ ਤਾਂ ਪੂਰੀ ਤਰ੍ਹਾਂ ਨਿਯੰਤਰਣ ਹੀ ਪਾਇਆ ਜਾ ਸਕਦੈ ਤੇ ਨਾ ਹੀ ਇਨ੍ਹਾਂ ਨੂੰ ਪੂਰੀ ਤਰ੍ਹਾਂ ਜਿੱਤਿਆ ਜਾਂ ਹਰਾਇਆ ਜਾ ਸਕਦੈ । ਦੈਰੀਦਾ ਅੱਗੇ ਕਹਿੰਦਾ ਹੈ ਕਿ ਬਾਵਜੂਦ ਇਸ ਭੈਅ ਤੇ ਖ਼ੌਫ਼ ਦੇ ਜੋ ਅਸਾਂ ਤੱਕਿਆ ਹੈ ਇਹ ਅਸੰਭਵ ਨਹੀਂ ਕਿ ਇਕ ਦਿਨ ਅਸੀਂ 9/11 ਨੂੰ ਪਿਛਾਂਹ ਮੁੜ ਕੇ ਦੇਖੀਏ ਤੇ ਇਹੋ ਜਿਹੀ ਇਹੋ ਜਿਹੀ ਸਾਨੂੰ 'Terror' ਤੇ 'Territory' ਨਾਲ ਅੰਤਰਸਬੰਧਿਤ ਕੋਈ ਹੋਰ ਉਦਾਹਰਣ ਵੀ ਮਿਲੇ ਅਤੇ ਹਿੰਸਾ ਦੇ ਕਦੀਮੀ ਮੰਚ 'ਤੇ ਇਹੋ ਜਿਹੀ ਕੋਈ ਹੋਰ ਘਟਨਾ ਹੋਵੇ ਜਿਸ ਨੇ ਸਾਡੀ ਕਲਪਨਾ ਨੂੰ ਇੰਝ ਝੰਜੋੜਿਆ ਹੋਵੇ । ਅਗਾਂਹ ਹੋਰ ਵੀ ਹਮਲੇ ਹੋਣ ਦੀ ਸੰਭਾਵਨਾ ਹੈ।ਚਾਹੇ ਉਹ ਰਸਾਇਣਕ ਜਾਂ ਜੈਵਿਕ ਹਥਿਆਰਾਂ ਨਾਲ ਲੈਸ ਹੋਣ ਜਾਂ ਉਹ ਸਾਡੇ ਡਿਜੀਟਲ ਸੰਚਾਰ ਨੂੰ ਉਖਾੜ ਸੁੱਟਣ ਦੇ ਸਮਰੱਥ ਹੋਣ । ਇਹ ਤਾਂ ਬਿਲਕੁਲ ਚੁੱਪ, ਅਦਿੱਖ ਤੇ ਅੰਤਿਮ ਤੌਰ 'ਤੇ ਅਕਲਪਨਾਯੋਗ ਸਥਿਤੀ ਹੀ ਹੋ ਸਕਦੀ ਹੈ।ਦੈਰੀਦਾ ਤੇ ਹੈਬਰਮਾਸ ਦੇ ਇਹ ਵਿਚਾਰ 'Philosophy in the Time of Terror: Dialouge with Jurgen Hebermas and Jacques Derrida', 'ਚ ਦਰਜ ਹਨ । ਇਸ ਤਬਾਹੀ ਭਰਪੂਰ (devastating) ਸਮੱਸਿਆ ਨੂੰ ਸਿੱਝਣ ਲਈ ਦੈਰੀਦਾ 'ਵਿਸ਼ਵੀ ਪ੍ਰਤੀਕਰਮ' ਦੀ ਗੱਲ ਤੇ ਸੰਕ੍ਰਾਂਤੀ ਦਾ ਚਰਚਾ ਕਰਦੈ, ਜਿਸ ਵਿਚ ਕਲਾਸੀਕਲ ਅੰਤਰਰਾਸ਼ਟਰੀ ਕਾਨੂੰਨ ਜੋ ਕਿ ਉਨੀਵੀਂ ਸਦੀ ਦੇ ਨੇਸ਼ਨ-ਸਟੇਟਸ ਦੇ ਸੰਕਲਪ 'ਤੇ ਖੜ੍ਹਾ, ਨੂੰ ਬਦਲ ਕੇ ਨਵਾਂ ਕੋਸਮੋਪੋਲੀਟਨ ਆਰਡਰ ਸਥਾਪਿਤ ਕੀਤਾ ਜਾਵੇ ਜਿਸ ਵਿਚ ਮਲਟੀਲੇਟਰਲ ਸੰਸਥਾਵਾਂ ਤੇ ਕੌਨਟੀਨੈਨਟਲ ਜੁੱਟ (alliances) ਨਵੇਂ ਮੁੱਖ ਰਾਜਨੀਤਕ ਐਕਟਰ ਹੋਣ । ਕੀ ਨਵੇਂ ਸਬਨੈਸ਼ਨਲ ਤੇ ਕਰੌਸ ਨੈਸ਼ਨਲ ਲਈ ਮੌਜੂਦਾ ਦੌਰ ਦੀ ਧਮਕੀ (threat) ਮੂਹਰੇ ਵਰਤਮਾਨ ਅੰਤਰਰਾਸ਼ਟਰੀ ਕਾਨੂੰਨ ਪੁਰਾਣਾ ਨਹੀਂ ਪੈ ਗਿਆ ? ਕੀ ਦੈਰੀਦਾ ਵੱਲੋਂ ਦਿੱਤਾ ਪ੍ਰਸ਼ਨ ਰੂਪੀ ਸੁਝਾਅ ਸੱਚੀ ਮੁੱਚੀ ਹੀ ਚਿੰਤਾ ਤੇ ਤਸ਼ਵੀਸ਼ ਦਾ ਵਿਸ਼ਾ ਨਹੀਂ ? ਸਾਡੇ ਲਈ ਨੈਤਿਕਤਾ ਬਾਰੇ ਵਿਚਾਰ ਕਰਦਿਆਂ ਸੋਚਣਾ ਨਿਹਾਇਤ ਜ਼ਰੂਰੀ ਪ੍ਰਤੀਤ ਹੁੰਦੈ । ਦੈਰੀਦਾ ਨੇ ਆਪਣੀ ਨਸਲੀ ਵਿਤਕਰਾ (apartheid-a system of segregation or discrimination in South Africa) ਵਿਰੋਧੀ ਮੁਹਿੰਮ (ਨੈਸਲਨ ਮੰਡੇਲਾ ਦੀ ਗ੍ਰਿਫ਼ਤਾਰੀ ਤੇ ਨਸਲਵਾਦ ਦੇ ਵਿਰੋਧ 'ਚ) ਹਿੱਸਾ ਲਿਆ।ਉਸਨੇ ਪਰਵਾਸੀਆਂ ਤੇ ਰਿਫ਼ਿਊਜੀਆਂ ਦੇ ਅਧਿਕਾਰਾਂ ਦੇ ਹੱਕ 'ਚ ਪੈਦਾ ਹੋਈ ਮੁਹਿੰਮ 'ਚ ਵੀ ਹਿੱਸਾ ਲਿਆ।ਉਸਨੇ ਟੋਟੈਲੀਟੇਰੀਅਨ ਕਮਿਊਨਿਜ਼ਮ ਦਾ ਖ਼ਾਸ ਕਰਕੇ ਚੈਕੋਸੋਲੋਵਾਕੀਆ 'ਚ ਜ਼ੋਰਦਾਰ ਵਿਰੋਧ ਕੀਤਾ । ਇਥੇ ਉਸਨੇ ਬੁੱਧੀਜੀਵੀਆਂ ਨਾਲ ਖੜ੍ਹ ਕੇ ਇਕਜੁੱਟਤਾ ਦਾ ਮੁਜ਼ਾਹਰਾ ਕੀਤਾ। ਨਤੀਜਨ ਉਸਨੂੰ ਪਰਾਗ ਵਿਖੇ ਇਕ ਝੂਠੇ ਡਰੱਗ ਮੁਕੱਦਮੇ ਕਾਰਣ ਜੇਲ੍ਹ ਜਾਣਾ ਪਿਆ ਪਰ ਵੱਡੇ ਡਿਪਲੋਮੈਟਿਕ ਪ੍ਰੋਟੈਸਟ ਤੋਂ ਬਾਅਦ ਉਸਨੂੰ ਰਿਹਾ ਕਰਨਾ ਪਿਆ।ਮੁਆਫ਼ੀ (foregiveness), ਸਹਿਣਸ਼ੀਲਤਾ (ਟੋਲਰਓਨਚਏ), ਮੌਤ, ਹੋਸਪੀਟੈਲਿਟੀ ਤੇ ਨਿਆਂ ਜਿਹੇ ਕੁੱਝ ਮੁੱਖ ਖੇਤਰ ਹਨ ਜਿਨ੍ਹਾਂ ਬਾਰੇ ਦੈਰੀਦਾ ਵੱਲੋਂ ਆਪਣੀਆਂ ਲਿਖਤਾਂ 'ਚ ਪ੍ਰਗਟ ਕੀਤੇ ਵਿਚਾਰ ਅਤੇ ਟਿੱਪਣੀਆਂ ਸਪੱਸ਼ਟ ਕਰਦੀਆਂ ਨੇ ਕਿ ਦੈਰੀਦਾ ਦਾ ਨੈਤਿਕਤਾ ਨਾਲ ਵੱਡਾ ਸਰੋਕਾਰ ਸੀ।ਉਸਨੇ ਆਪਣੀ ਕਿਤਾਬ ਜਿਵੇਂ 'Of Hospitality, Politics of Friendship' ਦਾ ਸਮਰਪਣ ਵੀ ਨੈਤਿਕ ਸੰਵਾਦ ਨੂੰ ਹੀ ਕੀਤਾ ਹੈ ।

ਇਸ ਤਰ੍ਹਾਂ ਵਿਖੰਡਨ ਦਾ ਦਰਸ਼ਨ ਕਿਸੇ ਤਰ੍ਹਾਂ ਵੀ ਵਿਨਾਸ਼ਕਾਰੀ (destruction), ਨਸ਼ਟਕਾਰੀ (annihilation) ਤੇ ਹੋਰ ਇਹੋ ਜਿਹੀਆਂ ਨਕਾਰਾਤਮਕਤਾਵਾਂ ਵੱਲ ਉਦੇਸ਼ਿਤ ਨਹੀਂ ਰਿਹੈ ਸਗੋਂ ਇਹ ਵਿਕੇਂਦਰਤਾ (decentering) ਨੂੰ ਸੰਬੋਧਿਤ ਹੈ । ਅਸਲ 'ਚ ਇਹ ਮੁੜ ਉਸਾਰੀ (reconstruction) ਨੂੰ ਪ੍ਰੋਤਸਾਹਿਤ ਕਰਦੈ । ਪਰ ਦੈਰੀਦਾ ਆਪ ਹੀ ਰਿਚਰਡ ਕੇਆਰਨੇ ਨੂੰ ਦਿੱਤੀ ਇੰਟਰਵਿਊ 'ਚ ਕਹਿੰਦੈ, 'How could you reconstruct anything without

Volume: 11, March 2025 ISSN: 2394-0980
PP: 1-7

deconstruction?) ।ਸਾਰੇ ਵਿਖੰਡਨ ਦਾ ਉਦੇਸ਼ ਬਹੁਵਚਨਤਾ (pluralities), ਵੱਖਰਤਾਵਾਂ (differences) ਦਾ ਜਸ਼ਨ ਮਨਾਉਣਾ ਹੈ।ਇੰਝ ਦੈਰੀਦਾ ਕਦੇ ਵੀ ਨੈਤਿਕਤਾ ਦੇ ਵਿਰੋਧ 'ਚ ਨਹੀਂ ਰਿਹੈ । ਪਰ ਇਹ ਉਸਦੇ ਨੈਤਿਕ ਸਿਧਾਂਤਾਂ ਦਾ ਵਰਗੀਕ੍ਰਿਤ ਚੌਖਟਾ ਸੀ । ਇਕ ਲਹਿਰ ਵਜੋਂ ਉਤਰਆਧਨਿਕਤਾ (ਜੋ ਕਿ ਆਧੁਨਿਕਤਾ ਕਾਰਣ ਹੀ ਪੈਦਾ ਹੋਈ) ਆਧੁਨਿਕਤਾ ਨੂੰ ਸਥਿਰਤਾ (ਡਿਟਿ), ਸਪੱਸ਼ਟਤਾ/ਸੰਪੂਰਣਤਾ (totality), ਸੰਸਥਾਈਕਰਣਤਾ (institutionalization), ਕੇਂਦ੍ਰੀਅਤਾ (centrality) ਕੱਟੜਤਾ (rigidity) ਆਦਿ ਮੁੱਦਿਆਂ ਉਪਰ ਆੜੇ ਹੱਥੀਂ ਲੈਂਦੀ ਹੈ।ਇਸਦੇ ਬਰਅਕਸ ਇਸਦੇ ਮੁੱਦੇ ਨੇ; ਬਹੁਵਚਨਤਾ (plurality), ਅਤਰਕਸ਼ੀਲਤਾ (irrationality), ਬਿਖਰਾਓਪਨ (fragmentation), ਗੁਨਾਹ (sin), ਆਤਮਘਾਤ (suicide) ਅਤੇ ਲਿੰਗਕਤਾ (sexuality), ਜਿਨ੍ਹਾਂ ਨੂੰ ਕਿ ਆਧੁਨਿਕਤਾ ਨੇ ਸਦਾ ਹੀ ਨਜ਼ਰਅੰਦਾਜ਼ ਕੀਤੀ ਰੱਖਿਆ ਹੈ।

ਉਤਰ ਆਧੁਨਿਕ ਵਿਚਾਰ ਸਭਿਆਚਾਰਾਂ ਦੇ ਇਕਸਾਰੀਕਰਣ/ਸਜਾਤੀਕਰਣ (homogenisation) ਨੂੰ ਤੱਜਦਾ ਹੈ ਜਿਸਦੀ ਕਿ ਆਧੁਨਿਕਤਾ ਨੇ ਸਦਾ ਝੰਡਾਬਰਦਾਰੀ ਕੀਤੀ ਹੈ। ਉਤਰ ਆਧੁਨਿਕਤਾਵਾਦ ਹਰ ਰੂਪ ਦੀ ਵਿਭਿੰਨਤਾ ਅਤੇ ਵਿਕੇਂਦਰਤਾ ਨੂੰ ਪ੍ਰੋਤਸਾਹਿਤ ਕਰਕੇ ਆਧੁਨਿਕ ਸਭਿਆਚਾਰਾਂ ਦੇ ਬਿਖਰਾਓ ਨੂੰ ਸਿੱਝਦੈ । ਇਸ ਦੀ ਨਜ਼ਰ 'ਚ 'ਉੱਚ ਸਭਿੱਆਚਾਰ' ਤੇ 'ਨਿਮਨ ਸਭਿੱਆਚਾਰ' 'ਚ ਕੋਈ ਫ਼ਰਕ ਨਹੀਂ। ਇਹ ਤਾਰਕਿਕਤਾ (rationality) ਦੇ ਸਰਵਸੱਤਾਵਾਦ (totalitarianism) ਦਾ ਵਿਰੋਧ ਹੀ ਨਹੀਂ ਕਰਦੈ ਸਗੋਂ ਇਹ ਬਿਰਤਾਂਤਾਂ ਦੇ ਅਤਾਰਕਿਕ ਵਿਵਹਾਰ ਦਾ ਸੁਝਾਓ ਦਿੰਦੈ । ਪਰ ਇਸਦਾ ਇਹ ਅਰਥ ਨਹੀਂ ਕਿ ਉਤਰ ਆਧੁਨਿਕਤਾਵਾਦ ਸਾਰੇ ਤਰ੍ਹਾਂ ਦੇ ਬਿਰਤਾਂਤਾਂ ਤੇ ਮਿੱਥਾਂ ਦਾ ਸਮਰਥਨ ਕਰਦੈ । ਇਹ ਮਹਾਂਬਿਰਤਾਂਤਾਂ (grand narratives) ਨੂੰ ਪੂਰੀ ਤਰ੍ਹਾਂ ਨਕਾਰਦੈ ਅਤੇ ਇਨ੍ਹਾਂ ਦੀ ਥਾਂ ਸਥਾਨਕ ਤੇ ਲਘੂ ਬਿਰਤਾਂਤਾਂ (ਮਚਿਰੋ ਨਓਰਰਓਟਵਿਏਸ) ਨੂੰ ਲਿਆਉਣਾ ਚਾਹੁੰਦੈ । ਖ਼ਾਸ ਕਰਕੇ ਜਦੋਂ ਇਹ ਪਰਾਭੌਤਿਕੀ ਪੱਖਾਂ ਬਾਰੇ ਗੱਲ ਕਰਦੈ ਤਾਂ ਇਹ ਨੀਂਹਵਾਦ (foundationalism), ਤੱਤਵਾਦ/ਅਨਿਵਾਰਤਾਵਾਦ (essentialism) ਅਤੇ ਨਿਰਪੇਖਵਾਦ (absoluteism) ਨੂੰ ਤੋੜਦੈ । ਇਹ ਗਿਆਨ, ਸੱਚ ਅਤੇ ਅਸਲ ਦੇ ਨਿਰਪੇਖ ਵਸਤੂਵਾਦ ਨੂੰ ਨਹੀਂ ਮੰਨਦੈ ਅਤੇ ਸੱਚ ਦੀ ਬਹੁਵਚਨਤਾ (plurality), ਅਰਥਾਂ ਦੀ ਬਹੁਵੰਦਤਾ ਦਾ ਸਮਰਥਨ ਕਰਦੈ ਅਤੇ ਵੱਖਰਤਾਵਾਂ ਦਾ ਜਸ਼ਨ ਮਨਾਉਂਦੈ । ਜਦੋਂ ਇਹ ਗਿਆਨਸ਼ਾਸਤਰ (epistemology) ਦੀ ਗੱਲ ਕਰਦੈ ਤਾਂ ਉਤਰ ਆਧੁਨਿਕਤਾਵਾਦ ਜਾਣ ਬੁੱਝ ਕੇ ਤਰਕ ਨੂੰ ਗਿਆਨ ਦੇ ਅੰਤਿਮ ਸੰਦ ਵਜੋਂ ਮੰਨਣ ਤੋਂ ਇਨਕਾਰੀ ਹੁੰਦੈ । ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਇਹ ਸਾਰਵਭੌਮਿਕਵਾਦ (universalism) ਅਤੇ ਪਾਰਗਾਮੀਵਾਦ (transcendentalism) ਜਿਹੇ ਯੂਟੋਪੀਅਨ ਸੰਕਲਪਾਂ ਵੱਲੋਂ ਲਾਗੂ ਕੀਤੇ ਗਏ ਵਰਤਾਰੇ ਜਿਵੇਂ ਅਸਮਾਨਤਾ (disparity), ਦਮਨਕਾਰੀ (coercion) ਅਤੇ ਗ਼ਲਬੇ (dommination) ਨੂੰ ਬੜੇ ਲਾਗਿਓਂ ਦੇਖਦੈ । ਇਸਦੇ ਉਲਟ ਉਤਰ ਆਧੁਨਿਕਤਾਵਾਦ ਮੈਟਾਬਿਰਤਾਂਤਾਂ (meta narratives) ਪ੍ਰਤਿ ਬੇਲੱਗਲਾਈਪੁਣਾ (incredulity) ਵਿਕਸਤ ਕਰਦੈ ਅਤੇ ਹੋਂਦ ਨਾਲ ਹਰ ਤਰ੍ਹਾਂ ਦੇ ਨੀਂਹਵਾਦੀ ਤੇ ਸਰਵਭੌਮਿਕ ਲੇਖਿਆਂ ਨੂੰ ਤੱਜਦੈ । ਇਹ ਪਾਉੜੀ ਪ੍ਰਬੰਧ (hierarchy) ਦੀ ਅਸਧਾਰਣੀਕ੍ਰਿਤਤਾ ਅਤੇ ਕੇਂਦਰੀਅਤਾ ਦੀ ਉਲਟ-ਪਲਟਤਾ (topsy-turvy) ਨੂੰ ਉਕਸਾਉਂਦੈ । ਨੈਤਿਕ ਧਰਾਤਲਾਂ 'ਤੇ ਭਾਵੇਂ ਉਤਰ ਆਧੁਨਿਕਤਾਵਾਦੀ ਧਰਾਤਲਹੀਣ ਨੇ ਪਰ ਇਹ ਸਭਿਆਚਾਰਾਂ ਦੀ ਬਹੁਵਚਨਤਾ ਨੂੰ ਨਸਲੀ ਅਤੇ ਧਾਰਮਿਕ ਲਘੂ ਬਿਰਤਾਂਤਾਂ ਨੂੰ ਮਹੱਤਵ ਦਿੰਦੇ ਨੇ । ਇਸਦਾ ਉਦੇਸ਼ ਹੈ ਕਿ ਉਸ ਬਹੁਵਚਨੀ ਨਿਆਂ ਨੂੰ ਮੁੜਸੰਕਲਪਿਤ ਕੀਤਾ ਜਾਵੇ ਜੋ ਕਿ 'ਹੋਰਾਂ/ਦੂਜਿਆਂ' (others), ਅਹਿਲਦਾ ਕੀਤੇ/ਛੇਕੇ ਗਏ/ਘਟਾਏ ਗਏ (excluded), ਬੇਰਹਿਨੁਮਾਇਆਂ/ਨਿਆਸਰਿਆਂ/ਜਿਨ੍ਹਾਂ ਦਾ ਕੋਈ ਪ੍ਰਤਿਨਿੱਧਤੱਵ ਨਹੀਂ (unrepresented), ਅਣਗੌਲਿਆਂ/ਅਣਜਾਣਿਆਂ ਅਤੇ ਹਾਸ਼ੀਆਕ੍ਰਿਤਾਂ ਦੇ ਸਰੋਕਾਰਾਂ ਨੂੰ ਧਿਆਨ 'ਚ ਰੱਖੇ । ਇੰਝ ਉਤਰ ਆਧੁਨਿਕ ਨੈਤਿਕ-ਰਾਜਨੀਤਕ ਪ੍ਰੋਜੈਕਟ ਵਿਚ ਆਧੁਨਿਕਤਾ ਵੱਲੋਂ ਪੈਦਾ ਕੀਤੀਆਂ ਵੱਖਰਤਾਵਾਂ, ਘਟਾਓ ਅਤੇ ਹਾਸ਼ੀਆਕ੍ਰਿਤਤਾ ਲਈ ਹੁੰਗਾਰਾ (response) ਸ਼ਾਮਿਲ ਨੇ । ਸਿਸਟੇਮੈਟਿਕ ਸਦਾਚਾਰਕ ਕੋਡਾਂ ਅਤੇ ਜੀਵਨ ਦੇ ਸੰਯੁਕਤ ਰੂਪਾਂ ਪ੍ਰਤਿ ਬੇਯਕੀਨੀ ਦੀ ਬਜਾਏ ਉਤਰ ਆਧੁਨਿਕ ਸਦਾਚਾਰਕ ਸਾਪੇਖਵਾਦ ਨੂੰ ਮਾਣ ਬਖਸ਼ਦਾ ਹੈ ਅਤੇ ਹਰ ਤਰ੍ਹਾਂ ਦੀਆਂ ਵਿਭਿੰਨਤਾਵਾਂ ਨੂੰ ਉਤਸਾਹਿਤ ਕਰਦੇ ਤੇ ਅੱਗੇ ਵਧਾਉਂਦੇ ਨੇ।ਇਸ ਤਰ੍ਹਾਂ, ਉਤਰ ਆਧੁਨਿਕਤਾਵਾਦ ਦਾ ਵਿਸਤ੍ਰਿਤ ਵਿਸ਼ਲੇਸ਼ਣ ਦੱਸਦੈ ਕਿ ਉਤਰ ਆਧੁਨਿਕਤਾਵਾਦ, ਆਧੁਨਿਕਤਾ, ਆਧੁਨਿਕਤਾਵਾਦ ਅਤੇ ਆਧੁਨਿਕੀਕਰਣ ਵੱਲ ਮੁੜ ਫੇਰਾ (revisit) ਪਾਉਂਦਾ ਹੈ ਅਤੇ ਇਨ੍ਹਾਂ ਕਾਰਣ ਪੈਦਾ ਹੋਏ ਨੁਕਸਾਨਾਂ ਤੋਂ ਪਰਦਾ ਉਠਾਉਂਦਾ ਹੈ । ਇਹ ਹੋਰ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਨੂੰ ਖੋਲ੍ਹਦਾ ਹੈ, ਜੋ ਤਰਲਤਾ (fluidity), ਵਿਭਿੰਨਤਾਵਾਂ (variations), ਬਹੁਵੰਦਤਾਵਾਂ (multiplicities), ਵੱਖਰਤਾਵਾਂ (diversities), ਬਹੁਵਚਨਤਾਵਾਂ (pluralities) ਅਤੇ ਡਿਫ਼ਰਾਂਸਾਂ ਆਦਿ ਨੂੰ ਮਾਣਦਾ ਹੋਇਆ ਕਿਸੇ ਤਰ੍ਹਾਂ ਦਾ ਅੰਤਿਮ ਹੱਲ ਪੇਸ਼ ਨਹੀਂ ਕਰਾਉਂਦੈ ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 8-16

# ਉੱਤਰ ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਰਬਜੀਤ ਕੌਰ ਸੋਹਲ ਦਾ ਕਥਾ-ਜਗਤ

**ਡਾ. ਪਰਮਜੀਤ ਕੌਰ ਸਿੱਧੂ**
**ਐਸੋਸੀਏਟ ਪ੍ਰੋਫ਼ੈਸਰ, ਸਕੂਲ ਆਫ਼ ਪੰਜਾਬੀ ਸਟੱਡੀਜ਼,**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

ਮਨੁੱਖੀ ਵਿਹਾਰ ਅਤੇ ਵਰਤਾਰੇ ਨਿਰੰਤਰ ਪਰਿਵਰਤਨ ਦੀ ਪ੍ਰਕਿਰਿਆ ਵਿਚ ਰਹਿੰਦੇ ਹਨ। ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਮੁੱਢ ਤੋਂ ਲੈ ਕੇ ਹੁਣ ਤਕ ਸਮਾਜ, ਰਾਜਨੀਤੀ, ਦਰਸ਼ਨ, ਕਲਾ ਅਤੇ ਸੰਸਕ੍ਰਿਤੀ ਆਦਿ ਦੇ ਰੂਪ ਵਿਚ ਇਹਨਾਂ ਮਨੁੱਖੀ ਵਰਤਾਰਿਆਂ ਅਤੇ ਮਨੁੱਖੀ ਵਿਵਹਾਰ ਦੇ ਵਿਭਿੰਨ ਪਹਿਲੂਆਂ ਨੂੰ ਸਮਝਣ ਅਤੇ ਵਿਆਖਿਆਉਣ ਦਾ ਯਤਨ ਹੁੰਦੇ ਰਹੇ ਹਨ। ਇਹ ਯਤਨ ਕਿਸੇ ਨਾ ਕਿਸੇ ਚਿੰਤਨ ਦੇ ਰੂਪ ਵਿਚ ਸਾਹਮਣੇ ਆਉਂਦੇ ਰਹੇ ਅਤੇ ਇਹ ਚਿੰਤਨ ਵਾਦਾਂ (Isms) ਦੇ ਰੂਪ ਵਿਚ ਸਾਨੂੰ ਪ੍ਰਾਪਤ ਹਨ। ਹਰ ਵਾਦ ਨੇ ਇਕ ਵਿਸ਼ੇਸ਼ ਯੁਗ ਅਤੇ ਖਾਸ ਸੰਦਰਭ ਵਿਚ ਸਮਾਜਿਕ ਅਤੇ ਚਿੰਤਨੀ ਪਰਿਵਰਤਨ ਦਾ ਪ੍ਰਤਿਨਿਧਿਤਵ ਕੀਤਾ। ਉਦਾਹਰਣ ਵਜੋਂ ਫਿਊਡਲਿਜ਼ਮ ਅਤੇ ਸਾਮਵਾਦ ਵਰਗੇ ਰਾਜਨੀਤਿਕ-ਆਰਥਿਕ ਸਿਧਾਂਤਾਂ ਨੇ ਸਮਾਜ ਦੇ ਸੰਗਠਨ ਅਤੇ ਸਮਾਜਿਕ ਸਾਧਨਾਂ ਦੀ ਵੰਡ ਪ੍ਰਣਾਲੀ ਨੂੰ ਡੂੰਘੇ ਰੂਪ ਵਿਚ ਪ੍ਰਭਾਵਿਤ ਕੀਤਾ। ਇਸੇ ਤਰ੍ਹਾਂ ਆਧੁਨਿਕਤਾਵਾਦ ਨੇ ਗਿਆਨ, ਵਿਗਿਆਨ, ਤਰਕ ਅਤੇ ਵਿਕਾਸ ਦੇ ਮਾਧਿਅਮ ਰਾਹੀਂ ਮਨੁੱਖੀ ਜੀਵਨ ਨੂੰ ਨਵੀਂ ਦਿਸ਼ਾ ਦਿੱਤੀ। ਇਹ ਵਾਦਾਂ ਦੀ ਵਿਕਾਸ ਪ੍ਰਕਿਰਿਆ ਰਾਹੀਂ ਮਨੁੱਖੀ ਸੋਚ ਦੀ ਜਟਿਲਤਾ ਅਤੇ ਵਿਵਿਧਤਾ ਹੀ ਉਜਾਗਰ ਨਹੀਂ ਹੁੰਦੀ ਸਗੋਂ ਇਹਨਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਵਿਭਿਨ ਯੁਗਾਂ ਅੰਦਰ ਲੋਕਾਂ ਨੇ ਆਪਣੀ ਹੋਂਦ ਅਤੇ ਆਪਣੇ ਆਲੇ ਦੁਆਲੇ ਦੀਆਂ ਸਮੱਸਿਆਵਾਂ ਦਾ ਸਮਾਧਾਨ ਲੱਭਣ ਲਈ ਨਵੇਂ ਨਵੇਂ ਦ੍ਰਿਸ਼ਟੀਕੋਣ ਅਪਣਾਏ। ਇਹਨਾਂ ਵਿਭਿੰਨ ਵਾਦਾਂ ਨੇ ਮਨੁੱਖੀ ਸਮਝ ਨੂੰ ਨਿਰੰਤਰ ਪਰਿਵਰਤਨ ਦੇ ਅਮਲ ਵਿਚ ਰੱਖਿਆ ਅਤੇ ਮਨੁੱਖ ਨੂੰ ਵਧੇਰੇ ਜਟਿਲ, ਬਹੁਆਯਾਮੀ ਅਤੇ ਸਮਾਵੇਸ਼ੀ ਦ੍ਰਿਸ਼ਟੀਕੋਣ ਅਪਨਾਉਣ ਲਈ ਪ੍ਰੇਰਿਤ ਕੀਤਾ। ਸਮਾਂ ਬੀਤਣ ਦੇ ਨਾਲ ਜਿਵੇਂ-ਜਿਵੇਂ ਆਧੁਨਿਕਤਾਵਾਦ ਦੀਆਂ ਸੀਮਾਵਾਂ ਸਾਹਮਣੇ ਆਈਆਂ ਅਤੇ ਇਸਦੀ ਸਾਰਥਕਤਾ ਉੱਪਰ ਵੀ ਸੁਆਲ ਉੱਠਣ ਲੱਗੇ ਤਾਂ ਨਵਾਂ ਚਿੰਤਨ ਉੱਤਰਆਧੁਨਿਕਤਾਵਾਦ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹ ਇਕ ਅਜਿਹੀ ਬੌਧਿਕ ਲਹਿਰ ਸੀ ਜਿਸਨੇ ਮਨੁੱਖੀ ਗਿਆਨ ਅਤੇ ਅਨੁਭਵ ਦੇ ਖੇਤਰ ਵਿਚ ਪ੍ਰਚਲਿਤ ਅਨੇਕਾਂ ਧਾਰਨਾਵਾਂ ਨੂੰ ਪੁਨਰ-ਪੜਚੋਲਣ ਅਤੇ ਮਨੁੱਖੀ ਵਿਵਹਾਰ ਅਤੇ ਵਰਤਾਰਿਆਂ ਨੂੰ ਨਵੇਂ ਰੂਪ ਵਿਚ ਸਮਝਣ ਲਈ ਨਵਾਂ ਗਿਆਨ ਸ਼ਾਸਤਰ ਪ੍ਰਦਾਨ ਕੀਤਾ। ਉੱਤਰ ਆਧੁਨਿਕਤਾਵਾਦ ਨੇ ਆਪਣੇ ਤੋਂ ਪਹਿਲੇ ਉਹਨਾਂ ਸਭ ਵਾਦਾਂ ਅਤੇ ਸਿਧਾਂਤਾਂ ਨੂੰ ਚੁਣੌਤੀ ਦਿੱਤੀ ਜੋ ਇਕ ਨਿਸ਼ਚਿਤ ਅਤੇ ਸਰਵਵਿਆਪਕ ਸੱਚ ਦਾ ਦਾਅਵਾ ਕਰਦੇ ਸਨ। ਇਹ ਇਕ ਅਜਿਹਾ ਦਾਰਸ਼ਨਿਕ, ਸੰਸਕ੍ਰਿਤਿਕ, ਸਾਹਿਤਕ ਅਤੇ ਕਲਾਤਮਕ ਅੰਦੋਲਨ ਹੈ ਜੋ ਯਥਾਰਥ, ਸੱਚ, ਸੱਤਾ, ਭਾਸ਼ਾ ਅਤੇ ਪਛਾਣ (Identities) ਵਰਗੇ ਮੂਲਭੂਤ ਪ੍ਰਸ਼ਨਾਂ ਦੀ ਪੁਨਰ- ਵਿਆਖਿਆ ਕਰਦਾ ਹੈ। ਉੱਤਰ ਆਧੁਨਿਕਤਾਵਾਦ ਸਾਨੂੰ ਇਸ ਪ੍ਰਤੀ ਚੇਤੰਨ ਕਰਦਾ ਹੈ ਕਿ ਸੱਚ ਅੰਤਿਮ, ਨਿਰਪੇਖ, ਨਿਸ਼ਚਤ ਅਤੇ ਵਿਸ਼ਵ- ਵਿਆਪੀ ਨਹੀਂ ਹੈ। ਇਹ ਆਧੁਨਿਕਤਾ ਦੇ ਨਿਸ਼ਚਤਾਵਾਦ ਦੇ ਕੱਟੜ ਦਾਇਰੇ ਨੂੰ ਤੋੜਦਾ ਹੈ।

'ਉੱਤਰ-ਆਧੁਨਿਕ ਚਿੰਤਨ ਉਨ੍ਹਾਂ ਸਾਰੇ ਚਿੰਤਨ ਪ੍ਰਬੰਧਾਂ ਨੂੰ ਰੱਦ ਕਰਦਾ ਹੈ ਜੋ ਸਰਬਵਿਆਪਕ ਤੇ ਅੰਤਿਮਪੱਖੀ ਵਿਆਖਿਆਵਾਂ ਪੇਸ਼ ਕਰਨ ਦੇ ਦਾਅਵੇ ਜਤਾਉਂਦੇ ਹਨ। ਉੱਤਰ-ਆਧੁਨਿਕਤਾਵਾਦ ਤੱਤਵਾਦ ਤੇ ਤਰਕਵਾਦ ਦਾ ਵਿਰੋਧੀ ਹੈ। ਇਹ ਵਿਗਿਆਨ ਦੀ ਨਿਰਧਾਰਤ ਨਿਸ਼ਚਿਤਤਾ ਅਤੇ ਯਥਾਰਥ ਦੀ ਵਿਆਖਿਆ ਪੇਸ਼ ਕਰਨ ਦੇ ਵਸਤੂਪਰਕ ਦਾਅਵਿਆਂ ਪ੍ਰਤੀ ਤਿੱਖੀ ਪ੍ਰਤੀਕਿਰਿਆ ਜ਼ਾਹਰ ਕਰਦਾ ਹੈ। ਇਸ ਦਾ ਮੱਤ ਹੈ ਕਿ ਯਥਾਰਥ ਮਨੁੱਖੀ ਸੂਝ ਰਾਹੀਂ ਹੂਬਹੂ ਰੂਪ ਵਿਚ ਪ੍ਰਤੀਬਿੰਬਤ ਨਹੀਂ ਹੁੰਦਾ ਸਗੋਂ ਹਰ ਕੋਈ ਇਸਨੂੰ ਆਪਣੀ ਵਿਸ਼ੇਸ਼ ਤੇ ਨਿੱਜੀ ਦ੍ਰਿਸ਼ਟੀ ਤੋਂ ਘੜਦਾ ਤੇ ਸਮਝਦਾ ਹੈ। ਇਹ ਇਹਨਾਂ ਵਿਆਖਿਆਵਾਂ ਪ੍ਰਤੀ ਗਹਿਰਾ ਸੰਦੇਹ ਵਿਅਕਤ ਕਰਦਾ ਹੈ ਜੋ ਸਾਰੇ ਗਰੁੱਪਾਂ, ਸਭਿਆਚਾਰ, ਪਰੰਪਰਾਵਾਂ ਜਾਂ ਨਸਲਾਂ ਲਈ ਉਚਿਤ ਹੋਣ ਦਾ ਦਾਅਵਾ ਕਰਦੀਆਂ ਹਨ।'[1] ਭਾਵੇਂ ਉੱਤਰ ਆਧੁਨਿਕਤਾ ਦਾ ਆਰੰਭ 1960 ਵਿਆਂ ਦੇ ਨੇੜੇ-ਤੇੜੇ ਹੋ ਜਾਂਦਾ ਹੈ ਪਰ ਸਾਹਿਤਕ, ਸਭਿਆਚਾਰਕ ਵਰਤਾਰਿਆਂ ਵਿੱਚ ਇਸ ਦਾ ਅਸਰ 1980 ਤੋਂ ਬਾਅਦ ਦਿਖਾਈ ਦੇਣ ਲੱਗਦਾ ਹੈ। ਇਹਨਾਂ ਨਵੇਂ ਪੈਦਾ ਹੋ ਰਹੇ ਚਿੰਤਨ, ਵਰਤਾਰਿਆਂ ਵਿਚੋਂ ਸਭ ਤੋਂ ਵਧੇਰੇ ਤੀਖਣ, ਤੀਬਰ ਅਤੇ ਵਿਆਪਕ ਪ੍ਰਭਾਵ ਨਾਰੀਵਾਦ ਦਾ ਰਿਹਾ ਹੈ। ਔਰਤਾਂ ਨੂੰ ਹਾਸ਼ੀਆਗ੍ਰਸਤ ਸਥਿਤੀ ਤੋਂ ਉੱਪਰ ਉਠਾਉਣ ਲਈ ਪੱਛਮ ਵਿੱਚ ਨਾਰੀਵਾਦੀ ਵਿਚਾਰਧਾਰਾ ਵਿਕਸਤ ਹੋਈ ਜਿਸ ਦਾ ਮੁੱਖ ਮਕਸਦ ਔਰਤਾਂ ਨਾਲ ਲਿੰਗਕ ਪੱਧਰ 'ਤੇ ਹੋ ਰਹੇ ਭੇਦਭਾਵ ਨੂੰ ਖ਼ਤਮ ਕਰਕੇ ਔਰਤਾਂ ਨੂੰ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਖੇਤਰ ਵਿੱਚ ਬਰਾਬਰੀ ਦਿਵਾਉਣਾ ਸੀ। ਇਸ ਤਰ੍ਹਾਂ ਨਾਰੀਵਾਦ ਦੇ ਕਈ ਪੜਾਅ ਆਏ, ਸਮੇਂ-ਸਮੇਂ ਤੇ ਇਹਨਾਂ ਪੜਾਵਾਂ ਦੇ ਨਾਰੀਵਾਦੀ ਚਿੰਤਕਾਂ ਨੇ ਔਰਤਾਂ ਦੇ ਹੱਕਾਂ ਦੀ ਗੱਲ ਕਰਦਿਆਂ ਔਰਤਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਕੀਤਾ। ਭਾਵੇਂ ਆਧੁਨਿਕਤਾਵਾਦ ਨੇ ਔਰਤ ਨੂੰ ਮੱਧਕਾਲੀ ਜਕੜਬੰਦਾਂ ਤੋਂ ਆਜ਼ਾਦ ਕੀਤਾ ਸੀ ਪਰ ਉਸ ਨੂੰ ਪੂਰਾ ਮਨੁੱਖ (ਮਾਨੁਸ਼ੀ) ਸਮਝਣ ਦੀ ਥਾਂ ਕਾਮ-ਵਸਤੂ ਵਿਚ ਬਦਲ ਦਿੱਤਾ। ਔਰਤ ਨੂੰ ਬਾਹਰੀ ਰੂਪ ਵਿਚ ਆਜ਼ਾਦ ਕਰ ਦਿੱਤਾ ਪਰ ਉਸ ਦੀ ਦੇਹੀ ਉਪਰ ਪੂੰਜੀਵਾਦ ਨੇ ਅਤਰ-ਲੇਖਣ ਸ਼ੁਰੂ ਕਰ ਦਿੱਤਾ। ਆਧੁਨਿਕ ਕਾਲ ਵਿਚ ਔਰਤ ਨੂੰ ਮਰਦ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।'[2]

ਉਤਰ ਆਧੁਨਿਕ ਦੌਰ ਦਾ ਨਾਰੀਵਾਦ ਇਕ ਨਵਾਂ ਚਿੰਤਨ ਲੈ ਕੇ ਆਉਂਦਾ ਹੈ। ਆਧੁਨਿਕਤਾਵਾਦੀ ਨਾਰੀਵਾਦ ਇਸਤਰੀਆਂ ਦੇ ਅਧਿਕਾਰ, ਸਮਾਨਤਾ ਅਤੇ ਔਰਤ ਦੇ ਪ੍ਰਤਿਨਿਧਿਤਵ ਉੱਪਰ ਕੇਂਦਰਿਤ ਸੀ, ਜਦ ਕਿ ਉਤਰਆਧੁਨਿਕ ਦੌਰ ਦਾ ਨਵ-ਨਾਰੀਵਾਦ ਪਛਾਣ ਦੀ ਅਸਥਿਰਤਾ, ਲਿੰਗ ਦੀ ਸਮਾਜ-ਸੱਭਿਆਚਾਰਕ ਸਰੰਚਨਾ ਅਤੇ ਸੱਤਾ ਦੇ ਵਿਕੇਂਦਰੀਕਰਨ ਉੱਪਰ ਫੋਕਸ ਕਰਦਾ ਹੈ। ਭਾਰਤੀ ਸੰਦਰਭ ਵਿਚ ਉਤਰਆਧੁਨਿਕ ਨਾਰੀਵਾਦੀ ਚਿੰਤਨ ਜਾਤ, ਵਰਗ, ਧਰਮ ਅਤੇ ਸੰਸਕ੍ਰਿਤਿਕ ਸੰਦਰਭਾਂ ਨਾਲ ਵੀ ਜੁੜਦਾ ਹੈ। ਦਲਿਤ ਨਾਰੀ, ਮੁਸਲਿਮ ਨਾਰੀ, ਟਰਾਂਸਜੈਂਡਰ ਵਰਗ ਦੀ ਨਾਰੀ - ਇਹਨਾਂ ਸਭ ਦੇ ਅਲੱਗ-ਅਲੱਗ ਅਨੁਭਵ ਹਨ ਜਿਹਨਾਂ ਨੂੰ ਮੁੱਖਧਾਰਾ ਦੇ ਨਾਰੀਵਾਦ ਵਿਚ ਅਕਸਰ ਅਣਦੇਖਾ ਕੀਤਾ ਗਿਆ ਹੈ। ਉਦਾਹਰਣ ਵਜੋਂ ਦਲਿਤ ਨਾਰੀਵਾਦ ਬ੍ਰਾਹਮਣਵਾਦੀ ਪਿੱਤਰਸੱਤਾ ਦੀ ਆਲੋਚਨਾ ਕਰਦਾ ਹੈ। ਉੱਤਰਾਧੁਨਿਕਤਾਵਾਦੀ ਨਾਰੀਵਾਦ ਨਾ ਕੇਵਲ ਨਾਰੀ ਦੀ ਸਮਾਜਿਕ ਸਥਿਤੀ ਦਾ ਵਿਸ਼ਲੇਸ਼ਣ ਕਰਦਾ ਹੈ ਸਗੋਂ ਬੜੇ ਜ਼ੋਰ ਨਾਲ ਇਹ ਪ੍ਰਸ਼ਨ ਵੀ ਉਠਾਉਂਦਾ ਹੈ ਕਿ ਔਰਤ ਕੀ ਹੈ ? ਅਤੇ ਉਸਦੀ ਔਰਤ ਹੋਣ ਨਾਤੇ ਪਛਾਣ ਕਿਸ ਤਰ੍ਹਾਂ ਨਿਰਮਿਤ ਹੁੰਦੀ ਹੈ। ਉੱਤਰਆਧੁਨਿਕਤਾ ਨੇ ਨਾਰੀਵਾਦ ਨੂੰ ਇਸ ਤਰ੍ਹਾਂ ਦਾ ਆਲੋਚਨਾਤਮਕ ਚੌਖਟਾ ਪ੍ਰਦਾਨ ਕੀਤਾ ਜੋ ਭਾਸ਼ਾ, ਸੱਤਾ ਅਤੇ ਪਛਾਣ ਆਦਿ ਦੀ ਸੰਰਚਨਾ ਨੂੰ ਦੁਬਾਰਾ ਜਾਚਣ-ਪੜਤਾਲਣ ਦੇ ਸਮਰੱਥ ਹੈ। ਇਸ ਤਰਾਂ ਉੱਤਰ ਆਧੁਨਿਕ ਦੌਰ ਵਿੱਚ ਨਾਰੀਵਾਦੀ ਦੇ ਮਸਲੇ ਉਹ ਨਹੀਂ ਹਨ ਜੋ ਮੁੱਢਲੇ ਨਾਰੀਵਾਦ ਦੇ ਸਨ ਸਗੋਂ ਇਸ ਦੌਰ ਵਿਚ

ਉਹਨਾਂ ਬਰਾਬਰੀ ਦੇ ਹੱਕਾਂ, ਲਿੰਗਕ ਵਿਤਕਰਿਆਂ ਤੋਂ ਅਗਾਂਹ ਦੇਹੀ ਵੱਖਰਤਾ, ਔਰਤਾਂ ਦੀ ਪ੍ਰਤਿਭਾ ਕਾਰਨ ਵਿਲੱਖਣਤਾ, ਔਰਤ ਅਤੇ ਮਰਦ ਦੇ ਸਾਵੇਂ ਸੰਬੰਧਾਂ ਆਦਿ ਨੂੰ ਵਿਚਾਰਿਆ ਜਾਣ ਲੱਗਾ ਹੈ। ਇਸ ਸਮੇਂ ਦੀ ਨਾਰੀ ਸਮਾਜਿਕ ਮਰਿਆਦਾ ਦੇ ਮੁੱਲਾਂ ਨੂੰ ਕਾਇਮ ਰੱਖਦੀ ਹੋਈ ਵੀ ਵਰਜਿਤ ਖੁੱਲ੍ਹਾਂ ਨੂੰ ਮਾਨਣ ਦਾ ਸਾਹਸ ਰੱਖਦੀ ਹੈ ਜਿਸ ਮਰਿਆਦਾ ਨੂੰ ਮੰਨਣਾ ਜਾਂ ਨਿਭਾਉਣਾ ਔਰਤ ਲਈ ਹੀ ਲਾਜ਼ਮੀ ਸਮਝਿਆ ਜਾਂਦਾ ਰਿਹਾ।

ਸਾਹਿਤ ਮਨੁੱਖ ਦੇ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਵਾਟਾ ਕਰਦਾ ਹੈ। ਸਾਹਿਤ ਮਨੁੱਖ ਦੇ ਆਚਾਰ-ਵਿਹਾਰ ਨੂੰ ਪ੍ਰਗਟਾਉਣ ਦੇ ਨਾਲ-ਨਾਲ ਇਹ ਜੀਵਨ ਨੂੰ ਬਦਲਣ ਦੀ ਸਮਰੱਥਾ ਵੀ ਰੱਖਦਾ ਹੈ। ਸਾਹਿਤ ਦਾ ਸੰਬੰਧ ਮਨੁੱਖਤਾ ਦੇ ਹਿੱਤ ਨਾਲ ਹੈ। ਇਸ ਤਰ੍ਹਾਂ ਸਾਹਿਤ ਉਹ ਰਚਨਾ ਹੈ ਜੋ ਮਨੁੱਖ ਲਈ ਕਲਿਆਣਕਾਰੀ ਪ੍ਰਵਿਰਤੀ ਰੱਖਦੀ ਹੈ। ਸਾਹਿਤਕਾਰ ਸਾਹਿਤ ਦੇ ਵੱਖ-ਵੱਖ ਰੂਪਾਂ ਦੇ ਮਾਧਿਅਮ ਰਾਹੀਂ ਆਪਣੇ ਅਨੁਭਵ ਅਤੇ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਕਰਦਾ ਹੈ। ਸਾਹਿਤ ਦੇ ਸਾਰੇ ਰੂਪਾਂ ਜਾਂ ਵਿਧਾਵਾਂ ਵਿਚੋਂ ਕਵਿਤਾ ਸਭ ਤੋਂ ਪ੍ਰਾਚੀਨ ਹੈ। ਕਾਵਿ ਰਚਨਾ ਦੀ ਵਿਸ਼ੇਸ਼ਤਾ ਇਹ ਕਿ ਇਸ ਲਈ ਕਿਸੇ ਉਚੇਚ ਅਭਿਆਸ ਦੀ ਲੋੜ ਨਹੀਂ ਪੈਂਦੀ, ਭਾਵ ਕਵਿਤਾ ਮਨੁੱਖੀ ਜੀਵਨ ਦੇ ਬਿਰਤਾਂਤ ਅਤੇ ਨਿੱਜੀ ਭਾਵਾਂ ਨੂੰ ਤਟ-ਫਟ ਪੇਸ਼ ਕਰਨ ਵਾਲੀ ਵਿਧਾ ਹੈ। ਜੇਕਰ ਗਲਪ ਸਾਹਿਤ ਦੀ ਗੱਲ ਕਰੀਏ ਤਾਂ ਗਲਪੀ ਵਿਧਾ ਦਾ ਪ੍ਰਤੀਨਿਧ ਰੂਪ ਕਹਾਣੀ ਆਪਣੀ ਬਣਤਰ, ਬੁਣਤਰ ਅਤੇ ਸੰਰਚਨਾ, ਸੰਜਮਤਾ ਕਰਕੇ ਕਹਾਣੀਕਾਰ ਤੋਂ ਵਿਸ਼ੇਸ਼ ਯੋਗਤਾ ਮੰਗ ਕਰਦਾ ਹੈ। ਕਹਾਣੀ ਦੀ ਰੂਪਾਕਾਰਕ ਵਿਲੱਖਣਤਾ ਬਾਰੇ ਡਾ. ਬਲਦੇਵ ਸਿੰਘ ਧਾਲੀਵਾਲ ਦੀ ਟਿੱਪਣੀ ਮਹੱਤਵਪੂਰਨ ਹੈ : 'ਕਹਾਣੀ ਵਿਧਾ ਦਾ ਅਜਿਹਾ ਸੰਜਮ, ਸੰਕੋਚ, ਸਲੀਕਾ ਅਤੇ ਸੁਹਜ ਇੱਕ ਪਾਸੇ ਕਹਾਣੀਕਾਰ ਦੇ ਬਿਰਤਾਂਤਕ ਦ੍ਰਿਸ਼ਟੀਕੋਣ ਅਤੇ ਦੂਜੇ ਪਾਸੇ ਪਾਠਕ ਦੀ ਮੰਗ ਨੂੰ ਵੀ ਕਰੜੇ ਬੰਧੇਜ਼ ਦਾ ਧਾਰਨੀ ਬਣਾਉਂਦਾ ਹੈ।'[3]

ਪੰਜਾਬੀ ਨਾਰੀ ਲੇਖਣ 'ਤੇ ਗੌਰ ਕਰੀਏ ਤਾਂ ਮੱਧਕਾਲੀ ਦੌਰ ਵਿੱਚ ਕੋਈ ਨਾਰੀ ਲੇਖਿਕਾ ਨਜ਼ਰ ਨਹੀਂ ਆਉਂਦੀ। ਮੁੱਢਲੇ ਪੰਜਾਬੀ ਸਾਹਿਤ ਵਿੱਚ ਨਾਰੀ ਪੁਰਸ਼ ਦੁਆਰਾ ਹੀ ਪਰਿਭਾਸ਼ਤ ਹੁੰਦੀ ਰਹੀ। ਨਾਰੀ ਸਿਰਜਕ ਦੇ ਰੂਪ ਵਿੱਚ ਆਧੁਨਿਕ ਯੁੱਗ ਵਿੱਚ ਸਾਹਮਣੇ ਆਉਂਦੀ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਪਹਿਲੀ ਪ੍ਰਮਾਣਿਤ ਤੇ ਪ੍ਰਵਾਨਿਤ ਨਾਰੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ ਹੈ ਜਿਸਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਨੂੰ ਆਪਣੀ ਲੇਖਣੀ ਦਾ ਮਾਧਿਅਮ ਬਣਾਇਆ। ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਖਾਸ ਕਰ ਅੱਸੀਵਿਆਂ ਤੋਂ ਬਾਅਦ ਪੰਜਾਬੀ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿਚ ਔਰਤ ਲੇਖਿਕਾਵਾਂ ਦੀ ਲੰਬੀ ਫਰਿਹਿਸਤ ਸਾਹਮਣੇ ਆਉਂਦੀ ਹੈ। ਪੰਜਾਬੀ ਕਹਾਣੀ ਬੇਸ਼ੱਕ ਮੁੱਢ ਤੋਂ ਹੀ ਨਾਰੀ ਦੇ ਵਿਭਿੰਨ ਸਰੋਕਾਰਾਂ ਨਾਲ ਵਾਬਸਤਾ ਰਹੀ ਹੈ ਹੈ ਪਰ ਨਾਰੀ ਦੇ ਸਿਰਜਣਕਾਰੀ ਦੇ ਖੇਤਰ ਵਿਚ ਪ੍ਰਵੇਸ਼ ਨਾਲ, ਸਵੈ-ਅਨੁਭਵ ਨੂੰ ਪ੍ਰਗਟਾਵਾ ਮਿਲਣ ਨਾਲ ਨਾਰੀ ਦੇ ਬੁਨਿਆਦੀ ਮਸਲਿਆਂ ਅਤੇ ਉਸ ਦੀ ਮੁਕਤੀ ਨਾਲ ਜੁੜਿਆ ਚਿੰਤਨ ਪੰਜਾਬੀ ਕਥਾ ਜਗਤ ਵਿਚ ਵਧੇਰੇ ਸ਼ਿੱਦਤ ਦੇ ਸੂਖਮਤਾ ਨਾਲ ਪੇਸ਼ ਹੋਣ ਲੱਗਾ। ਮੁੱਢਲੇ ਦੌਰ ਦੀ ਪੰਜਾਬੀ ਕਹਾਣੀ ਖ਼ਾਸ ਤੌਰ 'ਤੇ ਪਿਤਾ ਪੁਰਖੀ ਪ੍ਰਬੰਧ ਨਾਲ ਸੰਬੰਧਿਤ ਮੁੱਦਿਆਂ, ਵਰਜਿਤ ਇੱਛਾਵਾਂ, ਲਿੰਗਕ ਨੈਤਿਕਤਾ ਆਦਿ ਨਾਲ ਸੰਬੰਧਿਤ ਸੀ। ਇਸ ਸਮੇਂ ਦੀ ਕਹਾਣੀ ਵਿੱਚ ਪੇਸ਼ ਹੋਈ ਨਾਰੀ ਦੀ ਕੋਈ ਖ਼ੁਦਮੁਤਿਆਰ ਹੋਂਦ ਨਹੀਂ ਸੀ। ਵਿਭਿੰਨ ਮਾਨਵੀ ਰਿਸ਼ਤਿਆਂ ਦੇ ਪਰਿਪੇਖ ਵਿੱਚ ਰੱਖ ਕੇ ਉਸ ਦੇ ਆਦਰਸ਼ ਰੂਪ ਨੂੰ ਸਿਰਜਿਆ ਜਾਂਦਾ ਸੀ। ਸਮਾਜਿਕ ਮਰਿਆਦਾ ਨੂੰ ਨਿਭਾਉਣ ਨਾਲ ਜੁੜੀ ਔਰਤ ਕੋਲ ਆਪਣੇ ਨਾਲ ਹੋ ਰਹੇ ਅਨਿਆਂ, ਦਮਨਕਾਰੀ ਸੱਤਾ ਦੇ ਵਿਰੁੱਧ ਬੋਲਣ ਦਾ ਹੱਕ ਨਹੀਂ ਸੀ। ਇਸ ਤੋਂ ਇਲਾਵਾ ਉਸ ਕੋਲ ਆਰਥਿਕ ਆਜ਼ਾਦੀ ਵੀ ਨਹੀਂ ਸੀ ਜਿਸ ਕਾਰਨ ਉਸ ਨੂੰ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 8-16

ਭੌਤਿਕ ਲੋੜਾਂ ਦੀ ਪੂਰਤੀ ਲਈ ਮਰਦ ਦੀ ਗ਼ੁਲਾਮੀ ਅਧੀਨ ਰਹਿਣਾ ਪੈਂਦਾ ਸੀ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਆਦਿ ਕਹਾਣੀਕਾਰਾਂ ਦੁਆਰਾ ਨਾਰੀ ਦੇ ਇਸੇ ਆਦਰਸ਼ ਰੂਪ ਨੂੰ ਬਿਆਨਿਆ ਗਿਆ ਹੈ ਪਰ ਅਜੀਤ ਕੌਰ ਦੀਆਂ ਕਹਾਣੀਆਂ ਵਿੱਚਲੀ ਔਰਤ ਆਪਣੇ ਸਵੈ ਪ੍ਰਤੀ ਜਾਗਰੂਕ ਹੋ ਕੇ ਪੁਰਸ਼ ਵੱਲੋਂ ਫਾਲਤੂ ਸਮਝੇ ਜਾਣ ਅੱਗੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ।

ਵਿਸ਼ਵ-ਵਿਆਪੀ ਪ੍ਰਭਾਵਾਂ ਦੇ ਨਾਲ ਸਮਾਜ, ਸਭਿਆਚਾਰ ਵਿੱਚ ਆਈ ਤਬਦੀਲੀ ਕਾਰਨ ਅੱਜ ਦੀ ਔਰਤ ਆਰਥਿਕ ਤੌਰ 'ਤੇ ਪਰਿਪੱਕ ਹੋ ਕੇ ਸਮਾਜ ਵਿੱਚ ਮਰਦ ਦੇ ਬਰਾਬਰ ਭੂਮਿਕਾ ਨਿਭਾਉਣ ਲੱਗੀ ਹੈ। ਪੜ੍ਹੀ ਲਿਖੀ ਹੋਣ ਦੇ ਕਾਰਨ ਉਸ ਦੇ ਅਨੁਭਵ ਦਾ ਖੇਤਰ ਵਿਸ਼ਾਲ ਹੋ ਗਿਆ ਹੈ ਜਿਸ ਕਾਰਨ ਉਹ ਸਵੈ-ਪਛਾਣ ਦੇ ਨਾਲ-ਨਾਲ ਦੂਸਰਿਆਂ ਦੀ ਪਛਾਣ ਵੀ ਕਰਵਾਉਂਦੀ ਹੈ ਨਾਲ ਹੀ ਪੂੰਜੀਵਾਦੀ ਪ੍ਰਬੰਧ ਵਿੱਚ ਹੋ ਰਹੇ ਕੁਰੱਪਸ਼ਨ ਅਤੇ ਰਾਜਨੀਤੀ ਦੇ ਦਾਅ ਪੇਚਾਂ ਪ੍ਰਤੀ ਵੀ ਵਿਰੋਧੀ ਸੁਰ ਰੱਖਦੀ ਹੈ। ਸਾਡੇ ਖੋਜ-ਪੱਤਰ ਦਾ ਮਨੋਰਥ ਸਰਬਜੀਤ ਕੌਰ ਸੋਹਲ ਦੇ ਕਥਾ-ਜਗਤ ਰਾਹੀਂ ਉੱਤਰ ਆਧੁਨਿਕ ਦੌਰ ਵਿੱਚ ਔਰਤ ਨੂੰ ਦਰਪੇਸ਼ ਚੁਣੌਤੀਆਂ, ਔਰਤ ਵੱਲੋਂ ਇਹਨਾਂ ਚੁਣੌਤੀਆਂ ਲਈ ਸਿਰਜੇ ਪ੍ਰਤੀਉੱਤਰ, ਸਮਾਜ ਵਿੱਚ ਔਰਤ ਦੀ ਭੂਮਿਕਾ ਆਦਿ ਸਵਾਲਾਂ ਨੂੰ ਸਾਹਮਣੇ ਰੱਖਦੇ ਹੋਏ ਔਰਤ ਦੀ ਸਥਿਤੀ ਨੂੰ ਵਾਚਣਾ ਹੈ। ਸਰਬਜੀਤ ਕੌਰ ਸੋਹਲ ਬਹੁ-ਵਿਧਾਈ ਲੇਖਿਕਾ ਹੈ ਜਿਸ ਨੇ ਕਵਿਤਾ, ਆਲੋਚਨਾ, ਸੰਪਾਦਨ ਅਤੇ ਅਨੁਵਾਦ ਦੇ ਖੇਤਰ ਵਿੱਚ ਸਲਾਹੁਣਯੋਗ ਕਾਰਜ ਕੀਤਾ ਹੈ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਕਹਾਣੀ ਲੇਖਕ ਵੱਲੋਂ ਤੀਖਣ ਸੋਝੀ ਦੀ ਮੰਗ ਕਰਦੀ ਹੈ। ਸਰਬਜੀਤ ਕੌਰ ਸੋਹਲ ਨੇ ਆਪਣਾ ਸਾਹਿਤਕ ਸਫ਼ਰ ਕਵਿਤਾ ਤੋਂ ਸ਼ੁਰੂ ਕੀਤਾ ਅਤੇ ਦੋ ਕਹਾਣੀ ਸੰਗ੍ਰਹਿ - 'ਇੰਟਰਵਲ ਤੋਂ ਬਾਅਦ', 'ਮੈਨੂੰ ਬੰਦਾ ਪਸੰਦ ਏ' ਲਿਖ ਕੇ ਸਮਕਾਲੀ ਪੰਜਾਬੀ ਕਥਾ ਜਗਤ ਵਿੱਚ ਚਰਚਿਤ ਕਹਾਣੀਕਾਰਾਂ ਦੀ ਕਤਾਰ ਵਿੱਚ ਸ਼ਾਮਿਲ ਹੋ ਗਈ ਹੈ। ਸਰਬਜੀਤ ਕੌਰ ਸੋਹਲ ਮਾਨਵੀ ਚੇਤਨ ਅਵਚੇਤਨ ਦੀਆਂ ਸਥਿਤੀਆਂ-ਪ੍ਰਸਥਿਤੀਆਂ ਦੀ ਜਟਿਲਤਾ ਨੂੰ ਸੂਖ਼ਮਤਾ ਨਾਲ ਸਿਰਜਣ ਵਾਲੀ ਕਹਾਣੀਕਾਰਾਂ ਹੈ ਜਿਸਨੇ ਆਪਣੀਆਂ ਕਹਾਣੀਆਂ ਵਿੱਚ ਆਧੁਨਿਕ ਮਨੁੱਖੀ ਜੀਵਨ ਦੀਆਂ ਵਿਭਿੰਨ ਭ੍ਰਾਂਤੀਆਂ ਨੂੰ ਪੇਸ਼ ਕੀਤਾ ਹੈ। ਉਸ ਦੀ ਵਧੇਰੇ ਦਿਲਚਸਪੀ ਔਰਤ ਮਨ ਦੀਆਂ ਭਾਵਨਾਵਾਂ ਨੂੰ ਚਿਤਰਨ ਵਿੱਚ ਹੈ। ਸੋਹਲ ਕਥਾ ਜਗਤ ਨੂੰ ਸਮਝਣ ਲਈ ਨਾਰੀ ਅਵਚੇਤਨ ਦੀ ਸੂਖ਼ਮ ਸਮਝ ਦਾ ਹੋਣਾ ਲਾਜ਼ਮੀ ਹੈ।

ਪੁਰਖ-ਪ੍ਰਧਾਨ ਸਮਾਜ ਨੇ ਨਿੱਜੀ ਜਾਇਦਾਦ 'ਤੇ ਆਪਣਾ ਹੱਕ ਜਮਾਉਣ ਤੋਂ ਬਾਅਦ ਨਾਰੀ ਨੂੰ ਆਪਣੇ ਅਧੀਨ ਕਰ ਲਿਆ। ਨਾਰੀ ਕੋਲ ਆਪਣੀ ਸੁਤੰਤਰ ਹੋਂਦ ਨਾ ਰਹੀ ਜਿਸ ਕਾਰਨ ਉਹ ਮਰਦ ਦੇ ਅਧੀਨ ਹੋ ਗਈ। ਇਸਨੂੰ ਨਾਰੀਵਾਦੀ ਚਿੰਤਕ ਕੇਟ ਮਿਲਟ ਲਿੰਗਕ ਰਾਜਨੀਤੀ ਦੇ ਨਾਂ ਨਾਲ ਪ੍ਰਭਾਸ਼ਿਤ ਕਰਦੀ ਹੈ ਜਿੱਥੇ ਇਕ ਲਿੰਗ ਦੂਜੇ ਲਿੰਗ ਉੱਤੇ ਆਪਣੀ ਪ੍ਰਭੂਤਾ ਕਾਇਮ ਕਰਦਾ ਹੈ। ਪਰ ਸਮੇਂ ਦੇ ਬਦਲਣ ਨਾਲ ਔਰਤ ਆਪਣੇ ਨਾਲ ਹੋ ਰਹੇ ਅਨਿਆਂ ਪ੍ਰਤੀ ਚੇਤੰਨ ਹੋ ਕੇ ਬੋਲਣ ਲੱਗੀ ਹੈ। ਸਰਬਜੀਤ ਕੌਰ ਸੋਹਲ ਦੀ ਕਹਾਣੀ 'ਹਾਂ, ਮੈਨੂੰ ਬੰਦਾ ਪਸੰਦ ਏ' ਵਿਚ ਔਰਤ ਦੀ ਅਜਿਹੀ ਮਾਨਸਿਕਤਾ ਨੂੰ ਬਿਆਨ ਕੀਤਾ ਗਿਆ ਹੈ ਜੋ ਮਰਦ ਦੀ ਇਸ ਸੋਚ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ ਕਿ ਉਹ ਚੁੱਪ ਚਾਪ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਰਹੇ। ਇਸ ਕਹਾਣੀ ਵਿਚਲੀ ਮੈਂ ਪਾਤਰ ਆਪਣੀ ਬੇਪਛਾਣ ਹੁੰਦੀ ਪਛਾਣ ਨੂੰ ਸਥਾਪਿਤ ਕਰਨ ਅਤੇ ਪਰਿਵਾਰਕ ਜ਼ਿੰਮੇਵਾਰੀ ਨਿਭਾਉਣ ਲਈ ਸੰਸਕਾਰੀ ਮਾਂ, ਪਤਨੀ, ਨੂੰਹ ਬਣੇ ਰਹਿਣ ਦੀ ਦੁਬਿਧਾ ਵਿਚ ਹੈ। ਮੈਂ-ਪਾਤਰ ਆਪਣੀ ਬਚਪਨ ਦੀ ਸਹੇਲੀ ਸ਼ਾਰਦਾ ਜੋ ਆਪਣੇ ਪਤੀ ਤੋਂ ਅਲੱਗ ਰਹਿੰਦੀ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 8-16

ਹੈ, ਨੂੰ ਮਿਲਣ ਤੋਂ ਬਾਅਦ ਉਸ ਦੀ ਆਪਣੀ ਆਜ਼ਾਦੀ, ਉਸਦੇ ਖਾਣ-ਪੀਣ, ਪਹਿਨਣ, ਜਾਣ-ਆਉਣ ਦੀ ਪ੍ਰਾਈਵੇਸੀ ਤੋਂ ਪ੍ਰਭਾਵਿਤ ਹੁੰਦੀ ਹੈ। ਮੈਂ ਪਾਤਰ ਘਰ, ਪਰਿਵਾਰ ਅਤੇ ਸਮਾਜ ਦੁਆਰਾ ਸਥਾਪਿਤ ਕੀਤੀਆਂ ਕਦਰਾਂ-ਕੀਮਤਾਂ ਦੇ ਉਹਲਿਆਂ ਪਿੱਛੇ ਛੁਪੀ ਆਪਣੀ ਹੋਂਦ ਨੂੰ ਮਹਿਸੂਸ ਕਰਦੀ ਹੈ। ਸੋਹਲ ਦੀ ਇਸ ਕਹਾਣੀ ਵਿਚਲੀਆਂ ਦੋਵੇਂ ਸਹੇਲੀਆਂ ਸਮਾਜਿਕ ਵਰਜਨਾਵਾਂ ਨੂੰ ਪਾਰ ਕਰਦੀਆਂ ਹੋਈਆਂ ਸਰੀਰਿਕ ਨੇੜਤਾ ਦੇ ਅਹਿਸਾਸ ਨਾਲ ਜੈਂਡਰ ਹੋਂਦ ਅੱਗੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ :

"ਸੁਧੀਰ ਨੇ ਹਮੇਸ਼ਾਂ ਆਪਣੇ ਆਪ ਨੂੰ ਹੀ ਤਰਜੀਹ ਦਿੱਤੀ ਸੀ। ਜੈਂਡਰ ਤੋਂ ਉੱਪਰ ਉੱਠ ਕੇ, ਸਰੀਰਾਂ ਤੋਂ ਵੀ ਅਲੱਗ ...ਹੋਂਦ ਦਾ ਅਹਿਸਾਸ, ਰੂਹਾਂ ਦੀ ਤਰਲਤਾ, ਪਾਰੇ ਵਾਂਗ ਵਹਿੰਦੇ ਸਰੀਰ, ਅਲੋਕਾਰ ਵਾਪਰਦਾ ਕੁਝ...।"[4]

ਉੱਤਰ ਆਧੁਨਿਕ ਦੌਰ ਦੀ ਇਹ ਔਰਤ ਦਮਨਕਾਰੀ ਵਿਵਹਾਰ ਦਾ ਮੋੜਵਾਂ ਜਵਾਬ ਦੇਣ ਲੱਗੀ ਹੈ ਪਰ ਆਪਣੀ ਗ੍ਰਹਿਸਤੀ ਨੂੰ ਸੰਭਾਲਣ ਤੋਂ ਮੁਨਕਰ ਨਜ਼ਰ ਨਹੀਂ ਆਉਂਦੀ। ਉਹ ਮਰਦ ਨਾਲ ਇਹੋ-ਜਿਹੀ ਸਾਂਝ ਦੀ ਤਵੱਕੋ ਕਰਦੀ ਹੈ ਜਿਸ ਵਿੱਚ ਲਿੰਗ ਭੇਦ ਦੀ ਅਣਹੋਂਦ ਹੋਵੇ। ਇਸ ਕਹਾਣੀ ਵਿਚਲੀ ਔਰਤ ਪਾਤਰ ਆਪਣੇ ਮਨ ਅੰਦਰ ਦਫ਼ਨ ਕੀਤੀਆਂ ਇੱਛਾਵਾਂ ਨੂੰ ਖੁੱਲ ਕੇ ਮਾਨਣਾ ਚਾਹੁੰਦੀ ਹੈ, ਖੁੱਲ੍ਹਾਂ ਨਾਲ ਜ਼ਿੰਦਗੀ ਜਿਉਣ ਦੀ ਇਛੁੱਕ ਹੈ। ਇਸੇ ਤਰ੍ਹਾਂ ਉਸ ਦੀ ਕਹਾਣੀ 'ਹਸਰਤ' ਵਿੱਚ ਪਤੀ ਪਤਨੀ ਦੇ ਘਰੇਲੂ ਝਗੜੇ ਕਾਰਨ ਨਰਕ ਬਣੀ ਗ੍ਰਹਿਸਤੀ ਨੂੰ ਚਿਤਰਿਆ ਗਿਆ ਹੈ। ਇਸ ਕਹਾਣੀ ਦੀ ਮੁੱਖ ਪਾਤਰ ਆਪਣੇ ਗ੍ਰਹਿਸਤੀ ਕੰਮਾਂ ਵਿੱਚ ਰੁੱਝੇ ਰਹਿਣ ਅਤੇ ਪਤੀ ਵੱਲੋਂ ਕੋਈ ਅਹਿਮੀਅਤ ਨਾ ਮਿਲਣ ਕਾਰਨ ਆਪਣੀ ਪਛਾਣ ਅਤੇ ਵਜੂਦ ਨੂੰ ਗਵਾਚਿਆ ਮਹਿਸੂਸ ਕਰਦੀ ਹੈ। ਜਦੋਂ ਉਸਨੂੰ ਆਪਣੀ ਇਸ ਸਥਿਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਇਹਨਾਂ ਬੰਦਸ਼ਾਂ, ਰੁਝੇਵਿਆਂ ਨੂੰ ਠੁਕਰਾ ਆਪਣੀ ਮਰਜ਼ੀ ਅਨੁਸਾਰ ਜ਼ਿੰਦਗੀ ਜਿਉਣ ਲਈ ਘਰ ਵਾਰ ਛੱਡਣ ਦਾ ਫ਼ੈਸਲਾ ਕਰ ਲੈਂਦੀ ਹੈ : "ਕਦੋਂ ਤੱਕ ਆਖ਼ਰ ਕਦੋਂ ਤੱਕ...ਸਬਰ ਦੀ ਵੀ ਕੋਈ ਹੱਦ ਹੁੰਦੀ ਹੈ। ਬੱਸ ਹੁਣ ਹੋਰ ਬਰਦਾਸ਼ਤ ਨਹੀਂ ਹੁੰਦਾ...ਹੁਣ ਮੈਂ ਜੀਵਾਂਗੀ, ਆਪਣੀ ਮਰਜ਼ੀ ਨਾਲ, ਆਪਣੀ ਇੱਛਾ ਅਨੁਸਾਰ, ਜਿੱਥੇ ਕਿਸੇ ਅਸ਼ੋਕ ਦੀ ਗ਼ੁਲਾਮੀ ਨਾ ਕਰਨੀ ਪਵੇ...ਔਰਤ ਹੋਣ ਦਾ ਖ਼ਮਿਆਜਾ ਨਾ ਭੁਗਤਣਾ ਪਵੇ...ਜ਼ਿੰਦਗੀ ਤਾਂ ਬੱਸ ਇਕੋ ਹੀ ਮਿਲੀ ਹੈ ਨਾ...ਮੈਂ ਤਾਂ ਜਿਉਂ ਕੇ ਹੀ ਨਹੀਂ ਵੇਖਿਆ...ਇਹ ਤਾਂ ਕੋਲੋਂ ਦੀ ਲੰਘ ਚੱਲੀ ਏ।"[5]

ਨਾਰੀਵਾਦੀ ਚਿੰਤਕਾਂ ਨੇ ਮਰਦ ਅਤੇ ਪਿੱਤਰਕੀ ਸੰਸਕ੍ਰਿਤੀ ਨੂੰ ਨਾਰੀ ਦੀ ਦੁਜੈਲੀ ਸਥਿਤੀ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਮੰਨਿਆ ਹੈ, ਪਰ ਪੋਸਟ ਮਾਡਰਨ ਯੁੱਗ ਦੀ ਨਾਰੀ ਮਰਦ ਨੂੰ ਵਿਰੋਧੀ ਧਿਰ ਮੰਨਣ ਦੀ ਥਾਂ ਉਹਨਾਂ ਸਮਾਜ ਸੱਭਿਆਚਾਰਕ ਕਦਰਾਂ ਕੀਮਤਾਂ ਅਤੇ ਦਾਇਰਿਆਂ ਨੂੰ ਤੋੜਨਾ ਚਾਹੁੰਦੀ ਹੈ ਜੋ ਹੁਣ ਤਕ ਉਸਦੀ ਦੁਜੈਲੀ ਸਥਿਤੀ ਲਈ ਜ਼ਿੰਮੇਵਾਰ ਰਹੇ ਹਨ। ਆਧੁਨਿਕ ਦੌਰ ਵਿਚ ਔਰਤ ਮਰਦ ਨੂੰ ਵਿਰੋਧੀ ਧਿਰ ਮੰਨਦੀ ਹੋਈ ਮਾਨਸਿਕ ਉਲਝਣ ਦਾ ਸ਼ਿਕਾਰ ਸੀ ਪਰ ਉੱਤਰ ਨਾਰੀਵਾਦੀ ਚਿੰਤਕਾਂ ਨੇ ਔਰਤ ਨੂੰ ਮਰਦ ਅਤੇ ਸਮਾਜ ਨਾਲ ਜੁੜ ਕੇ ਸਮੱਸਿਆ ਦਾ ਹੱਲ ਤਲਾਸ਼ਣ ਲਈ ਪ੍ਰੇਰਿਤ ਕੀਤਾ ਹੈ। ਇਸ ਤਰ੍ਹਾਂ ਔਰਤ ਅਤੇ ਮਰਦ ਦੋਨੋਂ ਮਿਲ ਕੇ ਸਵਸਥ ਤੇ ਸੰਤੁਲਿਤ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਸਰਬਜੀਤ ਸੋਹਲ ਆਪਣੀ ਕਹਾਣੀ 'ਸਤਰੰਗੀ ਪੀਂਘ' ਵਿਚ ਪਤੀ ਪਤਨੀ ਦੇ ਅਜਿਹੇ ਰਿਸ਼ਤੇ ਨੂੰ ਪੇਸ਼ ਕਰਦੀ ਹੈ। ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਅਪਣੱਤ ਅਤੇ ਸਾਂਝ ਨੂੰ ਵੇਖ ਕੇ ਮੁਖ ਪਾਤਰ ਜਸਵੰਤ ਦੀ ਸਹੇਲੀ ਨੂੰ ਆਪਣੀ ਜ਼ਿੰਦਗੀ ਨੀਰਸ ਲੱਗਣ ਲੱਗ ਜਾਂਦੀ ਹੈ :

"ਤੁਹਾਡੀ ਦੋਵਾਂ ਦੀ ਜੋੜੀ ਮੈਨੂੰ ਬੜੀ ਚੰਗੀ ਲੱਗਦੀ ਐ...ਇੰਨੀ ਅੰਡਰਸਟੈਂਡਿੰਗ ਕਿਸੇ-ਕਿਸੇ ਕਪਲ ਵਿੱਚ ਹੀ ਹੁੰਦੀ, ਤੁਸੀਂ ਦੋਵੇਂ ਕਿੰਨਾ ਇਕ-ਦੂਜੇ ਨੂੰ ਸਮਝਦੇ ਹੋ...ਬਸ ਤੁਹਾਨੂੰ ਮਿਲ ਕੇ ਸਵਾਦ ਹੀ ਆ ਜਾਂਦਾ ਏ..., ਮੈਂ ਤਾਂ ਤਰਸ ਜਾਂਦੀ ਹਾਂ ਕਿਸੇ ਨਾਲ ਮਨ ਦੀ ਗੱਲ ਕਰਨ ਲਈ ਬਸ ਸਭ ਉਤਲੀਆਂ-ਉਤਲੀਆਂ ਗੱਲਾਂ ਹੀ ਕਰਦੇ ਨੇ।"[6]

ਉਪਰੋਕਤ ਕਹਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਉੱਤਰ ਆਧੁਨਿਕ ਦੌਰ ਦਾ ਉੱਤਰ ਨਾਰੀਵਾਦੀ ਚਿੰਤਨ ਔਰਤ ਤੇ ਮਰਦ ਦੋਵਾਂ ਵਿਚੋਂ ਕਿਸੇ ਇਕ ਨੂੰ ਮਹੱਤਵ ਨਾ ਦਿੰਦਾ ਹੋਇਆ ਔਰਤ ਤੇ ਮਰਦ ਦੋਵਾਂ ਨੂੰ ਮਨੁੱਖ ਤਸੱਵਰ ਕੀਤੇ ਜਾਣ ਦੀ ਵਕਾਲਤ ਕਰਦਾ ਹੈ। ਉਤਰਆਧੁਨਿਕ ਦੌਰ ਵਿਚ ਲਿਖੀ ਜਾ ਰਹੀ ਨਵ-ਨਾਰੀਵਾਦੀ ਕਹਾਣੀ ਬੇਸ਼ੱਕ ਔਰਤ ਤੇ ਮਰਦ ਦੇ ਸਾਵੇਂ ਤੇ ਸੰਤੁਲਤ ਰਿਸ਼ਤੇ ਨੂੰ ਮੁਖ ਤੌਰ 'ਤੇ ਕੇਂਦਰ ਵਿਚ ਰੱਖਦੀ ਹੈ ਪਰ ਸਾਡੀਆਂ ਨਵ-ਨਾਰੀਵਾਦੀ ਕਥਾਕਾਰਾਂ ਵਰਤਮਾਨ ਦੌਰ ਵਿਚ ਔਰਤ ਦੇ ਆਰਥਿਕ ਪੱਖੋਂ ਮਰਦ ਦੇ ਬਰਾਬਰ ਪਛਾਣ ਬਣਾਉਣ ਤੇ ਉਸਦੇ ਜ਼ਿੰਦਗੀ ਦੇ ਹਰ ਖੇਤਰ ਵਿਚ ਮਰਦ ਦੇ ਬਰਾਬਰ ਖੜੇ ਹੋਣ ਦੇ ਬਾਵਜੂਦ ਵੀ ਔਰਤ ਨਾਲ ਹੋ ਰਹੇ ਧੱਕਿਆਂ, ਉਸਦੀਆਂ ਦੁਸ਼ਵਾਰੀਆਂ ਅਤੇ ਬਦਲਵੇਂ ਰੂਪ ਵਿਚ ਵਿਆਪਕ ਮਰਦਾਵੀਂ ਹਉਂ ਨੂੰ ਆਪਣੀ ਕਥਾ ਦ੍ਰਿਸ਼ਟੀ ਰਾਹੀਂ ਉਭਰਦੀਆਂ ਉਤਰਆਧੁਨਿਕ ਦੌਰ ਦੀ ਨਾਰੀ ਨੂੰ ਇਹਨਾਂ ਧੱਕਿਆਂ ਅਤੇ ਜ਼ਿਆਦਤੀਆਂ ਦੇ ਵਿਰੁੱਧ ਉੱਠ ਖਲੋਣ ਦਾ ਸਾਹਸ ਦਿੰਦੀਆਂ ਹਨ। ਅੱਜ ਵਿਸ਼ਵੀਕਰਨ ਦੇ ਦੌਰ ਵਿਚ ਵਿਚਰ ਰਹੀ ਨਾਰੀ ਆਰਥਿਕ ਪੱਖੋਂ ਮਜ਼ਬੂਤ ਹੈ, ਪਰ ਉਸਦੀ ਆਰਥਿਕ ਆਤਮ ਨਿਰਭਰਤਾ ਉਸਨੂੰ ਬਦਲਵੇਂ ਰੂਪ ਵਿਚ ਵਿਆਪਤ ਮਰਦਾਵੀਂ ਸੱਤਾ ਅਤੇ ਇਸਦੀਆਂ ਜ਼ਿਆਦਤੀਆਂ ਤੋਂ ਮੁਕਤ ਨਹੀਂ ਕਰ ਸਕੀ । ਸਰਬਜੀਤ ਸੋਹਲ ਆਪਣੀ ਕਹਾਣੀ 'ਇੰਟਰਵਲ ਤੋਂ ਬਾਅਦ' ਵਿੱਚ ਜਵਾਨ ਕੁੜੀਆਂ ਅਤੇ ਬੱਚੀਆਂ ਨਾਲ ਹੋ ਰਹੇ ਜਿਨਸੀ ਸ਼ੋਸਣ ਦੀਆਂ ਅਨੇਕਾਂ ਪਰਤਾਂ ਤੋਂ ਪਰਦਾ ਚੁਕਦੀ ਹੈ। ਇਸ ਕਹਾਣੀ ਵਿੱਚ ਲੇਖਿਕਾ ਉਸ ਛੋਟੀ ਬੱਚੀ ਦੀ ਕਹਾਣੀ ਦੱਸਦੀ ਹੈ ਜਿਸ ਦੀ ਮਾਂ ਮਰ ਚੁੱਕੀ ਹੈ ਅਤੇ ਉਸਦਾ ਪਿਉ ਆਪਣੀਆਂ ਜਿਨਸੀ ਲੋੜਾਂ ਅਤੇ ਲਾਲਸਾਵਾਂ ਨੂੰ ਪੂਰਾ ਕਰਨ ਆਪਣੀ ਇਸ ਧੀ ਨੂੰ ਵੀ ਨਹੀਂ ਬਖਸ਼ਦਾ। ਸੋਹਲ ਦੀ ਕਹਾਣੀ 'ਤਫ਼ਸੀਸ਼' ਵੀ ਇਸੇ ਤਰ੍ਹਾਂ ਦੀ ਕਹਾਣੀ ਹੈ, ਜਿਸ ਵਿਚ ਹਵਸੀ ਪਾਤਰ ਧਰਮ ਸਿੰਘ ਵੱਲੋਂ ਆਪਣੀਆਂ ਧੀਆਂ ਨੂੰ ਹੀ ਆਪਣੀ ਹਵਸ ਪੂਰਤੀ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਧਰਮ ਸਿੰਘ ਦੇ ਪੁੱਤਰ ਨੂੰ ਜਦੋਂ ਇਸ ਸੱਚਾਈ ਦਾ ਪਤਾ ਲਗਦਾ ਹੈ ਤਾਂ ਉਹ ਉਸਦਾ ਕਤਲ ਕਰ ਦਿੰਦਾ ਹੈ। ਪੁਲਿਸ ਅਫ਼ਸਰ ਸੁਲੱਖਣ ਸਿੰਘ ਕੇਸ ਦੀ ਜਾਂਚ ਪੜਤਾਲ ਕਰਦਿਆਂ ਧਰਮ ਸਿੰਘ ਦੀ ਪਤਨੀ ਗੁਰਮੀਤ ਕੌਰ ਤੋਂ ਬਿਆਨ ਲੈਂਦਾ ਹੈ : "ਨਾਉਂ ਤਾਂ ਇਹਦਾ ਭਾਵੇਂ ਧਰਮ ਸਿੰਘ ਸੀ ਪਰ ਸੀ ਨਿਰਾ ਅਧਰਮੀ, ਲੋਕਾਂ ਦੀਆਂ ਨਜ਼ਰਾਂ 'ਚ ਬੜਾ ਦੇਵਤਾ ਬਣਿਆ ਫਿਰਦਾ ਸੀ...ਚੰਦਰੀ ਡੈਣ ਵੀ ਚਾਰ ਘਰ ਛੱਡ ਦਿੰਦੀ ਏ...ਪਰ ਇਸ ਕੰਜਰ ਨੇ ਤਾਂ ਘਰੇ ਹੀ ਕੁੱਤਖਾਨਾ ਕਰਨਾ ਸ਼ੁਰੂ ਕਰ ਦਿੱਤਾ ਸੀ। ਮੇਰੀ ਰੂੰ ਦੇ ਗੋਹੜੇ ਵਰਗੀ ਧੀ ਨਾਲ...ਇਸ ਕੰਜਰ ਨੇ ਖੇਹ ਖਰਾਬੀ ਕੀਤੀ...ਬਥੇਰਾ ਵਰਜਿਆ ਪਰ ਇਸ ਨੇ ਮੇਰੀ ਇਕ ਨਾ ਚੱਲਣ ਦਿੱਤੀ।"[7]

ਇਹਨਾਂ ਪਲਾਂ ਨੂੰ ਮਾਣ ਨਾ ਲਵਾਂ" ਕਹਾਣੀ ਵੀ ਔਰਤ ਮਨ ਦੀ ਤਰਲਤਾ ਨੂੰ ਸੰਜੀਵਤਾ ਨਾਲ ਬਿਆਨ ਕਰਦੀ ਹੈ। ਇਸ ਕਹਾਣੀ ਵਿਚਲੀਆਂ ਚਾਰ ਸਹੇਲੀਆਂ ਆਪਣੇ ਆਪਣੇ ਪਤੀਆਂ ਤੋਂ ਉਹਨਾਂ ਨੂੰ ਸਾਬਤ ਸਬੂਤੇ ਮਨੁੱਖ ਸਮਝੇ ਜਾਣ ਲਈ ਇੱਛਾ ਰੱਖਦੀਆਂ ਹਨ। ਇਸ ਕਹਾਣੀ ਦੀ ਮੁੱਖ ਪਾਤਰ ਆਪਣੀਆਂ ਤਿੰਨੋਂ ਸਹੇਲੀਆਂ ਦੇ ਘਰ ਦੀ ਚਾਰ ਦੀਵਾਰੀ ਕੈਦ ਤੋਂ ਆਜ਼ਾਦ ਜ਼ਿੰਦਗੀ ਜਿਉਣ ਦੇ ਢੰਗ ਤੋਂ ਪ੍ਰੇਰਿਤ ਹੁੰਦੀ ਹੈ। ਇਹਨਾਂ ਸਹੇਲੀਆਂ ਦੇ ਸਾਥ ਨਾਲ ਮੁੱਖ ਪਾਤਰ ਅੰਦਰ ਵੀ ਪਿੱਤਰੀ ਮਰਿਆਦਾ ਦੀਆਂ ਬੰਦਸ਼ਾਂ ਵਿਰੁੱਧ ਪ੍ਰਤੀਕਿਰਿਆਂ ਜਾਗ ਪੈਂਦੀ ਹੈ। ਜਸਨੀਤ, ਨੂਰ ਤੇ ਮਨਦੀਪ ਆਪਣੇ

ਮਰਦ ਦੋਸਤਾਂ ਨਾਲ ਬੇਪਰਵਾਹ ਹੋ ਸਮਾਂ ਬਿਤਾਉਂਦੀਆਂ ਹਨ ਤਾਂ ਮੁੱਖ ਪਾਤਰ ਨੂੰ ਵੀ ਬਲਰਾਜ ਨਾਲ ਇਕੱਲਤਾ ਵਿੱਚ ਸਮਾਂ ਬਤੀਤ ਕਰਨ ਦਾ ਮੌਕਾ ਮਿਲਦਾ ਹੈ। ਇਹ ਇਕੱਲਤਾ ਹੀ ਉਸਨੂੰ ਸਮਾਜਿਕ ਮਰਿਆਦਾ ਦੀਆਂ ਬੰਦਸ਼ਾਂ ਨੂੰ ਤੋੜ ਕੇ ਇਹਨਾਂ ਪਲਾਂ ਨੂੰ ਮਾਨਣ ਲਈ ਉਕਸਾਉਂਦੀ ਹੈ ਪਰ ਅੰਤ ਵਿੱਚ ਉਹ ਆਪਣੇ ਪਤੀ, ਪਰਿਵਾਰ ਨਾਲ ਕਿਸੇ ਵੀ ਤਰ੍ਹਾਂ ਦੀ ਬੇਈਮਾਨੀ ਕਰਨ ਤੋਂ ਆਪਣੇ-ਆਪ ਨੂੰ ਵਰਜਦੀ ਹੈ।

"ਛੀ-ਛੀ ਮੈਂ ਇੰਝ ਕਿਵੇਂ ਸੋਚ ਸਕਦੀ ਆਂ ? ਇਵੇਂ ਕੋਈ ਆਪਣਿਆਂ ਨਾਲ ਬੇਈਮਾਨੀ ਕਿਵੇਂ ਕਰ ਸਕਦਾ ?ਨੂਰ ਦੀ ਇਸ ਗ਼ਲੀਜ਼ ਹਰਕਤ ਕਾਰਨ ਮੇਰਾ ਮਨ ਕਚਿਆਣ ਨਾਲ ਭਰ ਗਿਆ ਅਤੇ ਮੈਂ ਬਿਨਾਂ ਨੂਰ ਨੂੰ ਉਡੀਕਿਆਂ ਕੈਬ ਮੰਗਵਾਉਣ ਲਈ ਫੋਨ ਕਰਨਾ ਹੀ ਮੁਨਾਸਿਬ ਸਮਝਿਆ।"[8]

ਸਰਬਜੀਤ ਸੋਹਲ ਔਰਤ ਦੇ ਹਰੇਕ ਕਿਰਦਾਰ ਨੂੰ ਵਾਜਬ ਠਹਿਰਾਉਂਦੀ ਹੋਈ ਔਰਤ ਦੀ ਸ਼ਖਸੀਅਤ ਦੇ ਛੁਪੇ ਪਹਿਲੂਆਂ ਨੂੰ ਸਾਹਮਣੇ ਲੈ ਕੇ ਆਉਂਦੀ ਹੈ। ਔਰਤ ਚਾਹੇ ਤਾਂ ਕੀ ਨਹੀਂ ਕਰ ਸਕਦੀ? ਇਹੋ ਜਿਹੇ ਸਵਾਲਾਂ ਦੇ ਜਵਾਬ ਉਸਦੀਆਂ ਕਹਾਣੀਆਂ ਵਿਚਲੀ ਔਰਤ ਦੀ ਹਿੰਮਤ, ਨਿਡਰਤਾ ਅਤੇ ਬਹੁਪੱਖੀ ਯੋਗਤਾ ਤੋਂ ਮਿਲ ਜਾਂਦੇ ਹਨ। 'ਕਮਬਖ਼ਤ ਸੇਠੀ' ਕਹਾਣੀ ਉਤਰਆਧੁਨਿਕ ਦੌਰ ਦੀ ਅਜਿਹੀ ਔਰਤ ਦੇ ਸਾਹਸ ਨੂੰ ਬਿਆਨ ਕਰਦੀ ਕਹਾਣੀ ਹੈ। ਸੋਹਲ ਇਸ ਕਹਾਣੀ ਵਿਚ ਕਾਲਜ ਦੀ ਹੋਣਹਾਰ ਵਿਦਿਆਰਥਣ ਜਸਵੀਰ ਰਾਹੀਂ ਨਾਰੀ ਦੇ ਉਸ ਸਾਹਸ ਅਤੇ ਦਲੇਰੀ ਨੂੰ ਪੇਸ਼ ਕਰਦੀ ਹੈ ਜਿਸ ਕਾਰਨ ਉਹ ਆਪਣੀ ਮਰਜ਼ੀ ਵਿਰੁੱਧ ਕਿਸੇ ਮਰਦ ਦੁਆਰਾ ਉਸਨੂੰ ਸੈਕਸ ਟੂਲ ਸਮਝੇ ਜਾਣ 'ਤੇ ਉਸਦਾ ਇਸ ਤਰ੍ਹਾਂ ਵਿਰੋਧ ਕਰਦੀ ਹੈ ਕਿ ਉਹ ਆਪਣੇ ਨਾਲ ਜਿਆਦਤੀ ਕਰਨ ਵਾਲੇ ਕਾਲਜ ਦੇ ਪ੍ਰਿੰਸੀਪਲ ਡਾ. ਸੇਠੀ ਦੀਆਂ ਅਸ਼ਲੀਲ ਹਰਕਤਾਂ ਦਾ ਭਾਂਡਾ ਸਬ ਦੇ ਸਾਹਮਣੇ ਭੰਨਦੀ ਹੈ। ਜਸਵੀਰ ਮਿਸਿਜ ਦੱਤਾ ਦੇ ਯਤਨਾਂ ਸਦਕਾ 'ਸੈਕਸੂਯਲ ਅਬਿਊਜ਼' ਦੀ ਮੈਂਬਰ ਬਣ ਜਾਂਦੀ ਹੈ। ਬਾਕੀ ਔਰਤਾਂ ਵੀ ਪ੍ਰੋ. ਸੇਠੀ ਦੀਆਂ ਘਟੀਆਂ ਹਰਕਤਾਂ ਤੋਂ ਪਰੇਸ਼ਾਨ ਹੋਣ ਕਰਕੇ ਜਸਵੀਰ ਦਾ ਸਾਥ ਦੇਣ ਲਈ ਅੱਗੇ ਆਉਂਦੀਆਂ ਹਨ। ਅੰਤ ਜਸਵੀਰ ਸੇਠੀ ਦੀ ਸੱਚਾਈ ਸਭ ਦੇ ਸਾਹਮਣੇ ਲਿਆਉਣ ਵਿੱਚ ਸਫ਼ਲ ਹੋ ਜਾਂਦੀ ਹੈ। ਕਾਲਜ ਦਾ ਚੇਅਰਮੈਨ ਉਸਦੇ ਹੌਂਸਲੇ ਨੂੰ ਹੱਲਾਸ਼ੇਰੀ ਦਿੰਦਾ ਹੈ:

"ਸ਼ਾਬਾਸ਼ ਜਸਵੀਰ ਬੇਟਾ ਤੂੰ ਸੱਚਮੁੱਚ ਬਹੁਤ ਬਹਾਦਰ ਕੁੜੀ ਹੈ, ਤੇਰੀ ਹਿੰਮਤ ਕਾਰਨ ਹੀ ਸੇਠੀ ਦੀ ਸਚਾਈ ਸਾਹਮਣੇ ਆਈ ਹੈ ਉਂਝ ਪਹਿਲਾਂ ਵੀ ਮੈਨੂੰ ਉਸ ਬਾਰੇ ਸ਼ਿਕਾਇਤਾਂ ਮਿਲਦੀਆਂ ਰਹੀਆਂ ਹਨ...ਪਰ ਕਿਸੇ ਨੇ ਖੁੱਲ੍ਹ ਕੇ ਗੱਲ ਹੀ ਨਹੀਂ ਕੀਤੀ।"[9] ਇਹ ਕਹਾਣੀ ਜਿਥੇ ਉਤਰਆਧੁਨਿਕ ਦੌਰ ਦੀ ਨਾਰੀ ਦੇ ਸਾਹਸ ਨੂੰ ਬਿਆਨ ਕਰਦੀ ਹੈ ਉਥੇ ਕਾਲਜ ਦੇ ਚੇਅਰਮੈਨ ਵੱਲੋਂ ਜਸਵੀਰ ਨੂੰ ਦਿੱਤੀ ਹੱਲਾਸ਼ੇਰੀ ਆਪਣੇ ਆਪ ਵਿਚ ਮਹੱਤਵਪੂਰਨ ਹੈ ਜੋ ਜਸਵੀਰ ਦੇ ਇਸ ਹੌਂਸਲੇ ਦੀ ਤਾਰੀਫ ਕਰਦਾ ਹੈ ਨਾ ਕਿ ਮਰਦ ਹੋਣ ਦੇ ਨਾਤੇ ਪ੍ਰਿ. ਸੇਠੀ ਦਾ ਸਾਥ ਦਿੰਦਾ ਹੈ। ਇਹ ਉਤਰਆਧੁਨਿਕ ਦੌਰ ਦੀ ਨਵ-ਨਾਰੀਵਾਦੀ ਲੇਖਿਕਾ ਦੀ ਉਸ ਸੰਤੁਲਿਤ ਕਥਾ ਦ੍ਰਿਸ਼ਟੀ ਦਾ ਹਿੱਸਾ ਹੈ ਜੋ ਔਰਤ ਤੇ ਮਰਦ ਵਿਚਕਾਰ ਔਰਤ ਜਾਂ ਮਰਦ ਹੋਣ ਦੇ ਨਾਤੇ ਕੋਈ ਫਰਕ ਨਹੀਂ ਕਰਦੀ ਸਗੋਂ ਉਸਦੀ ਸੰਤੁਲਿਤ ਦ੍ਰਿਸ਼ਟੀ ਜਿਥੇ ਮਰਦ ਦੇ ਔਰਤ ਵਿਰੋਧੀ ਵਿਵਹਾਰ ਨੂੰ ਨੰਗਾ ਕਰਦੀ ਹੈ ਉਥੇ ਉਸ ਮਰਦ ਨੂੰ ਵਡਿਆਉਣ ਵਿਚ ਵੀ ਪਹਿਲ ਕਰਦੀ ਹੈ ਜੋ ਔਰਤ ਨੂੰ ਸਨਮਾਨ ਦੀ ਨਜ਼ਰ ਨਾਲ ਵੇਖਦਾ ਅਤੇ ਮਰਦ ਦੀਆਂ ਔਰਤ ਵਿਰੋਧੀ ਹਰਕਤਾਂ ਵਿਚ ਭਾਈਵਾਲ ਨਹੀਂ ਬਣਦਾ। ਇਸੇ ਤਰ੍ਹਾਂ ਉਸਦੀ ਕਹਾਣੀ 'ਹੱਡਾ ਰੋੜੀ ਦਾ ਕੁੱਤਾ' ਵੀ ਔਰਤ ਦੇ ਆਤਮ ਵਿਸ਼ਵਾਸ ਨੂੰ ਦਰਸਾਉਂਦੀ ਹੈ। ਇਸ ਕਹਾਣੀ ਦੀ ਪਾਤਰ ਰੰਮੀ ਮਰਦਊਂ ਸੱਤਾ ਦੀਆਂ ਜ਼ਿਆਦਤੀਆਂ ਦਾ ਜਵਾਬ ਦਿੰਦੀ ਸਮਾਜ ਵਿੱਚ ਆਪਣੀ ਬਣਦੀ ਸਪੇਸ ਸਥਾਪਿਤ

ਕਰਦੀ ਹੈ। ਮੁੱਢਲੇ ਸਮੇਂ ਵਿੱਚ ਔਰਤ ਸਿਰਫ਼ ਘਰ ਦੇ ਕੰਮਾਂਕਾਰਾਂ ਤੱਕ ਸੀਮਿਤ ਸੀ ਜਿਸ ਕਰਕੇ ਉਸਨੂੰ ਮਰਦਾਵੀਂ ਹਾਉਮੈਂ ਦਾ ਦਾਬਾ ਝੱਲਣਾ ਪੈਂਦਾ ਸੀ। ਸ਼ਕਲੋਂ ਥੋੜ੍ਹੀ ਘੱਟ ਸੋਹਣੀ ਔਰਤ ਤਾਂ ਦੂਹਰੇ ਸ਼ੋਸ਼ਣ ਦਾ ਸ਼ਿਕਾਰ ਸੀ ਕਿਉਂਕਿ ਅਜਿਹੀ ਔਰਤ ਦਾ ਰਿਸ਼ਤਾ ਕਿਸੇ ਲੋੜਵੰਦ ਜਾਂ ਪਹਿਲਾਂ ਵਿਆਹੇ ਹੋਏ ਮਰਦ ਨਾਲ ਕੀਤਾ ਜਾਂਦਾ ਸੀ। ਅੱਜ ਦੀ ਪੜ੍ਹੀ ਲਿਖੀ ਨਾਰੀ ਬੇਸ਼ੱਕ ਉਹ ਸੋਹਣੀ ਸੁਨੱਖੀ ਨਹੀਂ ਹੈ ਪਰ ਉਹ ਆਪਣੇ ਆਤਮ-ਵਿਸ਼ਵਾਸ ਜਾਂ ਹੁਨਰ ਨਾਲ ਸਮਾਜ ਵਿੱਚ ਆਪਣੀ ਸਪੇਸ ਬਣਾ ਲੈਂਦੀ ਹੈ। ਸੋਹਲ ਦੀ ਕਹਾਣੀ 'ਬੁਰਜ਼ ਖ਼ਲੀਫ਼ਾ" ਅਜਿਹੀ ਹੀ ਔਰਤ ਦੀ ਹੁਨਰੀ ਤਾਕਤ ਨੂੰ ਬਿਆਨ ਕਰਦੀ ਹੈ ਜੋ ਸ਼ਕਲੋਂ ਇੰਨੀ ਸੋਹਣੀ ਸੁਨੱਖੀ ਨਹੀਂ ਹੈ ਪਰ ਪੜ੍ਹਾਈ ਵਿੱਚ ਹੁਸ਼ਿਆਰ ਅਤੇ ਬਾਸਕਿਟਬਾਲ ਦੀ ਟੀਮ ਵਿੱਚ ਗੋਲਡ ਮੈਡਲ ਜਿੱਤਣ ਕਾਰਨ ਸਭਨਾਂ ਦਾ ਦਿਲ ਜਿੱਤ ਲੈਂਦੀ ਹੈ। ਸੋਹਲ ਦੀ ਇਹ ਕਹਾਣੀ ਇਸ ਪੱਖ ਨੂੰ ਵੀ ਉਭਾਰਦੀ ਹੈ ਕਿ ਅਜੋਕੀ ਔਰਤ ਆਪਣੇ ਆਪ ਨੂੰ ਸੰਪੂਰਨ ਦਰਸਾਉਣ ਦੀ ਲੋਚਾ ਰੱਖਦੀ ਹੈ।

"ਮੇਰਾ ਪਿੰਡ ਓਧਰ ਸੰਗਰੂਰ ਵੰਨੀਂ ਐ...ਰੰਗ-ਰੂਪ ਦੇਣ ਵੇਲੇ ਰੱਬ ਬਹੁਤੀ ਜ਼ਿਆਦਾ ਕਿਰਸ ਕਰ ਗਿਆ। ਇਸੇ ਲਈ ਮੈਂ ਆਪਣੇ ਆਪ ਨੂੰ ਦੂਸਰਿਆਂ ਦੇ ਮੁਕਾਬਲੇ ਵੱਧ ਤ੍ਰਾਸ਼ਿਆ, ਵੱਧ ਮਿਹਨਤ ਕੀਤੀ...ਕਿ ਮੇਰੀ ਹੁਨਰਮੰਦੀ ਮੇਰੇ ਰੰਗ ਰੂਪ ਨੂੰ ਢੱਕ ਲਵੇ।[10]

ਇਸ ਔਰਤ ਕੋਲ ਆਤਮ ਵਿਸ਼ਵਾਸ ਹੀ ਨਹੀਂ, ਇਸਨੂੰ ਆਪਣੇ ਆਪ ਅਤੇ ਆਪਣੀ ਤਾਕਤ 'ਤੇ ਮਾਣ ਵੀ ਹੈ। ਇਹ ਮਾਣ ਉਸਨੂੰ ਆਪਣੀ ਜਿੱਤ ਦਾ ਵੀ ਹੈ। ਇਸ ਜਿੱਤ ਵਿਚ ਉਹ ਆਪਣੀ ਸਰੀਰਕ ਕਰੂਪਤਾ ਨੂੰ ਵੀ ਸਰ ਕਰ ਲੈਂਦੀ ਹੈ।

"ਕਿਵੇਂ, ਤੁਸੀਂ ਠੀਕ ਹੋ ?" ਸੰਜੂ ਨੇ ਪਾਸਾ ਲੈਂਦਿਆਂ ਬੇਬਾਕੀ ਨਾਲ ਆਪਣੀ ਲੱਤ ਉਸ ਦੀਆਂ ਲੱਤਾਂ ਤੇ ਰੱਖਦਿਆਂ ਪੁੱਛਿਆਂ ਸੀ।

ਹੂੰ...ਠੀਕ ਆਂ...।" ਮਸਾਂ ਹੀ ਪ੍ਰੋਫ਼ੈਸਰ ਤੋਂ ਜਵਾਬ ਦੇ ਹੋਇਆ ਸੀ। "ਵੇਖ ਲਓ ਫੇਰ ...ਅੱਜ ਮੈਂ ਇਕ ਹੋਰ ਮੈਡਲ ਲੈ ਲਿਆ। ਆਹ ਜਿਹੜਾ ਬਣਿਆ ਫਿਰਦਾ ਸੀ ਬੁਰਜ ਖ਼ਲੀਫ਼ਾ ਉਹ ਤਾਂ ਮੈਂ...ਅੱਜ ਢਾਹ ਲਿਆ ਜੇ...।"[11]

ਇਹ ਉਤਰ ਆਧੁਨਿਕ ਦੌਰ ਦੀ ਨਾਰੀ ਹੈ, ਜੋ ਇਕ ਪਾਸੇ ਆਪਣੇ ਨਾਲ ਹੋ ਰਹੀ ਜ਼ਿਆਦਤੀ ਵਿਰੁੱਧ ਉੱਠ ਖਲੋਣ ਦਾ ਸਾਹਸ ਰੱਖਦੀ ਹੈ ਅਤੇ ਦੂਜੇ ਪਾਸੇ ਸਦੀਆਂ ਤੋਂ ਆਪਣੇ ਆਪ ਨੂੰ ਬੁਰਜ ਖਲੀਫਾ ਬਣੇ ਫਿਰਦੇ ਮਰਦ ਨੂੰ ਚਿੱਤ ਕਰਕੇ ਉਸਨੂੰ ਖ਼ੁਸ਼ੀ ਤੇ ਆਪਣੀ ਤਾਕਤ 'ਤੇ ਮਾਣ ਹੁੰਦਾ ਹੈ।

ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਸੋਹਲ ਦੀਆਂ ਕਹਾਣੀਆਂ ਔਰਤ ਦੀ ਹਾਸ਼ੀਆਗ੍ਰਸਤ ਸਥਿਤੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਉਸਦੇ ਅਵਚੇਤਨ ਮਨ ਦੀ ਸਮਰੱਥਾ ਅਤੇ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਉਸਦੀਆਂ ਕਹਾਣੀਆਂ ਵਿਚਲੀ ਔਰਤ ਬੇਬਸ ਜਾਂ ਲਾਚਾਰ ਨਹੀਂ ਹੈ ਸਗੋਂ ਉਹ ਆਪਣੇ ਆਤਮ-ਵਿਸ਼ਵਾਸ਼ ਨਾਲ ਸਮੱਸਿਆਵਾਂ ਦੇ ਹੱਲ ਤਲਾਸ਼ ਲੈਂਦੀ ਹੈ। ਸਰਬਜੀਤ ਸੋਹਲ ਦੀ ਕਥਾ-ਦ੍ਰਿਸ਼ਟੀ ਮਰਦ ਨੂੰ ਵਿਰੋਧੀ ਧਿਰ ਵਜੋਂ ਨਾ ਲੈਂਦੀ ਹੋਈ ਮਰਦ ਅਤੇ ਮਰਦ ਸਿਰਜਿਤ ਸਮਾਜ-ਸੱਭਿਆਚਾਰਕ ਪ੍ਰਪੰਚ ਨਾਲ ਸੰਵਾਦ ਰਚਾਉਂਦਿਆਂ ਅਜਿਹਾ ਸਮਾਜ ਸਿਰਜਣ ਵੱਲ ਅਗ੍ਰਸਰਸ਼ੀਲ ਹੈ ਜਿਸ ਵਿਚ ਔਰਤ ਤੇ ਮਰਦ ਦੀ ਪਛਾਣ ਜੈਂਡਰ ਆਧਾਰਿਤ ਨਾ ਹੋ ਕੇ ਮਨੁੱਖ ਹੋਣ ਦੇ ਨਾਤੇ ਬਣੇ। ਇਹੀ ਉੱਤਆਧੁਨਿਕ ਦੌਰ ਦੇ ਨਵ-ਨਾਰੀਵਾਦ ਦਾ ਮੂਲ ਸਾਰ ਹੈ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 8-16

**ਹਵਾਲੇ**

1. ਡਾ. ਜਸਵਿੰਦਰ ਸਿੰਘ ਸੈਣੀ (ਸੰਪਾ.), ਪੱਛਮੀ ਕਾਵਿ-ਸਿਧਾਂਤ, ਪੰਨਾ 172.
2. ਡਾ. ਰਾਜਿੰਦਰਪਾਲ ਸਿੰਘ, ਉਤਰ-ਆਧੁਨਿਕਤਾ, ਪੰਨਾ 36.
3. ਡਾ. ਬਲਦੇਵ ਸਿੰਘ ਧਾਲੀਵਾਲ, ਇਉਂ ਪੜ੍ਹੀਏ ਕਹਾਣੀ (ਪੰਜਾਬੀ ਕਹਾਣੀ ਦੇ ਅਧਿਐਨ ਦਾ ਵਿਹਾਰਕ ਮਾਡਲ, ਭਾਗ ਦੂਜਾ), ਪੰਨਾ 13.
4. ਸਰਬਜੀਤ ਕੌਰ ਸੋਹਲ, ਮੈਨੂੰ ਬੰਦਾ ਪਸੰਦ ਏ, ਪੰਨਾ 13.
5. ਸਰਬਜੀਤ ਕੌਰ ਸੋਹਲ, ਇੰਟਰਵਲ ਤੋਂ ਬਾਅਦ, ਪੰਨਾ 74.
6. ਉਹੀ, ਪੰਨਾ 65.
7. ਉਹੀ, ਪੰਨਾ 86.
8. ਸਰਬਜੀਤ ਕੌਰ ਸੋਹਲ, ਮੈਨੂੰ ਬੰਦਾ ਪਸੰਦ ਏ, ਪੰਨਾ 14.
9. ਉਹੀ, ਪੰਨਾ 43.
10. ਉਹੀ, ਪੰਨਾ 138.
11. ਉਹੀ, ਪੰਨਾ 145.

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 17-27

# ਸਮਕਾਲੀ ਪੰਜਾਬੀ ਨਾਰੀ- ਕਾਵਿ : ਉੱਤਰ ਆਧੁਨਿਕ ਪਰਿਪੇਖ

**ਡਾ. ਪ੍ਰਵੀਨ ਕੁਮਾਰ**
**ਪੰਜਾਬੀ ਵਿਭਾਗ, CDOE,**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

**"Postmodernism is not a trend to be chronologically defined, but a way of operating."** **Umberto Eco**

ਪੰਜਾਬੀ ਸਾਹਿਤ ਵਿੱਚ ਸਮਕਾਲ ਨੂੰ ਅਸੀਂ ਮੁੱਖ ਰੂਪ ਵਿੱਚ 20ਵੀਂ ਸਦੀ ਦੇ ਅਖੀਰਲੇ ਦਹਾਕੇ ਤੋਂ ਹੀ ਨਿਰਧਾਰਿਤ ਕਰਦੇ ਹਾਂ ਪਰ ਸਾਹਿਤ ਵਿੱਚ ਇਸ ਤਰਾਂ ਦੀ ਕਾਲ ਵੰਡ ਕਰਨੀ ਬੜਾ ਜਟਿਲ ਕਾਰਜ ਹੈ। ਇਸ ਕਾਰਜ ਲਈ ਸਾਨੂੰ ਇਤਿਹਾਸਕ ਪਹਿਲੂਆਂ ਬਾਰੇ ਵੀ ਜਾਨਣਾ ਹੋਵੇਗਾ। 1960 ਦੇ ਦਹਾਕੇ ਦੇ ਅਖੀਰ ਵਿੱਚ ਸਮਾਜਿਕ ,ਰਾਜਨਤਿਕ ਉੱਥਲ-ਪੁਥਲ ਸ਼ੁਰੂ ਹੋਈ ਸੀ। 1962 ਵਿੱਚ ਰੇਚਲ ਕਾਰਸਨ ਦੀ ਕਿਤਾਬ *Silent Spring* ਨੇ ਪਹਿਲੀ ਵਾਰ ਲੋਕਾਂ ਦੀ ਧਿਆਨ ਰਸਾਇਣਕ ਕੀਟਨਾਸ਼ਕਾਂ ਅਤੇ ਪ੍ਰਦੂਸ਼ਣ ਵੱਲ ਖਿੱਚਿਆ ਸੀ। 1968 ਦੀ ਗਰੀਨ ਲਹਿਰ ਵਾਤਾਵਰਣ ਚੇਤਨਾ ਅਤੇ ਵਾਤਾਵਰਣ ਸਰਗਰਮੀ ਦੇ ਵਿਸ਼ਵਵਿਆਪੀ ਉਭਾਰ ਨੂੰ ਦਰਸਾਉਂਦੀ ਹੈ । ਇਸ ਸਾਲ ਵਿਚ ਵਿਦਿਆਰਥੀ ਪ੍ਰਦਰਸ਼ਨ, ਨਾਗਰਿਕ ਅਧਿਕਾਰ ਅੰਦੋਲਨ, ਯੁੱਧ ਵਿਰੋਧੀ ਪ੍ਰਦਰਸ਼ਨ, ਉਦਯੋਗਿਕ ਪ੍ਰਦੂਸ਼ਣ ਅਤੇ ਕੁਦਰਤ ਦੇ ਪਤਨ ਬਾਰੇ ਵਧਦੀਆਂ ਚਿੰਤਾਵਾਂ ਸ਼ਾਮਲ ਸਨ । ਮਈ 1968 ਵਿੱਚ ਫਰਾਂਸ ਵਿੱਚ ਵਿਦਿਆਰਥੀ ਵਿਦਰੋਹਾਂ, ਅਮਰੀਕਾ ਵਿੱਚ ਵੀਅਤਨਾਮ ਯੁੱਧ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਤੋਂ ਲੈ ਕੇ ਨਾਗਰਿਕ ਅਧਿਕਾਰਾਂ ਦੀ ਸਰਗਰਮੀਆਂ ਹੋਈਆਂ । ਇਸ ਅਸ਼ਾਂਤੀ ਦੇ ਵਿਚਕਾਰ, ਉਦਯੋਗੀਕਰਨ ਦੀਆਂ ਵਾਤਾਵਰਣ ਲਾਗਤਾਂ ਬਾਰੇ ਜਾਗਰੂਕਤਾ ਵੱਧਣੀ ਸ਼ੁਰੂ ਹੋ ਗਈ ਸੀ। ਕੁਦਰਤ ਨੂੰ ਸਿਰਫ਼ ਸਰੋਤ ਨਹੀਂ, ਇਕ ਸੰਵੇਦਨਸ਼ੀਲ ਸੰਤੁਲਨ ਵਜੋਂ ਦੇਖਿਆ ਜਾਣ ਲੱਗਾ। ਜੈਵਿਕ ਵਿਭਿੰਨਤਾ, ਜਲ-ਵਾਯੂ ਅਤੇ ਮਿੱਟੀ ਬਚਾਉਣ ਦੀ ਚਿੰਤਾ ਵਧੀ। ਰਸਾਇਣਕ ਉਦਯੋਗਾਂ ਅਤੇ ਪਰਮਾਣੂ ਉਰਜਾ ਦੀ ਆਲੋਚਨਾ ਸ਼ੁਰੂ ਹੋਈ ਸੀ ।"ਅੱਗੇ ਵਧੋ" ਦੀ ਥਾਂ "ਸੰਭਲ ਕੇ ਵਧੋ" ਦੀ ਸੋਚ ਉਜਾਗਰ ਹੋਈ ਸੀ। ਗਰੀਨ ਲਹਿਰ ਕੋਈ ਇਕੱਲੀ ਲਹਿਰ ਨਹੀਂ ਸੀ ਸਗੋਂ ਇੱਕ ਸਭਿਆਚਾਰਕ ਤਬਦੀਲੀ ਸੀ। ਇਸਨੇ ਨੌਜਵਾਨਾਂ, ਵਿਗਿਆਨੀਆਂ, ਕਲਾਕਾਰਾਂ ਅਤੇ ਕਾਰਕੁਨਾਂ ਨੂੰ ਇੱਕ ਅਜਿਹੀ ਦੁਨੀਆਂ ਦੀ ਕਲਪਨਾ ਕਰਨ ਲਈ ਇੱਕਜੁੱਟ ਕੀਤਾ ਜਿੱਥੇ ਕੁਦਰਤ ਦਾ ਸ਼ੋਸ਼ਣ ਕਰਨ ਵਾਲੀ ਨਹੀਂ ਸਗੋਂ ਸਤਿਕਾਰ ਅਤੇ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ। ਇਸਨੇ ਵਾਤਾਵਰਣ ਸੰਬੰਧੀ ਚਿੰਤਾਵਾਂ ਨੂੰ ਨਿਆਂ, ਸ਼ਾਂਤੀ ਅਤੇ ਮਨੁੱਖੀ ਆਜ਼ਾਦੀ ਦੇ ਸਵਾਲਾਂ ਨਾਲ ਜੋੜਿਆ ਇੱਕ ਵਿਰਾਸਤ ਜੋ ਅੱਜ ਵੀ ਵਾਤਾਵਰਣ ਸੰਬੰਧੀ ਸੋਚ ਨੂੰ ਆਕਾਰ ਦਿੰਦੀ ਰਹਿੰਦੀ ਹੈ। ਇਸ ਤਰ੍ਹਾਂ ਸਿਧਾਂਤਕ ਪੱਧਰ ਤੇ ਵਿਸ਼ਵ ਦੀ ਸਿੱਧਾਂਤਕੀ ਉੱਪਰ ਪ੍ਰਸ਼ਨ ਚਿੰਨ ਦੀ ਬਿਰਤੀ ਨਾਲ ਦੇਖਿਆ ਗਿਆ। ਇਹ ਪਰਿਵਰਤਨ ਪੰਜਾਬੀ ਸਾਹਿਤ ਉੱਪਰ ਵੀ ਪੈਣਾ ਸ਼ੁਰੂ ਹੋਇਆ । ਪੰਜਾਬੀ ਸਾਹਿਤ ਵਿੱਚ ਵੀ ਨਵੇਂ ਸਰੋਕਾਰ ਆਉਣੇ ਆਰੰਭ ਹੋਏ । ਇਸ ਵਿੱਚ ਵਿਸ਼ਵੀਕਰਨ , ਦਲਿਤ ਸਾਹਿਤ ,1980 ਤੋਂ ਬਾਅਦ ਦਾ ਪੰਜਾਬੀ ਨਾਵਲ ,ਸਬਾਲਟਰਨ ਧਿਰਾਂ ਦੀ ਆਵਾਜ਼ ਅਤੇ ਨਾਰੀ ਕਾਵਿ ਮੁੱਖ ਰੂਪ ਵਿਚ ਉਜਾਗਰ ਹੋਏ । ਇਸ ਖੋਜ-ਪੱਤਰ ਦੀ ਸੀਮਾ ਨਿਰਧਾਰਿਤ ਕਰਦੇ ਹੋਏ ਅਸੀਂ ਸਮਕਾਲੀ ਪੰਜਾਬੀ ਨਾਰੀ ਕਾਵਿ ਨੂੰ ਉੱਤਰ ਆਧੁਨਿਕ ਪਰਿਪੇਖ ਰਾਹੀਂ ਅਧਿਐਨ

ਕਰਾਂਗੇ। ਆਧੁਨਿਕ ਪੰਜਾਬੀ ਨਾਰੀ-ਕਾਵਿ ਆਪਣੇ ਇਤਿਹਾਸਕ ਪੜਾਅ ਵਿਚ ਵੱਖ ਵੱਖ ਪ੍ਰਵਿਰਤੀਆਂ ਵਿਚੋਂ ਗੁਜ਼ਰਿਆ ਹੈ। ਇਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਵਿਗਿਆਨਕ ਪ੍ਰਗਤੀ ਅਤੇ ਉੱਨਤ ਪੈਦਾਵਾਰੀ ਤਕਨੀਕਾਂ ਕਾਰਨ ਮਨੁੱਖ ਹੌਲੀ ਹੌਲੀ ਮਸ਼ੀਨ ਦੇ ਰੂਪ ਵਿਚ ਤਬਦੀਲ ਹੋ ਰਿਹਾ ਹੈ। ਦੁਨੀਆ ਦੇ ਹਰ ਮਨੁੱਖ ਵਾਂਗ ਪੰਜਾਬੀ ਮਨੁੱਖ ਵੀ ਨਵੀਆਂ ਪ੍ਰਸਥਿਤੀਆਂ ਤੋਂ ਪ੍ਰਭਾਵ ਗ੍ਰਹਿਣ ਕਰ ਰਿਹਾ ਹੈ। ਇਸ ਸਮੇਂ ਵਿਚ ਉੱਪਜ ਰਹੀ ਨਾਰੀ ਕਵਿਤਾ ਵੀ ਨਵੇਂ ਯਥਾਰਥ ਨਾਲ ਸਾਂਝ ਪਾਉਣ ਲਈ ਯਤਨਸ਼ੀਲ ਹੈ। ਅਜਿਹੇ ਯਥਾਰਥ ਨੂੰ ਅਭਿਵਿਅਕਤ ਕਰਨ ਲਈ ਨਵੇਂ ਪ੍ਰਯੋਗਾਂ ਦੇ ਨਾਲ ਨਾਲ ਨਵੇਂ ਰੂਪਾਂ ਅਤੇ ਬਿੰਬਾਂ ਦੀ ਸਿਰਜਣਾ ਕੀਤੀ ਗਈ ਹੈ। ਸਨਅਤੀਕਰਨ ਦੇ ਯੁੱਗ ਵਿਚ ਮਨੁੱਖੀ ਸ਼ਖ਼ਸੀਅਤ ਦੁਬਿਧਾਗ੍ਰਸਤ ਹੋ ਗਈ ਹੈ। ਪੂੰਜੀ ਦੇ ਕੇਂਦਰ ਵਿਚ ਆਉਣ ਕਾਰਨ ਮਾਨਵੀ ਰਿਸ਼ਤਿਆਂ ਦੀ ਟੁੱਟ ਭੱਜ ਵੱਧ ਰਹੀ ਹੈ। ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਕਰਕੇ ਸਾਡੀ ਜੀਵਨ-ਸ਼ੈਲੀ ਬਦਲ ਰਹੀ ਹੈ। ਵਰਤਮਾਨ ਯੁੱਗ ਵਿਚ ਕੰਪਿਊਟਰ ਤੇ ਇਲੈਕਟ੍ਰੋਨਿਕ ਯੰਤਰਾਂ ਨੇ ਮਨੁੱਖ ਦੀ ਸਥਿਤੀ ਨੂੰ ਬਦਲ ਕੇ ਰੱਖ ਦਿੱਤਾ ਹੈ। ਇਸ ਜੀਵਨ ਸ਼ੈਲੀ ਨਾਲ ਸਾਡੀਆਂ ਕਦਰਾਂ ਕੀਮਤਾਂ ਵਿਚ ਭਾਰੀ ਪਰਿਵਰਤਨ ਆਇਆ ਹੈ। ਪੁਰਾਣੀਆਂ ਕੀਮਤਾਂ ਵਿਸਰ ਰਹੀਆਂ ਹਨ ਤੇ ਨਵੀਆਂ ਅਜੇ ਪੂਰੀ ਤਰਾਂ ਸਥਾਪਿਤ ਨਹੀਂ ਹੋਈਆਂ। ਮਨੁੱਖ ਆਪਣੇ ਧਾਰਮਿਕ ਅਤੇ ਵਿਗਿਆਨਕ ਤਰਕ ਕਾਰਨ ਦਵੰਦਆਤਮਕ ਸਥਿਤੀ ਭੋਗ ਰਿਹਾ ਹੈ। ਇਸ ਦਹਾਕੇ ਵਿਚ ਪਹੁੰਚ ਕੇ ਪ੍ਰੇਮ ਸਬੰਧ ਬਦਲ ਹੀ ਨਹੀਂ ਰਹੇ ਸਗੋਂ ਕਾਮ ਤ੍ਰਿਪਤੀ ਤੱਕ ਸਿਮਟ ਗਏ ਹਨ। ਵਿਆਹ ਪ੍ਰਬੰਧ ਦੇ ਆਧਾਰਿਤ ਮੁੱਲ ਭੰਗ ਹੋ ਰਹੇ ਹਨ। ਸਮੂਹਿਕ ਮੁੱਲਾਂ ਨਾਲੋਂ ਸਵੈ ਤ੍ਰਿਪਤੀ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸ ਪ੍ਰਕਾਰ ਮਨੁੱਖ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੋ ਰਿਹਾ ਹੈ। ਅਜਿਹੀਆਂ ਬਦਲ ਰਹੀਆਂ ਪ੍ਰਸਥਿਤੀਆਂ ਕਾਰਨ ਇਸ ਦਹਾਕੇ ਦੀ ਸਮੁੱਚੀ ਮਾਨਸਿਕਤਾ ਤਰਲਤਾ ਦਾ ਸ਼ਿਕਾਰ ਹੋ ਰਹੀ ਹੈ। ਜਿਸ ਕਰਕੇ ਨਾਰੀ ਕਵਿਤਾ ਨੂੰ ਵੀ ਕੇਂਦਰ ਪ੍ਰਾਪਤ ਨਹੀਂ ਹੋ ਰਿਹਾ। ਇਸ ਕਰਕੇ ਕਾਵਿ-ਸੰਰਚਨਾ ਵਿਚ ਮਹਾਂ-ਬਿਰਤਾਂਤ ਲਘੂ-ਬਿਰਤਾਂਤ ਵਿਚ ਤਬਦੀਲ ਹੋ ਰਹੇ ਹਨ। ਨਾਰੀਵਾਦੀ ਧਾਰਾਨਾਵਾਂ ਦੇ ਸਮਾਜਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਅਰਥ ਸੰਗਠਨਾਂ ਨੂੰ ਉੱਤਰ-ਆਧੁਨਿਕ ਦ੍ਰਿਸ਼ਟੀ ਰਾਹੀ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਹ ਨਾਰੀਵਾਦ ਤੋਂ ਉੱਤਰ-ਆਧੁਨਿਕਤਾ ਤਕ ਦੇ ਇਤਿਹਾਸਕ ਪਰਿਪੇਖ ਵਿਚ ਅਨਿਸ਼ਚਿਤਤਾ ਦੀ ਸੰਘਰਸ਼ੀਲ ਕੜੀ ਵਿਭਿੰਨ ਤਨਾਅਪੂਰਣ ਸੰਬੰਧਾਂ ਨੂੰ ਪੂਰਕ ਰੂਪ ਵਿਚ ਸਿਰਜਦੀ ਹੈ। ਇਸ ਪਰਿਪੇਖ ਵਿਚ ਇਕੀਵੀਂ ਸਦੀ ਦਾ ਪਹਿਲਾ ਦਹਾਕਾ ਜਿਸ ਸਿਰਜਨਾਤਮਕ ਪ੍ਰਤਿਭਾ ਨੂੰ ਉੱਤਰ- ਆਧੁਨਿਕ ਪ੍ਰਸੰਗ ਵਿਚ ਜਿਹਨਾਂ ਨਿਵੇਕਲੇ ਸਰੋਕਾਰਾਂ ਰਾਹੀਂ ਪੇਸ਼ ਕਰਦਾ ਹੈ, ਉਹਨਾਂ ਵਿਚ ਨਵੇਂ ਵਿਗਿਆਨ ਦੀ ਸਮਝ, ਪਾਪੂਲਰ ਕਲਚਰ ਅਤੇ ਪੂੰਜੀਵਾਦੀ ਪ੍ਰਬੰਧ ਦਾ ਸਮੁੱਚਾ ਪ੍ਰਭਾਵ ਕੇਂਦਰ ਵਿਚ ਰਹਿੰਦਾ ਹੈ।

ਨਾਰੀ ਦੀ ਸਥਿਤੀ ਬਾਰੇ ਚਰਚਾ ਭਾਰਤੀ ਇਤਿਹਾਸ ਵਿਚ ਵੀ ਮਿਲਦੀ ਹੈ। ਸੰਸਕ੍ਰਿਤੀ ਦੇ ਵਿਕਾਸ ਦੌਰਾਨ ਮੁੱਢਲੇ ਪੜਾਅ ਮਾਤਰੀ ਪ੍ਰਧਾਨ ਸਮਾਜ ਵਿਚ ਇਸਤ੍ਰੀ ਨੂੰ ਵਰ ਚੁਣਨ ਲਈ ਪੂਰਨ ਆਜ਼ਾਦੀ ਸੀ। ਉੱਤਰ-ਵੈਦਿਕ ਕਾਲ ਵਿਚ ਔਰਤਾਂ ਦੀ ਸਥਿਤੀ ਵਿਚ ਨਿਘਾਰ ਆਉਣਾ ਸ਼ੁਰੂ ਹੋ ਗਿਆ। ਬੁੱਧ ਮੱਤ, ਅਤੇ ਜੈਨ ਧਰਮ ਦੀ ਵਿਚਾਰਧਾਰਾ ਵੀ ਔਰਤ ਦੇ ਤਿਆਗ ਲਈ ਹੀ ਪ੍ਰੇਰਿਤ ਕਰਦੀ ਹੈ। ਨਾਥ ਜੋਗੀ ਇਸਤਰੀ ਨੂੰ ਬਾਘਨ ਬਿੰਬ ਨਾਲ ਤੁਲਨਾਉਂਦੇ ਹਨ। ਭਾਰਤੀ ਇਤਿਹਾਸ ਵਿਚ ਮੁਸਲਮਾਨਾਂ ਦੀ ਆਮਦ ਨਾਲ ਔਰਤ ਦੀ ਸਥਿਤੀ ਹੋਰ ਗਿਰਾਵਟ ਵਲ ਗਈ। ਮੱਧਕਾਲੀ ਕਾਵਿ ਵਿਚ ਔਰਤ ਦੇ ਵਿਸ਼ੇਸੀਕ੍ਰਿਤ ਸਾਂਸਕ੍ਰਿਤਕ ਪਰਿਪੇਖ ਨੂੰ ਉਜਾਗਰ ਕੀਤਾ ਗਿਆ ਹੈ। ਅਜਿਹਾ ਪਰਿਪੇਖ ਪੰਜਾਬੀ ਸੰਸਕ੍ਰਿਤੀ ਦੇ ਕਈ ਅੰਤਰ-ਵਿਰੋਧਾਂ ਨੂੰ ਵੀ ਪੇਸ਼ ਕਰ ਜਾਂਦਾ ਹੈ। ਪੂਰਬੀ ਦੇਸ਼ਾਂ ਵਿਚ ਆਰਥਿਕਤਾ ਉੱਪਰ ਮਰਦ ਦਾ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 17-27

ਗਲਬਾ ਹੋਣ ਕਰਕੇ ਔਰਤ ਦੀ ਹਾਲਾਤ ਚੰਗੇ ਨਹੀਂ ਹਨ। ਸਮਕਾਲੀ ਨਾਰੀ ਕਾਵਿ ਦਾ ਅਧਿਐਨ ਕਰਨ ਤੋਂ ਪਹਿਲੋਂ ਉੱਤਰ-ਆਧੁਨਿਕਤਾਵਾਦ ਦੇ ਸਿਧਾਂਤ ਬਾਰੇ ਚਰਚਾ ਕਰ ਲੈਣੀ ਬਹੁਤ ਜ਼ਰੂਰੀ ਹੈ।

ਉੱਤਰ-ਆਧੁਨਿਕਤਾ ਇੱਕ ਬਹੁਪੱਖੀ ਬੌਧਿਕ ਵਾਦ ਹੈ ਜੋ 20ਵੀਂ ਸਦੀ ਦੇ ਮੱਧ ਵਿੱਚ ਆਧੁਨਿਕਤਾ ਦੀਆਂ ਧਾਰਨਾਵਾਂ ਅਤੇ ਕਦਰਾਂ-ਕੀਮਤਾਂ ਦੇ ਵਿਰੁੱਧ ਪ੍ਰਤੀਕਿਰਿਆ ਵਜੋਂ ਉਭਰਿਆ ਸੀ । ਇਹ ਸਿਰਫ਼ ਇੱਕ ਇਤਿਹਾਸਕ ਦੌਰ ਨਹੀਂ ਹੈ ਸਗੋਂ ਮਹਾਂ-ਬਿਰਤਾਂਤਾਂ, ਬਾਹਰਮੁਖੀ ਸੱਚਾਈਆਂ ਅਤੇ ਵਿਸ਼ਵਵਿਆਪੀ ਤਰਕ ਪ੍ਰਤੀ ਸੰਦੇਹ ਦੁਆਰਾ ਚਿੰਨ੍ਹਤ ਇੱਕ ਆਲੋਚਨਾਤਮਕ ਰੁਖ਼ ਹੈ। ਜੀਨ-ਫ੍ਰਾਂਸੋਆ ਲਿਓਤਾਰਦ ਨੇ ਉੱਤਰ-ਆਧੁਨਿਕਤਾ ਨੂੰ "ਲਘੂ-ਬਿਰਤਾਂਤਾ ਪ੍ਰਤੀ ਅਵਿਸ਼ਵਾਸ" ਵਜੋਂ ਪਰਿਭਾਸ਼ਿਤ ਕੀਤਾ, ਜੋ ਕਿ ਇਤਿਹਾਸ, ਸੱਭਿਆਚਾਰ, ਜਾਂ ਪਛਾਣ ਦੀਆਂ ਵਿਆਪਕ ਵਿਆਖਿਆਵਾਂ ਪ੍ਰਤੀ ਸੰਦੇਹ ਦਾ ਹਵਾਲਾ ਦਿੰਦਾ ਹੈ ਜਿਸ 'ਤੇ ਆਧੁਨਿਕਤਾ ਅਕਸਰ ਨਿਰਭਰ ਕਰਦੀ ਸੀ (John-Francois Lytord,1984: xxiv) ਇਕਸੁਰਤਾ ਅਤੇ ਸਥਿਰਤਾ ਦੀ ਭਾਲ ਕਰਨ ਦੀ ਬਜਾਏ, ਉੱਤਰ-ਆਧੁਨਿਕਤਾ ਖੰਡਨ, ਬਹੁਲਤਾ ਅਤੇ ਅਸਪਸ਼ਟਤਾ ਨੂੰ ਅਪਣਾਉਂਦਾ ਹੈ।

ਉੱਤਰ-ਆਧੁਨਿਕਤਾਵਾਦ ਇਤਿਹਾਸ ਦੀ ਅਨੇਕਤਾ ਨੂੰ ਸਵੀਕਾਰਦਾ ਹੈ ਅਤੇ ਉਸ ਦੀ ਪੁਨਰ-ਸਿਰਜਨਾ ਲਈ ਪ੍ਰੇਰਦਾ ਹੈ। ਇਹ ਅਧਿਐਨ ਮਾਡਲ ਲੋਕਧਾਰਾ ਦੇ ਆਰਕਾਈਵ ਵਿੱਚੋਂ ਵੀ ਆਪਣੀ ਖ਼ੁਰਾਕ ਗ੍ਰਹਿਣ ਕਰਦਾ ਹੈ। ਆਧੁਨਿਕਤਾ ਦੇ ਮਾਡਲ ਲੋਕਧਾਰਾਈ ਵਰਤਾਰੇ ਨੂੰ ਅਣਗੋਲਾ ਕਰਦੇ ਸੀ ਕਿਉਂਕਿ ਉਹ ਮੁੱਖ ਰੂਪ ਵਿਚ ਮੌਖਿਕ ਵਰਤਾਰਾ ਹੈ ਪਰ ਉੱਤਰ-ਆਧੁਨਿਕਤਾਵਾਦ ਨੇ ਮੌਖਿਕ ਵਰਤਾਰੇ ਵਿੱਚੋਂ ਵੀ ਤੱਥਾਂ ਨੂੰ ਨਿਰੋਲ ਵਿਗਿਆਨਕਤਾ ਵਿਚ ਹੀ ਨਹੀਂ ਸਗੋਂ ਲੋਕਧਾਰਾਈ ਵਰਤਾਰੇ ਦੇ ਸਮਕਾਲੀ ਸੱਚ ਵਿੱਚੋਂ ਵੀ ਪਛਾਣ ਕੀਤੀ ਹੈ। ਆਧੁਨਿਕਤਾਵਾਦੀਆਂ ਵੱਲੋਂ ਕੱਟੜਤਾ ਨਾਲ ਬਣਾਈ ਹੋਈ ਅਧਿਐਨ ਵਿਧੀ ਵੱਖ-ਵੱਖ ਸੱਭਿਆਚਾਰਾਂ ਉੱਪਰ ਥੋਪੀ ਜਾਂਦੀ ਸੀ ਪਰ ਉੱਤਰ-ਆਧੁਨਿਕਤਾਵਾਦ ਉਪ-ਸੱਭਿਆਚਾਰਾਂ ਦੇ ਪੇਚੀਦਾ ਮਸਲਿਆਂ ਨੂੰ ਵੀ ਵਿਚਾਰਦਾ ਹੈ। ਅਰਥਾਤ ਇਕ ਪਿੰਡ ਵਿਚ ਸਰਪੰਚ, ਮਜ਼ਦੂਰ, ਸਰਪੰਚ ਦੀ ਪਤਨੀ ਅਤੇ ਮਜ਼ਦੂਰ ਦੀ ਪਤਨੀ ਦੀਆਂ ਮੁਸ਼ਕਲਾਂ ਅੱਡ-ਅੱਡ ਹੋਣਗੀਆਂ। ਇਹ ਮਨੁੱਖੀ ਵਿਅਕਤੀਗਤ ਆਜ਼ਾਦੀ ਨੂੰ ਪਹਿਲ ਦੇ ਆਧਾਰ ਤੇ ਵੰਡਦਾ ਹੈ। ਆਧੁਨਿਕਤਾ ਦੀ ਅਧਿਐਨ ਵਿਧੀ ਵੱਖਰਤਾਵਾਂ ਅਤੇ ਸਥਾਪਨਾਵਾਂ ਨੂੰ ਨਕਾਰਦੀ ਹੋਈ ਇਕ ਭਾਸ਼ਾ ਦੀ ਮੰਗ ਕਰਦੀ ਹੈ। ਲਿਉਤਾਰਦ ਲਿਖਦਾ ਹੈ ਕਿ ਵਿਗਿਆਨਕ ਗਿਆਨ ਇਹ ਮੰਗ ਕਰਦਾ ਹੈ ਕਿ ਇਕ ਭਾਸ਼ਾ ਦੀ ਖੇਡ ਅਤੇ ਸੰਕੇਤ ਨੂੰ ਬਰਕਰਾਰ ਰੱਖਿਆ ਜਾਵੇ ਅਤੇ ਬਾਕੀ ਸਭ ਨੂੰ ਬਾਹਰ ਰੱਖਿਆ ਜਾਵੇ (1979:25)। ਇਸ ਤਰ੍ਹਾਂ ਗਿਆਨ ਅਤੇ ਸਮਾਜ ਦਾ ਰਿਸ਼ਤਾ ਓਪਰਾ ਰਹਿ ਜਾਂਦਾ ਹੈ। ਇਸ ਸਮੱਸਿਆ ਨੂੰ ਉਪਦੇਸ਼ਾਂ ਦੁਆਰਾ ਹੱਲ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਸਮਾਜ ਦਾ ਛੋਟੇ ਤੋਂ ਛੋਟਾ ਕਣ ਵਿਗਿਆਨਕ ਯੋਗਤਾ ਨਹੀਂ ਗ੍ਰਹਿਣ ਕਰ ਸਕਦਾ ਹੈ। ਉੱਤਰ-ਆਧੁਨਿਕਤਾਵਾਦ ਦੇ ਅਧਿਐਨ ਮਾਡਲ ਵਿਚ ਭਾਸ਼ਾ ਜੋ ਕਿ ਵਿਸ਼ਵ ਦੀ ਰਾਜਨੀਤੀ ਵਿਚ ਕਿਵੇਂ ਇਕ ਹਥਿਆਰ ਵਜੋਂ ਪੇਸ਼ ਹੋਈ। ਇਸ ਬਾਰੇ ਡਾ. ਗੁਰਭਗਤ ਲਿਖਦੇ ਹਨ ਕਿ ਨੀਤਸ਼ੇ, ਹਾਇਡਿਗਰ, ਬਾੱਤਈ, ਹੋਰਕਾਈਮਰ ਅਤੇ ਐਡਰਨੋ ਦੀ ਆਧੁਨਿਕਵਾਦ ਉੱਤੇ ਕੀਤੀ ਆਲੋਚਨਾ ਵਿੱਚੋਂ ਉੱਤਰ-ਆਧੁਨਿਕਤਾਵਾਦ ਲਈ ਦੋ ਮੁੱਦੇ ਬੜੇ ਸਪਸ਼ਟ ਰੂਪ ਵਿਚ ਸਥਾਪਿਤ ਹੋ ਗਏ ਵਿਵੇਕਸ਼ੀਲ ਆਤਮ ਅਤੇ ਇੱਕਾਰਥਿਕਤਾ ਜਾਂ ਅਧਿਕੇਂਦਰਵਾਦ। ਇਹਨਾਂ ਦੋਹਾਂ ਮੁੱਦਿਆਂ ਬਾਰੇ ਮਹੱਤਵਪੂਰਨ ਸੰਕਲਪ ਯਾਕ ਦੈਰੀਦਾ ਨੇ ਆਪਣੀ ਪੁਸਤਕ ਸਪੀਚ ਐਂਡ ਫੈਨੋਮਨਾ ਵਿਚ ਸ਼ਾਮਿਲ ਨਿਬੰਧ "ਡਿਫਰਾਂਸ" ਰਾਹੀਂ ਦਿੱਤਾ ਜਿਸ ਵਿਚ ਉਸ ਨੇ ਇਹ ਸਥਾਪਿਤ ਕੀਤਾ ਕਿ ਭਾਸ਼ਾ ਦਾ ਕੋਈ ਸੰਗਠਨ

ਇਕਾਰਥੀ ਨਹੀਂ ਹੁੰਦਾ। ਕਾਲ ਦੀ ਮਧਿਅਸਥਤਾ ਨਾਲ ਇਸ ਵਿਚ ਆਤਮ ਦੀ ਅਕਾਂਖਿਆ ਜਾਂ ਇੱਛਾ ਦੀ ਪੂਰਤੀ ਨਹੀਂ ਹੁੰਦੀ। ਭਾਸ਼ਾ ਸੰਗਠਨ ਵਿਚ ਅਰਥ ਸੰਗਠਿਤ ਹੁੰਦੇ ਰਹਿੰਦੇ ਹਨ। ਇਸ ਧਾਰਨਾ ਦਾ ਸਿੱਧਾ ਅਰਥ ਇਹ ਹੈ ਕਿ ਨਾ ਆਤਮਾ ਹੀ ਇਕਾਰਥਿਕ ਹੈ ਅਤੇ ਨਾ ਹੀ ਇਸ ਦੇ ਰਚੇ ਭਾਸ਼ਾ ਸੰਗਠਨ। ਹਰ ਭਾਸ਼ਾ ਸੰਗਠਨ, ਇਸ ਲਈ, ਕਈ ਪ੍ਰਕਾਰ ਦੇ ਨਿਮਨ-ਚੇਤਨ ਅੰਸ਼ਾਂ ਜਾਂ ਪਸਾਰਾਂ ਦੀ ਅਣਸੰਗਠਨੀ ਨੂੰ ਬਿਰਤੀ ਵਜੋਂ ਵੀ ਵੇਖਿਆ ਜਾ ਸਕਦਾ ਹੈ। ਬੜੇ ਗੁੰਝੇ ਅਤੇ ਸੰਜਮੀ ਰੂਪ ਵਿਚ ਦੈਰੀਦਾ ਨੇ ਇਸ ਸੰਕਲਪ ਵਿਚ ਮਾਰਕਸੀ ਅਤੇ ਫਰਾਇਡੀ ਅੰਤਰ-ਦ੍ਰਿਸ਼ਟੀਆਂ ਸ਼ਾਮਿਲ ਕਰ ਦਿੱਤੀਆਂ ਹਨ। ਭਾਸ਼ਾ ਸੰਗਠਨ ਬਾਰੇ ਇਹ ਅਣਇਕਾਰਥਿਕ ਧਾਰਨਾ ਮੁੱਢਲੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ। ਇਸ ਨਾਲ ਦਰਸ਼ਨ, ਰਾਜਨੀਤੀ, ਸਮਾਜ ਕੌਮ ਆਦਿ ਨਾਲ ਸੰਬੰਧਿਤ ਸਭ ਸੰਕਲਪਾਂ ਬਾਰੇ ਪੁਨਰ ਸੋਚ ਦੀ ਲੋੜ ਮਹਿਸੂਸ ਹੋਈ। ਦੈਰੀਦਾ ਦੇ ਸਮਕਾਲੀ ਲਾਕਾਂ ਨੇ ਆਪਣੀ ਪੁਸਤਕ ਐਕਰਿ(ਤਸ) ਅਤੇ ਮਨੋਵਿਸ਼ਲੇਸ਼ਣ ਬਾਰੇ ਲੇਖਾਂ ਰਾਹੀਂ ਇਹ ਸਪਸ਼ਟ ਕੀਤਾ ਕਿ ਆਤਮ ਨਿਜ ਤੱਕ ਸੀਮਤ ਨਹੀਂ ਅਤੇ ਨਾ ਹੀ ਇਕ ਬੰਦ ਇਕਾਈ ਹੈ, ਇਸ ਦੀ ਸਾਜਨਾ "ਪਰ" ਦੀ ਮਧਿਅਸਥਤਾ ਨਾਲ ਹੀ ਹੁੰਦੀ ਹੈ। ਲਾਕਾਂ ਨੇ ਮੈਟੋਨਮੀ ਅਤੇ ਮੈਟਾਫਰ ਨੂੰ ਵੀ ਆਤਮ-ਪਰ ਦੇ ਪ੍ਰਵਚਨ ਵਜੋਂ ਪੇਸ਼ ਕੀਤਾ (ਗੁਰਭਗਤ ਸਿੰਘ, 2000:3-4)। ਉੱਤਰ-ਆਧੁਨਿਕਤਾਵਾਦ ਅਧਿਐਨ ਵਿਧੀ ਨੂੰ ਆਧੁਨਿਕਤਾ ਦੇ ਚੌਖਟੇ ਵਿਚ ਨਾ ਦੇਖਿਆ ਜਾਵੇ ਕਿਉਂਕਿ ਜਦੋਂ ਅਸੀਂ ਇਸ ਵਿਧੀ ਨੂੰ ਉਸ ਚੌਖਟੇ ਰਾਹੀਂ ਨਿਹਾਰਦੇ ਹਾਂ ਤਾਂ ਸਾਨੂੰ ਉੱਤਰ-ਆਧੁਨਿਕਤਾਵਾਦ ਦਰਸ਼ਨ ਤੋਂ ਬਗੈਰ ਲਗਦਾ ਹੈ। ਇਸ ਵਿਚ ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਸਾਡੀ ਭਾਸ਼ਾ ਦਾ ਮੁਹਾਵਰਾ ਵੀ ਆਧੁਨਿਕਤਾਵਾਦ ਰਾਹੀਂ ਹੀ ਉਜਾਗਰ ਹੋਇਆ ਹੈ ਇਸ ਲਈ ਡਾ. ਮਨਮੋਹਨ ਲਿਖਦੇ ਹਨ ਕਿ ਉੱਤਰ-ਆਧੁਨਿਕ ਚਿੰਤਨ ਹਮੇਸ਼ਾਂ ਹੀ ਭਾਸ਼ਾ ਦੇ ਹੋਰ/ਦੂਜੇ ਨਾਲ ਸਰੋਕਾਰਿਤ ਰਿਹਾ ਹੈ। ਲੋਗੋਸੈਂਟਰੀਸੀਜ਼ਮ ਦਾ ਕਰੀਟੀਕ ਅਸਲ 'ਚ ਹੈ ਹੀ ਹੋਰ/ਦੂਜੇ ਅਤੇ ਭਾਸ਼ਾ ਦੇ ਹੋਰ/ਦੂਜੇ ਦੀ ਤਲਾਸ਼। ਪੱਛਮੀ ਮੂਲ ਪ੍ਰਵਿਰਤੀਆਂ ਨੇ ਜਿਵੇਂ ਲੋਗੋਸੈਂਟਰੀਸੀਜ਼ਮ, ਜੋ ਕਿ ਸਦੀਵੀ ਸੱਚ ਦੀ ਹੋਂਦ 'ਚ ਵਿਸ਼ਵਾਸ ਨੂੰ ਦਰਸਾਉਂਦੀ ਹੈ। ਦੂਜੀ ਹੈ, ਈਗੋਸੈਂਟਰੀਸੀਜ਼ਮ, ਜੋ ਕਿ ਸਦੀਵੀ ਸਵੈ ਤੇ ਵਿਸ਼ਵਾਸ ਜਿਤਾਉਂਦੀ ਹੈ। ਤੀਜੀ ਹੈ, ਫੋਨੋਸੈਂਟਰੀਸੀਜ਼ਮ, ਜੋ ਕਿ ਲਿਖਤ ਉੱਪਰ ਧੁਨੀ ਦੀ ਪਹਿਲ ਦਰਜ ਕਰਾਉਂਦੀ ਹੈ। ਚੌਥੀ ਹੈ, ਫੈਲੋਸੈਂਟਰੀਸੀਜ਼ਮ, ਜੋ ਨਾਰੀ ਪੈਰਾਡਾਈਮ ਉੱਪਰ ਮਰਦ ਦੇ ਦਾਬੂ ਤੇ ਭਾਰੂ ਹੋਣ ਵੱਲ ਸੰਕੇਤ ਕਰਦੀ ਹੈ। ਪੰਜਵੀਂ, ਏਥਨੋਸੈਂਟਰੀਸੀਜ਼ਮ, ਜੋ ਦੂਜੇ/ਹੋਰ ਸੱਭਿਆਚਾਰਾਂ ਤੇ ਬੌਧਿਕ ਪਰੰਪਰਾ ਉੱਪਰ ਕਿਸੇ ਭਾਰੂ ਸੱਭਿਆਚਾਰ ਤੇ ਬੌਧਿਕ ਪਰੰਪਰਾ ਦੀ ਉਤਮਤਾ ਦਰਸਾਉਂਦੀ ਹੈ। ਇਹ ਸਾਰੀਆਂ ਪ੍ਰਵਿਰਤੀਆਂ ਉੱਤਰ-ਆਧੁਨਿਕਤਾ ਦੇ ਨਿਸ਼ਾਨੇ ਤੇ ਰਹੀਆਂ ਹਨ। ਇਕ ਲਹਿਰ ਵਜੋਂ ਉੱਤਰ-ਆਧੁਨਿਕਤਾ (ਜੋ ਕਿ ਆਧੁਨਿਕਤਾ ਕਾਰਨ ਹੀ ਪੈਦਾ ਹੋਈ) ਆਧੁਨਿਕਤਾ ਨੂੰ ਸਥਿਰਤਾ, ਸਪਸ਼ਟਤਾ/ਸੰਪੂਰਨਤਾ, ਸੰਸਥਾਈਕਰਣਤਾ, ਕੇਂਦ੍ਰੀਅਤਾ ਤੇ ਕੱਟੜਤਾ ਆਦਿ ਮੁੱਦਿਆਂ ਉੱਪਰ ਆੜੇ ਹੱਥੀਂ ਲੈਂਦੀ ਹੈ। ਇਸਦੇ ਬਰਅਕਸ ਇਸਦੇ ਮੁੱਦੇ ਨੇ: ਬਹੁਵਚਨਤਾ, ਅੰਤਰਕਸ਼ੀਲਤਾ, ਬਿਖਰਾਓਪਨ, ਗੁਨਾਹ, ਆਤਮਘਾਤ ਅਤੇ ਲਿੰਗਕਤਾ, ਜਿਨ੍ਹਾ ਨੂੰ ਕਿ ਆਧੁਨਿਕਤਾ ਨੇ ਸਦਾ ਨਜ਼ਰਅੰਦਾਜ਼ ਕੀਤੀ ਰੱਖਿਆ ਹੈ (ਮਨਮੋਹਨ, 2018:84)। ਇਸ ਆਧੁਨਿਕਤਾ ਦੇ ਸਿਖਰ ਨਾਲ ਅਕਾਦਮਿਕਤਾ ਵੀ ਪੂਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਈ ਹੈ। ਅਸਲ ਵਿਚ ਪਰੰਪਰਾ ਤੇ ਆਧੁਨਿਕਤਾ ਇਕ ਬਹੁਤ ਵੱਡੇ ਖੱਪੇ ਨਾਲ ਸ਼ੁਰੂ ਹੋਈ ਜਿਸ ਨੇ ਸਮਾਂ ਸਥਾਨ ਦੇ ਸੰਦਰਭ ਨੂੰ ਅਣਗੌਲੇ ਕੀਤਾ। ਪਰੰਪਰਾ ਦੇ ਇਕ ਹਿੱਸੇ ਨੂੰ ਹੀ ਅਸਲ ਸੱਚ ਮੰਨ ਕੇ ਆਧੁਨਿਕਤਾ ਨੂੰ ਵਿਹਾਰਕਤਾ ਵਿਚ ਲਿਆਂਦਾ। ਉੱਤਰ-ਆਧੁਨਿਕਤਾਵਾਦ ਪਰੰਪਰਾ ਨਾਲ ਸੰਵਾਦਕ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 17-27

ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਉਦਾਹਰਨ ਲਈ ਔਰਤ ਦੇ ਸਰੋਕਾਰਾਂ ਦਾ ਅਧਿਐਨ ਕਰਨ ਲਈ ਉਸ ਦੀ ਮਾਤਾ ਅਤੇ ਉਸ ਦੀ ਬੇਟੀ ਦੀ ਸੰਪੂਰਨਤਾ ਵਿਚ ਵੱਖਰਤਾਵਾਂ ਦੀ ਪਛਾਣ ਨੂੰ ਬਰਕਰਾਰ ਰੱਖਦੇ ਹੋਏ ਉਸਦੀ ਸਪੇਸ ਨੂੰ ਨਿਰਧਾਰਿਤ ਕਰਦਾ ਹੈ। ਆਧੁਨਿਕਤਾ ਦੇ ਇਸ ਮਾਡਲ ਬਾਰੇ ਐਲਨ ਲਿਉ ਦਾ ਵਿਚਾਰ ਹੈ ਕਿ ਉੱਤਰ-ਉਦਯੋਗਿਕ ਪੱਛਮ ਵਿਚ ਹਜ਼ਾਰ ਸਾਲ ਦੇ ਇਤਿਹਾਸ ਨੇ ਅਸਪਸ਼ਟ ਸ਼ੁਰੂਆਤ ਅਤੇ ਅਸਪੱਸ਼ਟ ਅੰਤਾਂ ਦੀ ਕੋਈ ਨਵੀਂ ਚੇਤਨਾ ਸ਼ੁਰੂ ਕੀਤੀ ਹੈ। (Alan Liu, 2008:1)

ਪੰਜਾਬੀ ਨਾਰੀ ਕਵਿਤਾ ਵਿਚ 1990 ਈ. ਤੋਂ ਉਪਰੰਤ ਵੱਡੇ ਪੱਧਰ ਤੇ ਤਬਦੀਲੀ ਵਾਪਰੀ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ ਵਿਗਿਆਨ, ਤਕਨਾਲੋਜੀ ਅਤੇ ਮੀਡੀਏ ਦੇ ਪਾਸਾਰ ਨੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬੀ ਕਵਿਤਾ ਵਿਚ ਵੀ ਕਈ ਨਵੇਂ ਪ੍ਰਯੋਗ ਕੀਤੇ ਗਏ ਹਨ। ਸਮਕਾਲੀ ਪੰਜਾਬੀ ਕਵਿਤਾ ਨੇ ਹੋਰ ਬਹੁਤ ਸਾਰੇ ਵਿਸ਼ਿਆਂ ਤੋਂ ਇਲਾਵਾ ਹਾਸ਼ੀਆਗਤ ਲੋਕਾਂ ਅਤੇ ਮਨੁੱਖ ਦੇ ਨਿੱਜ ਦੇ ਸਰੋਕਾਰਾਂ ਨੂੰ ਵੀ ਬੜੀ ਬਾਰੀਕੀ ਨਾਲ ਉਭਾਰਿਆ ਹੈ। ਵਿਸ਼ਵੀਕਰਨ ਦੇ ਇਸ ਯੁੱਗ ਵਿਚ ਹਰ ਮਨੁੱਖ ਪੂੰਜੀਵਾਦ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਭਾਵਿਤ ਹੈ। ਇਸ ਲਈ ਸਮਕਾਲੀ ਪੰਜਾਬੀ ਨਾਰੀ ਕਵਿਤਾ ਦੇ ਸਰੋਕਾਰਾਂ ਵਿਚ ਵੀ ਵੱਡੀ ਪੱਧਰ ਤੇ ਅੰਤਰ ਵਾਪਰਿਆ ਹੈ। ਸਮਕਾਲੀ ਨਾਰੀ ਕਵਿੱਤ੍ਰੀਆਂ ਨੇ ਕਵਿਤਾ ਵਿਚ ਕਈ ਨਵੇਂ ਪ੍ਰਯੋਗ ਕੀਤੇ ਹਨ। ਵਨੀਤਾ ਨੇ ਵੀ ਪਰੰਪਰਾਗਤ ਨਾਰੀਵਾਦੀ ਸਰੋਕਾਰਾਂ ਨੂੰ ਕੱਟੜ ਹੋਣ ਤੋਂ ਬਚਾ ਕੇ ਉੱਤਰ- ਆਧੁਨਿਕ ਸਰੋਕਾਰਾਂ ਰਾਹੀਂ ਆਪਣੀ ਕਾਵਿ ਚੇਤਨਾ ਨੂੰ ਵਿਸਤ੍ਰਿਤ ਕੀਤਾ ਹੈ। ਨਾਰੀਵਾਦ ਸਿੱਧਾਂਤ ਆਪਣੇ ਦੂਸਰੇ ਪੜਾਅ (1980 ਈ:) ਵਿਚ ਕੱਟੜ ਹੋ ਗਿਆ ਸੀ। ਇਸ ਨਾਲ ਇਸ ਦੀ ਸਿੱਧਾਂਤਕ ਗਤੀਵਿਧੀ ਵਿਚ ਖੜੋਤ ਆ ਗਈ ਸੀ। ਨਾਰੀਵਾਦ ਦੇ ਬਰਾਬਰਤਾ ਦੇ ਸਰੋਕਾਰ ਨੂੰ ਅੰਤਿਮ ਰੂਪ ਉੱਤਰ- ਆਧੁਨਿਕਤਾ ਨੇ ਦਿੱਤਾ। ਉਹਨਾਂ ਨੇ ਔਰਤ ਅਤੇ ਮਰਦ ਦੀ ਤੁਲਨਾ ਨੂੰ ਵੱਖ ਕਰ ਦਿੱਤਾ ਕਿਉਂਕਿ ਦੋਹਾਂ ਦੀ ਸਰੀਰਕ ਬਣਤਰ ਵਿਚ ਫ਼ਰਕ ਹੈ। ਉੱਤਰ- ਆਧੁਨਿਕ ਚਿੰਤਕਾਂ ਮਨੁੱਖਾਂ ਉਪਰ ਧਿਆਨ ਕੇਂਦ੍ਰਿਤ ਕੀਤਾ। ਉਹਨਾਂ ਨੇ ਇਹ ਧਾਰਨਾ ਦਿੱਤੀ ਕਿ ਨਾਰੀ ਦਾ ਅਧਿਐਨ ਕਰਨ ਲਈ ਉਸ ਦੇ ਸਮਾਜਕ ਆਰਥਿਕ ਤੇ ਰਾਜਨੀਤਕ ਸਰੋਕਾਰਾਂ ਤੋਂ ਵੀ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਉਹਨਾਂ ਅਨੁਸਾਰ ਮਸਲੇ ਦਾ ਹਲ ਔਰਤ ਜਾਂ ਮਰਦ ਹੋਣ ਵਿਚ ਨਹੀਂ ਸਗੋਂ ਉੱਥੇ ਦੇ ਸਮਕਾਲੀ ਸਭਿਆਚਾਰਕ ਹਾਲਤਾਂ ਵਿਚ ਨਿਹਿਤ ਹੈ। ਵਨੀਤਾ ਆਪਣੇ ਕਾਵਿ ਵਿੱਚ ਉੱਤਰ- ਆਧੁਨਿਕ ਸਰੋਕਾਰਾਂ ਨੂੰ ਬਿਆਨ ਕਰਦੀ ਹੋਈ ਲਿਖਦੀ ਹੈ: ਸਮੱਸਿਆ ਤੇਰੀ ਮੇਰੀ ਆਦਮ ਹਵਾ ਜ਼ਾ ਮਰਦ ਔਰਤ ਦੀ ਨਹੀਂ ਦੁਵਿਧਾ ਉਹਨਾਂ 'ਚ ਪਸਰੇ ਰਿਸ਼ਤਿਆਂ ਤੇ ਰਿਸ਼ਤਿਆਂ ਦੀ ਜਕੜਨ ਦੀ ਜਦੋਂ ਰਿਸ਼ਤਿਆਂ ਤੋਂ ਪਾਰ ਤੂੰ ਮੈਂ ਨੂੰ ਵੇਖਿਆ ਮਹਿਸੂਸਿਆ ! (ਵਨੀਤਾ,2002:23)

ਵਨੀਤਾ ਮਰਦ ਅਤੇ ਔਰਤ ਦੀ ਵੱਖਰਤਾ ਨੂੰ ਸਮਝਦੀ ਹੈ। ਉਸ ਅਨੁਸਾਰ ਮਰਦ ਤੇ ਔਰਤ ਵੱਡੇ ਛੋਟੇ ਹੋ ਸਕਦੇ ਹਨ। ਪਰ ਇਹ ਅਕਾਂਖਿਆਵਾਂ ਇਸ ਕਰਕੇ ਬਰਾਬਰ ਹਨ ਕਿਉਂਕਿ ਦੋਨੋਂ ਹੀ ਇਕੋ ਸਮਾਜ ਦੇ ਵਸਨੀਕ ਹਨ। ਇਸ ਲਈ ਔਰਤ ਅਤੇ ਮਰਦ ਦਾ ਮੂਲ ਨਿਖੇੜਾ ਸਰੀਰਕ ਬਣਤਰ ਆਦਿ ਤੋਂ ਕੀਤਾ ਜਾ ਸਕਦਾ ਹੈ। ਜਦੋਂ ਅਸੀਂ ਔਰਤ ਨੇ ਮਨੁੱਖਾਂ ਵਾਂਗ ਵਿਹਾਰ ਦੀ ਵਰਤੋਂ ਵਿਚ ਲਿਆਉਂਦੇ ਹਾਂ ਤਾਂ ਵੱਖਰਤਾ ਦਾ ਸਰੋਕਾਰ ਖ਼ਤਮ ਹੋ ਜਾਂਦਾ ਹੈ। ਇਸ ਤੋਂ ਉਪਰੰਤ ਨਾਰੀਵਾਦ ਨੇ ਇਹ ਧਾਰਨਾ ਦਿੱਤੀ ਸੀ ਕਿ ਮਰਦ ਹੀ ਔਰਤ ਦੀਆਂ ਮਸ਼ਕਲਾਂ ਦੀ ਜੜ੍ਹ ਹੈ। ਇਸ ਨੂੰ ਪੱਟ ਦਿੱਤਾ ਜਾਵੇ। ਪਰ ਉੱਤਰ-ਆਧੁਨਿਕ ਚੇਤਨਾ ਵਾਲੀ ਕਵਿੱਤ੍ਰੀ ਵਨੀਤਾ ਇਸ ਤਰਾਂ ਲਿਖਦੀ ਹੈ:

ਤੂੰ ਤੇ ਮੈਂ

ਮਰਦ................

ਔਰਤ ਤਾਂ

ਵੱਡੇ ਛੋਟੇ ਹੋ ਸਕਦੇ ਹਨ

ਪਰ ਖ਼ਾਹਿਸ਼ਾ ਵੱਡੀਆਂ-ਛੋਟੀਆਂ ਨਹੀਂ ਹੁੰਦੀਆਂ

ਖ਼ਾਹਿਸ਼ਾਂ

ਮਹਿਜ਼

ਖ਼ਾਹਿਸ਼ਾਂ ਹੀ ਹੁੰਦੀਆਂ ਹਨ (2002:58)

ਵਨੀਤਾ ਕਾਵਿ ਵਿਚ ਸ਼ਬਦਾ ਤੇ ਅਰਥਾਂ ਪੱਧਰ ਤੇ ਵੀ ਸੰਵਾਦ ਹੈ।। ਸੰਰਚਨਾਵਾਦੀ ਕੇਂਦਰ ਉੱਪਰ ਕੇਂਦਰ ਕਰਕੇ ਅਰਥਾਂ ਦੇ ਫੈਲਾਅ ਨੂੰ ਰੋਕ ਦਿੰਦੇ ਹਨ। ਪਰ ਉੱਤਰ-ਸੰਰਚਨਾਵਾਦੀ ਅਰਥਾਂ ਦੀ ਵਿਸਤਾਰ ਅਵਸਥਾ ਤੋਂ ਜਾਣੂ ਕਰਵਾਉਂਦੇ ਹਨ। ਉੱਤਰ-ਸੰਰਚਨਾਵਾਦ, ਉੱਤਰ-ਨਾਰੀਵਦ, ਉੱਤਰ-ਬਸਤੀਵਾਦ ਅਤੇ ਉੱਤਰ- ਆਧੁਨਿਕਤਾਵਾਦ ਬਹੁਵਾਦ ਦੀ ਪ੍ਰਕਿਰਿਆ ਨਾਲ ਸੰਵਾਦ ਰਚਾਉਂਦੇ ਹਨ। ਸਾਸਿਊਰ ਦੇ ਸੰਰਚਨਾਵਾਦੀ ਮਾਡਲ ਨੂੰ ਉੱਤਰ-ਸੰਰਚਨਾਵਾਦੀ ਯੱਕ ਦੈਰਿਦਾ ਨੇ ਨਵੇਂ ਅਰਥ ਪ੍ਰਦਾਨ ਕੀਤੇ। ਨਾਰੀਵਾਦ ਦਾ ਸਿੱਧਾਂਤ ਵੀ ਸੀਮਾ-ਬੱਧ ਪ੍ਰਬੰਧ ਨੂੰ ਹੀ ਮਜ਼ਬੂਤ ਕਰਦਾ ਹੈ। ਪਰ ਉੱਤਰ-ਆਧੁਨਿਕਤਾਵਾਦ ਸੀਮਾ-ਬੱਧ ਪ੍ਰਬੰਧ ਨੂੰ ਤੋੜ ਦਿੰਦਾ ਹੈ। ਪਾਠ ਦੇ ਅਰਥ ਸੰਦਰਭ ਮੂਲਕ ਹੋ ਜਾਂਦੇ ਹਨ। ਸਮਕਾਲੀ ਪੰਜਾਬੀ ਕਵਿਤਾ ਵੀ ਨਵੇਂ ਅਰਥਾਂ ਨਾਲ ਦ੍ਰਿਸ਼ਟੀਗੋਚਰ ਹੈ। ਵਨੀਤਾ ਕਾਵਿ ਦ੍ਰਿਸ਼ਟੀ ਵੀ ਉੱਤਰ-ਆਧੁਨਿਕ ਕਵਿਤਾ ਨੂੰ ਜਨਮ ਦਿੰਦੀ ਹੈ:

ਇਕ ਇਕ ਸ਼ਬਦ ਦੇ

ਸੌ ਸੌ ਮਾਅਨੇ

ਕੀ ਪਤਾ !

ਕੌਣ ਕੀ ਪਹਿਚਾਣੇ?

ਇਕ ਸਾਜ ਸਤ ਸੁਰਾਂ

ਸੁਰ ਵਿਚ

ਰਾਗ

ਅਲਾਪ

ਤਰਾਨੇ

ਵਿਚ ਰਾਗਾਂ

ਬਹਾਰ-ਬਿਹਾਗੜਾ

ਨਾਦ

ਸ਼ਬਦ

ਰਾਗ

ਵੈਰਾਗ (1997:18)

ਉੱਤਰ-ਆਧਿਨੁਕਤਾਵਾਦ ਨਾਰੀ ਦੇ ਅਧਿਐਨ ਸਮੇਂ ਇਸ ਬਿੰਦੂ ਉਪਰ ਵੀ ਜ਼ੋਰ ਦਿੰਦਾ ਹੈ ਕਿ ਜਿਸ ਸਮੇਂ ਸਥਾਨ 'ਤੇ ਨਾਰੀ ਦਾ ਅਧਿਐਨ ਹੋਣਾ ਹੈ ਉਥੋਂ ਦੇ ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਪਸਾਰਾਂ ਤੋਂ ਵੀ ਭਲੀ ਭਾਂਤ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਨਾਰੀਵਾਦ ਦਾ ਸਿੱਧਾਂਤ ਜਿਵੇਂ ਦੁਨੀਆ ਭਰ ਦੀਆਂ ਔਰਤਾਂ ਨੂੰ ਨਾਰੀਵਾਦ ਦੇ ਅਜਿਹੇ ਝੰਡੇ ਥੱਲੇ ਹੋਣ ਲਈ ਉਕਸਾਉਂਦਾ ਹੈ ਜੋ ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਪਸਾਰਾਂ ਤੋਂ ਅਭਿੱਜ ਹੈ। ਇਸੇ ਲਈ ਉਸ ਦੇ ਵਿਰੋਧ ਦਾ ਕੇਂਦਰ ਬਿੰਦੂ ਸਿਰਫ਼ ਮਰਦ ਅਤੇ ਸਮਾਜ ਹੀ ਬਣਦਾ ਹੈ ਪਰ ਉੱਤਰ-ਆਧਿਨੁਕਤਾਵਾਦ ਚਿੰਤਕ ਵਰਤਮਾਨ ਸਥਿਤੀਆਂ ਦਾ ਸੂਖ਼ਮ ਅਧਿਐਨ (Micro Analysis) ਉਪਰ ਜ਼ੋਰ ਦਿੰਦਾ ਹੈ। ਇਸੇ ਤਰ੍ਹਾਂ ਮਨਜੀਤਪਾਲ ਕੌਰ ਦਾ ਕਾਵਿ ਇਹਨਾਂ ਬਾਰੀਕੀਆਂ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ ਜੋ ਨਾਰੀਵਾਦ ਕੋਲੋਂ ਅਣਗੌਲੇ ਰਹਿ ਗਏ ਸਨ। ਉਹ ਲਿੰਗ ਦੇ ਅਰਥਾਂ ਦਾ ਪੁਨਰ ਨਿਰਮਾਣ ਕਰਦੀ ਹੈ:

ਬੰਦਾ ਲਿੰਗ ਤੋਂ ਵਧ ਕੁਝ ਹੋਰ ਵੀ ਹੈ

ਜਿਸ ਨੂੰ ਇਹ ਅਹਿਸਾਸ ਹੁੰਦਾ

ਬੰਦ ਖ਼ਲਾਸੀ ਉਸ ਦੀ ਸੰਭਵ ਕਿਵੇਂ ਨਾ,

ਤੁਹਾਡੀ ਆਪਣੀ ਚੋਣ ਨਹੀਂ ਹੈ

ਮੁਹੱਬਤ ਵੀ ਜਦ

ਤੁਹਾਡਾ ਵਿਰਸਾ,

ਤੁਹਾਡਾ ਭਵਿੱਖ

ਨੂੜੀ ਖੜਾ ਹੈ, ਹਰ ਤੁਹਾਡੇ ਅੱਜ ਨੂੰ ! (ਮਨਜੀਤਪਾਲ ਕੌਰ,1985:22)

............................................

ਸਮਾਕਲੀ ਪੰਜਾਬੀ ਕਵਿਤਾ ਸਾਂਝੇ ਆਦਰਸ਼ ਤੋਂ ਮੁਕਤ ਹੋ ਕੇ ਉੱਤਰ-ਆਧੁਨਿਕਤਾ ਸੰਕਲਪ ਵਿਕੇਂਦ੍ਰਤਾ ਨਾਲ ਜੁੜ ਗਈ ਹੈ। ਇਹ ਕਵਿਤਾ ਅਨਿਸ਼ਚਤਤਾ ਦਾ ਪ੍ਰਵਚਨ ਸਿਰਜ ਰਹੀ ਹੈ। ਪੰਜਾਬੀ ਕਾਵਿ ਵਿਚ ਬਹੁਤ ਸਾਰੀ ਅਜਿਹੀ ਕਵਿਤਾ ਹੈ ਜੋ ਮਰਦ ਵਲੋਂ ਵੀ ਲਿਖੀ ਜਾ ਰਹੀ ਹੈ ਪਰ ਜ਼ਿਆਦਾਤਰ ਇਹ ਕਾਵਿ ਔਰਤ ਨੂੰ ਕਾਮ ਸੁਖ ਦੀ ਤ੍ਰਿਪਤੀ

ਹੇਠ ਮੰਡੀ ਦੀ ਵਸਤੂ ਵਿਚ ਤਬਦੀਲ ਕਰ ਦਿੰਦੇ ਹਨ। ਅਜਿਹਾ ਕਾਵਿ ਰੋਮਾਂਟਿਕਤਾ ਤੋਂ ਦੂਰੀ ਸਥਾਪਿਤ ਕਰ ਲੈਂਦਾ ਹੈ। ਸਮਕਾਲੀ ਨਾਰੀ ਕਾਵਿ ਵਿਚੋਂ ਪਾਲ ਕੌਰ ਅਜਿਹਾ ਕਾਵਿ ਸਿਰਜਦੀ ਹੈ ਜੋ ਮਨਜੀਤ ਟਿਵਾਣਾ ਵਾਂਗ ਕੱਟੜ ਨਾਰੀਵਾਦ ਨਹੀਂ ਗ੍ਰਹਿਣ ਕਰਦਾ ਸਗੋਂ ਮਰਦ ਉੱਪਰ ਆਪਣਾ ਅਹਿਸਾਨ ਕਰਨ ਤੋਂ ਉਪਰੰਤ ਵੀ ਮਰਦ ਲਈ ਉਦਾਹਰਨ ਹੀ ਬਣ ਕੇ ਉੱਭਰਦਾ ਹੈ। ਉਹ ਮਰਦ ਨੂੰ ਵੀ ਉਸ ਦੀ ਆਜ਼ਾਦੀ ਦੇਣ ਦੇ ਹੱਕ ਵਿਚ ਹੈ। ਉਹ ਉਸ ਨੂੰ ਸੱਤ ਜਨਮਾਂ ਤੱਕ ਸਾਥ ਨਿਭਾਉਣ ਦੀ ਪਰੰਪਰਾ ਨਾਲ ਨਹੀਂ ਜੋੜਦੀ ਸਗੋਂ ਉਸ ਨੂੰ ਆਜ਼ਾਦ ਕਰ ਦੇਣਾ ਚਾਹੁੰਦੀ ਹੈ। ਵੀਹਵੀਂ ਸਦੀ ਦੇ ਅਖੀਰੀਲੇ ਦਹਾਕਿਆਂ ਵਿਚ ਲਿਖਿਆ ਬਹੁਤਾ ਨਾਰੀ ਕਾਵਿ ਮਰਦ ਨੂੰ ਇਕ ਪਰੰਪਰਾ ਵਿਚ ਬੰਨਣ ਲਈ ਤੱਤਪਰ ਸੀ ਪਰ ਪਾਲ ਕੌਰ ਅਜਿਹੀ ਉੱਤਰ-ਆਧਿਨਕਤਾਵਾਦੀ ਚੇਤਨਾ ਨੂੰ ਜਨਮ ਦਿੰਦੀ ਹੈ ਜਿਸ ਨਾਲ ਦੋਨਾਂ ਦੀ ਆਜ਼ਾਦੀ ਤੇ ਕੋਈ ਫ਼ਰਕ ਨਹੀਂ ਪੈਂਦਾ। ਉਹ ਅਲਟੀਮੇਟ ਸੱਚ ਨੂੰ ਨਕਾਰਦੀ ਹੈ:

ਪਰ ਦੋਸਤ! ਕੋਈ ਪਿੰਜਰਾ ਨਹੀਂ ਮੇਰੇ ਕੋਲ
ਚਾਹਿਆ ਸੀ ਇਕ ਖ਼ੂਬਸੂਰਤ ਪੰਛੀ ਨੂੰ
ਲਡਿਆਉਣਾ, ਤਲੀਆਂ ਤੇ ਚੋਗ ਚੁਗਾਉਣਾ
ਤੇ ਉਡਾ ਦੇਣਾ ਉਸ ਨੂੰ
ਉਹਦੇ ਅੰਬਰਾਂ 'ਤੇ!
ਮੈਂ ਤਾਂ ਬੱਸ, ਹਰ ਤੂਫ਼ਾਨ ਤੋਂ ਬਾਅਦ
ਹੋਵਾਂਗੀ ਹਾਜ਼ਰ, ਲੈ ਕੇ ਪੰਖ ਹੋਰ
ਭਰਨ ਲਈ ਤੇਰੇ ਪੰਖਾਂ 'ਚ ਉਡਾਣ!
ਉਦੋਂ ਤੱਕ...
ਜਦੋਂ ਤੱਕ ਹਰ ਅੱਗ ਵਿਚੋ, ਰਾਖ ਵਿਚੋਂ
ਕੁਕਨੂਸ ਵਾਂਗ ਮੁੜ ਜੰਮਣ ਦੀ
ਤੈਨੂੰ ਆ ਨਾ ਜਾਵੇ ਜਾਚ! (ਪਾਲ ਕੌਰ,2007:47)

ਪਾਲ ਕੌਰ ਦੀ ਕਾਵਿ ਪ੍ਰਤਿਭਾ ਲਿੰਗ ਨੂੰ ਨਵੇਂ ਸਿਰਿਓਂ ਪ੍ਰਭਾਸ਼ਿਤ ਕਰਨ ਵਲ ਰੁਚਿਤ ਹੈ। ਉਹ ਲਿੰਗ ਦੀ ਬਣਤਰ ਨੂੰ ਸਮਾਜ ਦੀ ਪੈਦਾਇਸ਼ ਮੰਨਦੀ ਹੈ। ਉਸ ਅਨੁਸਾਰ ਸਭਿਆਚਾਰਕ ਪੱਖ ਦਾ ਪ੍ਰਭਾਵ ਵੀ ਕਾਫ਼ੀ ਹੁੰਦਾ ਹੈ। ਬਚਪਨ ਵਿਚ ਮਰਦ ਔਰਤ ਦਾ ਸੰਕਲਪ ਨਹੀਂ ਹੁੰਦਾ। ਇਹ ਜਟਿਲ ਰੂਪ ਧਾਰਨ ਕਰ ਜਾਂਦਾ ਹੈ। ਪਾਲ ਕੌਰ ਬਹੁਵਾਦ (Plurisam) ਦੀ ਪ੍ਰੋੜਤਾ ਕਰਦੀ ਹੋਈ ਔਰਤ ਦੇ ਬਹੁਪਸਾਰਾਂ ਤੋਂ ਜਾਣੂ ਕਰਵਾਉਂਦੀ ਹੈ । ਉਹ ਨਾਰੀ ਦੇ ਅਕਸ਼ ਦੀ ਮਹਾਨਤਾ ਨੂੰ ਉਜਾਗਰ ਕਰਦੀ ਹੈ। ਪਾਲ ਕੌਰ ਦਾ ਕਾਵਿ ਨਾਰੀ ਵਿਚਲੀ ਨਾਰੀ ਦੇ ਵਜੂਦ ਦੀ ਪੈਦਾਵਰ ਨੂੰ ਵੀ ਸਕਾਰਤਮਕ ਪੱਖ ਨਾਲ ਲੈਦਾਂ ਹੋਇਆ ਆਪਣੀ ਕਵਿਤਾ ਨੂੰ ਉੱਤਰ-ਆਧੁਨਿਕ ਅਰਥ ਗ੍ਰਹਿਣ ਕਰਨ ਲਈ ਪ੍ਰੇਰਦੀ ਹੈ:

ਬ੍ਰਹਿਮੰਡ ਦੀ ਬਾਰਿਸ਼
ਜਰੰਬ ਹੋਇਆ
ਵਜੂਦ ਮੇਰਾ
ਵਜੂਦ ਨਾਲ
ਸ਼ਰਮ ਗਿਆ ਮਨ
ਭਿਜ ਗਿਆ ਦਿਲ
ਜਗ ਪਿਆ ਮੱਥਾ
ਮਨ ਸੀ ਕੁੱਖ
ਦਿਲ ਸੀ ਕੁੱਖ
ਤੇ ਜੰਮੀ ਤੂੰ
ਮੇਰਾ ਹੀ ਰੂਪ
ਇਕ ਇਕ ਨਕਸ਼ ਲੱਗਾ ਉਘੜਨ
ਤਾਂ ਬਣ ਗਈ ਤੂੰ
ਕੋਈ ਤਲਿਸਮੀ ਸ਼ੀਸ਼ਾ
ਜਿਸ ਚ ਫੈਲਿਆ ਸੀ ਸਫ਼ਰ ਤੇਰਾ
ਦੂਰ ਦੂਰ ਤਕ ਅੱਗੇ !!" (2007:143)

ਸੁਖਵਿੰਦਰ ਅੰਮ੍ਰਿਤ ਸਮਕਾਲੀ ਪੰਜਾਬੀ ਕਾਵਿ ਵਿਚ ਵਿਸ਼ੇਸ ਸਥਾਨ ਗ੍ਰਹਿਣ ਕਰ ਚੁੱਕੀ ਹੈ। ਉਸ ਦਾ ਸਮੁੱਚਾ ਕਾਵਿ ਭਾਵੇ ਮੁਹੱਬਤ ਦੇ ਤਲਿਸਮ ਵਿਚ ਪਸਰਦਾ ਹੈ ਪਰ ਉਸ ਦੇ ਕਾਵਿ ਵਿਚ ਨਾਰੀ ਪ੍ਰਤੀ ਕਦਰਾਂ-ਕੀਮਤਾਂ ਬਲਵਾਨ ਹਨ। ਅਸਲ ਵਿਚ ਪਰੰਪਰਾ ਤੇ ਆਧੁਨਿਕਤਾ ਇਕ ਬਹੁਤ ਵੱਡੇ ਖੱਪੇ ਨਾਲ ਸ਼ੁਰੂ ਹੋਈ ਜਿਸ ਨੇ ਸਮਾਂ ਸਥਾਨ ਦੇ ਸੰਦਰਭ ਨੂੰ ਅਣਗੌਲੇ ਕੀਤਾ। ਪਰੰਪਰਾ ਦੇ ਇਕ ਹਿੱਸੇ ਨੂੰ ਹੀ ਅਸਲ ਸੱਚ ਮੰਨ ਕੇ ਆਧੁਨਿਕਤਾ ਨੂੰ ਵਿਹਾਰਕਤਾ ਵਿਚ ਲਿਆਂਦਾ। ਉੱਤਰ-ਆਧੁਨਿਕਤਾਵਾਦ ਪਰੰਪਰਾ ਨਾਲ ਸੰਵਾਦਕ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਉਦਾਹਰਨ ਲਈ ਔਰਤ ਦੇ ਸਰੋਕਾਰਾਂ ਦਾ ਅਧਿਐਨ ਕਰਨ ਲਈ ਉਸ ਦੀ ਮਾਤਾ ਅਤੇ ਉਸ ਦੀ ਬੇਟੀ ਦੀ ਸੰਪੂਰਨਤਾ ਵਿਚ ਵੱਖਰਤਾਵਾਂ ਦੀ ਪਛਾਣ ਨੂੰ ਬਰਕਰਾਰ ਰੱਖਦੇ ਹੋਏ ਉਸਦੀ ਸਪੇਸ ਨੂੰ ਨਿਰਧਾਰਿਤ ਕਰਦਾ ਹੈ। ਸੁਖਵਿੰਦਰ ਅੰਮ੍ਰਿਤ ਦਾ ਕਾਵਿ ਕੱਟੜ ਨਾਰੀਵਾਦੀ ਰੂਪ ਗ੍ਰਹਿਣ ਨਹੀਂ ਕਰਦਾ, ਸਗੋਂ ਕਠਿਨਾਈਆਂ ਦੇ ਬਾਵਜੂਦ ਆਪਣੀ ਹੋਂਦ ਦਾ ਰਸਤਾ ਅਖ਼ਤਿਆਰ ਕਰਦਾ ਹੈ ਜੋ ਉੱਤਰ-ਆਧੁਨਿਕਤਾ ਦੀ ਮਿਸਾਲ ਬਣਦਾ ਹੈ। ਉਹ ਨਾਕਾਰਤਮਕ ਪੱਖ ਫੁਰਮਾਣ ਨੂੰ ਵੀ ਸਾਕਾਰਤਮਕ ਵਿਚ ਬਦਲਣ ਦੀ ਸਮਰੱਥਾ ਰਖਦਾ ਹੈ। ਉਸ ਦੀ ਕਾਵਿ ਚੇਤਨਾ ਇਸ ਸਮਕਾਲੀ ਮਾਹੋਲ ਵਿਚ ਜਿੱਥੇ ਹੋਂਦ ਦੀ

ਤ੍ਰਾਸਦੀ ਵੱਡਾ ਸਰੋਕਾਰ ਬਣੀ ਹੈ, ਉਥੇ ਸੁਖਵਿੰਦਰ ਅੰਮ੍ਰਿਤ ਉੱਤਰ- ਆਧੁਨਿਕਤਾ ਰਾਹੀਂ ਆਪਣੀ ਤਾਕਤ ਨੂੰ ਅਜ਼ਮਾ ਰਹੀ ਹੈ।

ਮੈਂ ਸਰ ਕੀਤਾ ਹੈ ਹੈ ਭੰਵਰਾਂ ਨੂੰ
ਤੇ ਮੋੜੇ ਮੂੰਹ ਨੇ ਲਹਿਰਾਂ ਦੇ
ਤੁਸੀਂ ਵੀ ਪਰਖ ਕੇ ਵੇਖੋ
ਤੂਫਾਨੋਂ ਆਪਣੀ ਤਾਕਤ ' (ਸੁਖਵਿੰਦਰ ਅੰਮ੍ਰਿਤ,1999:53)

ਨਵੇਂ ਵਿਗਿਆਨ ਦਾ ਅਗਲਾ ਪੜਾਅ ਮੈਕਸ ਪਲੈਕ (Max Planck) ਨਾਲ ਸ਼ੁਰੂ ਹੁੰਦਾ ਹੈ। ਜਿਸ ਨੂੰ ਐਲਬਰਟ ਆਇਨਸਟਾਈਨ (Albert Einstein)ਵਰਨਰ ਹੈਜ਼ਨਬਰਗ (Werner Heisenberg)ਅਤੇ ਡੀ ਬਰਗੋਲੀ (De Broglie) ਨੇ ਨਵਾਂ ਰੂਪ ਦਿੱਤਾ ਸੀ। ਇਹ ਤਿੰਨੋਂ ਵਿਗਿਆਨੀ ਨੋਬਲ ਪੁਰਸਕਾਰ ਵਿਜੇਤਾ ਹਨ। ਇਹਨਾਂ ਦੀ ਖੋਜ ਨੇ ਇਹ ਸਿੱਧ ਕਰ ਦਿੱਤਾ ਕਿ ਪਦਾਰਥਕ ਊਰਜਾ ਸਾਡੇ ਕੋਲ ਪੁਲਾਂਘਾਂ ਵਿਚ ਆ ਰਹੀ ਹੈ ਅਤੇ ਇਕ ਸਮੇਂ ਸਥਾਨ ਵਿਚ ਅਕੁਏਰਟ ਮਾਪ ਨਹੀਂ ਸਕਦੇ।ਮੈਟਰ ਵੇਵ ਹੋ ਸਕਦਾ ਓਤੇ ਵੇਵ ਮੈਟਰ ਹੋ ਸਕਦੀ ਹੈ। ਇਸ ਲਈ ਇਹ ਸਿੱਧਾਂਤ ਪਹਿਲੇ ਵਿਗਿਆਨ ਦੇ ਮਾਇਕਰੋ ਲੈਵਲ ਸਥਿਤੀ ਤੇ ਉਲਟ ਹੋ ਜਾਂਦਾ ਹੈ। ਇਥੇ ਇਸ ਵਿਚਾਰ ਨੂੰ ਪੇਸ਼ ਕਰਨ ਦਾ ਅਰਥ ਇਹ ਹੈ ਕਿ ਅਗਰ ਸਾਡੀ ਕਾਵਿ-ਅਲੋਚਨਾ ਅਗਰ ਪੂਰਨ ਵਿਗਿਆਨਕ ਹੈ ਤਾਂ ਇਹ ਤੱਥ ਕਿਉਂ ਨਹੀਂ ਆ ਰਹੇ ਪਰ ਕਈ ਵਾਰ ਵਿਹਾਰ ਵਿਚੋਂ ਵਿਚਾਰ ਪੈਦਾ ਹੁੰਦਾ ਹੈ। ਦਲਵੀਰ ਕੌਰ ਦੀ ਚਿਤਵਣੀ ਕਊਂਟੈਂਮ ਫਿਜ਼ਿਕਸ ਦਾ ਸਿੱਧਾਂਤ ਪੇਸ਼ ਕਰ ਰਹੀ ਹੈ ਜੋ ਕਿ ਮਾਇਕਰੋ ਲੈਵਲ ਤੇ ਚਲੀ ਜਾਂਦੀਂ ਹੈ ਜਿਵੇਂ:

ਅਕੀਦੇ ਦੀ ਤੰਦੀ ਤੇ
ਜਦ ਸ਼ਬਦ ਅਰਥ......
ਤਣਦਾ ਹੈ ਤਾਂ
ਧੁੰਨੀ 'ਚ ਆਪਾ ਪ੍ਰਕਾਂਸ਼ਦਾ ਹੈ!
ਇੰਦਰੀਆਂ ਦਾ ਇਕੱਠ
ਇਕ ਜੋਤ ਹੋ ਉਭਰਦਾ ਹੈ
ਕੰਠ ਦੀ ਘੰਡੀ ਤੇ.......
ਫਿਰ ਓਹੀ......
......ਅੰਤਰ ਰਾਗ ਵਿਰਾਜਦਾ ਹੈ
ਜੋ ਮਨ ਦੀਆਂ ਮੱਛੀਆਂ ਨੇ
.......ਛਿਣ ਭਰ ਪਾਣੀ-ਸਤਹਿ ਤੇ ਆ

ਸਾਹ ਲੈਦਿਆਂ ਗਾਇਆ ਸੀ (ਦਲਵੀਰ ਕੋਰ,2022:13)

ਇਸ ਤਰਾਂ ਸਮਕਾਲੀ ਨਾਰੀ ਕਾਵਿ ਵਿਕੇਂਦਰਤਾ ਵਿਚ ਹੈ ਜੋ ਨਵੇਂ ਸਰੋਕਾਰਾਂ ਨੂੰ ਉਜਾਗਰ ਕਰ ਰਿਹਾ ਹੈ।ਇਹ ਨਾਰੀ ਕਾਵਿ ਕਿਸੇ ਖਾਸ ਤਰ੍ਹਾਂ ਦੇ ਵਰਗ ਸੰਘਰਸ਼ ਨੂੰ ਨਹੀਂ ਉਭਾਰ ਰਿਹਾ ਪਰ ਇਹ ਵੱਖਰਤਾ ਵਿੱਚੋਂ ਇੱਕ ਖਾਸ ਤਰ੍ਹਾਂ ਦੀ ਸਥਿਤੀ ਨੂੰ ਉਜਾਗਰ ਕਰ ਰਿਹਾ ਹੈ ।ਇਹ ਕਾਵਿ ਹਰ ਤਰ੍ਹਾਂ ਦੀ ਸੰਰਚਨਾ ਨੂੰ ਚੈਲੇਂਜ ਵੀ ਕਰ ਰਿਹਾ ਹੈ।ਇਸ ਲਈ ਉੱਤਰ ਆਧਨਿਕ ਪੈਰਾਡਾਈਮ ਵਿੱਚੋਂ ਕਿਸੇ ਕੇਂਦਰ ਦੀ ਮੰਗ ਰੱਖਣਾ ਮੌਲਿਕ ਸਵਾਲ ਨਹੀਂ ਬਣਦਾ ।ਵਰਤਮਾਨ ਦੌਰ ਵਿੱਚ ਮਨੁੱਖੀ ਹੋਂਦ ਪਲ ਪਲ ਵਿੱਚ ਉਜਾਗਰ ਹੋ ਰਹੀਆਂ ਪ੍ਰਸਥਿਤੀਆਂ ਨਾਲ ਹੈ ਸੰਵਾਦ ਕਰ ਰਿਹਾ ਹੈ ।ਇਸ ਲਈ ਪੰਜਾਬੀ ਨਾਰੀ ਕਾਵਿ ਇੱਕ ਅਲੱਗ ਤਰ੍ਹਾਂ ਦੀ ਵਿਹਾਰ ਦੇ ਵਿੱਚੋਂ ਸਿਧਾਂਤਕੀ ਤਿਆਰ ਕਰ ਰਿਹਾ ਹੈ ।

## ਸਹਾਇਕ ਪੁਸਤਕ- ਸੂਚੀ

1. ਸੁਖਵਿੰਦਰ ਅੰਮ੍ਰਿਤ),1999
2. ਗੁਰਭਗਤ ਸਿੰਘ, (2000) ਉੱਤਰ-ਆਧੁਨਿਕਵਾਦ, ਪਟਿਆਲਾ: ਮਦਾਨ ਪਬਲੀਕੇਸ਼ਨ
3. ਦਲਵੀਰ ਕੌਰ,(2022) ਚਿਤਵਨੀ,
4. ਮਨਜੀਤਪਾਲ ਕੌਰ,(1985) ਰੇਤ ਦਾ ਸਮੁੰਦਰ ,
5. ਮਨਮੋਹਨ, (2018) ਵਿਚਾਰਕੀ, ਲੁਧਿਆਣਾ: ਚੇਤਨਾ ਪ੍ਰਕਾਸ਼ਨ
6. ਪਾਲ ਕੌਰ,(2007) ਪੀਂਘ, ਲੁਧਿਆਣਾ
7. ਵਨੀਤਾ ,(1997) ਮੰਦਰ ਸਪਤਕ , ਨਵੀਂ ਦਿੱਲੀ
8. ਵਨੀਤਾ ,(2002 )
9. Baudrillard, Jean. Simulacra and Simulation. Translated by Sheila Faria Glaser, University of Michigan Press, 1994.
10. Derrida, Jacques. Of Grammatology. Translated by Gayatri Chakravorty Spivak, Johns Hopkins University Press, 1976.
11. Foucault, Michel. Discipline and Punish: The Birth of the Prison. Translated by Alan Sheridan, Vintage Books, 1995.
12. Liu, Alan, (2008) Local Trancendence, London: The University of Chicago Press.
13. Lytord, John-Francois, (1984) The Postmodern Condition; A Report of Knowledge, Manchester: Manchester University Press.

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 28-37

# ਸ਼ਿਵ ਕੁਮਾਰ ਰਚਿਤ 'ਲੂਣਾ': ਉਤਰ-ਆਧੁਨਿਕ ਪੜ੍ਹਤ ਤੇ ਸਭਿਆਚਾਰਕ ਪੁਨਰ-ਵਿਆਖਿਆ

**ਡਾ. ਹਰਿੰਦਰ ਕੌਰ ਸੋਹਲ**
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ**

ਸੰਜੀਦਾ ਕਾਵਿ ਦਾ ਸਿਰਜਕ ਸ਼ਿਵ ਕੁਮਾਰ ਬਟਾਲਵੀ ਆਧੁਨਿਕ ਪੰਜਾਬੀ ਕਵਿਤਾ ਦਾ ਲੋਕਪ੍ਰਿਅ ਕਵੀ ਹੈ। ਕਾਵਿ-ਸਿਰਜਣਾ ਦਾ ਸਾਧਕ ਬਣ ਜ਼ਿੰਦਗੀ ਭਰ ਬਿਰਹਾ ਦਾ ਸੱਲ ਸਹਾਰਦਾ ਸ਼ਿਵ ਔਰਤ ਦੀ ਅੰਤਰ-ਪੀੜਾ ਦੇ ਨਾਲ-ਨਾਲ, ਗਮਾਂ ਦੇ ਹਾੜੇ ਕੱਢਦਾ, ਬਿਰਹਾ ਨੂੰ ਜਨਮ ਤੋਂ ਹੀ ਆਪਣਾ ਹੋਂਦ-ਮੂਲਕ ਸੱਚ ਸਵੀਕਾਰ ਦਾ ਹੈ।'ਫ਼ਰੀਦ ਜਾਂ ਦੂਜੇ ਸੂਫ਼ੀ ਸੰਤਾਂ ਵਾਂਗ ਸ਼ਿਵ ਬਿਰਹਾ ਨੂੰ ਅਧਿਆਤਮਕ ਅਰਥ ਨਹੀਂ ਦਿੰਦਾ, ਨਾ ਉਹ ਇਸ ਦੇ ਉੱਦਾਤੀਕਰਨ ਪਿੱਛੇ ਪੈਂਦਾ ਹੈ। ਉਹ ਮਨੁੱਖੀ ਜ਼ਿੰਦਗੀ ਦੀ ਇਸ ਕੈਫ਼ੀਅਤ ਨੂੰ ਨਿਰੋਲ ਹੱਡ-ਮਾਸ ਦੀ ਪੱਧਰ 'ਤੇ ਮਾਣਨਾ ਚਾਹੁੰਦਾ ਹੈ। ਇਸ਼ਕ ਹਕੀਕੀ ਦਾ ਨਹੀਂ, ਮਜ਼ਾਜੀ ਦਾ ਕੀੜਾ ਬਣਕੇ ਇਸ ਵਿਚ ਨਹੁੰ-ਨਹੁੰ ਗ੍ਰਸਤ ਹੋਣਾ ਲੋੜਦਾ ਹੈ। ਬਿਰਹਾ ਗ੍ਰਸਤ ਦਸ਼ਾ ਵਿਚ, ਉਸ ਨੂੰ ਇਹ ਧਰਤੀ,ਸੂਰਜ, ਚੰਨ, ਬ੍ਰਹਿਮੰਡ,ਪਾਣੀ, ਪ੍ਰਕਿਰਤੀ ਜਾਂ ਇਉ ਕਹਿ ਲਓ, ਸਾਰੀ ਕਾਇਨਾਤ ਬਿਰਹਾ ਹੰਢਾਉਂਦੀ ਪ੍ਰਤੀਤ ਹੁੰਦੀ ਹੈ।'[1]

ਪ੍ਰੀਤ, ਬਿਰਹਾ, ਵਿਯੋਗ ਅਹਿਸਾਸ ਦੀ ਸ਼ਿੱਦਤ ਨੂੰ ਜਿੱਥੇ ਸ਼ਿਵ ਕੁਮਾਰ ਬਟਾਲਵੀ ਦੀ ਕਾਵਿ ਸਿਰਜਣਾ ਦੇ ਅਹਿਮ ਸਰੋਕਾਰ ਮੰਨਿਆ ਗਿਆ ਹੈ, ਉੱਥੇ ਉਹ ਸਮਕਾਲ ਵਿਚ ਵਿਚਰਦਿਆਂ ਆਪਣੇ ਕਾਵਿ ਦਾ ਵਿਲੱਖਣ ਮੁਹਾਂਦਰਾ ਸਥਾਪਿਤ ਕਰਦਾ ਹੈ।ਉਤਰ-ਆਧੁਨਿਕ ਪਰਿਪੇਖ ਦੀਆਂ ਅੰਤਰ- ਦ੍ਰਿਸ਼ਟੀਆਂ ਦੇ ਤਹਿਤ ਜਦੋਂ ਅਸੀਂ ਸ਼ਿਵ ਦੀ ਕਵਿਤਾ ਦਾ ਪੁਨਰ- ਚਿੰਤਨ ਕਰਦੇ ਹਾਂ ਤਾਂ ਲੋਕ-ਕਾਵਿ ਸੰਵੇਦਨਾ ਨਾਲ ਲਬਰੇਜ਼ ਉਸ ਦਾ ਕਾਵਿ ਮੱਧਕਾਲੀ-ਕਾਵਿ ਦੀ ਹਾਮੀ ਭਰਦਿਆਂ ਆਧੁਨਿਕਤਾ ਨਾਲ ਸੰਵਾਦ ਰਚਾਉਂਦਾ ਹੋਇਆ, ਪੂਰਵ ਨਿਸ਼ਚਿਤ ਧਾਰਨਾਵਾਂ ਨੂੰ ਤੋੜ ਕੇ ਨਵੇਂ ਸਿਰਿਓਂ ਪੁਨਰ ਪਰਿਭਾਸ਼ਤ ਕਰਦਾ ਹੈ। ਹੱਥਲੇ ਪਰਚੇ ਦਾ ਮੁੱਖ ਮਨੋਰਥ ਸ਼ਿਵ ਕੁਮਾਰ ਬਟਾਲਵੀ ਰਚਿਤ 'ਲੂਣਾ' ਨੂੰ ਵੱਖਰੇ ਨਜ਼ਰੀਏ ਤੋਂ ਸਮਝਦਿਆਂ ਹੋਇਆਂ ਉਸ ਦੀ ਕਾਵਿਕਤਾ ਦੇ ਸਨਮੁਖ ਉੱਤਰ-ਆਧੁਨਿਕ ਪਰਿਪੇਖ ਤੋਂ ਅਧਿਐਨ ਅਤੇ ਵਿਸ਼ਲੇਸ਼ਣ ਕਰਨਾ ਹੈ। ਉਤਰ-ਆਧੁਨਿਕਤਾ ਨੂੰ ਅੰਤਰ- ਅਨੁਸ਼ਾਸਨੀ ਪਰਿਪੇਖ ਦੇ ਅਧੀਨ ਵਿਚਾਰਿਆ ਜਾਂਦਾ ਹੈ। ਲੋਕ-ਪਰੰਪਰਾਵਾਂ,ਮੱਧਕਾਲੀਨ-ਯੁੱਗ, ਉਪਰੰਤ ਆਧੁਨਿਕਤਾ ਤੋਂ ਬਾਅਦ ਉਤਰ-ਆਧੁਨਿਕਤਾ ਹੋਂਦ ਗ੍ਰਹਿਣ ਕਰਦੀ ਹੈ। ਲੋਕ ਪਰੰਪਰਾ,ਮੱਧਕਾਲ, ਆਧੁਨਿਕਤਾ ਤੇ ਉਤਰ-ਆਧੁਨਿਕਤਾ ਦੀ ਹੋਂਦ ਦਾ ਪ੍ਰਵਚਨ ਸਬੰਧਿਤ ਸਮੇਂ ਦੀਆਂ ਸਮਾਜਕ, ਸਭਿਆਚਾਰਕ ਜਾਂ ਸਾਹਿਤਕ ਧਾਰਨਾਵਾਂ ਨੂੰ ਸਮਝਣ ਲਈ ਸਹਾਈ ਬਣਦਾ ਹੈ। ਮੱਧਕਾਲ ਦਾ ਬੋਧ ਲੋਕ-ਮਾਨਸਿਕਤਾ ਦੀ ਉਪਜ ਸੀ। ਦੈਵੀ-ਦੇਵਤਿਆਂ, ਅਲੋਕਿਕ ਵਰਤਾਰਿਆਂ, ਕੁਦਰਤੀ/ਪ੍ਰਕਿਰਤਕ ਸ਼ਕਤੀਆਂ, ਭਾਵ ਇਹਲੋਕਿਕ ਜਗਤ ਦੀ ਜਗ੍ਹਾ ਪਾਰਲੋਕਿਕ ਜਗਤ ਵਿਚ ਆਸਥਾ ਵਧੇਰੇ ਸੀ। ਪ੍ਰਕਿਰਤਕ ਵਰਤਾਰਿਆਂ ਦੇ ਹੋਂਦ ਨੂੰ ਸਮਝਣ ਲਈ ਮਿਥ ਦੀ ਹੋਂਦ ਨੂੰ ਸਮਝਣਾ ਜ਼ਰੂਰੀ ਸੀ। ਇਸੇ ਤਰ੍ਹਾਂ ਆਧੁਨਿਕ ਯੁੱਗ ਵਿਚ ਗਿਆਨ/ਬੁੱਧੀ ਬੁਨਿਆਦ

Volume: 11, March 2025 ISSN: 2394-0980
PP: 28-37

ਦੀ ਸਰਬ ਵਿਆਪਕਤਾ ਪਾਰਲੌਕਿਕ ਜਗਤ ਦੀ ਜਗ੍ਹਾ ਇਹਲੌਕਿਕ ਜਗਤ ਦੇ ਸੱਚ ਨੂੰ ਕਬੂਲਣ ਤੇ ਜ਼ੋਰ ਦਿੰਦੀ ਹੈ। ਇਹਲੌਕਿਕ ਜਗਤ ਦੇ ਸੱਚ ਦੀ ਧਾਰਨਾ ਵਿੱਚੋਂ ਪੂੰਜੀਵਾਦੀ ਸਮਾਜ ਉਸਰਦਾ ਹੈ। ਤਰਕਸ਼ੀਲ, ਬੁੱਧੀ , ਗਿਆਨ ਸ਼ਾਸਤਰ ਅਤੇ ਵਿਸ਼ਲੇਸ਼ਣੀ ਸੋਚ ਮਨੁੱਖੀ ਬੁੱਧੀ ਦਾ ਹਾਸਲ ਹੋ ਨਿਬੜਦੀ ਹੈ। ਆਧੁਨਿਕਤਾ ਨਸਲ- ਮੁੱਖਤਾ ਵਲ ਇਸ਼ਾਰਾ ਕਰਦੀ ਹੈ। ਜਿੱਥੇ ਮਾਨਵੀ ਸਥਿਤੀ ਨਾਲ ਸੰਵਾਦ ਕਰਦਿਆਂ ਸਮੂਹਿਕਤਾ ਦੇ ਅੰਤਰਗਤ ਹੀ ਸਾਰਿਆਂ ਸਭਿਆਚਾਰਾਂ ਨੂੰ ਵਿਚਾਰੇ ਜਾਣ ਦੀ ਗੱਲ ਤੁਰਦੀ ਹੈ। ਇੱਥੇ ਵਿਲੱਖਣਤਾ ਦਾ ਮਾਪਦੰਡ ਲਾਗੂ ਨਹੀਂ ਹੁੰਦਾ। ਇਸਦੇ ਵਿਪਰੀਤ ਜਦੋਂ ਅਸੀਂ ਉਤਰ-ਆਧੁਨਿਕਤਾ ਦੀ ਗੱਲ ਕਰਦੇ ਹਾਂ ਤਾਂ "ਇਸਦੀ ਧਾਰਨਾ ਹੈ ਕਿ ਵਿਸ਼ਵ ਵਿਚ ਰਹਿੰਦੇ ਵੱਖ-ਵੱਖ ਲੋਕਾਂ ਦੀ ਰਹਿਤਲ, ਖਿੱਤਾ ਤੇ ਸਭਿਆਚਾਰ ਵੱਖ-ਵੱਖ ਹਨ। ਉਨ੍ਹਾਂ ਦੇ ਸੋਚਣ ਸਮਝਣ ਦੇ ਤਰੀਕੇ ਵੱਖਰੇ ਹਨ। ਉਨ੍ਹਾਂ ਸਾਰਿਆਂ ਨੂੰ ਡੀਲ ਕਰਨ ਦਾ ਢੰਗ ਇਕੋ ਜਿਹਾ ਨਹੀਂ ਹੋ ਸਕਦਾ। ਇਹ ਇਕੋ ਜਹੀਆਂ ਮਨੁੱਖੀ ਸਥਿਤੀਆਂ ਵਿਚ ਵੀ ਉਹਨਾਂ ਦੇ ਇਕ ਦੂਜੇ ਨਾਲੋਂ ਅਨੇਕਾਂ ਵਿਲੱਖਣ ਮਸਲੇ ਜਾਂ ਸੁਆਲ ਹੋ ਸਕਦੇ ਹਨ ਜੋ ਯੂਨੀਵਰਸਲ ਪਹੁੰਚ ਨਾਲ ਐਡਰੈੱਸ ਨਹੀਂ ਹੋ ਸਕਦੇ ਸਗੋਂ ਇਸ ਨਾਲ ਵਧੇਰੇ ਉਲਝ ਸਕਦੇ ਹਨ। ਦੂਜੇ ਪਾਸੇ ਹੋ ਸਕਦਾ ਉਨ੍ਹਾਂ ਦੀ ਆਪਣੀ ਸਥਾਨਕਤਾ ਵਿਚੋਂ ਪਨਪੀ ਸਮਝ ਨਾਲ ਇਹ ਸਹਿਜ ਭਾਅ ਹੀ ਹੱਲ ਹੋ ਜਾਣ। ਉਨ੍ਹਾਂ 'ਤੇ ਥੋਪੀ ਸਰਬ- ਵਿਆਪਕ ਸੋਚ ਉਨ੍ਹਾਂ ਪ੍ਰਤੀ ਹਿੰਸਾ ਹੋਵੇਗੀ। ਇਉਂ ਆਧੁਨਿਕਤਾਵਾਦੀ ਸੋਚ ਦੇ ਨਾਂ ਤੇ ਨਸਲ-ਮੁੱਖਤਾ ਵਾਲੇ ਸੁਭਾਅ ਦੀ ਥਾਂ ਉਤਰ-ਆਧੁਨਿਕਤਾ ਸਭਿਆਚਾਰਕ ਸਾਪੇਖਤਾ ਦੇ ਰਾਹ ਪੈਂਦੀ ਹੈ।'[2] ਜਦੋਂ ਸਾਹਿਤ ਅਧਿਐਨ ਦੀ ਵਿਧੀ ਦੇ ਤੌਰ 'ਤੇ ਅਸੀਂ ਉਤਰ-ਆਧੁਨਿਕਤਾ ਦੀਆਂ ਅੰਤਰ-ਦ੍ਰਿਸ਼ਟੀਆਂ ਦੀ ਗੱਲ ਕਰਦੇ ਹਾਂ ਤਾਂ ਉਤਰ-ਆਧੁਨਿਕਤਾ, ਉਤਰ-ਸੰਰਚਨਾਵਾਦ ਦਾ ਹੀ ਪ੍ਰਤੀਰੂਪ ਮੰਨੀ ਜਾਂਦੀ ਹੈ। ਸਾਹਿਤ ਅਧਿਐਨ ਦੀ ਇਸ ਵਿਧੀ ਦੀ ਵਰਤੋਂ ਕਰਦਿਆਂ ਅਸੀਂ ਟੈਕਸਟ ਦੀ ਪੜ੍ਹਤ ਤੇ ਧਿਆਨ ਕੇਂਦਰਿਤ ਕਰਦੇ ਹਾਂ। ਟੈਕਸਟ ਦੀ ਪੜ੍ਹਤ ਕਰਦੇ ਸਮੇਂ ਪ੍ਰਸੰਗਿਕ ਅਰਥਾਂ ਨੂੰ ਜਾਨਣ ਲਈ ਟੈਕਸਟ ਵਿਚਲੇ ਅੰਤਰ-ਵਿਰੋਧਾਂ ਨੂੰ ਸਮਝਣਾ/ਜਾਨਣਾ ਜ਼ਰੂਰੀ ਹੈ।ਇਸ ਅਧਿਐਨ ਦੇ ਅਧੀਨ ਟੈਕਸਟ ਨੂੰ ਖੰਡ- ਖੰਡ ਕਰਕੇ ਅੰਦਰੂਨੀ ਤੇ ਬਾਹਰੀ ਤੱਤਾਂ ਤੇ ਧਿਆਨ ਕੇਂਦਰਿਤ ਕਰਦਿਆਂ ਦੂਹਰੀ ਪੜ੍ਹਤ ਕੀਤੀ ਜਾਂਦੀ ਹੈ। ਇਹ ਪੜ੍ਹਤ ਕਰਦਿਆਂ ਅਸੀਂ ਵੇਖਦੇ ਹਾਂ ਕਿ ਬਹੁਤੀ ਵਾਰੀ ਟੈਕਸਟ ਦੇ ਪ੍ਰਾਥਮਿਕ ਅਰਥ ਗੌਣ ਹੋ ਜਾਂਦੇ ਹਨ ਤੇ ਦੂਹਰੀ ਪੜ੍ਹਤ ਸਮੇਂ ਉਭਰੇ ਅਰਥ ਪ੍ਰਸੰਗਿਕਤਾ ਗ੍ਰਹਿਣ ਕਰ ਜਾਂਦੇ ਹਨ।ਇਸ ਤਰਾਂ ਸਾਹਿਤ ਅਧਿਐਨ ਦੀ ਉਤਰ-ਆਧੁਨਿਕਤਾ ਅਧਿਐਨ ਵਿਧੀ ਦੇ ਅੰਤਰਗਤ ਟੈਕਸਟ ਬਹੁ-ਅਰਥੀ ਹੋ ਨਿਬੜਦੀ ਹੈ।

ਹੱਥਲੇ ਅਧਿਐਨ ਦਾ ਆਧਾਰ ਸ਼ਿਵ ਕੁਮਾਰ ਰਚਿਤ 'ਲੂਣਾ' ਨੂੰ ਬਣਾਇਆ ਗਿਆ ਹੈ। ਅਧਿਐਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਇਸ ਕਾਵਿ-ਰੂਪ ਨੂੰ ਸਾਹਿਤ ਦੀ ਕਿਸ ਵੰਨਗੀ ਅਧੀਨ ਰੱਖ ਕੇ ਵਿਚਾਰਿਆ ਜਾਵੇ ? ਕੀ ਇਹ ਮਹਾਂ-ਕਾਵਿ ਹੈ,ਕਾਵਿ-ਨਾਟ ਹੈ ਜਾਂ ਫਿਰ ਇਹ ਕਿੱਸਾ-ਕਾਵਿ ਹੈ। ਸ਼ਿਵ ਕੁਮਾਰ ਬਟਾਲਵੀ ਇਸ ਨੂੰ ਮਹਾਂ-ਕਾਵਿ ਵਜੋਂ ਕਬੂਲਦਾ ਹੋਇਆ ਲਿਖਦਾ ਹੈ:- 'ਮਹਾਂ-ਕਾਵਿ ਦੇ ਵਿਸ਼ੇ ਬਾਰੇ ਜਾਂ ਰੂਪ ਬਾਰੇ ਕਦੇ ਕੋਈ ਨਿਸ਼ਚਿਤ ਗੱਲ ਨਹੀਂ ਕਹੀ ਜਾ ਸਕਦੀ। ਹੋਮਰ, ਦਾਂਤੇ ਤੇ ਮਿਲਟਨ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਮਹਾਂ-ਕਾਵਿ ਦੇ ਵਿਸ਼ੇ ਚੁਣੇ। ਪੂਰਬੀ ਮਹਾਂ-ਕਾਵਿ ਦੇ ਵਿਸ਼ੇ ਕੁਝ ਪ੍ਰਚਲਿਤ ਆਚਰਣਿਕ ਉਚਿਆਈਆਂ ਨੂੰ ਹੀ ਸਰ ਕਰਨ ਦੀ ਠਾਣਦੇ ਰਹੇ, ਪਰ ਯੂਨਾਨੀ ਜਾਂ ਪੱਛਮੀ ਮਹਾਂ-ਕਾਵਿ ਦਾ ਵਿਸ਼ਾ ਸਾਧਾਰਨ ਮਰਦ, ਤੀਵੀਆਂ ਦੀਆਂ ਮਨੁੱਖੀ ਕਮਜ਼ੋਰੀਆਂ ਰਿਹਾ। ਇਸੇ ਗੱਲੇ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 28-37

ਪੱਛਮੀ-ਕਾਵਿ ਵਧੇਰੇ ਧਰਤੀ ਦੇ ਨੇੜੇ ਰਿਹਾ। ਪੰਜਾਬੀ ਕਿੱਸਿਆਂ ਵਿਚ ਦਰਸਾਇਆ ਜੀਵਨ ਉਸ ਵੇਲੇ ਦੇ ਸਾਧਾਰਨ ਜੀਵਨ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਨੂੰ ਸੰਸਕ੍ਰਿਤ ਪਾਹ ਦੇਣ ਲਈ ਪ੍ਰੰਪਰਾਵਾਦੀ ਜਾਂ ਕਿੱਸਾਕਾਰ ਕਵੀਆਂ ਨੇ ਤੋੜਿਆ ਮਰੋੜਿਆ ਤੇ ਇਸ ਵਿਚ ਇਖ਼ਲਾਕੀ ਸਿੱਖਿਆ ਭਰਨ ਦਾ ਯਤਨ ਕੀਤਾ ਹੈ। ਪਰ ਜੇ ਨਿਰਪੱਖ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਹ ਕਿਸੇ ਯੂਨਾਨੀ ਕਾਵਿ-ਧਾਰਾ ਦੇ ਪ੍ਰਭਾਵ ਨੂੰ ਸਪਸ਼ਟ ਦਰਸਾਉਂਦੇ ਹਨ।'[3] ਅਸਲ ਵਿਚ ਇਹ ਕਾਵਿ-ਰੂਪ ਕਿੱਸਾ-ਕਾਵਿ, ਮਹਾਂ-ਕਾਵਿ ਤੇ ਕਾਵਿ-ਨਾਟ ਤਿੰਨਾਂ ਦਾ ਹੀ ਸੰਗਮ ਹੈ। ਜਦ ਇਸ ਦੀ ਅੰਕ ਵੰਡ ਨੂੰ ਵੇਖੀਏ ਤਾਂ ਇਹ ਕਾਵਿ-ਨਾਟ ਦਾ ਰੂਪ ਜਾਪਦਾ ਹੈ, ਕਿਉਂਕਿ ਮਹਾਂ-ਕਾਵਿ ਨੂੰ ਸਰਗਾਂ ਵਿਚ ਵੰਡਿਆ ਜਾਂਦਾ ਹੈ। ਮਹਾਂ-ਕਾਵਿ ਵਿਚ ਕਿਸੇ ਮਹਾਨ ਨਾਇਕ ਨੂੰ ਚਿਤਰਦਿਆਂ, ਕੇਵਲ ਇਕ ਛੰਦ ਵਿਚ ਹੀ ਗੱਲ ਕੀਤੀ ਜਾਂਦੀ ਹੈ। ਨਟੀ ਤੇ ਸੂਤਰਧਾਰ ਰਾਹੀਂ ਗੱਲਬਾਤ ਦਾ ਸਿਲਸਿਲਾ ਸ਼ੁਰੂ ਕਰਦਿਆਂ, ਪਾਤਰਾਂ ਦੀ ਚੱਲਦੀ ਗੱਲਬਾਤ ਵੀ ਇਸ ਨੂੰ ਕਾਵਿ-ਨਾਟ ਦੀ ਸ਼੍ਰੇਣੀ ਵਿਚ ਲਿਆ ਖਿਲਾਰਦੀ ਹੈ। ਭਾਵੇਂ ਕਿ ਸ਼ਿਵ ਨੇ ਕਿੱਸਾ ਪੂਰਨ ਭਗਤ ਤੋਂ ਪ੍ਰਭਾਵਿਤ ਹੋ ਕੇ ਹੀ ਇਸ ਕਾਵਿ-ਰੂਪ ਦੀ ਸਿਰਜਣਾ ਕੀਤੀ ਪਰ ਇਸ ਨੂੰ ਨਿਰੋਲ ਕਿੱਸਾ ਕਾਵਿ-ਰੂਪ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਵਿਚ ਕਰਾਮਾਤ ਤੇ ਹੋਣੀ ਦੀ ਅਣਹੋਂਦ ਹੈ। ਸੋ ਰੂਪ ਦੇ ਪੱਖ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਕਾਵਿ-ਰੂਪ ਵਿਚ ਕਾਵਿ-ਨਾਟ ਕਿੱਸਾ-ਕਾਵਿ ਅਤੇ ਮਹਾਂ-ਕਾਵਿ ਤਿੰਨਾਂ ਦੇ ਹੀ ਲੱਛਣ ਮਿਲਦੇ ਹਨ।ਜਦੋਂ ਅਸੀਂ ਸ਼ਿਵ ਕੁਮਾਰ ਬਟਾਲਵੀ ਦੀ ਕਲਮਕਾਰੀ ਦੀ ਗੱਲ ਕਰਦੇ ਹਾਂ ਤਾਂ ਸ਼ਿਵ ਜਦੋਂ ਸਾਹਿਤਿਕ ਹਲਕਿਆਂ ਵਿਚ ਵੱਖਰੀ ਕਾਵਿਕ ਨੁਹਾਰ ਲੈ ਕੇ ਵਿਚਰਿਆ ਤਾਂ ਉਸਦੇ ਕਾਵਿ ਦੀ ਵਡਿਆਈ ਤੋਂ ਜ਼ਿਆਦਾ ਉਸ ਦੇ ਇਸ਼ਕ ਤੇ ਇਤਰਾਜ਼ ਦੇ ਕਿੱਸਿਆਂ ਤੇ ਦੰਤ-ਕਥਾਵਾਂ ਬਣਨ ਲੱਗੀਆਂ। ਉਹ ਆਪ ਆਪਣੀ ਨਿੰਦਿਆ ਬਾਰੇ ਲਿਖਦਾ ਹੈ:'ਮੇਰਾ ਖ਼ਿਆਲ ਹੈ, ਕਿ ਹਰ ਮਨੁੱਖ ਦਾ ਸਭ ਤੋਂ ਵੱਡਾ ਤੇ ਪ੍ਰਮੁੱਖ ਨਿੰਦਕ ਜਾਂ ਪ੍ਰਸੰਸਕ ਉਹ ਆਪ ਹੈ। ਜਿਵੇਂ ਮੈਂ ਆਪਣੀ ਪੀੜ ਦੀ ਨਿੰਦਿਆ ਆਪਣੇ ਗੀਤਾਂ ਨਾਲ ਕੀਤੀ, ਅਤੇ ਮੇਰੇ ਗੀਤਾਂ ਦੀ ਨਿੰਦਿਆ ਲੋਕਾਂ ਨੇ ਕੀਤੀ। ਨਾ ਮੈਂ ਆਪਣੀ ਪੀੜ ਦੀ ਨਿੰਦਿਆ ਕਰਦਾ, ਨਾ ਲੋਕ ਮੇਰੀ ਨਿੰਦਿਆ ਕਰਦੇ। ਇਹਦਾ ਮਤਲਬ ਇਹ ਹੋਇਆ ਕਿ ਮੈਂ ਆਪਣਾ ਨਿੰਦਕ ਆਪ ਹਾਂ। ਅਜਿਹੀ ਨਿੰਦਿਆ ਜਿਹੜੀ ਕਿਸੇ ਦੀ ਕਲਾ ਤਕ ਸੀਮਿਤ ਹੋਵੇ ਸਿਹਤਮੰਦ ਤੇ ਸੁਖਾਵੀਂ ਨਿੰਦਿਆ ਹੁੰਦੀ ਹੈ। ਅਜਿਹੀ ਨਿੰਦਿਆ ਇਕ ਅਗਵਾਈ ਦਾ ਕੰਮ ਕਰਦੀ ਹੈ-ਪਰ ਉਹ ਨਿੰਦਿਆ ਜਿਹੜੀ ਕਲਾ ਦੀ ਵਲ਼ਗਣ ਟੱਪ ਕੇ ਕਿਸੇ ਦੇ ਨਿੱਜ ਬਾਰੇ ਪਹੁੰਚ ਜਾਂਦੀ ਹੈ, ਹਮੇਸ਼ਾ ਮਾੜੀ ਤੇ ਮਾਰੂ ਹੁੰਦੀ ਹੈ ।ਮੇਰੇ ਨਿੰਦਕਾਂ ਦਾ ਵੀ ਇਹੋ ਹਾਲ ਹੈ । ਉਹ ਮੇਰੀ ਕਲਾ ਦੀ ਨਿੰਦਿਆ ਤੋਂ ਲੈ ਕੇ ਮੇਰੇ ਬਾਬੇ ਪੜਦਾਦੇ ਦੀ ਨਿੰਦਿਆ ਕਰਨ ਤੀਕ ਜਾਂਦੇ ਹਨ। ਇਸ ਦਾ ਕਾਰਨ ਮੇਰੀ ਸ਼ੁਹਰਤ ਪ੍ਰਤੀ ਸਾੜੇ ਤੋਂ ਸਿਵਾ ਹੋਰ ਕੁਝ ਨਹੀਂ।ਸਾੜਾ ਹਮੇਸ਼ਾ ਘਟੀਆ ਨੂੰ ਵਧੀਆ ਨਾਲ ਹੁੰਦਾ ਹੈ। ਮੈਂ ਸਮਝਦਾ ਹਾਂ ਉਹ ਲੋਕ ਜਿਹੜੇ ਕਿਸੇ ਪ੍ਰਤੀ ਈਰਖਾ ਰੱਖਦੇ ਹਨ, ਉਹ ਨਿੰਦੇ ਜਾਣ ਵਾਲੇ ਤੋਂ ਵਧੀਆ ਨਹੀਂ ਹੁੰਦੇ ਅਤੇ ਨਾ ਹੀ ਉਹਨਾਂ ਦੀ ਕਲਾ ਨਿੰਦੇ ਜਾਣ ਵਾਲੇ ਦੀ ਕਲਾ ਤੋਂ ਵਧੀਆ ਹੁੰਦੀ ਹੈ।"[4]ਇਹੋ ਜਿਹੀ ਨਿੰਦਿਆ ਦੇ ਬਾਵਜੂਦ ਜਦੋਂ ਸ਼ਿਵ ਨੇ ਲੂਣਾ ਦੀ ਸਿਰਜਣਾ ਕੀਤੀ ਤਾਂ ਉਸ ਦੀ ਸਾਹਿਤਿਕ ਹਲਕਿਆਂ ਵਿਚ ਭਰਪੂਰ ਚਰਚਾ ਹੋਈ। ਲੂਣਾ ਨੂੰ ਆਧੁਨਿਕ ਪੰਜਾਬੀ ਸਾਹਿਤ ਦੀ ਸ਼ਾਹਕਾਰ ਰਚਨਾ ਸਵੀਕਾਰਿਆ ਗਿਆ । ਕਿੱਸਾ ਪੂਰਨ ਭਗਤ ਤੋਂ ਲੈ ਕੇ ਲੂਣਾ ਦੇ ਸਫ਼ਰ ਤਕ ਪਹੁੰਚਦਿਆਂ 'ਜਦੋਂ ਨਵੇਂ ਪੱਖ ਦੀ ਗੱਲ ਆਉਂਦੀ ਹੈ ਤਾਂ

Volume: 11, March 2025 ISSN: 2394-0980
PP: 28-37

ਸਾਹਿਤ ਵਿਚ ਇਸ ਦਾ ਅਰਥ ਪਰੰਪਰਾ ਨੂੰ ਕਿਸੇ ਹੱਦ ਤੀਕ ਤਿਆਗਣ ਤੋਂ ਹੈ। ਪਰੰਪਰਾਗਤ ਕਥਾਵਾਂ ਦੇ ਪ੍ਰਵਾਣਿਤ ਅਰਥਾਂ 'ਚੋਂ ਨਵੇਂ ਅਰਥ ਕੱਢਣ ਤੋਂ ਹੈ।"[5]

ਜਦੋਂ ਅਸੀਂ ਲੂਣਾ ਦੇ ਸੱਚ ਦੀ ਗੱਲ ਕਰਦੇ ਹਾਂ ਤਾਂ ਲੋਕ-ਸਾਹਿਤ ਤੇ ਸਾਹਿਤ ਦੇ ਰੂਪਾਂ ਵਿਚ ਪੇਸ਼ ਕੀਤਾ ਗਿਆ 'ਲੂਣਾ'ਦਾ ਸੱਚ ਕਦੇ ਪਰੰਪਰਾ ਵਿਚ ਬੱਝੀ ਲੂਣਾ ਵਜੋਂ, ਕਦੇ ਮਰਿਆਦਾ ਦਾ ਬਿੰਬ ਬਣੀ ਲੂਣਾ ਵਜੋਂ, ਕਦੇ ਸਮਾਜਿਕ ਨਾ ਬਰਾਬਰੀ ਦੇ ਪ੍ਰਤੀਕਰਮ ਵਜੋਂ ਤੇ ਕਦੇ ਕਾਮ ਦੀ ਮੂਰਤ ਵਜੋਂ ਸਾਹਮਣੇ ਆਉਂਦਾ ਹੈ। ਕਿਸੇ ਵੀ ਟੈਕਸਟ ਨੂੰ ਜਦੋਂ ਉਤਰ-ਆਧੁਨਿਕ ਪ੍ਰਕਿਰਤੀ ਦੇ ਅਧੀਨ ਵਿਚਾਰਿਆ ਜਾਂਦਾ ਹੈ ਤਾਂ ਟੈਕਸਟ ਦੀਆਂ ਉਨ੍ਹਾਂ ਅੰਤਰ-ਦ੍ਰਿਸ਼ਟੀਆਂ ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੁੰਦੀ ਹੈ, ਜੋ ਟੈਕਸਟ ਦੀ ਪਰੰਪਰਾਗਤ ਸੰਵੇਦਨਾ, ਰੀਤੀ-ਰਿਵਾਜ ਤੇ ਵਿਸ਼ਵਾਸ ਤੇ ਆਧਾਰਿਤ ਹੁੰਦੀ ਹੈ। 'ਉਤਰ-ਆਧੁਨਿਕਤਾ ਏਕਾਧਿਕਾਰਵਾਦੀ ਤੇ ਦਮਨਕਾਰੀ ਏਕਤਾ ਦੇ ਉਲਟ ਸਭਿਆਚਾਰਾਂ ਨੂੰ 'ਸਮਾਨੰਤਰ' ਸਹਿਯੋਗ/ਪ੍ਰਤੀਯੋਗ ਦੀ ਸਥਿਤੀ ਵਿਚ ਪੇਸ਼ ਕਰਦੀ ਹੈ। ਇਸ ਵਿਚ ਹਰ ਪ੍ਰਵਚਨ ਜਾਂ ਸਭਿਆਚਾਰ ਸਮਾਨੰਤਰ ਤੌਰ 'ਤੇ ਬਰਾਬਰ ਵਿਚਰਦੇ ਹਨ ਅਤੇ ਇਹ ਆਪਸੀ ਸੰਵਾਦ ਰਾਹੀਂ ਵਿਕਸਤ ਹੋਣ ਲੱਗਦੇ ਹਨ। ਪੰਜਾਬੀ ਸਭਿਆਚਾਰ ਦੇ ਸਮੁੱਚੇ ਵਿਕਾਸ ਦਾ ਨਿਰੀਖਣ ਕਰੀਏ ਤਾਂ ਇਸ ਵਿਚ ਸਮਾਨੰਤਰਤਾ ਦੀਆਂ ਵੱਖ-ਵੱਖ ਸਥਿਤੀਆਂ ਸਪਸ਼ਟ ਹਨ।"[6] ਲੋਕ-ਸਾਹਿਤ, ਕਾਦਰਯਾਰ ਦੁਆਰਾ ਰਚਿਆ ਕਿੱਸਾ ਪੂਰਨ ਭਗਤ ਜਾਂ ਬਾਕੀ ਕਿੱਸਾਕਾਰਾਂ ਤੇ ਆਧੁਨਿਕ ਕਵੀਆਂ ਦੁਆਰਾ ਰਚਿਤ ਲੂਣਾ ਦਾ ਚਰਿਤਰ ਪਰੰਪਕ ਪ੍ਰਬੰਧ ਤੇ ਸਵਾਲੀਆ ਚਿੰਨ੍ਹ ਲਗਾਉਂਦੇ ਹਨ। ਇਹਨਾਂ ਸਵਾਲਾਂ ਦੇ ਜਵਾਬ ਵਿਚੋਂ ਨਵੇਂ ਚਿੰਤਨ ਦਾ ਜਨਮ ਹੁੰਦਾ ਹੈ। ਜੋ ਉਤਰ-ਆਧੁਨਿਕ ਪਰਿਪੇਖ ਤੋਂ ਸਮਾਨੰਤਤਰ ਵਿਧੀ ਦੇ ਅਧੀਨ ਵਿਚਾਰਿਆ ਜਾਂਦਾ ਹੈ। ਇਥੇ ਹਾਸ਼ੀਆਗਤ ਲੋਕਾਂ ਨੂੰ ਕੁਝ ਕਹਿਣ ਦੀ ਸਪੇਸ ਮਿਲਦੀ ਹੈ। 'ਲੂਣਾ' ਇਸ ਬਿਰਤਾਂਤ ਵਿਚ ਹਾਸ਼ੀਏ ਤੇ ਪਈ ਔਰਤ ਦੀ ਕਹਾਣੀ ਦਾ ਪ੍ਰਤੀਬਿੰਬ ਬਣ ਕੇ ਸਾਹਮਣੇ ਆਉਂਦੀ ਹੈ।

ਕਿਸੇ ਟੈਕਸਟ ਦੀ ਪਛਾਣ ਵੇਲੇ ਚੇਤਨ ਅਵਚੇਤਨ ਵਿਚ ਪਈਆਂ ਪਰਿਸਥਿਤੀਆਂ ਅਤੇ ਚਿਹਨ ਵੱਡੀ ਭੂਮਿਕਾ ਨਿਭਾਉਂਦੇ ਹਨ। ਇਕ ਬਿਰਤਾਂਤ ਨੂੰ ਜਦੋਂ ਪਰੰਪਰਕ, ਆਧੁਨਿਕ ਜਾਂ ਉਤਰ-ਆਧੁਨਿਕ ਦੌਰ ਦੇ ਮੁਹਾਵਰੇ ਦੇ ਅੰਤਰਗਤ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸੰਬੰਧਤ ਬਿਰਤਾਂਤ ਨੂੰ ਸਮਝਣ ਲਈ ਬਦਲਦੀਆਂ ਪਰਿਸਥਿਤੀਆਂ ਦੀ ਸਮਝ ਹੋਣੀ ਲਾਜ਼ਮੀ ਹੈ। ਜਿਵੇਂ ਕਿ ਲੋਕ-ਸਾਹਿਤ ਦੇ ਪ੍ਰਮੁਖ ਰੂਪ ਲੋਕ-ਗੀਤਾਂ ਵਿਚ ਅਣਜੋੜ ਵਿਆਹ ਦੀ ਸਮੱਸਿਆ ਦੀ ਪਾਤਰ ਬਣੀ 'ਲੂਣਾ' ਪਰੰਪਰਾ ਨਾਲ ਜੁੜ ਕੇ ਪ੍ਰਤੀਬਿੰਬਤ ਹੁੰਦੀ ਹੈ। ਸਾਂਸਕ੍ਰਿਤਿਕ ਵਲਗਣ ਉਸ ਲਈ ਸਰਬ ਸ੍ਰੇਸ਼ਟ ਮਰਿਆਦਾ ਦਾ ਬਿੰਬ ਬਣ ਕੇ ਉਭਰਦੀ ਹੈ। ਸਮਾਜਿਕ ਨਾ- ਬਰਾਬਰੀ ਦੇ ਤਹਿਤ ਔਰਤ ਦੀਆਂ ਅਤ੍ਰਿਪਤ ਸੱਧਰਾਂ ਦਾ ਪ੍ਰਤੀਕਰਮ ਵਿਦਰੋਹ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਸਰਲ ਸਾਦਾ-ਚਿਤ ਦੀ ਲਖਾਇਕ ਲੋਕ-ਗੀਤਾਂ ਦੀ 'ਲੂਣਾ' ਸਮਝ,ਸਿਆਣਪ ਨਾਲ ਲਬਰੇਜ ਪੂਰਨ ਤੇ ਆਪਾਂ ਵਾਰਨ ਲਈ ਤਤਪਰ ਕਦੇ ਕਾਮੁਕ 'ਤੇ ਕਦੇ ਮੁਹੱਬਤੀ ਅੰਦਾਜ ਵਿਚ ਨਜ਼ਰ ਆਉਂਦੀ ਹੈ,ਜਦੋਂ ਉਹ ਆਖਦੀ ਹੈ:

Volume: 11, March 2025 ISSN: 2394-0980
PP: 28-37

ਤੇਰੇ ਆਉਂਦੇ ਦੇ ਸ਼ਗਨ ਮਨਾਵਾਂ ਪੂਰਨਾ!
ਵੇ ਤੂੰ ਆਇਉਂ ਕਿਹੜੀ ਰੁੱਤੇ?
ਮੇਰੇ ਭਾਗ ਜਾਗ ਪਏ ਸੁੱਤੇ
ਪੂਰਨਾ ਮਰਦੀ ਜਾਂਦੀ ਆ।

ਇਸੇ ਤਰ੍ਹਾਂ ਕਿੱਸਾ ਕਦਰਾਂ ਕੀਮਤਾਂ ਦੀ ਮਰਿਆਦਾ ਦਾ ਬਿਰਤਾਂਤਕ ਨਕਸ਼ ਮੰਨਿਆ ਜਾਂਦਾ ਹੈ। ਗੁਲਾਮ ਧਾਰਮਿਕ ਮਰਿਆਦਾ ਵਿਚ ਜਕੜੀ ਕਿੱਸਾ- ਕਾਵਿ ਦੀ ਨਾਇਕ ਔਰਤ ਦਾ ਪ੍ਰਤੀਬਿੰਬ ਬਣੀ 'ਲੂਣਾ' ਕਾਦਰਯਾਰ ਕਿੱਸਾ ਪੂਰਨ ਭਗਤ ਵਿਚ ਕੁਹਜ ਭਰੇ ਅਤੇ ਹੀਣੇ ਰੂਪ ਵਿਚ ਸਾਹਮਣੇ ਆਉਂਦੀ ਹੈ। 'ਲੂਣਾ' ਦੇ ਕਿਰਦਾਰ ਨੂੰ ਬਿਆਨ ਕਰਦਿਆਂ ਇਹ ਕਿੱਸਾਕਾਰ ਸਮੁੱਚੀ ਔਰਤ ਨੂੰ ਹੀ ਤ੍ਰਿਸਕਾਰੀ ਭਾਵ ਨਾਲ ਵੇਖਦੇ ਹਨ। ਅਜ ਤਕ 56 ਦੇ ਲਗਭਗ ਕਿੱਸਾਕਾਰਾਂ ਨੇ ਪੂਰਨ ਭਗਤ ਦਾ ਕਿੱਸਾ ਲਿਖਿਆ। ਪੁੱਠੀ ਮੱਤ, ਕੋਹਜੇ ਰੂਪ, ਨਾਰੀ ਭੈੜ, ਆ-ਧਰਮੀ, ਆ-ਸਮਾਜਿਕ ਚਰਿੱਤਰ ਦੀ ਮਾਲਿਕ ਦੱਸਦਿਆਂ ਇਹਨਾਂ ਕਿੱਸਾਕਾਰਾਂ ਨੇ 'ਲੂਣਾ' ਨੂੰ ਆਪਣੇ ਕਿੱਸਿਆਂ ਵਿਚ ਚਿਤਰਿਆ ਹੈ। ਕਾਮੁਕ ਪੁਤਲੀ ਵਜੋਂ 'ਲੂਣਾ' ਦਾ ਰੂਪ ਪੇਸ਼ ਕਰਦਿਆਂ ਇਹਨਾਂ ਕਿੱਸਾਕਾਰਾਂ ਨੇ 'ਲੂਣਾ' ਨੂੰ ਸਦਾਚਾਰਕ ਕੀਮਤਾਂ ਦੀ ਉਲੰਘਣਾ ਕਰਨ ਵਾਲੀ ਚਰਿੱਤਰਹੀਣ ਔਰਤ ਵਜੋਂ ਚਿਤਰਿਆ ਹੈ। ਦੂਜੇ ਪਾਸੇ 'ਪੂਰਨ" ਨੂੰ ਸਮਾਜਕ ਮਰਿਆਦਾ ਤੇ ਸਰਬ ਕਲਾ ਸੰਪੂਰਨ ਦਾ ਵਾਹਕ ਦੱਸਦਿਆਂ ਉਸ ਨੂੰ ਉੱਤਮ ਪੁਰਸ਼ ਦੀ ਸ਼੍ਰੇਣੀ ਵਿਚ ਰੱਖਿਆ ਹੈ । ਆਧੁਨਿਕ ਦੌਰ ਦੀ ਗੱਲ ਕਰਦਿਆਂ ਹਾਂ ਤਾਂ ਪ੍ਰੋ. ਪੂਰਨ ਸਿੰਘ ਜਦੋਂ 'ਲੂਣਾ' ਨੂੰ ਚਿਤਰਦਾ ਹੈ ਤਾਂ ਉਹ 'ਲੂਣਾ' ਨੂੰ ਅੱਗ ਦੀ ਪੁਤਲੀ, ਪੱਥਰ ਦਾ ਬੁੱਤ, ਬੰਜਰ ਦਿਲ, ਬੰਜਰ ਦਿਮਾਗ, ਸੈਲ ਪੱਥਰ ਵਜੋਂ ਉਸਦੇ ਅੰਦਰਲੀ ਹੂਕ ਦੀ ਵੇਦਨਾ ਨੂੰ ਪਛਾਣਦਾ ਹੈ। ਕਿੱਸਾਕਾਰਾਂ ਨਾਲੋਂ ਹੱਟ ਕੇ 'ਲੂਣਾ' ਨੂੰ ਆਪਣੇ ਨਵੇਕਲੇ ਨਜ਼ਰੀਏ ਤੋਂ ਪ੍ਰਭਾਸ਼ਿਤ ਕਰਦਾ ਹੈ। ਪ੍ਰੋ ਪੂਰਨ ਸਿੰਘ ਨੇ ਵੀ 'ਲੂਣਾ'ਨੂੰ ਆ-ਸੰਤੁਸ਼ਟ ਭਾਵ ਰੱਖ ਕੇ ਕਾਮਨਾ ਦੀ ਅੱਗ ਵਿਚ ਝੁਲਸਣ ਵਾਲੀ ਨਾਰੀ ਵਜੋਂ ਚਿਤਰਿਆ ਹੈ। ਪ੍ਰੋ. ਪੂਰਨ ਸਿੰਘ ਨੇ ਨੇ ਸਿਰਫ਼ 'ਲੂਣਾ' ਲਈ ਹੀ ਅਜਿਹਾ ਭਾਵ ਵਰਤਿਆ ਹੈ ਨਾ ਕਿ ਸਮੁੱਚੇ ਕਿੱਸਾਕਾਰਾਂ ਵਾਂਗ ਸਮੁੱਚੀ ਔਰਤ ਲਈ। ਇਸੇ ਤਰ੍ਹਾਂ 'ਲੋਕ ਕਥਾਵਾਂ ਤੇ ਪੂਰਨ ਭਗਤ ਦੇ ਕਿੱਸੇ ਦੀ ਲੂਣਾ ਨੂੰ ਸਾਮਿਅਕ ਕਦਰਾਂ ਕੀਮਤਾਂ ਅਤੇ ਧਾਰਮਕ ਮਰਯਾਦਾ ਨੇ ਗਰਦਨ ਉਠਾਉਣ ਦਾ ਮੌਕਾ ਹੀ ਨਹੀਂ ਦਿੱਤਾ। ਉਸ ਕਾਲ ਵਿਚ ਧਾਰਮਿਕਤਾ ਦਾ ਬੋਲ ਬਾਲਾ ਸੀ, ਜਦ ਬੁੱਧ ਮੱਤ ਦਾ ਪ੍ਰਭਾਵ ਸੀ ਤਾਂ ਉਸ ਸਮੇਂ ਇਸ ਮਤ ਦਾ ਸਰੇਸ਼ਟ ਕਰਤਾ ਇਸ ਕਹਾਣੀ ਵਿਚ ਦੈਵੀ ਸ਼ਕਤੀ ਬਣਦਾ ਹੈ ਅਤੇ ਜਦ ਨਾਥ ਜੋਗੀਆਂ ਦਾ ਪ੍ਰਭੂਤਵ ਵਧਿਆ, ਉਸ ਸਮੇਂ ਗੁਰੂ ਗੋਰਖ ਜੀ ਬਹੁੜ ਪੈਂਦੇ ਹਨ ਉਸ ਸਮੇਂ ਨਾ ਵਿਗਿਆਨਕ ਸੋਚ ਸੀ ਨਾ ਕਹਾਣੀ ਨੂੰ ਤਰਕ ਦੇ ਸਹਾਰੇ ਗੁੰਦਿਆ ਜਾਂਦਾ ਸੀ। ਕੇਵਲ ਉਦੇਸ਼ਾਤਮਿਕ ਦ੍ਰਿਸ਼ਟੀ ਸਾਹਮਣੇ ਹੁੰਦੀ, ਜਿਸ ਵਿਚ ਸਾਮਿਅਕ-ਸੋਚ ਹੀ ਭਾਰੂ ਹੁੰਦੀ ਸੀ। ਜ਼ਾਹਰ ਹੈ ਕਿ ਇਨਾਂ ਕਥਾਵਾਂ ਵਿਚ ਪੂਰਨ ਨੂੰ ਉੱਚਤਮ ਚਰਿੱਤਰ ਦਾ ਲਖਾਇਕ,ਅਜਿਹਾ ਪਾਤਰ ਚਿਤਰਿਆ ਹੈ, ਜੋ ਕਦੇ ਵੀ ਨੀਵਾਂ ਨਹੀਂ ਸੀ ਤੇ ਨਾ ਹੋ ਸਕਦਾ ਹੈ। ਹਮੇਸ਼ਾਂ 'ਸਾਬਤਾ' ਹੈ,ਪਰ ਲੂਣਾ ਨੂੰ ਵਿਭਚਾਰਨੀ ਦੇ ਰੂਪ ਵਿਚ ਪੇਸ਼ ਕਰਕੇ ਉਸਨੂੰ ਸਮੁੱਚੀ ਨਾਰੀ ਜਾਤੀ ਦੀ ਪ੍ਰਤੀਨਿਧਤਾ ਕਰਦੇ ਦਿਖਾਇਆ ਗਿਆ ਹੈ।'[7]

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 28-37

ਪੂਰਵ ਰਚਿਤ ਟੈਕਸਟ ਨਾਲ ਸੰਵਾਦ ਰਚਾਉਂਦੀ ਹਰੇਕ ਕਾਲ ਦੀ ਟੈਕਸਟ ਦਾ ਸੁਭਾਅ ਉਸ ਕਾਲ ਦੇ ਸਭਿਆਚਾਰਕ ਪ੍ਰਵਚਨ ਅਨੁਸਾਰ ਤਬਦੀਲ ਹੁੰਦਾ ਰਹਿੰਦਾ ਹੈ l ਲੋਕ-ਸਾਹਿਤ ਵਿਚਲੀ ਲੂਣਾ, ਕਾਦਰਯਾਰ ਦੇ ਕਿੱਸਾ ਪੂਰਨ ਭਗਤ ਦੀ ਲੂਣਾ, ਪ੍ਰੋ. ਪੂਰਨ ਸਿੰਘ,ਪ੍ਰੋ.ਦੀਦਾਰ ਸਿੰਘ ਨੇ ਲੂਣਾ ਨੂੰ ਚਿਤਰਦਿਆਂ ਆਪਣੀ-ਆਪਣੀ ਅਵਚੇਤਨੀ ਅਕਾਂਖਿਆਂ ਦੀ ਪੂਰਤੀ ਲਈ ਕਥਾ ਦਾ ਵਿਸਥਾਪਨ ਕਰਦਿਆਂ 'ਲੂਣਾ' ਦੇ ਚਰਿੱਤਰ ਦੀ ਪੁਨਰ ਸਿਰਜਣਾ ਕੀਤੀ ਹੈ। "ਵਿਭਿੰਨ ਕਾਲਾਂ ਅਤੇ ਵਿਭਿੰਨ ਸਮਾਜਕ-ਪ੍ਰਬੰਧਾਂ ਵਿਚ ਰਚੇ ਹੋਣ ਕਾਰਨ ਇਹਨਾਂ ਪਾਠਾਂ ਵਿਚ ਵਿਲੱਖਣਤਾ ਹੋਣੀ ਸੁਭਾਵਕ ਹੈ, ਕਿਉਂਕਿ ਇਹ ਪਾਠ ਆਪਣੇ-ਆਪਣੇ ਸਮੇਂ ਦੇ ਸਮਾਜ-ਸਭਿਆਚਾਰ ਦੀ ਉਪਜ ਹਨ। ਵੱਖ-ਵੱਖ ਵਸਤੂ ਸਥਿਤੀਆਂ ਵਿਚ ਵਿਚਰਦੇ ਲੋਕ, ਆਪਣੇ-ਆਪਣੇ ਸਮਕਾਲੀ ਵਾਤਾਵਰਣ ਤੇ ਵਿਕਾਸ 'ਚੋ ਆਪਣੇ ਅਨੁਭਵ ਤੇ ਅਵਚੇਤਨ ਅਨੁਸਾਰ ਸੁਹਜ ਤੇ ਉਪਯੋਗ ਦੀ ਮੰਗ ਕਰਦੇ ਹਨ। ਇਸੇ ਕਰਕੇ ਹਰੇਕ ਟੈਕਸਟ ਨੇ ਆਪਣਾ ਸਨੇਹਾ ਬਦਲ ਲਿਆ ਹੈ, ਸੁਨੇਹਾ ਹੀ ਨਹੀਂ ਸਗੋਂ ਵਿਧਾ, ਸੰਰਚਨਾ ਅਤੇ ਚਿਹਨਾਂ ਆਦਿ ਤੀਕ ਨੂੰ ਵੀ ਬਦਲ ਲਿਆ ਹੈ।"[8]

ਇਸੇ ਪ੍ਰਸੰਗ ਵਿਚ ਸ਼ਿਵ ਰਚਿਤ 'ਲੂਣਾ'ਦਾ ਪੂਰਵ ਲਿਖਤ ਟੈਕਸਟ ਨਾਲੋਂ ਬੁਨਿਆਦੀ ਅੰਤਰ-ਨਿਖੇੜ ਕਰਦਿਆਂ ਬੁਨਿਆਦੀ ਅੰਤਰ- ਦ੍ਰਿਸ਼ਟੀਆਂ ਤਕ ਪਹੁੰਚਿਆ ਜਾ ਸਕਦਾ ਹੈ। ਸ਼ਿਵ ਦੀ ਵਖਰਤਾ ਜਿੱਥੇ 'ਲੂਣਾ' ਦੇ ਚਰਿੱਤਰ ਨੂੰ ਸਿਰਜਣ ਵਿਚ ਹੈ, ਉੱਥੇ ਉਹ ਆਪ ਆਖਦਾ ਹੈ:'ਜਦੋਂ ਨਵੇਂ ਪੱਖ ਦੀ ਗੱਲ ਆਉਂਦੀ ਹੈ ਤਾਂ ਸਾਹਿਤ ਵਿਚ ਇਸ ਦਾ ਅਰਥ ਪਰੰਪਰਾ ਨੂੰ ਕਿਸੇ ਹੱਦ ਤੀਕ ਤਿਆਗਣ ਤੋਂ ਹੈ। ਪਰੰਪਰਾਗਤ ਕਥਾਵਾਂ ਦੇ ਪ੍ਰਵਾਣਿਤ ਅਰਥਾਂ 'ਚੋਂ ਨਵੇਂ ਅਰਥ ਕੱਢਣ ਤੋਂ ਹੈ। ਪੂਰਨ ਦੇ ਕਿੱਸੇ ਨੂੰ ਲੂਣਾ ਦਾ ਕਿੱਸਾ ਕਹਿਣ ਵਿਚ ਹੀ ਨਵੇਂ ਅਰਥ ਸਥਾਪਿਤ ਹੋ ਜਾਂਦੇ ਹਨ।"[9]

ਸ਼ਿਵ ਕੁਮਾਰ ਬਟਾਲਵੀ ਰਚਿਤ 'ਲੂਣਾ' ਦਾ ਆਰੰਭ ਸੂਤਰਧਾਰ ਤੇ ਨਟੀ ਰਾਹੀਂ ਧਰਤੀ ਤੇ ਜਨਮ ਲੈਣ ਦੀ ਪ੍ਰਕਿਰਿਆ, ਚੰਬੇ ਦੀ ਮਹਿਕ ਦੀ ਖੁਸ਼ਬੂ,ਮਰਨ ਜੀਣ ਦੀ ਸਮਰੱਥਾ, ਨਾ-ਸਮਰੱਥਾ ਰਾਹੀਂ ਪ੍ਰਸੰਗਕ ਪਰਵਚਨ ਉਸਾਰਦਾ ਹੈ। ਸ਼ਿਵ ਰਚਿਤ ਲੂਣਾ ਵਿਚ ਅਗਨ ਕਾਮ ਦੇ ਚਿੰਨ੍ਹ ਵਜੋਂ ਆਉਂਦਾ ਹੈ। ਅਗਨ/ਅੱਗ ਦਾ ਪਹਿਲੇ ਪੱਧਰ ਤੇ ਅਰਥ ਅੱਗ ਭਾਵ ਗਰਮ ਤਾਪ ਤੋਂ ਹੈ। ਅੱਗ ਦਾ ਤਾਪ ਇਸ ਨੂੰ ਬਾਕੀ ਵਸਤਾਂ ਤੋਂ ਨਿਖੇੜਦਾ ਹੈ ਪਰ ਸ਼ਿਵ ਦੁਆਰਾ ਵਰਤਿਆ ਸ਼ਬਦ ਅਗਨ/ਅੱਗ ਇਥੇ ਤਾਪ ਜਾਂ ਅੱਗ ਵਜੋਂ ਸਾਹਮਣੇ ਨਹੀਂ ਆਉਂਦਾ ਸਗੋਂ ਇਸ ਸ਼ਬਦ ਦੇ ਪ੍ਰਸੰਗਿਕ ਅਰਥਾਂ ਵਿਚ ਇਸ ਦੀ ਮੂਲ ਸੁਰ ਨੂੰ ਪਛਾਣਿਆ ਜਾ ਸਕਦਾ। ਉਤਰ-ਆਧਨਿਕ ਵਿਧੀ ਦੇ ਅੰਤਰਗਤ 'ਵੱਖਰਤਾ' ਦਾ ਸਬੰਧ ਪਹਿਲੇ ਪੱਧਰ ਤੇ ਕਿਸੇ ਵਸਤੂ ਜਾਂ ਚਿੰਨ੍ਹ ਦੀ ਵੱਖਰਤਾ ਨਾਲ ਹੈ ਤੇ ਦੂਜੇ ਪੱਧਰ ਤੇ ਉਸਦੇ ਬਦਲਵੇ ਅਰਥਾਂ ਵਿਚ। ਸ਼ਿਵ ਕਾਮ ਨੂੰ ਜ਼ੁਬਾਨ ਦਿੰਦਾ,ਅਗਨ ਦਾ ਦੂਹਰਾ ਅਰਥ ਸਿਰਜਦਾ ਹੈ। ਉਹ ਆਖਦਾ ਹੈ :-

ਸਈਓ! ਨਾਰੀ ਕੀਹ ਰਚਦੀ ਹੈ

ਅਗਨ ਵਰੇਸ ਜਦੋਂ ਮਚਦੀ ਹੈ

ਵਾਂਗ ਫ਼ਲਾਂ ਦੇ ਆ ਰਸਦੀ ਹੈ

ਛੂਠੀ ਡਾਰ ਮੁਹੱਬਤ ਵਾਲੀ

ਉਸਦਾ ਪਿੰਡਾ ਆ ਪੱਛਦੀ ਹੈ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 28-37

ਉਤਰ-ਆਧੁਨਿਕ ਪਰਿਪੇਖ ਵਿਚ ਜਦੋਂ ਅਸੀਂ ਕਿਸੇ ਟੈਕਸਟ ਵਿਚਲੇ ਅਜਿਹੇ ਤੱਤਾਂ ਨੂੰ ਪਛਾਣਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸਲ ਵਿਚ ਇਹ ਡੀਕੋਡ ਕਰਨ ਦੀ ਅਜਿਹੀ ਪ੍ਰਕਿਰਿਆ ਹੈ।ਜਿਸ ਵਿਚ ਉਸ ਟੈਕਸਟ ਦੀ ਵੱਖਰਤਾ ਚਿੰਨ੍ਹਾਂ ਦੇ ਰੂਪ ਵਿਚ ਨਜ਼ਰੀਂ ਆਉਂਦੀ ਹੈ।ਹੁਣ ਜਦੋਂ ਅਸੀਂ ਉਤਰ-ਆਧੁਨਿਕਤਾ ਦੇ ਦੂਸਰੇ ਮਹੱਤਵਪੂਰਨ ਪਛਾਣ ਚਿੰਨ੍ਹ 'ਵਿਕੇਂਦਰਤਾ' ਦੀ ਗੱਲ ਕਰਦੇ ਹਾਂ ਤਾਂ ਇਹ ਇੱਥੇ ਮੁੱਖ ਸ਼ਕਤੀ ਨਾਲੋਂ ਵੱਖ-ਵੱਖ ਲੋਕਾਂ ਦੀ ਸ਼ਕਤੀ ਵੱਲ ਧਿਆਨ ਦਿੱਤਾ ਜਾਂਦਾ ਹੈ। ਸਮਾਜਕ ਪੱਧਰ ਤੇ ਸਮਾਨਤਾ ਲਿਆਉਣ ਦੇ ਮੱਦੇ-ਨਜ਼ਰ ਸਮੂਹ ਦੀ ਪਛਾਣ ਦੀ ਭਾਗੀਦਾਰੀ ਨੂੰ ਇਸ ਵਿਚ ਸੁਰੱਖਿਅਤ ਕੀਤਾ ਜਾਂਦਾ ਹੈ। ਹਾਸ਼ੀਆਗਤ ਲੋਕ ਜਿਸ ਵਿਚ ਨਿਮਨ ਵਰਗ ਦੇ ਲੋਕ ਜਾਂ ਔਰਤ ਜਾਤੀ ਦੇ ਨਗੂਣੇਪਨ ਦੀ ਗੱਲ ਕੀਤੀ ਜਾਂਦੀ ਹੈ, ਨੂੰ ਸਮਾਜਕ ਪਧਰ ਤੇ ਸਮਾਨ ਸਮਝਣ ਦੀ ਚਰਚਾ ਚਲਦੀ ਹੈ। । ਸ਼ਿਵ ਲੂਣਾ ਦੇ ਬੋਲਾਂ ਰਾਹੀਂ ਸਮੁੱਚੀ ਔਰਤ ਜਾਤ ਦੀਆਂ ਦੱਬੀਆਂ ਕੁਚਲੀਆਂ ਰੀਝਾਂ ਤੇ ਵਾਂਝੀਆਂ ਰਹਿ ਗਈਆਂ ਸੱਧਰਾਂ ਦੇ ਕੇਂਦਰੀਕਰਨ ਦੀ ਗੱਲ ਕਰਦਾ ਹੈ। ਲੂਣਾ ਦੀ ਆਵਾਜ਼ ਨੂੰ ਸ਼ਿਵ ਸਮੂਹ ਔਰਤ ਜਾਤ ਦੀ ਆਵਾਜ਼ ਬਣਾ ਕੇ ਪ੍ਰਤੀਬਿੰਬਤ ਕਰਦਾ ਹੈ:-

ਭਰਮ ਤਾਂ ਸਾਡੇ ਧਰਮਾਂ ,ਜਾਏ

ਜਿਨ੍ਹਾਂ ਨੇ ਸਾਡੇ,

ਕੂਲੇ ਪੈਰੀਂ

ਸ਼ਰਮਾ ਵਾਲੇ ਸੰਗਲ ਪਾਏ

ਜੋ ਨਾ ਸਾਥੋਂ ਜਾਣ ਤੁੜਾਏ

ਮਰਯਾਦਾ ਦੇ,

ਕਿੱਲੀਂ ਬੱਝੀ

ਢੋਰਾਂ ਵਾਕਣ ਰੂਹ ਕੁਰਲਾਵੇ

ਪਰ ਨਾ ਕਿੱਲੇ ਜਾਣ ਪੁਟਾਏ

ਤੇ ਇਹ ਨਿਸਫ਼ਲ,

ਜਤਨ ਅਸਾਡਾ

ਸਾਡੀ ਹੀ ਕਿਸਮਤ ਕਹਿਲਾਏ।

ਉਤਰ-ਆਧੁਨਿਕਤਾ ਨਿਸ਼ਚਿਤ ਅਰਥਾਂ ਤਕ ਮਹਿਦੂਦ ਨਾ ਰਹਿ ਕੇ ਆ-ਨਿਸ਼ਚਿਤ ਅਰਥ ਪ੍ਰਬੰਧ ਵੱਲ ਝੁਕਾ ਰੱਖਦੀ ਹੈ। ਕਾਦਰਯਾਰ ਨੂੰ ਜੋ "ਲੂਣਾ' ਚਰਿਤਰਹੀਨ ਜਾਪਦੀ ਹੈ, ਉਹ ਸ਼ਿਵ ਦੀ ਨਜ਼ਰ ਵਿਚ ਪੁਸ਼ਤਾ ਤੋਂ ਹੰਢਾਏ ਜਾਂਦੇ ਦਰਦ ਦਾ ਕੌੜਾ ਸਚ ਹੈ।ਪੂਰਨ ਤੇ ਲੂਣਾ ਦਾ ਸੱਚ ਆਪੋ-ਆਪਣਾ ਸੱਚ ਹੈ,ਸਮੇਂ ਦਾ ਸਚ ਹੈ। ਔਰਤ ਦੀਆਂ ਅਤ੍ਰਿਪਤ

ਭਾਵਨਾਵਾਂ ਦੀ ਤਰਜਮਾਨੀ ਕਰਦਾ ਸ਼ਿਵ 'ਲੂਣਾ' ਦੇ ਜ਼ਰੀਏ ਸਮੁੱਚੀ ਔਰਤ ਦੀ ਹੂਕ ਬਣ ਜਾਂਦਾ ਹੈ। ਲੂਣਾ ਦੀ ਵੇਦਨਾ ਧਰਤੀ ਦੀਆਂ ਸਾਰੀਆਂ ਔਰਤਾਂ ਦੀ ਵੇਦਨਾ ਦਾ ਪ੍ਰਗਟਾ ਬਣ ਜਾਂਦੀ ਹੈ। ਇਕ ਛਾਤੀ ਵਿਚ ਜੇਠ ਤੇ ਦੂਜੀ ਵਿਚ ਹਾੜ ਤਪਦਾ ਨਜ਼ਰੀਂ ਆਉਂਦਾ ਹੈ। ਆਪਣੇ ਆਪ ਨੂੰ ਆ-ਕਿਸਮਤ ਮੰਨਦੀ ਹੋਈ ਪੁਸ਼ਤਾਂ ਤੋਂ ਮਿਲੇ ਸਰਾਪ ਦਾ ਹਿੱਸਾ ਹੋਣ ਕਾਰਨ ਉਹ ਪਸ਼ਚਾਤਾਪ ਦੀ ਅੱਗ ਵਿਚ ਸੁਲਗਦੀ ਨਜ਼ਰ ਆਉਂਦੀ ਹੈ। 'ਇੱਛਰਾਂ' ਤੇ 'ਲੂਣਾ' ਦੇ ਦਰਦ ਨੂੰ ਸ਼ਿਵ ਵੱਖਰੀ ਆਵਾਜ਼ ਦਿੰਦਾ ਹੈ।'ਸ਼ਿਵ ਨੇ ਲੂਣਾ ਨੂੰ ਜ਼ੁਬਾਨ ਦਿੱਤੀ ਹੈ,ਇਸ ਲਈ ਕੇ ਇਕ ਤਾਂ ਉਹ ਆਪਣੀ ਸਵੈ ਪੀੜ ਦਸ ਸਕੇ ਦੂਜੇ ਆਪਣੇ ਅੰਦਰਲੇ ਵਿਰੋਧ ਨੂੰ ਬਗਾਵਤ ਦੇ ਰੂਪ ਵਿਚ ਪੇਸ਼ ਕਰ ਸਕੇ। ਲੂਣਾ ਦੇ ਪੁਨਰ ਸਿਰਜਣ ਦੀ ਕਿਰਿਆ ਵਿਚ ਉਸ ਨਾਲ ਹੋਏ ਅਨਿਆਏ ਸਦਕੇ ਹੁਣ ਲੂਣਾ 'ਲੋਕ ਕਟਹਿਰੇ' ਵਿਚ 'ਬਿਲਕੁਲ' ਦੋਸ਼ੀ ਨਹੀਂ ਕਰਾਰ ਦਿੱਤੀ ਜਾ ਸਕਦੀ। ਸਾਡੇ ਸਾਹਮਣੇ ਇਹ ਪ੍ਰਸ਼ਨ ਵਾਰ-ਵਾਰ ਆਉਂਦਾ ਹੈ ਕਿ ਆਖਰ ਉਸਨੇ ਉਸ ਦਾ ਸਲਵਾਨ ਸੰਗ ਵਿਆਹ ਹੋਣ ਸਮੇਂ ਵਿਰੋਧ ਕਿਉਂ ਨਾ ਕੀਤਾ। ਇਸ ਦਾ ਉੱਤਰ ਇਹੋ ਦਿੱਤਾ ਜਾ ਸਕਦਾ ਹੈ ਕਿ ਸ਼ਾਇਦ ਉਹ ਆਪਣੇ ਗ਼ਰੀਬ ਦੁਖੀ ਬਾਬਲ ਨੂੰ ਹੋਰ ਦੁਖੀ ਨਾ ਕਰਨਾ ਚਾਹੁੰਦੀ ਹੋਵੇ। ਇਸੇ ਤਰ੍ਹਾਂ ਕਿਹਾ ਜਾਂਦਾ ਹੈ, ਕਿ ਜੇਕਰ ਪੂਰਨ ਉਸ ਨੂੰ ਨਾ ਮਿਲਦਾ, ਕੀ ਫੇਰ ਵੀ ਉਹ ਇਸ ਤਰਾਂ ਬਗਾਵਤ ਕਰਦੀ? ਜਾਂ ਜੇ ਪੂਰਨ ਉਸਦੀ ਇੱਛਾ ਪੂਰੀ ਕਰ ਦਿੰਦਾ, ਕੀ ਉਹ ਚੁਪ ਹੋ ਜਾਂਦੀ? ਇਸ ਤਰ੍ਹਾਂ ਦੇ ਪ੍ਰਸ਼ਨ ਉਸ ਦੇ ਕਿਰਦਾਰ ਸਿਰਜਨ ਸਮੇਂ ਸਾਹਮਣੇ ਸਾਹਮਣੇ ਆਉਂਦੇ ਹਨ। ਪਰ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਮੇਂ ਇਹ ਗੱਲ ਸਮਝਣੀ ਜ਼ਰੂਰੀ ਹੈ, ਕਿ ਲੂਣਾ ਕਾਵਿ ਵਿਚ ਸ਼ਿਵ ਨੇ ਜੋ ਪਾਤਰ ਚਿਤਰੇ ਹਨ, ਪੂਰਨ ਨੂੰ ਛੱਡ ਕੇ ਸਾਰੇ ਹੀ ਅਧੂਰੇ ਪਾਤਰ ਹਨ। ਅਤ੍ਰਿਪਤ ਹਨ ਅਸੰਤੁਸ਼ਟ ਅਤੇ ਬੇਚੈਨ ਹਨ। ਇਨ੍ਹਾਂ ਦੀ ਬੇਚੈਨੀ ਦਾ ਮੁੱਖ ਕਾਰਨ ਸ਼ਿਵ ਨੇ ਨਾ ਤਾਂ ਆਰਥਿਕਤਾ ਬਣਾਈ ਹੈ, ਨਾ ਸ਼ਿਵ ਦੇ ਸਮੁੱਚੇ ਦ੍ਰਿਸ਼ਟੀਕੋਣ ਅਨੁਸਾਰ ਜ਼ਾਤ-ਪਾਤ, ਊਚ-ਨੀਚ ਅਤੇ ਸਮਾਜਿਕ ਅਨਿਆਏ ਸਾਡੇ ਸਾਹਮਣੇ ਆਉਂਦਾ ਹੈ,ਜੋ ਸ਼ਿਵ ਵੱਲੋਂ ਪੇਸ਼ ਹੋਵੇ ਤੇ ਕੇਂਦਰੀ ਧੁਰਾ ਬਣਾਇਆ ਗਿਆ ਹੋਵੇ, ਬਲਕਿ ਇਨ੍ਹਾਂ ਦੇ ਅਧੂਰੇਪਣ ਦਾ ਕਾਰਨ ਸ਼ਿਵ ਨੇ ਔਰਤ ਦਾ ਦਰਦ ਲਿਆ ਹੈ।"[10]

ਵਿਡੰਬਨਾ ਨੂੰ ਕਿਸੇ ਵੀ ਟੈਕਸਟ ਦੀ ਅਹਿਮ ਜੁਗਤ ਮੰਨਿਆ ਜਾ ਸਕਦਾ ਹੈ। ਵਿਡੰਬਨਾ ਦਾ ਉਦੈ ਹਮੇਸ਼ਾ ਵਿਰੋਧਾਤਮਕ ਪ੍ਰਸਥਿਤੀ ਵਿੱਚੋਂ ਹੁੰਦਾ ਹੈ। ਸ਼ਿਵ ਨੇ ਸਲਵਾਨ ਨੂੰ ਵਿਡੰਬਨਾਮਈ ਪ੍ਰਸਥਿਤੀ ਦਾ ਭਾਗੀਦਾਰ ਬਣਾਉਂਦਿਆਂ ਸਾਮੰਤਵਾਦੀ ਯੁੱਗ ਦੀ ਪ੍ਰਧਾਨਤਾ ਦਾ ਲਖਾਇਕ ਦੱਸਿਆ ਹੈ।ਸਲਵਾਨ ਇਥੇ ਦੋ ਮੁਖੀ ਕਿਰਦਾਰ ਨਿਭਾਉਂਦਾ ਹੈ। ਇਕ ਵੇਲੇ ਦੋ ਸੱਚ ਉਸ ਦੀ ਪ੍ਰੀਖਿਆ ਲੈਂਦੇ ਹਨ ਇਕ ਪੁੱਤ ਦਾ ਸੱਚ ਤੇ ਦੂਜਾ ਲੂਣਾ ਦਾ ਸੱਚ। ਦੋਹਾਂ ਦੇ ਸੱਚ ਸਾਹਮਣੇ ਸਲਵਾਨ ਦਾ ਆਪਣਾ ਸੱਚ ਅਧੂਰਾ ਰਹਿ ਜਾਂਦਾ ਹੈ। ਸ਼ਿਵ ਰਚਿਤ ਲੂਣਾ ਦੀ ਟੈਕਸਟ ਵਿਚ ਲੂਣਾ ਦਾ ਅਰਥ ਹਾਸ਼ੀਏ ਤੇ ਖੜੀ ਔਰਤ ਵਜੋਂ ਨਹੀਂ ਸਗੋਂ ਆਪਣੀ ਸਵੈ ਦੀ ਪਛਾਣ ਲਈ ਲੜਦੀ ਔਰਤ ਦੀ ਹੋਂਦ ਵਜੋਂ ਸਾਹਮਣੇ ਆਉਂਦੇ ਹਨ। ਇਸ ਤਰ੍ਹਾਂ ਅਰਥਾਂ ਦਾ ਵਿਕੇਂਦਰੀਕਰਨ ਹੁੰਦਾ ਹੈ। ਅਰਥਾਂ ਦੇ ਵਿਕੇਂਦਰੀਕਰਨ ਵੇਲੇ ਵਿਰੋਧੀ-ਜੁੱਟਾਂ ਵਿਚ ਸ਼ਬਦ ਦੇ ਨਵੇਂ ਅਰਥ ਦੇ ਪ੍ਰਸੰਗ ਨੂੰ ਸਮਝਿਆ ਜਾ ਸਕਦਾ ਹੈ। ਪੂਰਵ ਰਚਿਤ ਟੈਕਸਟ ਵਿਚ ਪਏ ਵਿਰੋਧੀ ਜੁੱਟ ਮਰਦ/ਔਰਤ, ਪੁੰਨ/ਪਾਪ ਹੀਣਤਾਂ ਵਾਲੇ ਅਰਥ ਤੋਂ ਉਤਾਂਹ ਉੱਠ ਕੇ ਬਰਾਬਰੀ ਦੇ ਭਾਵ ਨਾਲ ਜਾ ਜੁੜਦੇ ਹਨ। ਸ਼ਿਵ ਰਚਿਤ ਲੂਣਾ ਵਿਚ ਮਰਦ/ਔਰਤ ਜੁੱਟ ਦੀ ਬਜਾਏ ਔਰਤ/ਮਰਦ ਜੁੱਟ ਵਿਰੋਧ ਦੀ ਭਾਵਨਾ ਵਜੋਂ ਸਾਹਮਣੇ ਆਉਂਦਾ ਹੈ। ਸ਼ਿਵ ਨੇ ਨਾਰੀ ਮਾਨਸਿਕਤਾ ਨੂੰ ਮੂਹਰੇ ਕਰਕੇ ਨਾਰੀ ਦੀ ਹੋਂਦ ਦੇ ਨਵੇਂ ਅਰਥਾਂ ਦਾ ਪ੍ਰਤਿਪਾਦਨ

ਕੀਤਾ ਹੈ।'ਸ਼ਿਵ ਕੁਮਾਰ ਵਿਰੋਧੀ-ਜੁੱਟ ਮਰਦ/ਨਾਰੀ ਤੋਂ ਅਰਥ ਨਾਰੀ 'ਤੇ ਟਿਕਾ ਕੇ ਮਰਦ/ ਸਲਵਾਨ ਦੇ ਵਿਰੋਧ ਵਿਚ ਉਸਦੀ ਪਛਾਣ/ਕਿਰਦਾਰ ਉਸਾਰਦਾ ਹੈ, ਇਸ ਤਰ੍ਹਾਂ ਭਾਵੇਂ ਉਹ 'ਲੂਣਾ' ਨੂੰ ਨਵੇਂ ਅਰਥ ਦੇ ਦਿੰਦਾ ਹੈ ਪਰ ਇਸ ਅਰਥ ਨੂੰ ਫਿਰ ਕਿਸੇ ਹੋਰ ਕੇਂਦਰ ਨਾਲ ਜੋੜ ਦਿੰਦਾ ਹੈ। ਇਹ ਕੇਂਦਰ ਫਰਾਇਡਵਾਦ ਤੇ ਆਧੁਨਿਕਤਾਵਾਦੀ ਨਾਰੀਵਾਦ ਦੀ 'ਹਾਜ਼ਰੀ' ਦਾ ਹੈ ਜਿੱਥੇ ਮਰਦ ਦੇ ਖ਼ਿਲਾਫ਼ ਇਕ ਤਾਕਤਵਰ ਸੰਰਚਨਾ ਉਸਾਰਨ ਦਾ ਮਸਲਾ ਹੈ। ਇਹ ਸ਼ਿਵ 'ਤੇ ਉਸ ਵੇਲੇ ਦੇ ਵਿਕਸਿਤ ਗਿਆਨ ਦਾ ਅਚੇਤ-ਸੁਚੇਤ ਪ੍ਰਭਾਵ ਵੀ ਕਹਿ ਸਕਦੇ ਹਾਂ। ਵਿਰਚਨਾ ਨਵੇਂ ਕੇਂਦਰ ਸਿਰਜਣ 'ਚ ਨਹੀਂ ਹੈ, ਇਹ ਤਾਂ ਵਿਰੋਧ-ਜੁੱਟ 'ਚੋ ਕਿਸੇ ਵੀ ਵਿਰੋਧੀ ਸ਼ਬਦ/ਤੱਤ ਦਾ ਦਾਬਾ ਨਹੀਂ ਝਲਦੀ। ਕੰਮ ਦੇ ਅਰਥ, ਵਿਰੋਧਾਂ-ਜੁੱਟਾਂ ਦੇ ਕਿਸੇ ਵੀ ਸ਼ਬਦ ਵਿਚ ਨਹੀਂ ਪਏ ਸਗੋਂ ਇਨ੍ਹਾਂ ਵਿਰੋਧ-ਜੁੱਟਾਂ ਦੇ ਦੋਵੇਂ ਸ਼ਬਦ ਅਸਲ ਅਰਥ ਨੂੰ ਦਬਾਉਂਦੇ ਹਨ। ਕੰਮ ਦੇ ਅਰਥ ਦਾ ਦੋਨਾਂ ਸ਼ਬਦਾਂ ਦੇ 'ਡਿਫ਼ਰਾਸ' ਵਿਚ ਪਏ ਰਹਿੰਦੇ ਹਨ। ਇਉਂ 'ਪੂਰਨ ਭਗਤ' ਦਾ 'ਪੂਰਨ' ਹੋਵੇ, 'ਸਲਵਾਨ'ਜਾਂ ਸ਼ਿਵ ਦੀ 'ਲੂਣਾ', ਇਨ੍ਹਾਂ ਦੇ ਅਰਥ ਆਪਸੀ ਵਿਰੋਧ ਤਾਈਆਂ 'ਚ ਪਏ ਹਨ। ਇਹ ਇਕਹਿਰੇ(ਨਾਇਕ/ਖਲਨਾਇਕ) ਨਹੀਂ, ਨਿਰੰਤਰ ਅੱਗੇ ਪਈ ਜਾਣ ਵਾਲੇ ਬਹੁ-ਮੁਖੀ ਪਛਾਣ ਵਾਲੇ ਕਿਰਦਾਰ ਹਨ, ਇਕੋ ਵੇਲੇ ਇਨ੍ਹਾਂ 'ਚੋਂ ਘੱਟੋ-ਘੱਟ ਦੋ ਸੱਚ ਪਛਾਣੇ ਜਾ ਸਕਦੇ ਹਨ ਤੇ ਕਿਹੜਾ ਸੱਚ ਉਨ੍ਹਾਂ ਦਾ ਹੈ ਇਹ ਨਿਤਾਰ ਸਕਣਾ ਮੁਸ਼ਕਲ ਹੈ।'[11]

ਸੋ 'ਲੂਣਾ' ਪਰੰਪਰਾਗਤ ਰੂਪ ਵਾਲੀ ਕਾਮੀ ਤੇ ਬਦਚਲਨ ਔਰਤ ਤੋਂ ਜਾਗੀਰਵਾਦੀ ਪ੍ਰਥਾ ਦੇ ਜ਼ੁਲਮ ਵਿਰੁੱਧ ਉੱਠਦੀ ਬਗਾਵਤ ਦੇ ਨਾਂ ਵਜੋਂ ਸਾਹਮਣੇ ਆਉਂਦੀ ਹੈ। ਆ-ਧਰਮੀ, ਆ-ਸਮਾਜਕ ਚਰਿੱਤਰ ਦੀ ਮਾਲਕ, ਪੁੱਠੀ ਮੱਤ ਵਾਲੀ 'ਲੂਣਾ' ਦਾ ਬਿਰਤਾਂਤਕ ਪਰਵਚਨ ਲੋਕ-ਸਾਹਿਤ,ਕਿਸਾ-ਕਾਵਿ ਤੇ ਆਧੁਨਿਕ ਕਾਵਿ ਤੋਂ ਉੱਠ ਕੇ ਜਦ ਉਤਰ-ਆਧੁਨਿਕ ਦੌਰ ਤਕ ਪਹੁੰਚਦਾ ਹੈ ਤਾਂ ਉਹ ਕੈਦ ਦੀਆਂ ਬੇੜੀਆਂ ਲਾਹ ਕੇ ਮੁਕਤ ਹੋਣ ਵਾਲੀ ਅਜਿਹੀ ਔਰਤ ਦੇ ਰੂਪ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਂਦੀ ਹੈ,ਜੋ ਹਾਸ਼ੀਏ ਤੋਂ ਉਠ ਕੇ ਆਪਣੀ ਹੋਂਦ ਦੇ ਸਚ ਨੂੰ ਪਛਾਨਣ ਲਈ ਅਣਥਕ ਯਤਨ ਕਰਦੀ ਹੈ।

**ਸਹਾਇਕ ਪੁਸਤਕ- ਸੂਚੀ**


1. ਡਾ.ਪਿਆਰ ਸਿੰਘ ,ਸ.ਨਰਜੀਤ ਸਿੰਘ, ਅਲਵਿਦਾ, ਪੰਨਾ. 42.
2. ਡਾ.ਆਤਮ ਸਿੰਘ ਰੰਧਾਵਾ,ਉਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ, ਪੰਨਾ.17.
3. ਸ਼ਿਵ ਕੁਮਾਰ- ਸਮੁਚੀ ਕਵਿਤਾ,ਸੰਪਾ.ਮਿਹਰਬਾਨ,ਪੰਨਾ.337
4. ਉਹੀ,ਪੰਨਾ.18.
5. ਉਹੀ,ਪੰਨਾ.340.
6. ਡਾ.ਆਤਮ ਸਿੰਘ ਰੰਧਾਵਾ,ਉਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ, ਪੰਨਾ.51.
7. ਡਾ.ਅਮਰ ਕੋਮਲ,ਸ਼ਿਵ ਕੁਮਾਰ ਦਾ ਕਾਵਿ ਲੋਕ,ਪੰਨਾ.62.

8. ਡਾ.ਆਤਮ ਸਿੰਘ ਰੰਧਾਵਾ,ਸ਼ਬਦ,ਸਿਧਾਤ ਤੇ ਸੰਵਾਦ,ਪੰਨਾ.30.

9. ਸ਼ਿਵ ਕੁਮਾਰ-ਸਮੁਚੀ ਕਵਿਤਾ,ਸੰਪਾ.ਮਿਹਰਬਾਨ,ਪੰਨਾ.340

10. ਡਾ.ਅਮਰ ਕੋਮਲ,ਸ਼ਿਵ ਕੁਮਾਰ ਦਾ ਕਾਵਿ ਲੋਕ,ਪੰਨੇ.110-111.

11. ਡਾ. ਆਤਮ ਸਿੰਘ ਰੰਧਾਵਾ,ਉਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ, ਪੰਨਾ.61.

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 38-46

# ਸਿੱਖ ਧਰਮ ਅਤੇ ਪੰਜਾਬੀ ਸਾਹਿਤ ਦਾ ਉੱਤਰ ਆਧੁਨਿਕ ਪਰਿਪੇਖ

**ਡਾ. ਪਰਮਜੀਤ ਕੌਰ**
**ਐਸੋਸੀਏਟ ਪ੍ਰੋਫੈਸਰ, ਧਰਮ ਅਧਿਐਨ ਵਿਭਾਗ,**
**ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ।**

ਧਰਮ ਅਤੇ ਸਾਹਿਤ ਦਾ ਅਟੁੱਟ ਰਿਸ਼ਤਾ ਹੈ। ਸਿੱਖ ਧਰਮ ਅਤੇ ਪੰਜਾਬੀ ਸਾਹਿਤ ਦੋਵੇਂ ਹੀ ਵੱਖ-ਵੱਖ ਵੱਖ ਨਦੀਆਂ ਵਰਗੇ ਲੱਗਦੇ ਹਨ ਪਰ ਅਸਲ ਵਿੱਚ ਇੱਕ ਦੂਜੇ ਵਿੱਚ ਰਲ ਕੇ ਇੱਕ ਮਹਾਂ ਸਰੋਵਰ ਬਣਾਉਂਦੇ ਹਨ । ਧਰਮ ਪੰਜਾਬੀ ਸਾਹਿਤ ਦੀ ਰੂਹਾਨੀ ਝੀਲ ਹੈ ਜਿੱਥੇ ਕਲਮ ਅਤੇ ਵਿਸ਼ਵਾਸ ਇੱਕੋ ਸਮੇਂ ਚੜ੍ਹਦੀ ਕਲਾ ਵਿੱਚ ਮਜ਼ਬੂਤੀ ਅਤੇ ਦ੍ਰਿੜਤਾ ਪ੍ਰਦਾਨ ਕਰਦੇ ਹਨ। ਪੰਜਾਬੀ ਸਾਹਿਤ ਵਿੱਚ ਸਿੱਖ ਧਰਮ ਨੂੰ ਤਿੰਨ ਕੇਂਦਰੀ ਧਰਾਵਾਂ ਰਾਹੀਂ ਸਮਝਿਆ ਜਾ ਸਕਦਾ ਹੈ;

- ਸਾਹਿਤ ਵਿੱਚ ਧਾਰਮਿਕ ਯਾਦ
- ਨਵੀਆਂ ਨੈਤਿਕ ਕਦਰਾਂ ਕੀਮਤਾਂ ਦੀ ਸਥਾਪਨਾ
- ਪਾਠ ਦਾ ਵਿਸ਼ਲੇਸ਼ਣ ਅਤੇ ਪੁਨਰਨਿਰਮਾਣ

ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਦਾ ਇੱਕ ਅਮੀਰ ਵਿਰਸਾ ਹੈ ਜੋ ਆਪਣੇ ਆਪ ਵਿੱਚ ਇੱਕ ਪੂਰਾ ਸੰਸਾਰ ਸਿਰਜਦੀ ਹੈ ਇਸ ਨੂੰ 'ਗੁਰਮੁਖੀ ਲਿਪੀ' ਵਿੱਚ ਗੁਰੂ ਅੰਗਦ ਦੇਵ ਜੀ ਨੇ ਸੰਗਠਿਤ ਕਰਕੇ ਇਸ ਨੂੰ ਰੂਹਾਨੀ ਸਾਹਿਤ ਦੀ ਵਿਸ਼ੇਸ਼ ਬੋਲੀ ਬਣਾ ਦਿੱਤਾ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਜੇਕਰ ਪੰਜਾਬੀ ਭਾਸ਼ਾ ਦੀ ਗੱਲ ਕਰੀਏ ਤਾਂ ਇਸ ਦੀ ਸ਼ੁਰੂਆਤ ਇਸਲਾਮ ਦੇ ਪ੍ਰਵੇਸ਼ ਨਾਲ ਹੁੰਦੀ ਹੈ। ਨੌਵੀਂ- ਦਸਵੀਂ ਸਦੀ ਦੇ ਸਮੇਂ ਵਿੱਚ ਨਾਥਾਂ, ਜੋਗੀਆਂ ਦਾ ਸਾਹਿਤ ਰਚਿਆ ਗਿਆ, ਬਾਬਾ ਫਰੀਦ ਜੀ ਦੁਆਰਾ ਬਾਣੀ ਰਚੀ ਗਈ।12 ਈਸਵੀ ਤੋਂ 15 ਈਸਵੀ ਤੱਕ ਦਾ ਲੰਮਾ ਇਤਿਹਾਸ ਹੈ ਜਿਸ ਨੂੰ ਆਦਿ ਕਾਲ ਜਾਂ ਪਹਿਲਾ ਪੜਾਅ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਕਹਿ ਸਕਦੇ ਹਾਂ। ਦੂਜੇ ਵਿਕਾਸ ਪੜਾਅ ਦਾ ਸਮਾਂ 1500 ਤੋਂ 1700 ਤੱਕ ਦਾ ਸਮਾਂ ਬਣਦਾ ਹੈ ,ਜੋ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਗੁਰਮੁਖੀ ਲਿਪੀ ਵਿੱਚ ਗੁਰਬਾਣੀ ਦਾ ਸਮਾਂ ਅਖਵਾਉਂਦਾ ਹੈ। ਗੁਰਮਤਿ ਕਾਵਿ, ਸੂਫੀ ਕਾਵਿ, ਕਿੱਸਾ ਕਾਵਿ, ਵਾਰ ਕਾਵਿ, ਭਗਤੀ ਕਾਵਿ ਤੇ ਵਾਰਤਕ ਸਾਹਿਤ ਇਸੇ ਸਮੇਂ ਦੀ ਹੀ ਦੇਣ ਹਨ, ਭਾਵੇਂ ਉਸ ਸਮੇਂ ਵਿੱਚ ਪੰਜਾਬੀ ਨੂੰ ਰਾਜ ਭਾਸ਼ਾ ਵਜੋਂ ਮਾਨਤਾ ਨਹੀਂ ਮਿਲੀ ਸੀ ਪਰ ਇਸ ਵਿੱਚ ਬਹੁਤ ਸਾਰਾ ਸਾਹਿਤ ਰਚਿਆ ਗਿਆ। ਜਿਸ ਬਾਰੇ ਜੋਗਾ ਸਿੰਘ ਅਤੇ ਗੁਰਬਖਸ਼ ਸਿੰਘ ਲਿਖਦੇ ਹਨ; "ਸਿਆਸੀ ਪ੍ਰਸ਼ਾਸਨਿਕ ਭਾਵ ਜਾਇਦਾਦ ਆਦਿ ਨਾਲ ਸੰਬੰਧਿਤ ਕੰਮਾਂ ਲਈ ਫਾਰਸੀ ਦੀ ਵਰਤੋਂ ਹੁੰਦੀ ਹੈ। ਪਰ ਆਮ ਲੋਕਾਂ ਨੂੰ ਰੂਹਾਨੀ ਤੌਰ ਤੇ ਨਾਲ ਜੋੜਨ ਲਈ ਸੂਫੀ ਸੰਤ ਆਪਣਾ ਪ੍ਰਵਚਨ ਪੰਜਾਬੀ ਵਿੱਚ ਕਰਦੇ ਹਨ ਇਸ ਸਿਲਸਿਲੇ ਵਿੱਚ ਬਾਬਾ ਫਰੀਦ ਪੰਜਾਬੀ ਜੁਬਾਨ ਨੂੰ ਸਥਾਪਿਤ ਕਰਨ ਲਈ ਮੋਢੀ ਕਹੇ ਜਾ ਸਕਦੇ ਹਨ। ਇਸ ਰਵਾਇਤ ਵਿੱਚ ਦੂਜੇ ਸੂਫੀ ਸ਼ਾਇਰ ਅਤੇ ਕਿੱਸਾਕਾਰ ਵੀ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ ਪਰ ਇਸ ਸਮੇਂ ਦਾ ਇੱਕ ਅਹਿਮ ਤੱਤ ਇਹ ਵੀ ਹੈ ਕਿ ਸੂਫੀ ਵੀ ਪੰਜਾਬੀ ਲਈ ਲਿਪੀ ਅਰਬੀ ਫਾਰਸੀ ਹੀ ਵਰਤਦੇ ਹਨ॥"[1]

ਪੰਜਾਬੀ ਸਾਹਿਤ ਵਿੱਚ ਜਿੱਥੇ ਸੱਭਿਆਚਾਰਕ ਤੇ ਵਿਰਾਸਤੀ ਮੁੱਲਾਂ ਦੇ ਰੂਪ ਸਾਹਮਣੇ ਆਉਂਦੇ ਹਨ ਉਥੇ ਨਾਲ ਹੀ ਇੱਕ ਵੱਡਾ ਹਿੱਸਾ ਰੂਹਾਨੀ ਸਾਹਿਤ ਦਾ ਹੈ ਜੋ ਧਰਮ ਦੀ ਤਰਜਮਾਨੀ ਕਰਦਾ ਹੈ ਇਹਨਾਂ ਲਿਖਤਾਂ ਵਿੱਚ ਆਸਥਾ ਨੂੰ ਸਿਰਫ ਅਰਥ ਰੂਪ ਵਿੱਚ ਨਹੀਂ ਸਾਂਭਿਆ ਜਾਂਦਾ ਸਗੋਂ ਬੋਲੀ, ਸੰਗੀਤ, ਸਮਾਜ ਅਤੇ ਇਤਿਹਾਸ ਨੂੰ ਇੱਕ ਪਾਠ ਦਾ ਰੂਪ ਦੇ ਦਿੱਤਾ ਜਾਂਦਾ ਹੈ। ਇਸ ਦੀ ਉਦਾਹਰਣ ਹੈ ਗੁਰੂ ਨਾਨਕ ਸਾਹਿਬ ਦੁਆਰਾ ਬਾਣੀ ਰਚਨਾ ਦਾ ਆਰੰਭ , ਗੁਰੂ ਅੰਗਦ ਸਾਹਿਬ ਦੁਆਰਾ ਗੁਰਮੁਖੀ ਲਿਪੀ ਦਾ ਵਿਸਥਾਰ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਗੁਰਬਾਣੀ ਰਚਨਾ ਜਾਰੀ ਰੱਖਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨਾ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਪੰਜਾਬੀ ਸਾਹਿਤ ਨੂੰ ਸਦਜੀਵੰਤ ਕਰ ਦਿੱਤਾ। ਪੰਜਾਬ ਦੀ ਅਮੀਰ ਵਿਰਾਸਤ ਦੀ ਸਾਂਭ ਸੰਭਾਲ ਅਤੇ ਰੂਹਾਨੀ ਸੱਭਿਆਚਾਰ ਦੀ ਸਿਰਜਣਾ ਕਰਨ ਵਿੱਚ ਗੁਰੂ ਸਾਹਿਬਾਨ ਨੇ ਵਡਮੁੱਲਾ ਯੋਗਦਾਨ ਪਾਇਆ ਹੈ;

ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥[2]

ਅਤੇ

ਖਤ੍ਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥[3]

ਇਸ ਨਾਲ ਵਿਰਾਸਤ ਦੀ ਸਾਂਭ ਸੰਭਾਲ ਦਾ ਆਗਾਜ਼ ਕਰ ਦਿੱਤਾ ਗਿਆ ਸੀ ਤੇ ਹਰੇਕ ਪੰਜਾਬੀ ਤੇ ਸਿੱਖ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ, ਜੋ ਹਮੇਸ਼ਾਂ ਹੀ ਵਿਗਾਸ ਵਾਲਾ ਹੈ ਵਿਕਾਸ ਵਾਲਾ ਹੈ। ਇਸੇ ਵਿੱਚੋਂ ਹੀ ਉੱਤਰ ਆਧੁਨਿਕਤਾ ਦਾ ਪਰਿਪੇਖ ਸਿਰਜਿਆ ਜਾ ਸਕਦਾ ਹੈ ।1700 ਤੋਂ 1900 ਈਸਵੀ ਤੱਕ ਦਾ ਸਮਾਂ ਪੰਜਾਬੀਆਂ ਦੀ ਆਪਣੀ ਭਾਸ਼ਾ ਹੀ ਹਾਕਮ ਸ਼੍ਰੇਣੀ ਦੀ ਭਾਸ਼ਾ ਦੇ ਦਬਾਅ ਹੇਠ ਦੱਬੀ ਰਹੀ। ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਲਈ ਕਈ ਉੱਦਮ ਕੀਤੇ। ਅੰਗਰੇਜ਼ਾਂ ਦਾ ਅਧਿਕਾਰ ਹੋਣ ਕਰਕੇ ਪੰਜਾਬੀ ਭਾਸ਼ਾ ਉੱਤੇ ਅੰਗਰੇਜ਼ੀ ਭਾਸ਼ਾ ਦਾ ਪ੍ਰਭਾਵ ਫਾਰਸੀ ਨਾਲੋਂ ਵੱਧ ਵੇਖਣ ਨੂੰ ਮਿਲਿਆ ਅੰਗਰੇਜ਼ਾਂ ਨੇ “ਪਾੜੋ ਤੇ ਰਾਜ ਕਰੋ” ਦੀ ਨੀਤੀ ਨਾਲ 1947 ਵਿੱਚ ਪੰਜਾਬ ਨੂੰ ਦੋ ਟੁਕੜਿਆਂ ਵਿੱਚ ਵੰਡ ਦਿੱਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬੀ ਭਾਸ਼ਾ ਨੂੰ ਰਾਜ ਪੱਧਰੀ ਭਾਸ਼ਾ ਦੀ ਮਾਨਤਾ ਦੇਣ ਲਈ ਲਛਮਣ ਸਿੰਘ ਗਿੱਲ ਦੀ ਘੱਟ ਗਿਣਤੀ ਵਾਲੀ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ ਬਣਾਇਆ ਗਿਆ । 1967 ਵਿੱਚ ਰਾਜ ਭਾਸ਼ਾ ਐਕਟ ਪਾਸ ਹੋਣ ਤੇ 13 ਅਪ੍ਰੈਲ 1968 ਈਸਵੀ ਨੂੰ ਪੰਜਾਬੀ ਰਾਜ ਭਾਸ਼ਾ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਰਕਾਰੀ, ਗੈਰ -ਸਰਕਾਰੀ ਦਫਤਰਾਂ ਵਿੱਚ ਇੱਕ ਕਾਰਜਕਾਰੀ ਮਾਧਿਅਮ ਵਜੋਂ ਵਰਤੀ ਜਾਂਦੀ ਰਹੀ। ਇਸ ਦਾ ਮੁੱਖ ਮਕਸਦ ਪੰਜਾਬੀ ਭਾਸ਼ਾ ਦਾ ਸਰਪੱਖੀ ਵਿਕਾਸ ਕਰਨਾ ਸੀ। ਕੈਨੇਡਾ ਵਿੱਚ ਵੀ ਪੰਜਾਬੀ ਨੂੰ ਹੌਲੀ- ਹੌਲੀ ਮਾਨਤਾ ਮਿਲੀ। ਇਸ ਤੋਂ ਬਿਨਾਂ ਇੰਗਲੈਂਡ, ਸਿੰਘਾਪੁਰ, ਮਲੇਸ਼ੀਆ ਤੇ ਹੋਰ ਵਿਦੇਸ਼ਾਂ ਵਿੱਚ ਇਸਨੂੰ ਬਣਦਾ ਮਾਨ ਹਾਸਿਲ ਹੋਇਆ ਹੈ ਜਿਸ ਤੋਂ ਅਸੀਂ ਇਸ ਦੇ ਉੱਤਰ ਆਧੁਨਿਕ ਪਰਿਪੇਖ ਨੂੰ ਵਾਚ ਸਕਦੇ ਹਾਂ।

ਇਸ ਰੂਪ ਵਿੱਚ ਧਰਮ ਨੇ ਸਾਹਿਤ ਦੀ ਸਮੂਹਿਕ ਯਾਦ ਨੂੰ ਇੱਕ ਹਥਿਆਰ ਦਿੱਤਾ ,ਪਲਾਟ ਦੀ ਸਿਰਜਣਾ ਕੀਤੀ, ਅਲੰਕਾਰ ਅਤੇ ਪ੍ਰਬੰਧਕੀ ਰਾਗਾਤਮਕਤਾ ਸਿਰਜ ਕੇ ਇਸ ਨੂੰ ਸਿਖਰ ਤੇ ਪਹੁੰਚਾਇਆ। ਨਵੀਆਂ ਨੈਤਿਕ ਕਦਰਾਂ -

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 38-46

ਕੀਮਤਾਂ ਦੇ ਵਿਚਕਾਰ ਇੱਕ ਪੁਲ ਵਾਂਗ ਸਾਹਿਤ ਕੰਮ ਕਰਦਾ ਹੈ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਸਾਹਿਤ ਇੱਕ ਸੱਭਿਆਚਾਰਕ ਵਾਹਨ ਵਾਂਗ ਹੁੰਦਾ ਹੈ ਜੋ ਧਾਰਮਿਕ ਵਿਚਾਰਾਂ ਨੂੰ ਸਰਹੱਦਾਂ ਤੋਂ ਪਾਰ ਪਹੁੰਚਾਉਂਦਾ ਹੈ, ਇਸ ਦੀ ਵੱਡੀ ਉਦਾਹਰਨ ਹੈ; ਪੰਜਾਬੀ ਡਾਇਸਪੋਰਾ ਅਤੇ ਧਾਰਮਿਕ ਸੰਵਾਦ । ਇਸ ਰਾਹੀਂ ਵਿਸ਼ਵ ਦੇ ਹਰ ਕੋਨੇ ਵਿੱਚ ਬੈਠ ਕੇ ਪੰਜਾਬੀ ਸਾਹਿਤ , ਸੱਭਿਆਚਾਰ ਨੂੰ ਤਕਨੀਕ ਦੀ ਵਰਤੋਂ , ਪੋਡ ਕਾਸਟ ਰਾਹੀਂ ਗੁਰਬਾਣੀ ਜਾਂ ਸਿੱਖ ਪਛਾਣ ਨੂੰ ਇੱਕ ਨਵਾਂ ਰੂਪ ਦਿੱਤਾ ਗਿਆ ਹੈ। ਇਸ ਤੋਂ ਬਿਨਾਂ ਪੰਜਾਬੀ ਵਿੱਚ ਰੂਹਾਨੀ ਪੱਖ ਦਾ ਵਿਸਥਾਰ ਕਰਦੀਆਂ ਅਤੇ ਧਾਰਮਿਕ ਨੈਤਿਕਤਾ ਨੂੰ ਪੇਸ਼ ਕਰਦੀਆਂ ਕਈ ਫਿਲਮਾਂ ਵਿਸ਼ਵ ਪੱਧਰ ‘ਤੇ ਵਿਖਾਈਆਂ ਜਾਂਦੀਆਂ ਹਨ, ਜਿਨਾਂ ਨਾਲ ਪੰਜਾਬੀ ਸਾਹਿਤ ਦੇ ਧਾਰਮਿਕ ਪੱਖ ਨੂੰ ਵਿਚਾਰਿਆ ਜਾ ਸਕਦਾ ਹੈ ।ਗੁਰਬਾਣੀ ਨੂੰ ਡਿਜੀਟਲ ਜਗਤ ਵਿੱਚ ਪ੍ਰਸਾਰਣ ਲਈ ਸਾਹਿਤਕ ਵਿਰਾਸਤ ਦੀ ਚਾਸ਼ਨੀ ਵਿੱਚ ਭਿਉਂ ਕੇ ਅੱਜ ਦੇ ਸਮੇਂ ਵਿੱਚ ਕਈ ਕਈ ਸਾਰੀਆਂ ਐਪਸ ਦੇ ਰਾਹੀਂ ਨਵੀਆਂ ਪੀੜੀਆਂ ਤੱਕ ਜਾਣਕਾਰੀ ਪਹੁੰਚਾਈ ਜਾ ਰਹੀ ਹੈ। ਇਹ ਸਾਹਿਤ ਦਾ ਇੱਕ ਉੱਤਰ ਆਧੁਨਿਕ ਪਰਿਪੇਖ ਹੈ, ਜੋ ਧਾਰਮਿਕਤਾ ਦੇ ਰੰਗਣ ਵਿੱਚ ਰੰਗ ਕੇ ਪੰਜਾਬੀ ਸਾਹਿਤ ਨੂੰ ਵਿਸਥਾਰਿਤ ਕਰ ਰਿਹਾ ਹੈ ਅਤੇ ਸਮੁੱਚੇ ਵਿਸ਼ਵ ਦਾ ਨਜ਼ਰੀਆ ਬਦਲ ਰਿਹਾ ਹੈ।

ਅਜੋਕੇ ਵਿਚ ਉੱਤਰ ਆਧੁਨਿਕਤਾ ਪੰਜਾਬੀ ਸਾਹਿਤ ਦੀ ਵਿਸ਼ਵੀਕਰਨ ਦੇ ਨਜ਼ਰੀਏ ਤੋਂ ਵੀ ਵਾਚੀ ਜਾ ਸਕਦੀ ਹੈ। ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨੇ ਵਿਸ਼ਵ ਦੇ ਸਮੁੱਚੇ ਦੇਸ਼ਾਂ ਨੂੰ ਆਰਥਿਕ ਸਮਾਜਿਕ ਰਾਜਨੀਤਿਕ ਸੱਭਿਆਚਾਰਕ ਪ੍ਰਕਿਰਿਆਵਾਂ ਦੇ ਅਧੀਨ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਰਾਹੀਂ ਦੁਨੀਆਂ ਦੇ ਅਮੀਰ ਦੇਸ਼ ਜਿਵੇਂ ਅਮਰੀਕਾ, ਜਪਾਨ ਆਦਿ ਵਰਗੇ ਦੇਸ਼ ਵਿਕਾਸਸ਼ੀਲ ਦੇਸ਼ਾਂ ਨੂੰ ਬਸਤੀਆਂ ਦੀ ਤਰ੍ਹਾਂ ਵਰਤਦੇ ਹਨ ਇਸ ਬਾਰੇ ਡਾ. ਗੁਰਭਗਤ ਸਿੰਘ ਲਿਖਦੇ ਹਨ; “ਵਿਸ਼ਵੀਕਰਨ ਬਿਨਾਂ ਪ੍ਰਭੂ ਸੱਤਾ ਖੋਹਣ ਦੇ ਦੇਸ਼ਾਂ ਜਾਂ ਰਾਜਾਂ ਨੂੰ ਪੂੰਜੀ ਅਧਾਰਿਤ ਮਹਾਰਥਿਕਤਾ ਵਿੱਚ ਬੰਨਣ ਦਾ ਯਤਨ ਹੈ।”[4] ਵਿਸ਼ਵੀਕਰਨ ਦੀ ਇਹ ਪ੍ਰਕਿਰਿਆ ਰੂਹਾਨੀ ਅਤੇ ਪੰਜਾਬੀ ਸਾਹਿਤ ਨੂੰ ਵੱਖਰੋ ਵੱਖਰੇ ਪੱਧਰ ਤੇ ਗਲੋਬਲ ਰੂਪ ਵਿੱਚ ਦ੍ਰਿਸ਼ਟੀ ਗੁਚਰ ਕਰਦੀ ਹੈ ਇਸ ਦੀ ਨਿਰਖ ਪਰਖ ਕਰਦਿਆਂ ਹੋਇਆਂ ਇਸ ਬਾਰੇ ਡਾ.ਸੁਰਜੀਤ ਸਿੰਘ ਲਿਖਦੇ ਹਨ; “ਆਦਰਸ਼ਕ ਰੂਪ ਵਿੱਚ ਗਲੋਬਕਾਰੀ ਦਾ ਸੰਬੰਧ ਦੇਸ਼ਾਂ ਵਿੱਚ ਵਧਦੇ ਜਾ ਰਹੇ ਵਸਤਾਂ ਅਤੇ ਸੇਵਾਵਾਂ ਦੇ ਵਪਾਰ, ਸਰਮਾਏ, ਟੈਕਨੋਲੋਜੀ, ਗਿਆਨ ਸੂਚਨਾ ਅਤੇ ਲੋਕਾਂ ਦੇ ਅੰਤਰਰਾਸ਼ਟਰੀ ਆਦਾਨ- ਪ੍ਰਦਾਨ ਨਾਲ ਹੈ।”[5]

ਗੁਰੂ ਨਾਨਕ ਸਾਹਿਬ ਦੇ ਸਮਾਨਵਾਦੀ ਸੰਦੇਸ਼ ਨੂੰ ਨਵੇਂ ਢੰਗਾਂ ਰਾਹੀਂ ਜਿੱਥੇ ਪੰਜਾਬੀ ਸਾਹਿਤ ਵਿੱਚ ਬਹੁਤ ਤਰੀਕਿਆਂ ਨਾਲ ਨਿਰਖਿਆ/ ਪਰਖਿਆ ਜਾ ਰਿਹਾ ਹੈ ਅਤੇ ਪ੍ਰਚਾਰਿਆ ਜਾ ਰਿਹਾ ਹੈ ਉੱਥੇ ਸਿੱਖੀ, ਸੂਫੀ, ਹਿੰਦਵੀ ਅਤੇ ਹੋਰ ਬਹੁਤ ਸਾਰੇ ਮਨੁੱਖੀ ਅਧਿਕਾਰਿਕ ਪੱਖਾਂ ਦੇ ਜੋ ਕਾਰਜ ਹੋ ਰਹੇ ਹਨ ਉਹਨਾਂ ਵਿੱਚੋਂ ਵੀ ਅਸੀਂ ਪੰਜਾਬੀ ਸਾਹਿਤ ਅਤੇ ਧਰਮ ਦੇ ਉੱਤਰ ਆਧੁਨਿਕ ਪਰਿਪੇਖ ਨੂੰ ਸਹਿਜੇ ਹੀ ਵੇਖ ਸਕਦੇ ਹਾਂ।

ਜਾਤਿ ਕਾ ਗਰਬੁ ਨ ਕਰ ਮੂਰਖਿ ਗਵਾਰਾ ॥

ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥[6]

ਉੱਤਰ ਆਧੁਨਿਕਤਾ ਵਿੱਚ ਸ਼ੋਸ਼ਣ , ਜਾਤ-ਪਾਤ, ਰੂਪ , ਰੰਗ ਅਤੇ ਨਸਲੀ ਵਿਤਕਰਿਆਂ ਖਿਲਾਫ ਵੱਡੇ ਕਾਨੂੰਨ ਘੜੇ ਜਾ ਰਹੇ ਹਨ ਅਤੇ ਮਨੁੱਖਤਾ ਵਾਦੀ ਸਿਧਾਂਤਾਂ ਦੇ ਨਾਅਰੇ ਦਿੱਤੇ ਜਾ ਰਹੇ ਹਨ , ਜੋ ਗੁਰਬਾਣੀ ਦੁਆਰਾ ਪਹਿਲਾਂ ਹੀ ਉਪਦੇਸ਼ ਦਿੱਤਾ ਗਿਆ ਹੈ;

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥[7]

ਅਤੇ

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥[8]

ਇਸ ਦੀ ਇੱਕ ਹੋਰ ਉਦਾਹਰਣ ਜੇਕਰ ਇਤਿਹਾਸਿਕ ਪਿਛੋਕੜ ਵਿੱਚ ਜਾਈਏ ਤਾਂ ਬਾਬਾ ਫਰੀਦ ਜੀ, ਬਾਬਾ ਬੁੱਲੇ ਸ਼ਾਹ, ਸ਼ਾਹ ਹੁਸੈਨ ਅਨੇ ਕੁਰਾਨੀ ਮੂਲ ਅਰਥਾਂ ਨੂੰ ਨਵੇਂ ਦ੍ਰਿਸ਼ਟੀਕੋਣਾਂ ਤੋਂ ਵਿਸ਼ਵੀਕਰਣ ਸੰਦਰਭ ਵਿੱਚ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।ਸਿੱਖ ਸਾਹਿਤ ਦੀਆਂ ਆਧੁਨਿਕ ਰਚਨਾਵਾਂ ਵੀ ਪੰਜਾਬੀ ਸਾਹਿਤ ਦੇ ਉੱਤਰ ਆਧੁਨਿਕ ਪਰਿਪੇਖ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ ਜਿਵੇਂ ਭਾਈ ਵੀਰ ਸਿੰਘ ਜੀ ਦਾ ਰਾਣਾ ਸੂਰਤ ਸਿੰਘ ਜਾਂ ਗੁਰੂ ਨਾਨਕ ਚਮਤਕਾਰ ਨੂੰ ਗੁਰ ਇਤਿਹਾਸ ਨੂੰ ਆਧੁਨਿਕ ਪਰਿਪੇਖ ਵਿੱਚ ਪੜ੍ਹਿਆਂ ਨਵੀਆਂ ਪਰਤਾਂ ਵਿੱਚ ਵਿਚਾਰਿਆ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਦਲਿਤ ਅਤੇ ਔਰਤਵਾਦੀ ਆਵਾਜ਼ਾਂ ਉਠਦੀਆਂ ਰਹੀਆਂ ਹਨ, ਜਿਨਾਂ ਵਿੱਚੋਂ ਸੂਰਜ ਦਉਰਾਂ, ਨਿਰਮਲਜੀਤ ਕੌਰ ਆਦਿ ਨੇ ਭਗਤੀ ਢਾਂਚਿਆਂ ਚੋਂ ਹੇਠਲੀ ਜਾਤ ਦੇ ਲਿੰਗ ਭੇਦ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਮੁੜ ਮੁਲਾਂਕਣ ਕੀਤਾ ਹੈ ।ਇਸ ਦੀ ਉੱਤਰ ਆਧੁਨਿਕ ਪਰਿਪੇਖ ਦੇ ਵਿੱਚ ਸਵਰਨ ਸਿੰਘ ਨੇ ਗੁਰਬਾਣੀ ਅੱਖਰਾਂ ਨੂੰ ਵਿਖੰਡਣ ਨਾਲ ਨਵਾਂ ਵਿਸ਼ੇ ਪੱਖ ਸੱਚ ਉਜਾਗਰ ਕੀਤਾ ਹੈ। ਸਾਹਿਤ ਧਰਮ ਦੀ ਨਜ਼ਰੀਂ ਆਚਾਰ ਵਿਵਹਾਰ ਨੂੰ ਇੱਕ ਯਕੀਨ ਨਾਲ ਸੰਭਾਲਦਾ ਹੈ ਅਤੇ ਦੂਜੇ ਪਾਸੇ ਉਸੇ ਯਕੀਨ ਨੂੰ ਖੋਲ ਕੇ ਸੰਸ਼ੋਧਨ ਕਰਕੇ ਇੱਕ ਮਨੁੱਖਤਾਵਾਦੀ ਸਮੁੰਦਰ ਦੀ ਸਿਰਜਣਾ ਕਰਦਾ ਹੈ ਜੋ ਆਪਣੇ ਕਲਾਵੇ ਵਿੱਚ ਸਭਨਾਂ ਨੂੰ ਸਮੋ ਲੈਂਦਾ ਹੈ।ਪੰਜਾਬੀ ਸਾਹਿਤ ਰਾਹੀਂ ਪੰਜਾਬੀ ਭਾਸ਼ਾ ਸੰਸਾਰ ਦੀਆਂ ਸ਼ਕਤੀਸ਼ਾਲੀ ਭਾਸ਼ਾਵਾਂ ਵਿੱਚੋਂ ਇੱਕ ਬਣ ਗਈ ਹੈ ਪੰਜਾਬੀ ਲੋਕ ਖੁੱਲ ਦਿਲੇ ਅਤੇ ਜਾਨਦਾਰ ਹਨ ਸਿੱਖ ਸੱਭਿਆਚਾਰ ਤੇ ਸਿੱਖ ਧਰਮ ਵਿਚਲੇ ਉਪਦੇਸ਼ਾਂ ਸਿਧਾਂਤਾਂ ਦੇ ਰਾਹੀਂ ਗੁਰਮੁਖੀ ਲਿਪੀ ਲਗਾਤਾਰ ਵਿਕਾਸ ਦੀਆਂ ਸਿਖਰਾਂ ਤੇ ਪਹੁੰਚ ਰਹੀ ਹੈ। ਪੰਜ ਦਰਿਆਵਾਂ ਦੀ ਧਰਤੀ ਤੇ ਬੋਲੀ ਜਾਣ ਵਾਲੀ ਭਾਸ਼ਾ ਪੰਜਾਬੀਆਂ ਦੇ ਵਿਚਾਰ ਪ੍ਰਗਟਾਉਣ ਦਾ ਅਤੇ ਸਾਹਿਤ ਰਚਣ ਦਾ ਮੁੱਖ ਸਾਧਨ ਹੈ। ਇੱਕ ਰਿਪੋਰਟ ਅਨੁਸਾਰ ਪੰਜਾਬੀ ਵਿਸ਼ਵ ਦੇ 13 ਕਰੋੜ ਤੋਂ ਵੱਧ ਲੋਕਾਂ ਦੁਆਰਾ ਬੋਲੀ ਜਾ ਰਹੀ ਹੈ ਕਈ ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਪਾਕਿਸਤਾਨ ਵਿੱਚ ਸਭ ਤੋਂ ਵੱਧ 10 ਕਰੋੜ ਲੋਕ ਪੰਜਾਬੀ ਬੋਲਦੇ ਹਨ ਇਹ ਵੀ ਸੱਚ ਹੈ ਇਸਲਾਮਾਬਾਦ ਵਿੱਚ 71% ਲੋਕ ਪੰਜਾਬੀ ਭਾਸ਼ਾ ਦੀ ਵਰਤੋਂ ਕਰ ਰਹੇ ਹਨ ਸ. ਸ. ਜੋਸ਼ੀ ਨੇ ਕਿਹਾ ਹੈ ਕਿ "ਜਿੱਥੇ ਪੰਜਾਬੀ ਲੋਕ ਹਨ ਉੱਥੇ ਪੰਜਾਬੀ ਭਾਸ਼ਾ ਹੋਵੇਗੀ ਹੀ ਸੰਸਾਰ ਦੇ ਲਗਭਗ ਹਰ ਮਹਾਂਦੀਪ ਵਿੱਚ ਪੰਜਾਬੀ ਭਾਸ਼ਾ ਦੇ ਬੁਲਾਰੇ ਮੌਜੂਦ ਹਨ।"[9]

ਧਰਮ ਅਤੇ ਸਾਹਿਤ ਪੰਜਾਬੀ ਸਾਹਿਤ ਦੇ ਪਰਿਪੇਖ ਵਿੱਚ ਜਾਂ ਉੱਤਰ ਆਧੁਨਿਕ ਪਰਿਪੇਖ ਵਿੱਚ ਹੀ ਅੱਜ ਸਾਥੀ ਨਹੀਂ ਸਗੋਂ ਇਹ ਜੀਵਨ ਰੇਖਾ ਬਣ ਚੁੱਕੇ ਹਨ ਸਾਹਿਤ ਧਾਰਮਿਕ ਗਵਾਹੀਆਂ ਨੂੰ ਜੁਬਾਨ ਦੇ ਕੇ ਛੰਦ ,ਭਾਵ ਅਲੰਕਾਰ ਅਤੇ ਅਨੇਕਾਂ ਹੀ ਸਾਹਿਤਕ ਵਿਧਾਵਾਂ ਨਾਲ ਜੀਵੰਤ ਰੱਖਦਾ ਹੈ । ਧਰਮ ਸਾਹਿਤ ਨੂੰ ਰੂਹਾਨੀ ਭਾਵਨਾ ਦੇ ਕੇ ਇੱਕ ਅਜਿਹੇ ਪੱਖ ਤੋਂ ਵਿਸ਼ਲੇਸ਼ਣ ਕਰਕੇ ਸਾਹਮਣੇ ਰੱਖਦਾ ਹੈ , ਜੋ ਹਿਰਦਿਆਂ ਤੇ ਉਕਰਿਆ ਜਾਂਦਾ ਹੈ । ਉਦਾਹਰਨ ਵਜੋਂ; ਜਿਵੇਂ

ਸਾਹਿਤ ਰੂਪੀ ਕਲਮ ਪੁੱਛਦੀ ਹੈ ਕਿ ਕਿਉਂ ਕੀਤਾ ਜਾਵੇ ?ਤਾਂ ਧਰਮ ਜਵਾਬ ਵਿੱਚ ਕਹਾਣੀ ਬਣ ਕੇ ਆਸਥਾ ਦੇ ਰੂਪ ਵਿੱਚ ਪੁੱਛਦਾ ਹੈ ਕਿ ਕਿਵੇਂ ਕੀਤਾ ਜਾਵੇ ?ਤੇ ਇਹ ਦੋਨੋਂ ਮਿਲ ਕੇ ਸਾਹਿਤਕ ਰੂਪ ਪ੍ਰਤੀਕ ਅਤੇ ਸੰਦਰਭ ਕਰਕੇ ਵੱਖੋ ਵੱਖਰੇ ਵਿਕਲਪ ਸਿਰਜਦੇ ਹਨ ਜਿਸ ਨਾਲ ਜਵਾਬ ਦੀ ਸਿਰਜਨਾ ਹੋ ਜਾਂਦੀ ਹੈ। ਉੱਤਰ ਆਧੁਨਿਕ ਸਮੇਂ ਦੇ ਵਿੱਚ ਅੱਜ ਦੇ ਡਿਜੀਟਲ ਯੁਗ ਵਿੱਚ ਇਹ ਸਾਂਝ ਉਹ ਸਰੋਵਰ ਬਣ ਰਹੀ ਹੈ, ਜਿੱਥੇ ਪੰਜਾਬੀ ਆਤਮਿਕਤਾ ਤੇ ਕਲਪਨਾ ਨਿਤ ਦੇ ਨਾਲ ਨਵੇਂ ਸਾਹਿਤਿਕ ਖੇਡ ਪੈਦਾ ਹੋਣਗੇ ਨਾਲ ਹੀ ਨਵੀਂ ਰੂਹਾਨੀ ਉਜਾਗਰਤਾ ਪੈਦਾ ਹੋਵੇਗੀ ਜਿਹੜੀ ਇੱਕ ਦੂਸਰੇ ਤੋਂ ਵੱਖਰੀ ਨਹੀਂ ਹੋ ਸਕਦੀ ਇਸ ਦੀ ਵੱਖੋ- ਵੱਖਰੀਆਂ ਪਰਤਾਂ ਨੂੰ ਹੋਰ ਪੱਖਾਂ ਤੋਂ ਵੀ ਵਿਚਾਰਿਆ ਜਾ ਸਕਦਾ ਹੈ। ਜਿਵੇਂ;

**ਧਰਮ ਅਤੇ ਪੰਜਾਬੀ ਸਾਹਿਤ ਦੇ ਅਧਾਰ "ਤੇ ਉਤਰ ਆਧੁਨਿਕਤਾ ਦੇ ਸਿਧਾਂਤੀ ਖਾਕੇ**

ਉੱਤਰ ਆਧੁਨਿਕਤਾਵਾਦ 21ਵੀਂ 20ਵੀਂ ਸਦੀ ਦੇ ਦੂਜੇ ਅੱਧ ਵਿੱਚ ਉਭਰੀ ਹੋਈ ਇੱਕ ਬਹੁ ਅਨੁਸ਼ਾਸਨੀ ਚਲਚਲਾਹਟ ਹੈ ਜੋ ਢਾਂਚਾਵਾਦ ਅਤੇ ਆਧੁਨਿਕਤਾ ਦੀਆਂ ਬੁਨਿਆਦੀ ਪੈਰਾਡਾਈਮਾਂ ਨੂੰ ਉਨਤ ਕਰਦਿਆਂ 21ਵੀਂ ਸਦੀ ਤੱਕ ਬਹੁਤ ਵੱਡੇ ਪੱਧਰ ਤੇ ਸਾਹਿਤਕ ਸੱਚ ਦੀ ਏਕਤਾ ਤੇ ਮਾਨਵਵਾਦੀ ਵਿਸ਼ਵਾਸ ਦੇ ਰੂਪ ਵਿੱਚ ਉਭਰ ਰਹੀ ਹੈ। ਇਹ ਧਰਮ ਤੇ ਸਾਹਿਤ ਦੀ ਗਹਿਰੀ ਸਾਂਝ ਨੂੰ ਸਾਹਮਣੇ ਲਿਆਉਂਦੀ ਹੈ ਇਸ ਖਾਕੇ ਨੂੰ ਸਮਝਣ ਲਈ ਚਾਰ ਕੇਂਦਰੀ ਧੁਰੇ ਸਥਾਪਿਤ ਕੀਤੇ ਜਾ ਸਕਦੇ ਹਨ;

**I) ਵਿਖੰਡਨ ਤੇ ਮੁੜ ਸਿਰਜਣਾ**

ਜਿਵੇਂ- ਜਿਵੇਂ ਸਮਾਂ ਬਦਲਦਾ ਹੈ ਉਸੇ ਤਰ੍ਹਾਂ ਹੀ ਧਰਮ ਅਤੇ ਸਾਹਿਤ ਉੱਪਰ ਵੀ ਉਸਦੇ ਡੂੰਘੇ ਪ੍ਰਭਾਵ ਪੈਣੇ ਸ਼ੁਰੂ ਹੁੰਦੇ ਹਨ ਤੇ ਓਪਰੀ ਨਜ਼ਰੇ ਇਹ ਵਿਖੰਡਨੀਕਰਨ ਮਹਿਸੂਸ ਹੁੰਦਾ ਹੈ ਜਿਸ ਨੂੰ ਜੈਕਿਸ ਡੈਰੀਡਾ ਨੇ 1967 ਵਿੱਚ ਆਫ ਗ੍ਰੈਮੈਟੋਲੋਜੀ ਰਾਹੀਂ ਸੂਚਿਤ ਕੀਤਾ ਕਿ ਟੈਕਸਟ ਅੰਦਰ ਅਰਥ ਸਥਿਰ ਨਹੀਂ ਹੁੰਦੇ ਦੇਸ਼ ਕਾਲਿਕ ਸੰਦਰਭ ਪਾਠਕ ਦੀ ਸਥਿਤੀ ਅਤੇ ਸਵੈ ਵਿਰੋਧੀ ਚਿੰਨ ਦੇ ਫਰਕ ਅਤੇ ਅਰਥ ਨੂੰ ਸਦਾ ਤਾਲਮੇਲ ਕਰਦੇ ਰਹਿੰਦੇ ਹਨ ਇਸ ਤਾਲਮੇਲ ਦੇ ਵਿੱਚ ਧਰਮ ਅਤੇ ਸਾਹਿਤ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ ਇਸੇ ਤਰ੍ਹਾਂ ਹੀ ਰੋਲਾਂ ਬਾਰਥ ਨੇ ਲੇਖਕ ਦੀ ਮੌਤ ਦਾ ਸਿਧਾਂਤ ਦਾ ਦੂਜਾ ਪਾਸਾ ਹੀ ਦੱਸਿਆ ਕਿ ਅਰਥ ਰਚਨਾ ਵਿੱਚ ਲੇਖਕ ਮਹੱਤਵਪੂਰਨ ਨਹੀਂ ਸਗੋਂ ਪਾਠਕ ਇਸ ਦੀ ਮਹੱਤਤਾ ਨੂੰ ਸਥਾਪਿਤ ਕਰਦਾ ਹੈ ਪੰਜਾਬੀ ਪ੍ਰਸੰਗ ਵਿੱਚ ਇਹ ਸੋਚ ਸੁਰਜੀਤ ਪਾਤਰ ਜਾਂ ਸਵਰਨ ਸਿੰਘ ਦੀ ਕਵਿਤਾ ਵਿਧੀ ਵਿੱਚੋਂ ਵੀ ਵੇਖੀ ਜਾ ਸਕਦੀ ਹੈ। ਜਿੱਥੇ ਮ੍ਰਿਤਕ ਪੁਰਾਣ ਕਥਾ, ਚਿੰਨਾਂ, ਗੁਰੂ, ਪੀਰ, ਹੀਰ ਰਾਂਝਾ ਨੂੰ ਪਾਠਕ ਆਪਣਾ ਬਦਲਵਾਂ ਸੰਦਰਭ ਦੇ ਕੇ ਨਵੀਆਂ ਮੁਹਾਣਾਂ ਵੱਲ ਨੂੰ ਤੁਰਦਾ ਵਿਖਾਈ ਦਿੰਦਾ ਹੈ।

**II) ਬਹੁ ਕੇਂਦਰੀਕਰਨ, ਪਰਸਪਰ ਪਾਠ ਅਤੇ ਸੰਵਾਦ**

ਇਹ ਇੱਕ ਅਜਿਹੀ ਧਾਰਮਿਕ ਸਾਹਿਤਿਕ ਧਾਰਾ ਦਾ ਉਪਜ ਬਣਾਉਂਦੇ ਹਨ ਜਿਸ ਵਿੱਚ ਹਰੇਕ ਪਾਠ ਲਗਾਤਾਰ ਹੋਰ ਪਾਠਾਂ ਨਾਲ ਗੱਲਬਾਤ ਕਰਦਾ ਹੈ,ਸੰਵਾਦ ਰਚਾਉਂਦਾ ਹੈ ਅਤੇ ਬਹੁ ਕੇਂਦਰੀਕਰਨ ਦੀ ਸਥਾਪਤੀ ਹੁੰਦੀ ਹੈ। ਇਸੇ ਸਥਾਪਤੀ ਰਾਹੀਂ ਹੀ ਵਿਸ਼ਵੀਕਰਨ ਹੁੰਦਾ ਹੈ ਇਸ ਦੀ ਮਿਸਾਲ ਮਖਾਲੀ ਬਖਤਨ ਨੇ ਇਹ ਗੱਲ ਕਹਿ ਕੇ ਦਿੱਤੀ ਕਿ ਜਿਉਂਦੀਆਂ- ਜਾਗਦੀਆਂ ਲਾਇਬ੍ਰੇਰੀਆਂ ਅਨੇਕ ਆਵਾਜ਼ਾਂ ਦੀ ਸਮਕਾਲੀ ਹਾਜ਼ਰੀ ਹੁੰਦੀਆਂ ਹਨ। ਇਸ ਸਿਧਾਂਤਕ ਪੱਖ ਨੂੰ ਨਵੇਂ ਅਰਥ ਦੇ ਕੇ ਇੱਕੋ ਸਮੇਂ ਇੱਕੋ ਸਤਰ 'ਤੇ ਬਹੁਤ ਸਾਰੇ ਸੰਵਾਦਾਂ ਦਾ ਰੂਪ ਪ੍ਰਗਟ ਕਰਕੇ ਜਾਣਿਆ ਜਾ ਸਕਦਾ ਹੈ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 38-46

। ਜਸਵਿੰਦਰ ਮੰਡ ਦੀ ਉਪਨਿਆਸ ਤਕਨੀਕ ਜਾਂ ਮਲਟੀਨਰੇਟਰ ਕਹਾਣੀ ਵਿੱਚੋਂ ਵੀ ਇਸ ਦੇ ਕਈ ਰੂਪ ਉਭਰ ਕੇ ਸਾਹਮਣੇ ਆਉਂਦੇ ਹਨ, ਜੋ ਪੰਜਾਬੀ ਸਾਹਿਤ ਦੇ ਉੱਤਰ ਆਧੁਨਿਕ ਪਰਿਪੇਖ ਨੂੰ ਪ੍ਰਗਟ ਕਰਦੇ ਹਨ।

**ਮਹਾਨ ਕਥਾਵਾਂ ਦੀ ਨਵ ਸਿਰਜਣਾ**

ਵਿਸ਼ਵ ਸਾਹਿਤ ਅਤੇ ਪੰਜਾਬੀ ਸਾਹਿਤ ਵਿੱਚ ਅਨੇਕਾਂ ਹੀ ਮਹਾਨ ਕਥਾਵਾਂ ਪ੍ਰਾਪਤ ਹੁੰਦੀਆਂ ਹਨ ਜੋ ਧਾਰਮਿਕ ਰੰਗਤ ਦੀਆਂ ਹੁੰਦੀਆਂ ਹਨ। ਇਹਨਾਂ ਨੂੰ ਧਾਰਮਿਕ ਰੰਗਤ ਵਿੱਚ ਰੰਗ ਕੇ ਸਾਹਿਤ ਤੇ ਰਾਹੀਂ ਲੋਕਾਂ ਦੇ ਧੁਰ ਹਿਰਦੇ ਵਿੱਚ ਉਤਾਰਿਆ ਜਾਂਦਾ ਹੈ। ਇਸੇ ਨੂੰ ਹੀ ਹੌਲੀ-ਹੌਲੀ ਮੁੜ ਨਵ ਸਿਰਜਣਾ ਦੇ ਕਈ ਰੂਪਾਂ ਰਾਹੀਂ ਸਾਹਿਤ ਵਿੱਚ ਵਿਸਥਾਰਿਤ ਕੀਤਾ ਗਿਆ ਜਿਵੇਂ ਫਰਾਂਸਵਾਂ ਲਿਓਤਰ ਨੇ 1979 ਵਿੱਚ ਇੱਕ ਰਚਨਾ ਕੀਤੀ ਜਿਸ ਦਾ ਨਾਮ ਸੀ ਲਾਅ ਕੰਡੀਸ਼ਨ ਪੋਸਟ ਮਾਡਰਨ ਵਿੱਚ ਉਹਨੇ ਦਾਅਵਾ ਕੀਤਾ ਕਿ ਪੋਸਟ ਮਾਡਰਨ ਹਲਾਲ ਮੈਟਾ ਨੈਰੇਟਿਵਸ ਜੈਵਿਕ ਉਨਤੀ ਵਿਗਿਆਨ ਦੀ ਸਰਬ ਸੱਚਾਈ ਰਹਿਣ ਸਹਿਣ ਦੇ ਇੱਕੋ ਨੈਤਿਕ ਮਾਪਦੰਡ ਉੱਤੇ ਵਿਚਰਦੀ ਹੈ। ਇਸ ਫਲਸਫੇ ਨੇ ਪੰਜਾਬੀ ਸਾਹਿਤ ਵਿੱਚ ਸਿੱਖ ਰਾਸ਼ਟਰਵਾਦ ਜਾਂ ਕਲਾਸ ਵਿਧਾਨ ਕਥਾਵਾਂ ਦਾ ਮੁਲਾਂਕਨ ਵੀ ਕੀਤਾ ।ਦਲਿਤ ਲੇਖਕ ਸੂਰਜ ਦੂਰਾ ਜਦੋਂ ਨਗਨ ਸਮਾਜ ਵਿੱਚ ਧਾਰਮਿਕ ਜਾਂ ਜਾਤੀ ਸ੍ਰਿਸ਼ਟ ਕਲਾ ਨੂੰ ਤੋੜਦੇ ਹਨ ਤਾਂ ਲਿਉਤਰ ਦੀ ਵਿਰਾਸਤ ਹੀ ਸੰਭਾਲਦੇ ਹਨ ਕੋ।ਈ ਇੱਕ ਹੀ ਸੂਤਰ ਕਥਾ ਨਹੀਂ ਹੁੰਦੀ ਇਸ ਵਿੱਚ ਸਾਰੇ ਦਾ ਸਾਰਾ ਦਰਦ ਸੱਚ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਇਸ ਦਾ ਉੱਤਰ ਆਧੁਨਿਕ ਰੂਪ ਹੌਲੀ-ਹੌਲੀ ਨਵ ਸਿਰਜਣਾ ਦੇ ਰੂਪ ਵਿੱਚ ਵੇਖਣ ਨੂੰ ਮਿਲ ਰਿਹਾ ਹੈ।

**ਹਕੀਕਤ ਦਾ ਪ੍ਰਗਟਾਵਾ ਜਾਂ ਮਿਸ਼ਰਤ ਸੱਭਿਆਚਾਰਾਂ ਦਾ ਪ੍ਰਭਾਵ**

ਜਿਵੇਂ-ਜਿਵੇਂ ਸਮਾਜ ਤੇ ਸੱਭਿਆਚਾਰਾਂ ਦਾ ਲਗਾਤਾਰ ਵਿਕਾਸ ਹੋ ਰਿਹਾ ਹੈ ਉਸੇ ਤਰ੍ਹਾਂ ਮਨੁੱਖ ਦੇ ਨਵੇਂ ਦ੍ਰਿਸ਼ਟੀਕੋਣ ਉਜਾਗਰ ਹੋ ਰਹੇ ਹਨ, ਜਿਨਾਂ ਵਿੱਚ ਬਹੁਤ ਸਾਰੀਆਂ ਹਕੀਕਤਾਂ ਦਾ ਪ੍ਰਗਟਾਵਾ ਜਰੂਰੀ ਹੋ ਜਾਂਦਾ ਹੈ ਅਤੇ ਇਹਨਾਂ ਵਿੱਚੋਂ ਮਿਸ਼ਰਤ ਸੱਭਿਆਚਾਰਾਂ ਦਾ ਪ੍ਰਭਾਵ ਵੀ ਦਿਖਾਈ ਦਿੰਦਾ ਹੈ। ਗੁਰਬਾਣੀ ਕਲਾ ਨੂੰ ਸਿਧਾਂਤ ਤੇ ਮਿਸਾਲਾਂ ਦੇ ਰਾਹੀਂ, ਰੂਹਾਨੀ ਅਰਥਾਂ ਦੇ ਰਾਹੀਂ ਅਤੇ ਨਵੇਂ ਰੂਪਾਂ ਦੇ ਵਿੱਚ ਉਹਨਾਂ ਦੀ ਵਿਆਖਿਆ ਕੀਤੀ ਜਾ ਰਹੀ ਹੈ ਪੰਜਾਬੀ ਸਾਹਿਤ ਨੂੰ ਵਿਸ਼ਵੀ ਪੱਧਰ ਤੇ ਮਿਸ਼ਰਤ ਸੱਭਿਆਚਾਰਾਂ ਵਿੱਚ ਢਾਲ ਕੇ ਵਰਚੁਅਲ ਤੇ ਵੱਖੋ ਵੱਖਰੇ ਢੰਗਾਂ ਨਾਲ ਹਕੀਕਤ ਤੇ ਰੂਹਾਨੀ ਰੂਪ ਦਿੱਤੇ ਜਾ ਰਹੇ ਹਨ। ਉੱਤਰ ਆਧੁਨਿਕਤਾ ਦਾ ਖਾਕਾ ਪੰਜਾਬੀ ਸਾਹਿਤ ਨੂੰ ਇੱਕ ਅਜਿਹਾ ਧਰਮ ਰੂਪੀ ਢਾਂਚਾ ਪ੍ਰਦਾਨ ਕਰਦਾ ਹੈ ਜੋ ਕੇਂਦਰ ਰਹਿਤ ਹੈ ਇਹ ਸਿਧਾਂਤ ਸਮਝਾਉਂਦਾ ਹੈ ਕਿ ਕਿਵੇਂ ਅੱਜ ਦੇ ਪੰਜਾਬੀ ਲੇਖਕ ਗੁਰਬਾਣੀ, ਸੂਫੀ ਕਲਾ, ਜਾਤੀ ਸੰਘਰਸ਼, ਡਿਜੀਟਲ ਮੀਡੀਆ ਅਤੇ ਪਾਠ ਆਦਿ ਨੂੰ ਆਧਾਰ ਬਣਾ ਕੇ ਪਹੁੰਚਾਉਂਦੇ ਹਨ, ਜਿੱਥੇ ਸੱਚ ਇੱਕ ਅਨੰਤ ਸੰਵਾਦ ਦੇ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ।

**III) ਗੁਰਬਾਣੀ ਅਤੇ ਮਿਥਿਕ ਪੁਨਰ ਪਾਠ**

ਇਸ ਵਿੱਚ ਪੰਜਾਬੀ ਸਾਹਿਤ ਅਤੇ ਗੁਰਬਾਣੀ ਦੇ ਪਾਠ ਤੋਂ ਲੈ ਕੇ ਆਧੁਨਿਕ ਡਿਜੀਟਲ ਸਮੀਖਿਆ ਤੱਕ ਪੰਜਾਬੀ ਸਾਹਿਤ ਦਾ ਉੱਤਰ ਆਧੁਨਿਕ ਪਰਿਪੇਖ ਵੇਖਿਆ ਜਾ ਸਕਦਾ ਹੈ। ਗੁਰਬਾਣੀ ਜੋ ਕਿ ਰੂਹਾਨੀ ਅਤੇ ,ਧੁਰ ਕੀ ਬਾਣੀ' ਹੈ

ਨੂੰ ਉੱਤਰ ਆਧੁਨਿਕ ਦ੍ਰਿਸ਼ਟੀ ਵਿੱਚ ਵਧੇਰੇ ਵਿਸ਼ਵ ਵਿਆਪੀ ਸਾਂਝ ਦੇ ਰੂਪ ਵੇਖਿਆ ਜਾ ਸਕਦਾ ਹੈ। ਇਸ ਵਿੱਚ ਮਿਥਿਕ ਪੁਨਰ ਪਾਠ ਵੀ ਸ਼ਾਮਲ ਹੈਅਤੇ ਨਾਲ ਹੀ ਉੱਤਰ ਆਧੁਨਿਕ ਪਰਿਪੇਖ ਤੋਂ ਲੇਖਕ ਪਾਠਕ ਡਿਜੀਟਲ ਐਲਗਰੋਥੀਮ ਅਤੇ ਇੱਕ ਨਵੇਂ ਸੰਵਾਦਿਕ ਖੇਤਰ ਵੀ ਸਿਰਜੇ ਜਾ ਰਹੇ ਹਨ ਇਹਨਾਂ ਅੰਸ਼ਾਂ ਵਿੱਚ ਗੁਰਬਾਣੀ ਨੂੰ ਵੱਖੋ-ਵੱਖਰੇ ਤਰੀਕਿਆਂ ਨਾਲ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਉੱਤਰ ਆਧੁਨਿਕ ਪਰਿਪੇਖ ਵਿੱਚ ਪੰਜਾਬੀ ਸਾਹਿਤ ਦੇ ਰੂਪ, ਸ਼ਬਦ, ਰਸ ,ਰਾਗਆਤਮਕ ਢਾਂਚਾ, ਮਿਥਿਕ ਪਰਿਪੇਖ, ਆਧੁਨਿਕ ਪੁਨਰ ਪਾਠ, ਗੁਰਬਾਣੀ, ਹਿੰਦੂ, ਬੁੱਧ ਅਤੇ ਇਸਲਾਮ ਨੂੰ ਵਿਸ਼ੇਸ਼ ਸਾਹਿਤਕ ਰੂਪਾਂ ਨਾਲ ਸਿਰਜਨਾਤਮਕ ਰੂਪ ਦਿੱਤੇ ਜਾ ਸਕਦੇ ਹਨ।

ਆਧੁਨਿਕ ਪੁਨਰ ਪਾਠ ਦੇ ਰਾਹੀਂ ਵਿਚਾਰਧਰਾਵਾਂ ਅਤੇ ਸਾਹਿਤ ਦੇ ਸੰਕਲਪਾਂ ਨੂੰ ਸ਼ਬਦ ਵਚਨਧਧਾਰਾ ਦੇ ਰੂਪ ਵਿੱਚ ਚਿਤਰਿਆ ਗਿਆ ਹੁੰਦਾ ਹੈ ਜਿਸ ਨਾਲ ਉੱਤਰ ਆਧੁਨਿਕਤਾ ਵਿੱਚ ਇਸ ਤੇ ਨਵੇਂ ਅਰਥ ਲੱਭੇ ਵੀ ਜਾ ਸਕਦੇ ਹਨ ਅਤੇ ਪੁਰਾਤਨਤਾ ਵੀ ਉਸੇ ਤਰ੍ਹਾਂ ਬਹਾਲ ਰੱਖੀ ਜਾ ਸਕਦੀ ਹੈ ਇਸ ਵਿੱਚ ਪੰਜਾਬੀ ਸਾਹਿਤ ਦੇ ਆਧੁਨਿਕ ਪੁਨਰ ਪਾਠ ਧਾਰਾ ਮੁਢਲੇ ਆਧਾਰ ਗੁਰਬਾਣੀ ਵਿੱਚ ਪੁਨਰ ਪਾਠ ਆਦਿ ਨੂੰ ਵੇਖਿਆ ਜਾ ਸਕਦਾ ਹੈ ਜਿਵੇਂ;

ਆਧੁਨਿਕ ਪੁਨਰ ਪਾਠ ਜਿਸ ਵਿੱਚ ਗੁਰਬਾਣੀ ਦੇ ਪੰਜਾਬੀ ਸਾਹਿਤਕ ਰੂਪ ਮੁੱਢਲੇ ਆਧਾਰ ਰੂਪ ਵਿੱਚ ਗੁਰਬਾਣੀ ਪੁਨਰ-ਪਾਠ ਰਾਹੀਂ ਦ੍ਰਿਸ਼ਟੀਗੋਚਰ ਹੁੰਦੇ ਹਨ। ਦਲਿਤ ਸਮਾਜ ਦੇ ਪ੍ਰਤੀ ਇਹ ਆਧਾਰ ਵਿਸ਼ੇਸ਼ ਅਤੇ ਉੱਤਰ ਆਧੁਨਿਕ ਹਨ। ਸੂਰਜ ਦੂਰਾ, ਮੰਗਲ ਮਾਧੋਪੁਰੀ ਆਦਿ ਸਾਹਿਤਕਾਰਾਂ ਦਾ ਵੀ ਵਡਮੁੱਲਾ ਯੋਗਦਾਨ ਹੈ। 2018 ਤੋਂ ਗੁਰਬਾਣੀ ਕੋਸ਼ ਅਤੇ ਸ਼ਬਦ ਕੋਸ਼ ਜਿਹੇ ਪ੍ਰੋਜੈਕਟਾਂ ਨੇ ਗੁਰਮੁਖੀ ਯੂਨੀਕੋਡ ਨੂੰ ਤਕਨੀਕੀ ਤੌਰ ਤੇ ਉੱਤਰ ਆਧੁਨਿਕਤਾ ਦੇ ਹਾਣ ਦਾ ਬਣਾ ਦਿੱਤਾ ਹੈ । ਉਤਰ ਆਧੁਨਿਕਤਾ ਦੇ ਪਰਿਪੇਖ ਵਿੱਚ ਸਿੱਖ ਧਰਮ ਅਤੇ ਪੰਜਾਬੀ ਸਾਹਿਤ ਜੋ ਗੁਰਮੁਖੀ ਵਿੱਚ ਪ੍ਰਚਾਰਿਆ ਪ੍ਰਸਾਰਿਆ ਜਾਣਾ ਚਾਹੀਦਾ ਹੈ ਉਸ ਦੇ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ ਜਿਸ ਰਾਹੀਂ ਸਿੱਖਿਆ ਪ੍ਰਣਾਲੀ ਨੂੰ ਵੀ ਪੰਜਾਬੀ ਭਾਸ਼ਾ ਦੇ ਮਾਧਿਅਮ ਰਾਹੀਂ ਪੜ੍ਹਾਉਣ ਦਾ ਉਪਰਾਲਾ ਕੀਤਾ ਜਾਣਾ ਇਸ ਨੂੰ ਸਦ ਜੀਵੰਤ ਰੱਖਣ ਵਿੱਚ ਹੋਰ ਵੀ ਵਧੇਰੇ ਕਾਮਯਾਬ ਕਰ ਸਕਦਾ ਹੈ। ਡਾ. ਸਰਬਜੀਤ ਸਿੰਘ ਲਿਖਦੇ ਹਨ;

" ਸਮੁੱਚੀ ਸਿੱਖਿਆ ਪ੍ਰਣਾਲੀ ਨੂੰ ਜਦੋਂ ਪੰਜਾਬੀ ਭਾਸ਼ਾ ਦੇ ਇੱਕ ਮਾਧਿਅਮ ਰਾਹੀਂ ਪੜ੍ਹਾਇਆ ਜਾਵੇਗਾ ਤਾਂ ਇਸ ਨਾਲ ਇੱਕ ਨਵੇਂ ਪੰਜਾਬੀ ਮਨੁੱਖ ਦੀ ਸਿਰਜਣਾ ਲਈ ਯੋਗ ਵਾਤਾਵਰਨ ਅਤੇ ਆਧਾਰ ਤਿਆਰ ਹੋਵੇਗਾ। ਮਾਤ ਭਾਸ਼ਾ ਸਿੱਖਿਆ ਜਾਫਤਾ ਮਨੁੱਖ ਭੂਗੋਲਿਕ ਸੱਭਿਆਚਾਰਕ ਵਾਤਾਵਰਣ ਪ੍ਰਕਿਰਤੀ ਅਨੁਸਾਰ ਉਸ ਖਿੱਤੇ ਦੀਆਂ ਸਥਾਨਕ ਪਰੰਪਰਾਵਾਂ ਦੀ ਤੈਅ ਵਿੱਚ ਵਾਪਰ ਦੇ ਵਰਤਾਰਿਆਂ ਤੱਕ ਪਹੁੰਚਣ ਦੀ ਯੋਗਤਾ ਰੱਖੇਗਾ ਇਹ ਯੋਗਤਾ ਉਹ ਮਨੁੱਖੀ ਸਮਾਜ ਦੀ ਵਿਕਾਸਸ਼ੀਲਤਾ ਨੂੰ ਯਕੀਨੀ ਬਣਾਏ ਗੀ ਜਿਹੜੀ ਕਾਗਜਾਂ ਜਾਂ ਅੰਕੜਿਆਂ ਵਿੱਚ ਨਹੀਂ ਹੋਵੇਗੀ। ਸਗੋਂ ਜਮੀਨੀ ਹਕੀਕਤਾਂ ਨਾਲ ਭਰੀ ਹੋਵੇਗੀ। ਉਚੇਰੀ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਣ ਨਾਲ ਪੰਜਾਬ ਦੀ ਪ੍ਰਤਿਭਾ ਨੂੰ ਜਿੱਥੇ ਮੌਲਣ ਵਿਕਸਨ ਦਾ ਮੌਕਾ ਮਿਲੇਗਾ ਉੱਥੇ ਹੀਨ ਭਾਵਨਾ ਤੋਂ ਮੁਕਤ ਹੋ ਕੇ ਇੱਕ ਸੰਤੁਲਿਤ ਸ਼ਖਸ਼ੀਅਤ ਬਣਦਾ ਰਸਤਾ ਵੀ ਤਿਆਰ ਹੋਵੇਗਾ। ਸਿੱਖਿਆ ਵਿੱਚ ਮਹਿਜ਼ ਗਿਆਨ ਤਕਨੀਕੀ ਨਿਪੁੰਨਤਾ ਅਤੇ ਵਿਗਿਆਨਿਕ ਜਾਣਕਾਰੀ ਤੋਂ ਬਿਨਾਂ ਮਨੁੱਖੀ ਸ਼ਖਸ਼ੀਅਤ ਦੀ ਉਸਾਰੀ ਦੇ ਪਸਾਰ ਨਾਲ ਵੀ ਜੋੜਨਾ ਪਵੇਗਾ। ਇਹ ਪਸਾਰ ਮਾਤ ਭਾਸ਼ਾ ਤੋਂ ਬਿਨਾਂ ਸੰਭਵ ਨਹੀਂ ਹੈ।"[9] ਇਹ ਸੋਚਣ ਅਤੇ ਵਿਚਾਰਨ ਦੀ ਲੋੜ ਹੈ ਕਿ ਜਿੱਥੇ ਵਿਗਿਆਨ ਅਤੇ ਟੈਕਨੋਲੋਜੀ ਦਾ ਲਗਾਤਾਰ ਵਧਿਆ ਹੋ ਰਿਹਾ ਹੈ। ਜਿਸ ਨੇ ਪੰਜਾਬੀ ਭਾਸ਼ਾ ਨੂੰ ਉੱਤਰ ਆਧੁਨਿਕਤਾ ਦੇ ਦੌਰ ਵਿੱਚ ਵਿਧੇ ਦੇਸ਼ ਵਿਦੇਸ਼ ਦੇ ਹਰੇਕ

ਕੋਨੇ ਵਿੱਚ ਪਹੁੰਚਾ ਦਿੱਤਾ ਹੈ ਇਲੈਕਟਰੋਨਿਕ ਮੀਡੀਆ ਦੇ ਵਧਦੇ ਪ੍ਰਭਾਵ ਨੇ ਨਾਲ ਹੀ ਇਸ ਨੂੰ ਇੱਕ ਮਿਲਗੋਬਾ ਭਾਸ਼ਾ ਬਣਾ ਕੇ ਵੀ ਨਾਪੱਖੀ ਸੋਚ ਵਾਲਾ ਵਤੀਰਾ ਬਣਾਇਆ ਹੈ ਉਸ ਨਾਲ ਭਾਸ਼ਾ ਪ੍ਰਤੀ ਰਵਈਆ ਕਈ ਵਾਰੀ ਓਪਰਾ ਜਿਹਾ ਲੱਗਦਾ ਹੈ ਕਿਉਂਕਿ ਸਾਡੀ ਆਪਣੀ ਹੀ ਠੇਠ ਸ਼ਬਦਾਵਲੀ ਦੇ ਸ਼ਬਦਾਂ ਦੀ ਮਿਕਦਾਰ ਘਟਦੀ ਨਜ਼ਰ ਆਉਣ ਲੱਗ ਜਾਂਦੀ ਹੈ। ਡਾ. ਰਵਿੰਦਰ ਸਿੰਘ ਲਿਖਦੇ ਹਨ ਕਿ "ਪੰਜਾਬੀ ਭਾਸ਼ਾ ਹੁਣ ਸਿੱਧਾ ਅੰਗਰੇਜ਼ੀ ਦੀ ਸ਼ਬਦਾਂ ਨੂੰ ਗ੍ਰਹਿਣ ਕਰ ਰਹੀ ਹੈ। ਪੰਜਾਬੀ ਦੇ ਠੇਠ ਸ਼ਬਦਾਂ ਦੀ ਮਾਤਰਾ ਘਟਦੀ ਜਾ ਰਹੀ ਹੈ ਤੇ ਅੰਗਰੇਜ਼ੀ ਦੀ ਵੱਧਦੀ ਜਾ ਰਹੀ ਹੈ। ਮੋਬਾਇਲ ਫੋਨਾਂ ਰਾਹੀਂ ਐਸ.ਐਮ.ਐਸ. ਆਦ ਲਈ ਪੰਜਾਬੀ ਨੂੰ ਰੋਮਨ ਲਿਪੀ ਵਿੱਚ ਵਰਤਿਆ ਜਾਂਦਾ ਹੈ।"[10] ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ ਕਿ "ਪੰਜਾਬ ਜਿਉਂਦਾ ਗੁਰਾਂ ਦੇ ਨਾਂ ਤੇ" ਤੇ ਜਦੋਂ ਪੰਜਾਬ, ਪੰਜਾਬੀਅਤ ਤੇ ਸਿੱਖ ਧਰਮ ਗੁਰੂਆਂ ਦਾ ਦਿੱਤਾ ਹੋਇਆ ਗਿਆਨ ਗੁਰਬਾਣੀ ਰਾਹੀਂ ਇਕੱਠੇ ਹੋ ਜਾਂਦੇ ਹਨ ਤਾਂ ਸੱਚਮੁੱਚ ਹੀ ਇੱਕ ਮਹਾਨ ਸਰੋਵਰ ਬਣ ਜਾਂਦਾ ਹੈ ਅਤੇ ਪੰਜਾਬੀ ਭਾਸ਼ਾ ਦਾ ਗਿਆਨ ਹੋਣਾ ਮੁਹਾਰਤ ਹਾਸਲ ਕਰਨੀ ਅਜਿਹਾ ਖਜ਼ਾਨਾ ਇਕੱਠਾ ਕਰਨਾ ਹੈ ਜਿਸ ਰਾਹੀਂ ਪੰਜਾਬੀ ਵਿਰਸੇ ਤੇ ਸਿੱਖ ਵਿਰਾਸਤ ਨੂੰ ਸਮੁੱਚੇ ਵਿਸ਼ਵ ਵਿੱਚ ਪ੍ਰਚਾਰਿਆ/ ਪ੍ਰਸਾਰਿਆ ਜਾ ਸਕਦਾ ਹੈ। ਨਿਰਸੰਦੇਹ ਦੂਜੀਆਂ ਭਾਸ਼ਾਵਾਂ ਦਾ ਗਿਆਨ ਹਾਸਲ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਆਪਣੀ ਨੌਜਵਾਨ ਪੀੜੀ ਨੂੰ ਆਪਣੀ ਮਾਤ ਭੂਮੀ ਆਪਣੇ ਰੂਹਾਨੀ ਤੇ ਸੱਭਿਆਚਾਰਕ ਸਾਹਿਤ ਨਾਲ ਸਾਂਝ ਬਣਾਈ ਰੱਖਣ ਲਈ ਹਰ ਉਹ ਸੰਭਵ ਯਤਨ ਕਰਨੇ ਲੋੜੀਂਦੇ ਹਨ ਜੋ ਉੱਤਰ ਆਧੁਨਿਕਤਾ ਦੇ ਮੰਡੀਕਰਨ ਵਾਲੇ ਮਨੁੱਖੀ ਸੋਚ ਤੋਂ ਨਿਜਾਤ ਪਾ ਸਕਣ ।ਉਹ ਪੀੜੀਆਂ ਜੋ ਭਵਿੱਖ ਦਾ ਸਰਮਾਇਆ ਹਨ ਉਹ ਪੰਜਾਬੀ ਭਾਸ਼ਾ ਨੂੰ ਸਿੱਖ ਧਰਮ ਤੇ ਰੂਹਾਨੀ ਸਾਹਿਤ ਨੂੰ ਨਾ ਵਿਸਾਰਦੇ ਹੋਏ ਤਨੋਂ- ਮਨੋਂ ਉਸ ਦੀ ਰੱਖਿਆ ਲਈ ਤਤਪਰ ਰਹਿਣ ਤਾਂ ਕਿ ਇਹ ਸਦੀਵੀ ਕਾਲ ਦੇ ਲਈ ਅਨੰਤ ਕਾਲ ਦੇ ਲਈ ਜਿਉਂਦੀ ਰਹੇ। ਭਾਵੇਂ ਬਹੁਤ ਸਾਰੇ ਬੁੱਧੀਜੀਵੀ, ਸਾਹਿਤਕਾਰ, ਭਾਸ਼ਾ ਵਿਗਿਆਨੀ, ਸਿੱਖ ਵਿਦਵਾਨ ਪੂਰਨ ਸਹਿਯੋਗ ਦੇ ਕੇ ਮੂਹਰਲੀਆਂ ਕਤਾਰਾਂ ਵਿੱਚ ਲੱਗ ਕੇ ਇਸ ਪ੍ਰਤੀ ਸੁਚੇਤ ਹੋ ਕੇ ਕੰਮ ਕਰ ਰਹੇ ਹਨ। ਪੰਜਾਬੀ ਵਿਰਸੇ ਵਿਰਾਸਤ ਤੇ ਸਿੱਖ ਵਿਰਸੇ ਵਿਰਾਸਤ ਦੀ ਸੰਭਾਲ ਲਈ ਇਸ ਸਾਹਿਤ ਦੇ ਪ੍ਰਚਾਰਨ/ਪ੍ਰਸਾਰਨ ਲਈ ਹੰਭਲਾ ਮਾਰਨਾ ਅਤੀ ਲੋੜੀਂਦਾ ਹੈ ਤਾਂ ਜੋ ਗਲੋਬਲ ਪੱਧਰ ਤੇ ਵੱਖਰੀ ਪਛਾਣ ਕਾਇਮ ਰਹਿ ਸਕੇ।

**ਹਵਾਲੇ**


1. ਡਾ. ਜੋਗਾ ਸਿੰਘ ਅਤੇ ਗੁਰਬਖਸ਼ ਸਿੰਘ, ਪੰਜਾਬੀ ਭਾਸ਼ਾ ਦਾ ਸਮਾਜਿਕ ਇਤਿਹਾਸਿਕ ਪਿਛੋਕੜ, ਪੰਨਾ 11
2. ਸ੍ਰੀ ਗੁਰੂ ਗ੍ਰੰਥ ਸਾਹਿਬ,1190.
3. ਸ੍ਰੀ ਗੁਰੂ ਗ੍ਰੰਥ ਸਾਹਿਬ ,663.
4. ਡਾ. ਗੁਰਭਗਤ ਸਿੰਘ, ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਪੰਨਾ, 36.
5. ਡਾ. ਸੁਰਜੀਤ ਸਿੰਘ, ਗਲੋਬਕਾਰੀ ਅਤੇ ਪੰਜਾਬੀ ਚੇਤਨਾ ਵਿਸ਼ਵੀਕਰਨ ਦਾ ਪ੍ਰਵਚਨ ਆਰਥਿਕ ਰਾਜਸੀ ਅਤੇ ਸੱਭਿਆਚਾਰਕ ਪਰਿਪੇਖ,ਅਨੁਵਾਦਕ ਅਤੇ ਸੰਪਾਦਕ ਗੁਰ ਜਸਵਿੰਦਰ ਸਿੰਘ, ਪੰਨਾ, 190
6. ਸ੍ਰੀ ਗੁਰੂ ਗ੍ਰੰਥ ਸਾਹਿਬ 1127.
7. ਸ੍ਰੀ ਗੁਰੂ ਗ੍ਰੰਥ ਸਾਹਿਬ ,611.

8. ਸ੍ਰੀ ਗੁਰੂ ਗ੍ਰੰਥ ਸਾਹਿਬ ,97.

9. ਡਾ. ਸਰਬਜੀਤ ਸਿੰਘ, ਪੰਜਾਬੀ ਭਾਸ਼ਾ ਦਾ ਵਰਤਮਾਨ ਤੇ ਭਵਿੱਖ, ਪੰਨਾ 118.

10. ਡਾ. ਰਵਿੰਦਰ ਸਿੰਘ, ਨਵ ਚਿੰਤਨ ਅਤੇ ਸਮਕਾਲੀ ਪੰਜਾਬੀ ਸਾਹਿਤ, ਪੰਨਾ, 19.

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 47-55

# ਸਮਕਾਲ ਵਿੱਚ ਨਾਰੀ ਰਚਿਤ ਪਰਵਾਸੀ ਪੰਜਾਬੀ ਕਹਾਣੀ ਦੇ ਸਰੋਕਾਰ : ਉੱਤਰ-ਆਧੁਨਿਕ ਪਰਿਪੇਖ

**ਡਾ. ਗੁਰਪ੍ਰੀਤ ਕੌਰ ਬਰਾੜ**
**ਅਸਿਸਟੈਂਟ ਪ੍ਰੋਫ਼ੈਸਰ, ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਸਮਕਾਲ ਵਿੱਚ ਵੱਖ-ਵੱਖ ਚਿੰਤਨ ਪ੍ਰਣਾਲੀਆਂ ਪ੍ਰਚੱਲਤ ਹਨ, ਜਿਹੜੀਆਂ ਆਪਣੇ ਵਿਸ਼ੇਸ਼ ਲੱਛਣਾਂ ਕਾਰਨ ਵਿਲੱਖਣ ਹੋਂਦ ਦੀਆਂ ਧਾਰਨੀ ਹਨ। 'ਉੱਤਰ-ਆਧੁਨਿਕ' ਪਦ ਜੋ ਕਿ ਵਿਭਿੰਨ ਅਨੁਸ਼ਾਸਨਾਂ/ਖੇਤਰਾਂ ਵਿੱਚ ਵਰਤਿਆ ਜਾਂਦਾ ਹੈ, ਨੂੰ ਪਰਿਭਾਸ਼ਤ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਇਹ ਗੁੰਝਲਦਾਰ ਵਰਤਾਰੇ ਦਾ ਬੋਧ ਕਰਵਾਉਣ ਵਾਲਾ ਅਜਿਹਾ ਸ਼ਬਦ ਹੈ ਜੋ ਕਲਾ, ਸਾਹਿਤ, ਸਮਾਜ ਸ਼ਾਸਤਰ, ਸੰਗੀਤ, ਫਿਲਮ, ਸੰਚਾਰ, ਫੈਸ਼ਨ, ਤਕਨਾਲੋਜੀ ਅਤੇ ਆਰਕੀਟੈਕਚਰ ਸਮੇਤ ਕਈ ਵਿਸ਼ਿਆਂ ਜਾਂ ਅਧਿਐਨ ਖੇਤਰਾਂ ਨੂੰ ਪ੍ਰਭਾਵਤ ਕਰਦਾ ਹੈ। 'ਉੱਤਰ-ਆਧੁਨਿਕ' ਪਦ ਅੰਗਰੇਜ਼ੀ ਸ਼ਬਦ 'Post Modern' ਦਾ ਪੰਜਾਬੀ ਅਨੁਵਾਦ ਹੈ। ਅਸਲ ਵਿੱਚ 'ਆਧੁਨਿਕ' ਦੇ ਅੱਗੇ ਲੱਗਿਆ ਸ਼ਬਦ 'ਉਤਰ'(Post) ਅਗੇਤਰ ਵਾਲੀ ਸਥਿਤੀ ਦਾ ਬੋਧ ਕਰਵਾਉਂਦਾ ਹੈ ਅਤੇ ਨਵੀਆਂ ਸੰਭਾਵਨਾਵਾਂ ਨੂੰ ਪਛਾਨਣ ਦਾ ਆਗਾਜ਼ ਵੀ ਕਰਦਾ ਹੈ। ਇਸ 'ਉਤਰ' ਵਾਲੀ ਸਥਿਤੀ ਨੂੰ ਇੱਕ ਪਾਸੇ ਇਤਿਹਾਸਿਕ ਦੌਰ ਵਜੋਂ ਦੇਖਿਆ ਜਾਂਦਾ ਹੈ ਅਤੇ ਦੂਜੇ ਪਾਸੇ ਇੱਕ ਅਜਿਹੀ ਦਿਸ਼ਾ ਵੱਲ ਸੰਕੇਤ ਹੈ ਜੋ ਵਰਤਮਾਨ ਤੋਂ ਛੁਟਕਾਰਾ ਦਿਵਾ ਕੇ ਭਵਿੱਖ ਵੱਲ ਨਿਸ਼ਾਨਾ ਸੇਧਦੀ ਹੈ। *Jeon Francois Lyotard ਨੇ ਆਪਣੇ ਲੇਖ 'Note on the meaning of post'*- ਵਿੱਚ ਲਿਖਿਆ ਹੈ:

ਇਸ ਦ੍ਰਿਸ਼ਟੀਕੋਣ ਬਾਰੇ ਇੱਕ ਨੁਕਤਾ ਇਹ ਹੈ ਕਿ ਉੱਤਰ-ਆਧੁਨਿਕਤਾ ਦੇ 'ਉਤਰ' ਵਿੱਚ ਸਧਾਰਨ ਉਤਰਾਧਿਕਾਰ ਦੀ ਭਾਵਨਾ ਹੈ, ਕਾਲ ਦਾ ਇੱਕ ਡਾਇਕ੍ਰੋਨਿਕ ਕ੍ਰਮ ਜਿਸ ਵਿੱਚ ਹਰ ਇੱਕ ਸਪੱਸ਼ਟ ਤੌਰ 'ਤੇ ਪਛਾਣਿਆ ਜਾ ਸਕਦਾ ਹੈ। ਇਹ 'ਉਤਰ'(Post) ਇੱਕ ਪਰਿਵਰਤਨ ਵਰਗੀ ਚੀਜ਼ ਨੂੰ ਦਰਸਾਉਂਦੀ ਹੈ: ਪਿਛਲੇ ਤੋਂ ਇੱਕ ਨਵੀਂ ਦਿਸ਼ਾ।[1]

ਪੰਜਾਬੀ ਚਿੰਤਕ ਡਾ. ਜਗਬੀਰ ਸਿੰਘ ਨੇ 'ਉਤਰ-ਆਧੁਨਿਕਤਾਵਾਦ' ਨੂੰ ਆਧੁਨਿਕਤਾਵਾਦ ਦੀ ਪੂਰਬ ਸਥਿਤੀ ਦੇ ਸੰਦਰਭ ਵਿੱਚ ਰੱਖ ਕੇ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ:

ਆਧੁਨਿਕਵਾਦ ਦਾ ਜਨਮ 18ਵੀਂ ਸਦੀ ਈਸਵੀ ਦੇ ਪਿਛਲੇ ਅੱਧ ਵਿੱਚ ਯੂਰਪ ਦੀ ਸੁਪ੍ਰਸਿੱਧ ਜਾਗ੍ਰਿਤੀ ਲਹਿਰ( Enlightenment movement) ਦੇ ਸਿੱਟੇ ਵਜੋਂ ਹੋਇਆ ਮੰਨਿਆ ਜਾਂਦਾ ਹੈ। ਇਸ ਲਹਿਰ ਨੇ ਤਰਕਹੀਣ ਅਤੇ ਵਿਵੇਕ ਦੀ ਸਰਦਾਰੀ ਸਥਾਪਿਤ ਕਰਦਿਆਂ ਮਨੁੱਖ ਨੂੰ ਤਰਕਹੀਣ ਰਸਮਾਂ-ਰੀਤਾਂ, ਵਹਿਮਾਂ-ਭਰਮਾਂ ਅਤੇ ਅਗਿਆਨ ਦੇ ਹਨੇਰੇ ਵਿੱਚੋਂ ਕੱਢਣ ਦਾ ਉਪਰਾਲਾ ਕੀਤਾ। ਇਸ ਸਮੁੱਚੇ ਉਪਰਾਲੇ ਨੂੰ ਇੱਕ ਤਰ੍ਹਾਂ ਦੀ ਮੁਕਤੀ ਯੋਜਨਾ (Emancipatory project) ਵੀ ਮੰਨਿਆ ਜਾ ਸਕਦਾ ਹੈ ।..... ਉਤਰ-ਆਧੁਨਿਕਵਾਦੀ ਚਿੰਤਨ ਨੇ ਆਧੁਨਿਕਵਾਦ ਦੇ ਸਿਧਾਂਤਕ ਪਿਛੋਕੜ ਵਿੱਚ ਕੰਮ ਕਰ ਰਹੇ ਇਸੇ ਜਾਗ੍ਰਿਤੀ ਪ੍ਰੋਜੈਕਟ ਦੇ ਵਿਰੋਧ ਵਿੱਚ ਆਪਣੇ ਪ੍ਰਵਚਨ ਦੀ ਉਸਾਰੀ ਕੀਤੀ ਹੈ। ਇਸਨੇ ਨਿਰੋਲ ਤਰਕ ਨੂੰ ਹੀ ਗਿਆਨ ਦਾ ਇੱਕੋ ਇੱਕ ਵਸੀਲਾ ਨਾ ਮੰਨਦਿਆਂ ਸੂਝ ਅਤੇ ਸਮਝ ਦੇ ਅਨੇਕਾਂ,

Volume: 11, March 2025 ISSN: 2394-0980
PP: 47-55

ਵਿਭਿੰਨ,ਬਦਲਵੇਂ ਅਤੇ ਸਮਾਨੰਤਰ ਸੰਗਠਨਾਂ ਦੀ ਹੋਂਦ ਨੂੰ ਪ੍ਰਵਾਨਗੀ ਦੇਣ ਦਾ ਯਤਨ ਕੀਤਾ ਹੈ।....ਗਿਆਨਖੇਤਰ ਵਿੱਚ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਨ ਵਾਲੀ ਇਸ ਸੋਚ ਨੂੰ ਵਿਕਸਿਤ ਕਰਨ ਵਿੱਚ ਯਾਂ ਬੌਦ੍ਰੀਲਾਰਦ, ਯੱਕ ਦੇਰੀਦਾ, ਮਿਸ਼ੇਲ ਫੂਕੋ ਅਤੇ ਲਿਉਤਾਰਦ ਵਰਗੇ ਸਮਕਾਲੀ ਚਿੰਤਕਾਂ ਦਾ ਨਾਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ।[2]

ਉੱਤਰ-ਆਧੁਨਿਕਤਾ, ਆਧੁਨਿਕਤਾ ਤੋਂ ਅਗਲੇਰੀ ਅਤੇ ਵੱਖਰੀ ਸਥਿਤੀ ਹੈ। ਇਹ 'ਉਤਰ' ਵਾਲੀ ਸਥਿਤੀ ਸਿਰਫ਼ 'ਆਧੁਨਿਕਤਾ/ਆਧੁਨਿਕਤਾਵਾਦ' ਦੇ ਖੇਤਰ ਵਿੱਚ ਨਹੀਂ ਸਗੋਂ ਵਿਸ਼ਵ ਦੇ ਗਿਆਨ ਖੇਤਰਾਂ ਵਿੱਚ ਬਹੁਤ ਸਾਰੇ ਅਨੁਸ਼ਾਸਨਾਂ ਵਿੱਚ ਹੋਂਦ ਵਿੱਚ ਆਈ ਹੈ। ਨਵ-ਮਾਰਕਸਵਾਦ, ਉੱਤਰ-ਨਾਰੀਵਾਦ, ਉੱਤਰ-ਸੰਰਚਨਾਵਾਦ, ਉਤਰ-ਬਸਤੀਵਾਦ ਨੇ ਵੀ ਆਪਣੇ-ਆਪਣੇ ਖੇਤਰਾਂ ਵਿੱਚ ਨਵੀਂ ਚਰਚਾ ਨੂੰ ਜਨਮ ਦਿੰਦਿਆਂ ਵਿਲੱਖਣ ਨਕਸ਼ ਪਛਾਣੇ ਹਨ। ਇਹ 'ਉਤਰ' ਸ਼ਬਦ ਇੱਕ ਅਜਿਹੇ ਯੁਗ ਨਾਲ ਸੰਬੰਧਤ ਹੋ ਜਾਂਦਾ ਹੈ ਜੋ ਪੁਰਾਣੀਆਂ ਪ੍ਰਚੱਲਿਤ ਧਾਰਨਾਵਾਂ ਦਾ ਪੁਨਰ ਮੁਲਾਂਕਣ ਕਰਦਾ ਹੈ। ਉਤਰ-ਆਧੁਨਿਕਤਾਵਾਦ ਨੇ ਮਨੁੱਖੀ ਗਿਆਨ ਅਤੇ ਅਨੁਭਵ ਦੇ ਖੇਤਰ ਵਿੱਚ ਪ੍ਰਚੱਲਤ ਅਨੇਕਾਂ ਧਾਰਨਾਵਾਂ ਬਾਰੇ ਪੁਨਰ ਵਿਚਾਰ ਨੂੰ ਉਤਸ਼ਾਹਿਤ ਕਰਦਿਆਂ ਚਿੰਤਨ ਅਤੇ ਚੇਤਨਾ ਦੇ ਨਵੇਂ ਸੰਗਠਨ ਉਸਾਰਨ ਦਾ ਉਪਰਾਲਾ ਕਰਨ ਦੇ ਨਾਲ-ਨਾਲ ਸਾਹਿਤ ਅਤੇ ਸਭਿਆਚਾਰ ਦੇ ਅਧਿਐਨ ਵਾਸਤੇ ਨਵੀਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ।

'ਉਤਰ-ਆਧੁਨਿਕਤਾ' ਦੇ ਸੰਕਲਪ ਦਾ ਮਸਲਾ/ਮੁੱਦਾ ਕਾਲ-ਖੰਡ ਨਾਲ ਜੁੜਦਾ ਹੈ, ਜਿਸ ਬਾਰੇ ਉਤਰ-ਆਧੁਨਿਕ ਚਿੰਤਕਾਂ ਵਿੱਚ ਇਸ ਸਬੰਧੀ ਕੋਈ ਸਪਸ਼ੱਟ ਸਹਿਮਤੀ ਸਾਹਮਣੇ ਨਹੀਂ ਆਉਂਦੀ ਹੈ। 'ਉਤਰ-ਆਧੁਨਿਕਤਾ' ਕੀ ਹੈ, ਤੋਂ ਬਾਅਦ ਅਗਲਾ ਮੁੱਦਾ ਇਸ ਦੇ ਆਰੰਭ ਬਿੰਦੂ ਨੂੰ ਪਛਾਨਣ ਦਾ ਹੈ। ਪਹਿਲੇ ਸਵਾਲ ਦੇ ਨਾਲ-ਨਾਲ ਦੂਜੇ ਸਵਾਲ 'ਤੇ ਵੀ ਚਿੰਤਕਾਂ ਦੀ ਬਹਿਸ ਕੇਂਦਰਿਤ ਰਹਿੰਦੀ ਹੈ। 'ਇਸ ਸ਼ਬਦ ਅਤੇ ਖੇਤਰ ਦੀ ਵਰਤੋਂ ਬਾਰੇ ਵੱਖ-ਵੱਖ ਚਿੰਤਕਾਂ ਜਿਵੇਂ ਕਿ ਐਂਥਨੀ ਗਿੱਡਨਜ਼, ਸਕੌਟ ਲੈਸ਼, ਡੇਨੀਅਲ ਬੈੱਲ, ਹੈਬਰਮਾਸ, ਲਿਉਤਾਰਦ ਅਤੇ ਜੇਮਸਨ ਆਦਿ ਦੀਆਂ ਪੁਸਤਕਾਂ ਵਿੱਚ ਵੱਖਰੀਆਂ-ਵੱਖਰੀਆਂ ਧਾਰਨਾਵਾਂ ਸਾਹਮਣੇ ਆਉਂਦੀਆਂ ਹਨ।'[3] ਉਤਰ-ਆਧੁਨਿਕਤਾ/ ਉਤਰ-ਆਧੁਨਿਕਤਾਵਾਦ ਨੂੰ ਸਿਧਾਂਤਕ ਤੇ ਇਤਿਹਾਸਕ ਦੋਵਾਂ ਪਰਿਭਾਸ਼ਾਵਾਂ ਦੀ ਜ਼ਰੂਰਤ ਹੈ, ਇਸ ਲਈ ਇਹਨਾਂ ਚਿੰਤਕਾਂ ਨੇ ਇੱਕ ਤੋਂ ਵਧੇਰੇ ਪੱਖਾਂ ਰਾਹੀਂ ਇਸ ਬਾਰੇ ਸੰਵਾਦ ਰਚਾਇਆ ਹੈ।

## ਨਾਰੀਵਾਦ, ਉਤਰ-ਨਾਰੀਵਾਦ ਅਤੇ ਉਤਰ ਆਧੁਨਿਕਤਾਵਾਦ

ਉਤਰ ਆਧੁਨਿਕਤਾਵਾਦ ਅਜਿਹੀ ਚਿੰਤਨ ਪ੍ਰਣਾਲੀ ਹੈ ਜਿਸਨੇ ਬਾਕੀ ਪ੍ਰਮੁੱਖ ਪ੍ਰਣਾਲੀਆਂ ਜਿਵੇਂ ਕਿ ਅਸਿਸਤਵਵਾਦ, ਮਾਰਕਸਵਾਦ, ਨਵ ਮਾਰਕਸਵਾਦ, ਸੰਰਚਨਾਵਾਦ, ਉਤਰ-ਸੰਰਚਨਾਵਾਦ ਅਤੇ ਉਤਰ-ਨਾਰੀਵਾਦ ਆਦਿ ਨਾਲ ਸੰਵਾਦ ਰਚਾਇਆ ਹੈ। ਹਥਲਾ ਪੇਪਰ ਨਾਰੀ ਲੇਖਨ(ਚੋਣਵੀਆਂ ਕਹਾਣੀਆਂ-'ਅੱਧੀ ਬੋਤਲ'(ਵੀਨਾ ਵਰਮਾ), 'ਸਿਰਫ਼ ਇੱਕ ਵਾਰ'(ਪਰਵੇਜ਼ ਸੰਧੂ ) ਅਤੇ 'ਚੱਪਾ ਕੁ ਸੂਰਜ'(ਬਲਬੀਰ ਕੌਰ ਸੰਘੇੜਾ) ਨਾਲ ਸਬੰਧਤ ਹੋਣ ਕਰਕੇ ਨਾਰੀਵਾਦ ਤੇ ਉਤਰ ਨਾਰੀਵਾਦ ਬਾਰੇ ਵਿਚਾਰ ਚਰਚਾ ਜ਼ਰੂਰੀ ਹੈ। ਨਾਰੀਵਾਦ, ਅਜੋਕੇ ਚਿੰਤਨ ਦਾ ਪ੍ਰਮੁੱਖ ਦਾਰਸ਼ਨਿਕ ਤੇ ਵਿਹਾਰਿਕ ਸਰੋਕਾਰ ਹੈ। ਨਾਰੀਵਾਦ ਅਜਿਹੀ ਕ੍ਰਾਂਤੀਕਾਰੀ ਤੇ ਬੌਧਿਕ ਲਹਿਰ ਹੈ, ਜਿਸ ਅਨੁਸਾਰ ਸਮਾਜਿਕ ਦਰਜਾਬੰਦੀਆਂ ਦਾ ਇੱਕ ਕਾਰਨ ਲਿੰਗ ਵਿਤਕਰਾ ਵੀ ਹੈ, ਜਿਸਨੇ ਹੁਣ ਤੱਕ ਨਾਰੀ ਨੂੰ ਮਰਦ ਦੇ ਅਧੀਨ ਰੱਖਿਆ ਹੈ।

Volume: 11, March 2025 ISSN: 2394-0980
PP: 47-55

ਅਸਲ ਵਿੱਚ ਨਾਰੀਵਾਦ ਨਾਰੀ ਦੇ ਅਧਿਕਾਰਾਂ ਅਤੇ ਹਿੱਤਾਂ ਦੇ ਪੱਖ ਵਿੱਚ ਸੰਗਠਤ ਸਿਧਾਂਤ ਚੇਤਨਾ ਹੈ ਜੋ ਖਾਸ ਤੌਰ ਤੇ ਨਾਰੀ ਪ੍ਰਤੀ ਭੇਦ-ਭਾਵ ਰੱਖਣ ਵਾਲੀਆਂ ਪਾਬੰਦੀਆਂ ਨੂੰ ਖ਼ਤਮ ਕਰਨ ਲਈ ਚਿੰਤਨ ਅਤੇ ਪ੍ਰਸਾਰ ਨਾਲ ਸੰਬੰਧਿਤ ਹੈ।

ਨਾਰੀਵਾਦ ਜੈਂਡਰ ਅਧਾਰਿਤ ਅਜਿਹਾ ਚਿੰਤਨ ਹੈ, ਜਿਸ ਦੇ ਅੰਤਰਗਤ ਨਾਰੀਵਾਦੀ ਚਿੰਤਕਾਂ ਨੇ ਨਾਰੀਵਾਦੀ ਸਾਹਿਤ ਇਤਿਹਾਸ ਅਤੇ ਆਲੋਚਨਾ ਦੇ ਇੱਕ ਨਵੇਂ ਦੌਰ ਵੱਲ ਧਿਆਨ ਕੇਂਦਰਿਤ ਕੀਤਾ। ਇਹਨਾਂ ਨੇ ਸਾਹਿਤ-ਚਿੰਤਨ ਅਤੇ ਸਮੀਖਿਆ ਨਾਲ ਆਪਣਾ ਸਰੋਕਾਰ ਜੋੜਦਿਆਂ ਸਾਹਿਤ ਕਿਰਤਾਂ ਵਿੱਚ ਕਾਰਜਸ਼ੀਲ ਜੈਂਡਰ ਦੀ ਰਾਜਨੀਤੀ ਨੂੰ ਸਿਧਾਂਤਬੱਧ ਕੀਤਾ। ਨਾਰੀਵਾਦੀ ਚਿੰਤਕਾਂ ਨੇ ਉਸ ਚਿੰਤਨ ਨੂੰ ਰੱਦ ਕੀਤਾ, ਜਿਸ ਅਧੀਨ ਨਾਰੀ ਦੀ ਪਰਿਕਲਪਨਾ ਸਿਰਫ਼ 'Sexual object' (ਲਿੰਗਕ ਵਸਤੂ) ਦੇ ਤੌਰ 'ਤੇ ਹੋਈ ਅਤੇ ਉਸਦੀ ਨਾਰਿਤਾ ਨੂੰ ਘੱਟ ਗੰਭੀਰਤਾ/ਤਰਜੀਹ ਨਾਲ ਵਿਚਾਰਿਆ ਗਿਆ। ਨਾਰੀਵਾਦੀ ਚਿੰਤਕਾਂ ਦਾ ਇਹ ਮੱਤ ਮਹੱਤਵਪੂਰਨ ਸੀ ਕਿ ਨਾਰੀ ਆਪਣੀ ਲੇਖਣੀ ਵਿੱਚ ਆਪਣੇ ਅਨੁਭਵਾਂ ਅਤੇ ਨਾਰੀਤਵ (womanhood) ਦੀ ਸਕਾਰਾਤਮਕਤਾ ਵਰਗੇ ਮਸਲਿਆਂ ਨੂੰ ਆਪਣੀ ਭਾਸ਼ਾ ਰਾਹੀਂ ਉਲੀਕੇ। ਨਾਰੀ ਲੇਖਣ ਦੀ ਅਹਿਮੀਅਤ ਦੱਸਣ ਵਾਲੀ ਨਾਰੀਵਾਦੀ ਚਿੰਤਕਾ *Elain Showalter 'A Literature of their own: British women novelist from Bronte to Lessing 1978'* ਵਿੱਚ ਇਹ ਦਲੀਲ ਦਿੰਦੀ ਹੈ ਕਿ 'ਨਾਰੀਆਂ ਦੀਆਂ ਭਿੰਨ-ਭਿੰਨ ਜ਼ਿੰਦਗੀਆਂ ਅਤੇ ਫਰਜ਼ ਉਹਨਾਂ ਦੀਆਂ ਸਾਹਿਤਕ ਰਚਨਾਵਾਂ ਵਿੱਚ ਅਵੱਸ਼ ਹੀ ਭਿੰਨ-ਭਿੰਨ ਵਿਸ਼ਾ ਵਸਤੂ ਪੈਦਾ ਕਰਦੇ ਹਨ ਅਤੇ ਇੱਕ ਖਾਸ ਕਿਸਮ ਦੀ ਪਰੰਪਰਾ ਨੂੰ ਸੂਤਰਬੱਧ ਕਰਨ ਲਈ ਬਹੁਤ ਲੱਛਣ ਸਾਂਝੇ ਹਨ। ਜਦੋਂ ਨਾਰੀ ਲੇਖਿਕਾਵਾਂ ਵੱਲ ਇਕੱਠਿਆਂ ਵੇਖਦੇ ਹਾਂ ਤਾਂ ਅਸੀਂ ਕਲਪਨਾਤਮਕ ਨਿਰੰਤਰਤਾ ਵੇਖ ਸਕਦੇ ਹਾਂ ਜਿਸ ਵਿੱਚ ਖਾਸ ਕਿਸਮ ਦੇ ਨਮੂਨੇ, ਵਿਸ਼ੇ, ਸਮੱਸਿਆਵਾਂ ਅਤੇ ਬਿੰਬ ਪੀੜ੍ਹੀ ਦਰ ਪੀੜ੍ਹੀ ਚੱਲਦੇ ਹਨ।'[5]

ਨਾਰੀਵਾਦ ਨੂੰ ਇੱਕ ਸਿਧਾਂਤ ਵਜੋਂ ਸਥਾਪਤ ਕਰਨ ਦਾ ਪਹਿਲਾ ਠੋਸ ਪ੍ਰਮਾਣ 'Simone De Beauvoir' ਦੀ ਪੁਸਤਕ 'The second sex' ਬਣੀ, ਜਿਹੜੀ ਫਰੈਂਚ ਵਿੱਚ 1949 ਤੇ ਅੰਗਰੇਜ਼ੀ ਵਿੱਚ 1952 ਵਿੱਚ ਪ੍ਰਕਾਸ਼ਿਤ ਹੋਈ। ਉਸ ਦਾ ਵਾਕ ਕਿ 'One is not born but lather becomes a woman' ਨਾਰੀਵਾਦ ਦਾ ਅਜਿਹਾ ਸਿਧਾਂਤ ਸੂਤਰ ਹੈ, ਜਿਹੜਾ ਸਮੁੱਚੇ ਨਾਰੀਵਾਦੀ ਚਿੰਤਨ ਦਾ ਆਧਾਰ ਬਣਿਆ। ਨਾਰੀਵਾਦੀ ਚਿੰਤਨ ਵਿੱਚ 'Betty Friedan' ਦੀ ਪੁਸਤਕ 'The Feminine Mystique' ਅਗਲੀ ਕੜੀ ਬਣੀ। 'Kate Millett' ਦੀ ਪੁਸਤਕ 'Sexual politics', 'Shulamith Firestone' ਦੀ ਪੁਸਤਕ 'The Dialectic of Sex' ਅਤੇ Eva Figes' ਦੀ ਪੁਸਤਕ 'Patriarchal Attitudes' ਆਦਿ ਨੇ ਨਾਰੀਵਾਦ ਸਿਧਾਂਤਾਂ ਵਿੱਚ ਰੈਡੀਕਲ ਤਬਦੀਲੀਆਂ ਲਿਆਂਦੀਆਂ। ਅੱਸੀਵਿਆਂ ਵਿੱਚ ਨਾਰੀਵਾਦੀ ਚਿੰਤਕ ਦਾ ਫਰਾਂਸੀਸੀ ਪਰਿਪੇਖ ਨਾਰੀ ਦੀ ਜੈਂਡਰਿਕ ਵਿਲੱਖਣਤਾ ਤੇ ਫੋਕਸ ਕਰਦਾ ਹੈ। ਫਰਾਂਸ ਦੀਆਂ ਚਿੰਤਕਾਂਵਾਂ 'Luce Irigaray', 'Helene Cixous' ਅਤੇ 'Julia Kristeva' ਇਹ ਸੋਝੀ ਲੈ ਕੇ ਆਈਆਂ। ਨਾਰੀਵਾਦੀ ਸਾਹਿਤ ਚਿੱਤਰ ਦੀ ਇੱਕ ਹੋਰ ਅੰਤਰ-ਦ੍ਰਿਸ਼ਟੀ ਭਾਸ਼ਾ ਨਾਲ ਸੰਬੰਧਤ ਹੈ ਜਿਸਦਾ ਜ਼ਿਕਰ 'Dale spender' ਆਪਣੀ ਪੁਸਤਕ 'Man Made Language' ਵਿੱਚ ਕਰਦੀ ਹੈ। ਨਾਰੀਵਾਦੀ ਚਿੰਤਨ ਆਪਣੇ ਸਮਕਾਲੀ ਦ੍ਰਿਸ਼ ਜਿਸ ਨੂੰ ਨਾਰੀਵਾਦ ਦਾ ਇਤਿਹਾਸ ਉਤਰ-ਨਾਰੀਵਾਦ ਵਜੋਂ ਪਰਭਾਸ਼ਿਤ ਕਰ ਰਿਹਾ ਹੈ, ਦੀ ਪਰਿਭਾਸ਼ਾ *Ann*

Volume: 11, March 2025 ISSN: 2394-0980
PP: 47-55

*Brooks ਆਪਣੀ ਪੁਸਤਕ 'Post-feminisms: Feminism, Cultural Theory and Cultural Forms'* ਵਿੱਚ ਇਸ ਤਰ੍ਹਾਂ ਦਿੰਦੀ ਹੈ

ਉਤਰ ਨਾਰੀਵਾਦ ਦਵੈਤਵਾਦ ਨੂੰ ਵਿਭਿੰਨਤਾ, ਇਕਮੱਤ ਨੂੰ ਵੰਨ-ਸੁਵੰਨੇ ਦੀ ਧਾਰਨਾ ਨਾਲ ਕੱਟਦਾ ਹੈ ਅਤੇ ਬੌਧਿਕ ਬਹਿਸ ਲਈ ਇੱਕ ਗਤੀਸ਼ੀਲ ਤੇ ਜ਼ੋਰਦਾਰ ਖੇਤਰ ਸਥਾਪਿਤ ਕਰਦਾ ਹੈ, ਅਜਿਹੇ ਮੁੱਦੇ ਤੇ ਬੌਧਿਕ ਵਾਤਾਵਰਨ ਸਿਰਜਦਾ ਹੈ ਜਿਹੜੇ ਸਮਕਾਲੀ ਸੰਸਾਰ ਦੇ ਆਧੁਨਿਕਤਾ ਤੋਂ ਉਤਰ-ਆਧੁਨਿਕਵਾਦ ਵੱਲ ਚੱਲਣ ਦੇ ਲੱਛਣ ਦਰਸਾਉਂਦੇ ਹਨ।[5]

ਉਤਰ-ਆਧੁਨਿਕਤਾਵਾਦ ਵਾਂਗ ਉਤਰ-ਨਾਰੀਵਾਦ ਸ਼ਬਦ ਦੀ ਵਿਆਖਿਆ ਜਟਿਲ ਹੈ ਭਾਵੇਂ ਕਿ ਵਰਤਮਾਨ ਵਿੱਚ ਇਹ ਸ਼ਬਦ ਵਿਆਪਕ ਵਰਤੋਂ ਵਿੱਚ ਹੈ। ਕੁਝ ਨਾਰੀਵਾਦੀਆਂ ਦਾ ਤਰਕ ਹੈ ਕਿ ਉਤਰ-ਨਾਰੀਵਾਦ ਸ਼ਬਦ 1980 ਵਿਆਂ ਦੇ ਸ਼ੁਰੂ ਵਿੱਚ ਸੰਚਾਰ ਮਾਧਿਅਮਾਂ ਦੇ ਅੰਦਰੋਂ ਪੈਦਾ ਹੋਇਆ ਹੈ। ਇਹਨਾਂ ਸੰਚਾਰ ਮਾਧਿਅਮਾਂ ਦੇ ਜ਼ਰੀਏ ਇਸਨੇ ਆਪਣੀ ਸਭਿਆਚਾਰਕ ਮੌਜੂਦਗੀ ਬਣਾ ਕੇ ਰੱਖੀ ਹੋਈ ਹੈ।ਪੰਜਾਬੀ ਸਾਹਿਤ ਵਿੱਚ ਨਾਰੀ ਸਰੋਕਾਰਾਂ ਦੀ ਆਮਦ ਵੀ ਪੱਛਮ ਵਿੱਚ ਚੱਲੀਆਂ ਨਾਰੀਵਾਦੀ ਲਹਿਰਾਂ ਅਤੇ ਉਪਜੇ ਨਾਰੀ ਚਿੰਤਨ ਦੀ ਦੇਣ ਹੈ। ਇਹਨਾਂ ਲਹਿਰਾਂ ਅਤੇ ਚਿੰਤਨ ਨੇ ਸਾਰੀ ਦੁਨੀਆ ਦੇ ਸਮਾਜਾਂ, ਸੱਭਿਆਚਾਰਾਂ ਤੇ ਸਾਹਿਤ ਪਰੰਪਰਾਵਾਂ ਵਿੱਚ ਨਾਰੀ ਲੇਖਨ ਨੂੰ ਉਤਸ਼ਾਹਿਤ ਕੀਤਾ ਅਤੇ ਇਸਦੇ ਪ੍ਰਭਾਵ ਸਦਕਾ 20ਵੀਂ ਸਦੀ ਵਿੱਚ ਪੰਜਾਬੀ ਸਾਹਿਤ ਵਿੱਚ ਲੇਖਿਕਾਵਾਂ ਨੇ ਆਪਣੀ ਲੇਖਣੀ ਰਾਹੀਂ ਨਾਰੀ ਦੀ ਸਮਾਜਿਕ ਸਥਿਤੀ ਦਾ ਸਾਹਿਤਕ ਰੂਪਾਂਤਰਣ ਕੀਤਾ। ਬਰਤਾਨੀਆ, ਅਮਰੀਕਾ ਅਤੇ ਕੈਨੇਡਾ ਵਿੱਚ 20ਵੀਂ ਸਦੀ ਸ਼ੁਰੂ ਹੋਏ ਤੋਂ ਪਰਵਾਸੀ ਨਾਰੀ ਲੇਖਨ ਨੇ 21ਵੀਂ ਸਦੀ ਵਿੱਚ ਨਵੀਆਂ ਪਰਿਸਥਿਤੀਆਂ ਦੇ ਸਨਮੁਖ ਨਵੇਂ ਵਿਸ਼ਿਆਂ ਨਾਲ ਸੰਬੰਧਤ ਕਹਾਣੀਆਂ ਲਿਖਕੇ ਨਵੀਆਂ ਅੰਤਰ ਦ੍ਰਿਸ਼ਟੀਆਂ ਨੂੰ ਆਪਣੀ ਰਚਨਾਵਾਂ ਵਿੱਚ ਰੇਖਾਂਕਿਤ ਕਰਨਾ ਆਰੰਭ ਕੀਤਾ। ਕੈਲਾਸ਼ਪੁਰੀ, ਵੀਨਾ ਵਰਮਾ,ਐਨ ਕੌਰ, ਪਰਵੇਜ਼ ਸੰਧੂ, ਰਾਣੀ ਨਗਿੰਦਰ, ਮਿੰਨੀ ਗਰੇਵਾਲ, ਬਲਵੀਰ ਕੌਰ ਸੰਘੇੜਾ, ਸੁਰਜੀਤ ਕਲਸੀ, ਸੁਸ਼ੀਲ ਕੌਰ, ਮਨਜੀਤ ਕੌਰ ਸੇਖੋਂ, ਲਾਜ ਨੀਲਮ ਸੈਣੀ ਆਦਿ ਨਾਵਾਂ ਦੀ ਫਹਿਰਿਸਤ ਵਿੱਚ ਗੁਰਮੀਤ ਪਨਾਗ, ਹਰਕੀਰਤ ਕੌਰ ਚਹਿਲ ਤੇ ਪਵਿੱਤਰ ਕੌਰ ਮਾਟੀ ਦਾ ਨਾਮ ਵੀ ਜੁੜਿਆ ਹੈ। ਇਹਨਾਂ ਨਾਰੀ ਲੇਖਿਕਾਵਾਂ ਦਾ ਰਚਨਾਵੀਂ ਸੰਸਾਰ ਪਰਵਾਸੀ ਪੰਜਾਬੀ ਸਮਾਜ ਵਿੱਚ ਨਾਰੀ ਦੀਆਂ ਸਥਿਤੀਆਂ ਅਤੇ ਸਮੱਸਿਆਵਾਂ ਦੀ ਪੇਸ਼ਕਾਰੀ ਦੇ ਨਾਲ-ਨਾਲ ਉਤਰ ਆਧੁਨਿਕ ਤੇ ਵਿਕਸਿਤ ਸਮਾਜਾਂ ਵਿੱਚ ਪੰਜਾਬੀ ਪਰਵਾਸ ਦੀ ਦੁਵੱਲੀ ਟਾਕਰਵੀਂ ਜੀਵਨ ਸ਼ੈਲੀ ਵਿੱਚ ਸਿਰਜੀ ਜਾ ਰਹੀ ਨਵੀਂ ਪੰਜਾਬੀ ਨਾਰੀ ਨੂੰ ਵੀ ਸਿਰਜ ਰਿਹਾ ਹੈ। ਨਾਰੀ ਲੇਖਨ ਤੇ ਪਰਵਾਸੀ ਨਾਰੀ ਲੇਖਨ ਦੀ ਮਹੱਤਤਾ ਸੰਬੰਧੀ ਡਾ. ਧਨਵੰਤ ਕੌਰ ਦਾ ਕਥਨ ਹੈ:

ਨਾਰੀ, ਨਾਰੀ ਦਾ ਜੀਵਨ, ਨਾਰੀ ਦੀਆਂ ਸਮੱਸਿਆਵਾਂ, ਨਾਰੀ ਦੇ ਸੰਘਰਸ਼, ਸਾਹਸ ਅਤੇ ਸਿਧਾਂਤ, ਨਾਰੀ ਦੀ ਮਾਨਵੀ ਹੋਂਦ ਦੇ ਤਕਾਜ਼ੇ ਨਾਰੀ ਦੇ ਆਪਣੇ ਬੋਲਾਂ/ਸ਼ਬਦਾਂ ਰਾਹੀਂ ਨਾਰੀ ਪ੍ਰਵਚਨ ਨੂੰ ਪ੍ਰਮਾਣਿਕ ਸ੍ਰੋਤ ਬਖ਼ਸ਼ਦੇ ਹਨ। ਪਰਵਾਸੀ ਲੇਖਿਕਾਵਾਂ ਦੇ ਸੰਦਰਭ ਵਿੱਚ ਤਾਂ ਕੋਈ ਹੋਰ ਜ਼ਾਵੀਏ ਵੀ ਆ ਸ਼ਾਮਿਲ ਹੁੰਦੇ ਹਨ ਕਿਉਂਕਿ ਪਰਵਾਸੀ ਪੰਜਾਬੀ ਲੇਖਿਕਾਵਾਂ ਨਿਰੋਲ ਪੰਜਾਬੀ ਨਾਰੀ ਦਾ ਇਤਿਹਾਸ ਹੀ ਨਹੀਂ ਲਿਖ ਰਹੀਆਂ, ਉਹ ਪੰਜਾਬੀ ਨਾਰੀ ਦੇ ਪਰਵਾਸ ਦਾ, ਪੰਜਾਬੀ ਸਮਾਜ ਦੇ ਅੰਤਰ-ਸੱਭਿਆਚਾਰਕ ਤੇ ਪਾਰ ਸੱਭਿਆਚਾਰਕ ਦਵੰਦਾਂ ਦਾ ਅਤੇ ਇਨ੍ਹਾਂ ਦੋਹਰੇ ਪਰਿਪੇਖਾਂ,

Volume: 11, March 2025 ISSN: 2394-0980
PP: 47-55

ਦੋਹਰੀਆਂ ਦ੍ਰਿਸ਼ਟੀਆਂ ਕਾਰਨ ਹੋਰ ਗਹਿਰਾ ਗਏ ਸੰਕਟਾਂ ਦੀਆਂ ਵੀ ਜ਼ਾਮਨ ਬਣ ਰਹੀਆਂ ਹਨ। ਇਸੇ ਕਰਕੇ ਉਨ੍ਹਾਂ ਦੀ ਭੂਮਿਕਾ ਬਹੁਪਾਸਾਰੀ ਹੈ।[6]

ਸਮਕਾਲੀ ਪੰਜਾਬੀ ਕਹਾਣੀ ਵਿੱਚ ਉਤਰ-ਨਾਰੀਵਾਦੀ ਚਿੰਤਨ ਦੁਆਰਾ ਦਿੱਤੇ *ਡੀਕੰਸਟ੍ਰਕਸ਼ਨ ਦਾ ਸਿਧਾਂਤ* ਦੀ ਸਥਾਪਨਾ ਸਬੰਧੀ ਉਹਨਾਂ ਦੀ ਧਾਰਨਾ ਹੈ :

ਉਤਰ-ਨਾਰੀਵਾਦੀ ਚਿੰਤਨ ਦੁਆਰਾ ਦਿੱਤਾ ਸ਼ਕਤੀਸ਼ਾਲੀ ਤੇ ਧੱਕੜ ਕੇਂਦਰਾਂ ਦੀ ਡੀਕੰਸਟ੍ਰਕਸ਼ਨ ਦਾ ਸਿਧਾਂਤ ਨਾਰੀ ਦੇ ਵਿਰੋਧਾਂ ਤੇ ਵਖਰੇਵਿਆਂ ਦੀ ਡਾਈਸੈਂਟ ਨੂੰ ਉਤਸ਼ਾਹਿਤ ਕਰਦਾ ਹੈ।...ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਡਾਈਸੈਂਟ ਨਾਰੀ ਸਰੋਕਾਰਾਂ ਨੂੰ ਨਵਾਂ ਵਿਸਤਾਰ ਦਿੰਦੀ ਹੈ।....ਨਾਰੀ ਦਾ ਲਿਪਟਿਆ, ਸਿਮਟਿਆ, ਡਰਿਆ, ਦਹਿਲਿਆ ਸਰੂਪ ਇਸ ਕਹਾਣੀ ਦੇ ਫੋਕਸ ਵਿੱਚ ਨਹੀਂ। ਸਮਕਾਲੀ ਬਿਰਤਾਂਤ ਨਾਰੀ ਦੇ ਵਿਗੋਚਿਆਂ, ਸਿਦਕਾਂ, ਹਾੜਿਆਂ, ਤਰਲਿਆਂ, ਤਰਸਭਾਵੀ ਜਾਂ ਤ੍ਰਾਸਦਿਕ ਸਥਿਤੀਆਂ ਦਾ ਬਿਰਤਾਂਤ ਵੀ ਨਹੀਂ। ਨਾਰੀ ਦੇ ਨਾਰੀ ਹੋਣ ਨੂੰ ਇਕ ਸਰਾਪ, ਇਕ ਹੋਣੀ, ਇਕ ਸੀਮਾ, ਇਕ ਗਾਲ ਬਣਿਆ ਦਰਸਾਉਂਦੀਆਂ ਕਹਾਣੀਆਂ ਵੀ ਅੱਜ ਨਾਰੀ ਦੇ ਸੰਤਾਪ ਨੂੰ ਉਸਦੀ ਖਾਮੋਸ਼ੀ, ਬੇਬਸੀ, ਲਾਚਾਰੀ ਜਾਂ ਸਬਰ ਵਿਚ ਦਫਨ ਹੁੰਦਾ ਵਿਖਾਉਣ ਦੀ ਥਾਂ ਨਾਰੀ ਦੇ ਰੋਹ/ਆਕ੍ਰੋਸ਼ ਦੇ ਖੌਲਦੇ/ਖੌਰੂ ਪਾਉਂਦੇ ਪ੍ਰਵਚਨ ਸਿਰਜਦੀਆਂ ਹਨ।[7]

ਸਮਕਾਲ ਵਿੱਚ ਨਾਰੀ ਰਚਿਤ ਪਰਵਾਸੀ ਲੇਖਨ ਦੀ ਭੂਮਿਕਾ ਮਹੱਤਵਪੂਰਨ ਹੀ ਨਹੀਂ ਸਗੋਂ ਗੌਲਣਯੋਗ ਹੈ। ਕਥਾਕਾਰ ਦੀ ਦ੍ਰਿਸ਼ਟੀ ਅਤੇ ਕੇਂਦਰਿਤ ਮੁੱਦਿਆ ਨੂੰ ਕਿਸੇ ਵੀ ਸਮਾਜ ਦੀ ਸਮੂਹਿਕ ਚੇਤਨਾ ਪ੍ਰਭਾਵਤ ਕਰਦੀ ਹੈ। ਇਸੇ ਚੇਤਨਾ ਦੇ ਪ੍ਰਭਾਵ ਸਦਕਾ ਪਰਵਾਸੀ ਨਾਰੀ ਕਹਾਣੀਕਾਰਾਂ ਨੇ ਪੱਛਮੀ ਜੀਵਨ ਜਾਚ ਨਾਲ ਸਬੰਧਤ ਨਵੀਂ ਪੀੜ੍ਹੀ ਦੇ ਮਸਲਿਆਂ ਨੂੰ ਬਹੁਕੋਣਾਂ ਤੋਂ ਫੋਕਸ ਕੀਤਾ ਹੈ। ਵੀਨਾ ਵਰਮਾ(ਬਰਤਾਨੀਆ), ਪਰਵੇਜ਼ ਸੰਧੂ(ਅਮਰੀਕਾ) ਅਤੇ ਬਲਬੀਰ ਕੌਰ ਸੰਘੇੜਾ(ਕੈਨੇਡਾ) ਨੇ ਆਪਣੇ ਕਥਾ ਸੰਸਾਰ ਵਿੱਚ ਨਵੇਂ ਪਰਿਵੇਸ਼ ਵਿੱਚ ਨਵੇਂ ਸਾਹਸ ਤੇ ਸਮਰੱਥਾ ਨਾਲ ਲਬਰੇਜ਼ ਨਾਰੀ ਦੀਆਂ ਲੋੜਾਂ ਅਤੇ ਸਰੋਕਾਰਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। 'ਵੀਨਾ ਵਰਮਾ' ਦੇ ਹੁਣ ਤੱਕ ਕਹਾਣੀ ਸੰਗ੍ਰਹਿ 'ਮੁੱਲ ਦੀ ਤੀਵੀਂ', 'ਫ਼ਰੰਗੀਆਂ ਦੀ ਨੂੰਹ', 'ਜੋਗੀਆਂ ਦੀ ਧੀ' ਅਤੇ 'ਇੱਕ ਕੁੜੀ ਇਕੱਲੀ' ਪ੍ਰਕਾਸ਼ਿਤ ਹੋਏ ਹਨ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਨਾਰੀ ਦੀਆਂ ਦਮਿਤ ਤੇ ਬੇਬੋਲ ਅਕਾਂਖਿਆਵਾਂ ਨੂੰ ਰੂਪਮਾਨ ਕੀਤਾ ਹੈ। ਉਹ ਨਾਰੀ ਦੇਹ ਦੇ ਅਦ੍ਰਿਸ਼ਟ ਤੇ ਅਣਕਹੇ ਮਸਲਿਆਂ ਨੂੰ ਬਾਖ਼ੂਬੀ ਚਿਤਰਦੀ ਹੈ। 'ਪਰਵੇਜ਼ ਸੰਧੂ' ਦੇ ਕਹਾਣੀ ਸੰਗ੍ਰਹਿ 'ਮੁੱਠੀ ਭਰ ਸੁਪਨੇ', 'ਟਾਹਣੀਉਂ ਟੁੱਟੇ', 'ਕੋਡ ਬਲੂ', 'ਬਲੌਰੀ ਅੱਖ ਵਾਲਾ ਮੁੰਡਾ' ਛਪ ਚੁੱਕੇ ਹਨ, ਜਿਹਨਾਂ ਦੀ ਅਮਰੀਕੀ ਪੰਜਾਬੀ ਕਹਾਣੀ ਵਿੱਚ ਵਿਸ਼ੇਸ਼ ਤੇ ਵਰਨਣਯੋਗ ਭੂਮਿਕਾ ਹੈ। ਉਹ ਆਪਣੀ ਕਹਾਣੀ ਰਚਨਾ ਵਿੱਚ ਚੁਣੇ ਵਿਸ਼ਿਆਂ ਨੂੰ ਪੁਖ਼ਤਗੀ ਸਹਿਤ ਸਿਰਜਦੀ ਹੈ। 'ਬਲਬੀਰ ਕੌਰ ਸੰਘੇੜਾ' ਦੇ ਹੁਣ ਤੱਕ ਕਹਾਣੀ ਸੰਗ੍ਰਹਿ 'ਖੰਭੇ', 'ਆਪਣੇ ਹੀ ਓਹਲੇ', 'ਠੰਡੀ ਹਵਾ', 'ਖੰਡਰ' ਪ੍ਰਕਾਸ਼ਿਤ ਹੋ ਚੁੱਕੇ ਹਨ। ਪਰਵਾਸੀ ਜੀਵਨ ਦੇ ਟਕਰਾਵਾਂ, ਸੰਕਟਾਂ ਅਤੇ ਦੁਖਾਂਤਕ ਵੇਦਨਾਵਾਂ ਦੀ ਪੇਸ਼ਕਾਰੀ ਕਰਨਾ ਉਸਦੀਆਂ ਕਹਾਣੀਆਂ ਦਾ ਹਾਸਿਲ ਹੈ। ਇਹਨਾਂ ਲੇਖਿਕਾਵਾਂ ਦੀਆਂ ਮੁੱਢਲੀਆਂ ਕਹਾਣੀਆਂ ਦੇ ਵਿਸ਼ੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪਰਵਾਸ ਵਿੱਚ ਵੀ ਪਿਤਰਕੀ ਦੀਆਂ ਡੂੰਘੀਆਂ ਸਾਜਿਸ਼ਾਂ ਨੇ ਪੰਜਾਬੀ ਨਾਰੀ ਦੀ ਹੋਣੀ ਨੂੰ ਬਦਤਰ ਹੀ ਬਣਾ ਕੇ ਰੱਖਿਆ ਹੈ। ਇਹਨਾਂ ਕਹਾਣੀਆਂ ਦੀ ਕਥਾ ਨਾਇਕਾਵਾਂ ਅਜਿਹੇ ਅਨਪੜ੍ਹਾਂ/ਨਸ਼ੇੜੀਆਂ ਨਾਲ ਵਿਆਹੀਆਂ ਹੋਈਆਂ ਸਨ, ਜਿਹੜੇ ਘਰਾਂ ਵਿੱਚ ਉਹਨਾਂ ਦੀ ਕੁੱਟਮਾਰ ਕਰਨ ਵਿੱਚ ਵੀ ਗੁਰੇਜ਼ ਨਹੀਂ ਕਰਦੇ ਸਨ। ਪਰ ਇਹਨਾਂ ਉਤਰ-ਆਧੁਨਿਕ

ਸਮਾਜਾਂ ਵਿੱਚ ਨਾਰੀ ਨੂੰ ਅਜਿਹੇ ਕਾਨੂੰਨੀ ਹੱਕ ਮਿਲਦੇ ਹਨ ਜੋ ਉਸਦੇ ਮਾਨਵੀ ਦਰਜੇ ਦੀ ਬਹਾਲੀ ਕਰਵਾਉਣ ਵਿੱਚ ਸਹਾਈ ਹੁੰਦੇ ਹਨ। ਇਸ ਲਈ ਪੰਜਾਬੀਆਂ ਦੀ ਉੱਥੇ ਜੰਮੀ ਪਲੀ ਪੀੜ੍ਹੀ ਪਿਤਰਕੀ ਦੇ ਅਮਾਨਵੀ ਦਬਾਵਾਂ ਪ੍ਰਤੀ ਆਪਣੀ ਵਿਦਰੋਹੀ ਸੁਰ ਉਜਾਗਰ ਕਰਦੀ ਹੋਈ ਨਵੇਂ ਮੁਹਾਵਰੇ ਨੂੰ ਸਿਰਜ ਰਹੀ ਹੈ।

ਬਰਤਾਨੀਆ, ਅਮਰੀਕਾ ਤੇ ਕੈਨੇਡਾ ਦੀਆਂ ਲੇਖਿਕਾਵਾਂ ਨੇ ਆਪਣੀਆਂ ਕਹਾਣੀਆਂ 'ਅੱਧੀ ਬੋਤਲ'(ਵੀਨਾ ਵਰਮਾ), 'ਸਿਰਫ਼ ਇੱਕ ਵਾਰ'(ਪਰਵੇਜ਼ ਸੰਧੂ ) ਅਤੇ 'ਚੱਪਾ ਕੁ ਸੂਰਜ'(ਬਲਬੀਰ ਕੌਰ ਸੰਘੇੜਾ) ਵਿੱਚ ਅਜਿਹੇ ਸਰੋਕਾਰਾਂ ਅਤੇ ਵਰਤਾਰਿਆਂ ਨੂੰ ਪੇਸ਼ ਕੀਤਾ ਗਿਆ ਹੈ, ਜਿਹੜੇ ਸੱਭਿਆਚਾਰਕ ਅਤੇ ਅੰਤਰ-ਸੱਭਿਆਚਾਰਕ ਦ੍ਰਿਸ਼ਟੀ ਬਿੰਦੂ ਤੋਂ ਨਵੇਂ ਝਰੋਖੇ ਖੋਲ੍ਹ ਰਹੇ ਹਨ। ਇਹਨਾਂ ਕਹਾਣੀਆਂ ਵਿੱਚ ਅਜਿਹੀ ਨਾਰੀ ਦੀ ਪੇਸ਼ਕਾਰੀ ਮੌਜੂਦ ਹੈ ਜੋ ਆਪਣੀ ਨਵੀਂ ਪਛਾਣ ਤੇ ਨਵੀਂ ਭੂਮਿਕਾ ਦੀ ਲਖਾਇਕ ਬਣ ਕੇ ਦ੍ਰਿਸ਼ਟੀਮਾਨ ਹੋ ਰਹੀ ਹੈ। ਪਰਵੇਜ਼ ਸੰਧੂ ਰਚਿਤ ਕਹਾਣੀ 'ਸਿਰਫ਼ ਇੱਕ ਵਾਰ' ਅਜਿਹੀਆਂ ਦੋ ਪੀੜ੍ਹੀਆਂ ਦੀ ਪ੍ਰਤੀਨਿਧਤਾ ਕਰਦੀ ਹੈ ਜਿਸ ਵਿੱਚ 'ਗੁਰਮੀਤ' ਨਾਂ ਦੀ ਪਾਤਰ ਅਜਿਹੀ ਭਾਰਤੀ ਔਰਤ ਹੈ ਜੋ ਵਿਆਹ ਰਾਹੀਂ ਪਰਵਾਸ ਧਾਰਨ ਕਰਦੀ ਹੈ ਪਰ 'ਸ਼ੈਲੀ' ਨਾਂ ਦੀ ਪਾਤਰ ਉਸ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀ ਹੈ ਜੋ ਬਾਹਰਲੇ ਮੁਲਕ ਵਿੱਚ ਵਸਦੇ ਪੰਜਾਬੀ ਪਰਿਵਾਰ ਦੀ ਜੰਮਪਲ ਹੈ। ਪਰਵਾਸ ਵਿੱਚ ਵਿਚਰਦਿਆਂ ਗੁਰਮੀਤ ਦੇ ਦੁੱਖਾਂ, ਦਰਦਾਂ ਤੇ ਹੋਣੀ ਦਾ ਕਾਰਨ ਘਰ ਦਾ ਅੰਦਰੂਨੀ ਮਾਹੌਲ ਹੈ। ਕਹਾਣੀ ਦੇ ਵੇਰਵਿਆਂ ਅਨੁਸਾਰ ਗੁਰਮੀਤ ਦਾ ਪਤੀ 'ਜੱਗੀ' ਅਜਿਹਾ ਪੰਜਾਬੀ ਬੰਦਾ ਹੈ ਜੋ ਬਾਹਰਲੇ ਮੁਲਕ ਵਿੱਚ ਵੀ ਆਪਣੀ ਉਤਮਤਾ/ਪ੍ਰਮੁੱਖਤਾ ਨੂੰ ਬਰਕਰਾਰ ਰੱਖਦਾ ਹੋਇਆ, ਆਪਣੀ ਪਤਨੀ ਦੀ ਮਾਨਵੀ ਹੋਂਦ ਤੋਂ ਇਨਕਾਰੀ ਹੁੰਦਾ ਹੋਇਆ ਆਪ ਸਾਰੀਆਂ ਖੁੱਲ੍ਹਾਂ ਮਾਣਦਾ ਹੈ ਅਤੇ 'ਈਵਾਨਾ' ਨਾਂ ਦੀ ਗੋਰੀ ਨਾਲ ਵਿਆਹ ਬਾਹਰੇ ਸਬੰਧ ਸਥਾਪਤ ਕਰਦਾ ਹੈ। ਉਸਦੀ ਪਤਨੀ ਗੁਰਮੀਤ ਨੂੰ ਆਪਣੇ ਪਤੀ ਦੇ ਈਵਾਨਾ ਨਾਲ ਸੰਬੰਧਾਂ ਦੀ ਜਾਣਕਾਰੀ ਵੀ ਹੈ ਪਰ ਘਰ ਜੋੜਨ ਦੀ ਬਿਰਤੀ ਕਾਰਨ ਉਹ ਜੱਗੀ ਪ੍ਰਤੀ ਵਿਦਰੋਹੀ ਸੁਰ ਅਖ਼ਤਿਆਰ ਨਹੀਂ ਕਰਦੀ ਕਿਉਂਕਿ ਉਸਦੀ ਮਾਨਸਿਕਤਾ ਵਿੱਚ ਘਰ, ਵਿਆਹ ਤੇ ਔਲਾਦ ਕਾਰਨ ਪਰਿਵਾਰ ਤੇ ਪਰਿਵਾਰਕ ਇੱਜਤ ਵਧੇਰੇ ਮਹੱਤਵਪੂਰਣ ਹੈ।

ਜੱਗੀ ਆਪਣੇ ਆਪ ਨੂੰ ਪੱਛਮੀ ਖੁੱਲ੍ਹਾਂ ਮਾਨਣ ਦਾ ਹੱਕਦਾਰ ਸਮਝਦਾ ਹੈ ਪਰ ਆਪਣੀ ਧੀ ਸ਼ੈਲੀ ਦੇ 'ਬਾਹਰਲੇ ਮੁਲਕ' ਦੇ ਪਹਿਨੇ ਪਹਿਰਾਵੇ ਨੂੰ ਉਹ ਪਰਿਵਾਰਕ ਕਦਰਾਂ ਕੀਮਤਾਂ ਦਾ ਵਿਰੋਧੀ ਮੰਨਦਾ ਹੈ। ਪਿਤਰਕੀ ਸੋਚ ਦਾ ਗੁੰਨਿਆ ਹੋਇਆ ਜੱਗੀ ਆਪਣੀ ਧੀ 'ਤੇ ਪੰਜਾਬੀ ਸਮਾਜ/ਸੱਭਿਆਚਾਰ ਦੇ ਸਾਰੇ ਬੰਧਨ ਲਾਉਣ ਲਈ ਹੀ ਨਹੀਂ ਲੋਚਦਾ ਸਗੋਂ ਉਸ ਤੋਂ ਆਪਣੀ ਪਤਨੀ ਵਰਗੇ ਸਾਊ ਵਿਵਹਾਰ ਦੀ ਤਵੱਕੋ ਵੀ ਕਰਦਾ ਹੈ ਪਰ ਜੱਗੀ ਦੀ ਧੀ 'ਸ਼ੈਲੀ' ਇਹਨਾਂ ਬੰਧਨਾਂ ਨੂੰ ਮੰਨਣ ਤੋਂ ਇਨਕਾਰੀ ਹੁੰਦੀ ਹੋਈ ਆਪਣਾ ਜੀਵਨ ਜਿਊਣ ਦੇ ਨਵੇਂ ਪ੍ਰਤਿਮਾਨ ਸਿਰਜਦੀ ਹੋਈ ਆਪਣੀ ਮਾਂ ਨੂੰ ਕਹਿੰਦੀ ਹੈ:

ਮਾਮ ਇਹਨੇ ਮੈਨੂੰ ਕੀ ਸਮਝਾਉਣਾ... ਜਿਹੜਾ ਆਪ ਗੋਰੀਆਂ ਪਿੱਛੇ ਤੁਰਿਆ ਫਿਰਦਾ...ਮੇਰੀਆਂ ਨੰਗੀਆਂ ਲੱਤਾਂ ਇਹਨੂੰ ਬੁਰੀਆਂ ਲੱਗਦੀਆਂ....ਪਰ ਜਿਹੜੀ ਗੋਰੀ ਕੋਲ ਆਪ ਜਾਂਦਾ...ਬਾਹਰ ਪੁੱਠੇ ਕੰਮ ਕਰਦਾ...।... ਐਂਡ ਯੂ ਮਾਮ... . ਆਈ ਡੋਂਟ ਨੋ ਵਾਏ ਆਰ ਯੂ ਵਿਦ ਹਿਮ...ਛੱਡ ਦੇ ਇਹਨੂੰ ਮਾਮ....ਇਹਨੇ ਤੈਨੂੰ ਕਿਸੇ ਦਿਨ ਏਡਜ਼ ਦੇ ਦੇਣੀ ਆ...। ਲੀਵ ਹਿਮ... ।[8]

ਸ਼ੈਲੀ ਇਹਨਾਂ ਰੱਚੜ ਤੇ ਵਕਤ ਵਿਹਾ ਚੁੱਕੀਆਂ ਪਰੰਪਰਕ ਭਾਰਤੀ ਕਦਰਾਂ ਕੀਮਤਾਂ ਨੂੰ ਆਪ ਹੀ ਨਹੀਂ ਤਿਆਗਦੀ ਸਗੋਂ ਆਪਣੀ ਮਾਂ ਨੂੰ ਵੀ ਇਸ ਤੋਂ ਨਿਜ਼ਾਤ ਦਿਵਾਉਣਾ ਚਾਹੁੰਦੀ ਹੈ। 'ਬਲਬੀਰ ਕੌਰ ਸੰਘੇੜਾ' ਦੀ ਕਹਾਣੀ 'ਚੱਪਾ ਕੁ ਸੂਰਜ' ਦਾ ਪਾਤਰ ਵੀ ਘਰ/ਪਰਿਵਾਰ ਵਿੱਚ ਆਪਣੀ ਮਾਂ ਦੀ ਦੁਜੈਲੀ ਸਥਿਤੀ 'ਤੇ ਕਿੰਤੂ ਕਰਦੇ ਹੋਏ ਆਪਣੀ ਜ਼ਿੰਦਗੀ ਜਿਊਣ ਦੇ ਫੈਸਲੇ ਨੂੰ ਇਹਨਾਂ ਸ਼ਬਦਾਂ ਵਿੱਚ ਵਿਅਕਤ ਕਰਦਾ ਹੈ:

ਬਰਾਬਰੀ ਦੋ ਪਾਰਟਨਰ ਦੀ ਹੁੰਦੀ ਐ। ਨੌਟ ਲਾਈਕ ਯੂ ਐਂਡ ਪਾਪਾ। ਆਈ ਡੌਂਟ ਵਾਂਟ ਟੂ ਡਰੈਗ ਮਾਈ ਲਾਈਫ।....ਆਈ ਵਾਂਟ ਏ ਕੰਪਨੀਅਨ ਨਾਟ ਖਾਨਦਾਨੀ। ਆਈ ਐਮ ਨਾਟ ਮੈਰਿੰਗ ਏ ਖਾਨਦਾਨੀ।.....ਤਹਾਨੂੰ ਸੋਚ ਬਦਲਣੀ ਪਵੇਗੀ।......ਇਹ ਇੰਡੀਆ ਨ੍ਹੀ ਹੈ। ਹੁਣ ਇੱਕੀਵੀਂ ਸਦੀ ਹੈ।[9]

'ਵੀਨਾ ਵਰਮਾ' ਦੀ ਕਹਾਣੀ 'ਅੱਧੀ ਬੋਤਲ' ਦੀ ਪਾਤਰ 'ਸਵੀਟੀ' ਜੋ ਕਿ ਬਾਹਰਲੇ ਮੁਲਕ ਦੀ ਜੰਮਪਲ ਪੰਜਾਬੀ ਪਰਿਵਾਰ ਦੀ ਧੀ ਹੈ, ਉਹ ਵੀ ਆਪਣੀ ਮਾਂ ਨੂੰ ਆਪਣੇ ਬਾਪ ਦੀਆਂ ਵਧੀਕੀਆਂ ਸਹਿਣ ਤੋਂ ਵਰਜਦੀ ਹੈ। ਮਾਂ ਜੋ ਪੰਜਾਬੀ ਸੰਸਕਾਰਾਂ ਨੂੰ ਪ੍ਰਣਾਈ ਹੋਈ ਹੈ, ਬੇਵਜਾਹ ਆਪਣੇ ਪਤੀ ਦੀਆਂ ਵਧੀਕੀਆਂ ਦਾ ਸ਼ਿਕਾਰ ਹੁੰਦੀ ਹੈ। ਅਸਲ ਵਿੱਚ ਕਹਾਣੀਕਾਰਾ ਮਾਂ ਦੇ ਪਾਤਰ ਰਾਹੀਂ ਘਰ/ਪਰਿਵਾਰ ਵਿੱਚ ਪੰਜਾਬੀ ਔਰਤ ਦੀ ਲਾਚਾਰੀ ਤੇ ਵਿਡੰਬਿਤ ਪਰਿਸਥਿਤੀਆਂ ਤੇ ਫੋਕਸ ਕਰਦੀ ਹੈ। ਸਵੀਟੀ ਦੇ ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਨ ਸਮੇਂ ਬਾਹਰਲੇ ਮੁਲਕ ਵਿੱਚ ਰੰਗੇ ਜਾਣ ਤੋਂ ਉਸਦੀ ਮਾਂ ਉਸਨੂੰ ਰੋਕਦੀ ਹੀ ਨਹੀਂ ਸਗੋਂ ਪਿਓ ਦੇ ਗੁੱਸੇ ਦਾ ਡਰਾਵਾ ਵੀ ਦਿੰਦੀ ਹੈ ਪਰ ਧੀ ਨੂੰ ਪਿਤਰਕੀ ਵੱਲੋਂ ਪਰਿਭਾਸ਼ਤ ਨੈਤਿਕਤਾ ਵਿੱਚ ਬੰਨਣਾ ਉਨ੍ਹਾਂ ਸੁਖਾਲਾ ਨਹੀਂ ਜਿਸ ਤਰੀਕੇ ਮਰਦ ਪਰਵਾਸ ਵਿੱਚ ਵੀ ਆਪਣੀ ਪਤਨੀ ਲਈ ਮਾਪਦੰਡ ਨਿਰਧਾਰਿਤ ਕਰੀ ਰੱਖਦਾ ਹੈ। ਬਾਹਰਲੇ ਮੁਲਕ ਦੇ ਨਾਰੀ ਪੱਖੀ ਕਾਇਦੇ ਕਾਨੂੰਨਾਂ ਨੂੰ ਸਮਝਦੀ ਹੋਈ ਸਵੀਟੀ ਆਪਣੀ ਮਾਂ ਨੂੰ ਜਵਾਬ ਇਨ੍ਹਾਂ ਸ਼ਬਦਾਂ ਵਿੱਚ ਦਿੰਦੀ ਹੈ:

ਚੁੱਪ ਕਰੇ ਤੋਂ ਕੁਝ ਨਹੀਂ ਹੋਣਾ। ਆਈ ਐੱਮ ਨੌਟ ਲਾਈਕ ਯੂ ਹੂ ਵਿਲ ਟੈਕ ਹਿਜ਼ ਬੁਲਸਿੱਟ। ਬਲੱਡੀ ਡਰੰਕ। ਤੈਨੂੰ ਕੁੱਟਦਾ ਮਾਰਦਾ ਤੇ ਬਾਹਰ ਗੋਰੀਆਂ ਨਾਲ ਐਸ਼ ਕਰਦਾ। ਵਾਏ ਡੌਂਟ ਯੂ ਡਿਵੋਰਸ ਹਿਮ? ਹੀ ਇਜ ਨੋਟ ਵਰਥ ਐਨੀਥਿੰਗ। ਹੀ ਡਜ਼ ਨੌਟ ਗਿਵ ਯੂ ਐਨੀਥਿੰਗ।[10]

'ਸਵੀਟੀ' ਮਨਇੱਛਤ ਜ਼ਿੰਦਗੀ ਜਿਊਣ ਲਈ ਰਿਸ਼ਤਿਆਂ ਦੇ ਬੋਝ ਨੂੰ ਪਾਸੇ ਰੱਖ ਕੇ ਪਰਿਸਥਿਤੀਆਂ ਪ੍ਰਤੀ ਜੁਝਾਰੂ ਰੁਖ ਅਪਣਾਉਂਦੀ ਹੈ। 'ਸਵੀਟੀ' ਦੇ ਮਾਪੇ ਜਦੋਂ ਉਸਦਾ ਵਿਆਹ ਉਸਦੀ ਮਰਜ਼ੀ ਤੋਂ ਬਿਨਾਂ ਇੰਡੀਆ ਤੋਂ ਆਏ ਮੁੰਡੇ ਨਾਲ ਕਰਨ ਦੀ ਸਲਾਹ ਦਿੰਦੇ ਹਨ ਤਾਂ ਉਹ ਆਪਣੀ ਮਾਨਵੀ ਹਸਤੀ ਦੀ ਸ਼ਨਾਖਤ ਪ੍ਰਤੀ ਵਧੇਰੇ ਸੁਚੇਤ ਹੋਣ ਕਰਕੇ ਕੋਰਾ ਜਵਾਬ ਦਿੰਦੀ ਹੈ। ਇਹ ਕੋਰੀ ਨਾਂਹ ਸੁਣ ਕੇ ਉਸਦਾ ਪਿਤਾ ਜਦੋਂ ਗੁੱਸੇ ਵਿੱਚ ਗਰਜਦਾ ਹੈ ਤਾਂ ਉਹ ਕਹਿੰਦੀ ਹੈ:

ਡੌਂਟ ਸ਼ਾਊਟ ਐਟ ਮੀ ਡੈਡ। ਆਈ ਨੋ ਵੱਟ ਯੂ ਆਰ ਟ੍ਰਾਇੰਗ ਟੂ ਡੂ । ਬਟ ਆਈ ਵੌਂਟ ਲੈੱਟ ਯੂ ਟ੍ਰੀਟ ਮੀ ਲਾਇਕ ਮਾਈ ਮਦਰ। ਆਈ ਐਮ ਨੌਟ ਯੂਅਰ ਪਰਸਨਲ ਪ੍ਰਾਪਰਟੀ ਦੈਟ ਯੂ ਵਿਲ ਹੈਂਡਓਵਰ ਟੂ ਸਮਵਨ ਯੂ ਵਾਂਟ। ਆਈ ਐਮ ਏ ਹਿਊਮਨ ਬੀਇੰਗ ਐਂਡ ਵਾਂਟ ਟੂ ਵੀ ਟ੍ਰੀਟਡ ਲਾਈਕ ਵਨ।[11]

ਪੱਛਮੀ ਪਰਿਵੇਸ਼ ਵਿੱਚ ਜੰਮੀ ਪਲੀ ਨਵੀਂ ਪੀੜ੍ਹੀ, ਪੁਰਾਣੀ ਪੀੜ੍ਹੀ ਦੇ ਦੋਗਲੇਪਣ ਵਾਲੇ ਜੀਵਨ ਢੰਗ 'ਤੇ ਪ੍ਰਸ਼ਨ ਚਿੰਨ ਲਗਾਉਂਦੀ ਹੈ ਜਿਹੜੇ ਉਹਨਾਂ ਤੋਂ ਪਿਤਰਕੀ ਦੇ ਮਾਪਦੰਡਾਂ ਅਨੁਸਾਰ ਜ਼ਿੰਦਗੀ ਜਿਊਣ ਦੀ ਉਮੀਦ ਰੱਖਦੇ ਹਨ। ਨਵੀਂ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 47-55

ਪੀੜ੍ਹੀ ਦੀ ਮਨੋ-ਬਣਤਰ ਵਿੱਚ ਕਿਸੇ ਵੀ ਰਿਸ਼ਤੇ ਤੋਂ ਪਹਿਲਾਂ ਇੱਕ ਇਨਸਾਨ ਦੇ ਤੌਰ ਤੇ ਆਪਣੀ ਪਛਾਣ ਸਥਾਪਤ ਕਰਵਾਉਣ ਦੀ ਤਾਂਘ ਹੈ। ਇਹ ਪਛਾਣ ਸਿਰਫ਼ ਉਹ ਆਪਣੀ ਹੀ ਬਣਾਉਣਾ ਨਹੀਂ ਚਾਹੁੰਦੀ ਸਗੋਂ ਆਪਣੀ ਮਾਂ ਨੂੰ ਵੀ ਮਾਨਵੀ ਹੋਂਦ ਹਸਤੀ ਦੇ ਨਵੇਂ ਅਰਥ ਤੇ ਮੁੱਲ ਸਥਾਪਿਤ ਕਰਨ ਦੀ ਸਲਾਹ ਦਿੰਦੀ ਹੈ।

ਪੰਜਾਬੀ ਸਾਹਿਤ ਅਧਿਐਨ ਨੇ ਵਿਸ਼ਵ ਅਧਿਐਨ ਦੇ ਖੇਤਰ ਵਿੱਚ ਆ ਰਹੇ ਨਵੇਂ ਝੁਕਾਵਾਂ, ਪ੍ਰਵਿਰਤੀਆਂ ਤੇ ਵਿਧੀਆਂ ਨਾਲ ਸੰਵਾਦ ਰਚਾਇਆ ਹੈ। ਇਸ ਦੇ ਅੰਤਰਗਤ ਪਰਵਾਸੀ ਲੇਖਿਕਾਵਾਂ ਦੀਆਂ ਇਹ ਕਹਾਣੀਆਂ ਨਵੀਆਂ ਸਮੀਕਰਣਾਂ ਨੂੰ ਜਨਮ ਦਿੰਦੀਆਂ ਹੋਈਆਂ ਨਵੇਂ ਸਰੋਕਾਰਾਂ ਨੂੰ ਵਖਿਆਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਹਨਾਂ ਕਹਾਣੀਆਂ ਵਿੱਚ ਭਾਵੇਂ ਪਹਿਲੀ ਪੀੜ੍ਹੀ ਦੀਆਂ ਨਾਇਕਾਵਾਂ ਨਾਰੀ ਦੀ ਦੁਜੈਲੀ ਹੋਂਦ ਦੀ ਗਾਥਾ ਹਨ ਪਰ ਪੱਛਮੀ ਜੀਵਨ ਜਾਂਚ ਨਾਲ ਸਬੰਧਤ ਪਰਵਾਸੀ ਪੰਜਾਬੀ ਸਮਾਜ ਦੀਆਂ ਨਵੀਂ ਪੀੜ੍ਹੀ ਦੀਆਂ ਨਾਇਕਾਵਾਂ ਆਪਣੀ ਹੋਂਦ, ਹਸਤੀ, ਇੱਛਾ, ਦੇਹ ਤੇ ਨਿੱਜੀ ਆਜ਼ਾਦੀ ਲਈ ਨਵੀਂ ਸਪੇਸ ਘੜਦੀਆਂ ਹਨ। ਸੋ ਇਹ ਕਹਾਣੀਆਂ ਬਦਲਦੀਆਂ ਪਰਸਥਿਤੀਆਂ ਵਿੱਚ ਬਦਲਦੇ ਰਿਸ਼ਤਿਆਂ ਦੀ ਦਾਸਤਾਨ ਹਨ।

## ਹਵਾਲੇ ਤੇ ਟਿੱਪਣੀਆਂ

1. "One point about this perspective is that 'post' of postmodernism has the sense of simple succession, a diachronic sequences of periods in which each one is clearly identifiable. The 'post' indicates something like a conversion: a new direction from the previous one." Jean-Francois Lyotard, "Note on the meaning of 'post'"- *Postmodernism A Reader*, Thomas Dochery (ed. & int.), Routledge, USA, 2014(first edition, 1993), p. 47-48.
2. ਡਾ.ਜਗਬੀਰ ਸਿੰਘ, ਉੱਤਰ-ਸਰੰਚਨਾਵਾਦ ਅਤੇ ਉੱਤਰ-ਆਧੁਨਿਕਵਾਦ, ਪੰਨਾ-7 http://www.panjabialochana.com/assests/doc/8_Uttarsanrachanavad_Ate_UttarAdhunikvad.272103319.pdf ਦੇਖਣ ਦੀ ਮਿਤੀ ਮਈ 20, 2025.
3. ਉਤਰ ਆਧੁਨਿਕਤਾ ਤੇ ਉਤਰ ਆਧੁਨਿਕਤਾਵਾਦ ਦੇ ਸੰਕਲਪ ਅਤੇ ਖੇਤਰ ਬਾਰੇ ਵਿਸਥਾਰ ਵਿੱਚ ਸਮਝਣ ਲਈ ਡਾ. ਗੁਰਭਗਤ ਸਿੰਘ ਦੀ ਪੁਸਤਕ 'ਉਤਰਆਧੁਨਿਕਵਾਦ' ਦੇ ਲੇਖ 'ਉਤਰਆਧੁਨਿਕਵਾਦ: ਇੱਕ ਭੂਮਿਕਾ' ਅਤੇ 'ਉਤਰ ਆਧੁਨਿਕਤਾ' ਨੂੰ ਪੜ੍ਹਿਆ ਜਾ ਸਕਦਾ ਹੈ।
4. "Women's different lives and duties necessarily produce different content in their literary work, and that there are enough features in common to formulate a specific tradition. She points out that when we look at woman writers collectively, we can see an imaginative continuum, the recurrence of certain patterns, themes, problems, and images from generation to generation." quoted by Jill Le Bihan, "Feminism and

Literature", *The icon critical Dictionary of Feminism and post feminism*, Sarah Gamble (ed.), Icon books, U.K., 1999, p-131.

5. "Post-feminism replaces dualism with diversity, consensus with variety and thus establish(es) a dynamic and vigorous area of Intellectual debate, shaping the issues and intellectual climate that has characterised the move from modernity to post-modernity in the contemporary world." Ann Brooks, *Post-feminisms: Feminism, Cultural Theory and Cultural Forms,* Taylor & Francis e-library,2003(First edition,1997), p-210.
6. ਡਾ.ਧਨਵੰਤ ਕੌਰ, "ਪਰਵਾਸੀ ਪੰਜਾਬੀ ਕਹਾਣੀ ਵਿੱਚ ਨਾਰੀ ਲੇਖਿਕਾਵਾਂ ਦੀ ਭੂਮਿਕਾ", ਪਰਵਾਸ ਤੇ ਪਰਵਾਸੀ ਸਾਹਿਤ (ਸੰਪਾ. ਡਾ. ਹਰਚੰਦ ਸਿੰਘ ਬੇਦੀ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005, ਪੰਨਾ-124.
7. ਡਾ.ਧਨਵੰਤ ਕੌਰ, "ਸਮਕਾਲੀ ਪੰਜਾਬੀ ਕਹਾਣੀ ਦੇ ਨਾਰੀ ਸਰੋਕਾਰ: ਅੰਤਰਰਾਸ਼ਟਰੀ ਪਰਿਪੇਖ", ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਅੰਤਰਰਾਸ਼ਟਰੀ ਸਰੋਕਾਰ(ਸੰਪਾ.ਡਾ.ਰਜਿੰਦਰਪਾਲ ਸਿੰਘ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-78.
8. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-15.
9. ਬਲਬੀਰ ਕੌਰ ਸੰਘੇੜਾ, ਖੰਡਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ-84.
10. ਵੀਨਾ ਵਰਮਾ, ਜੋਗੀਆਂ ਦੀ ਧੀ, ਆਰਸੀ ਪਬਲਿਸ਼ਰਜ, ਦਿੱਲੀ, 2009, ਪੰਨਾ-249.
11. ਉਹੀ, ਪੰਨਾ-250.

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 56-65

# ਸੁਰਜੀਤ ਪਾਤਰ ਦੀ ਕਵਿਤਾ ਵਿਚ ਕੌਮੀਅਤ ਦਾ ਸੰਕਲਪ

**ਡਾ. ਦਵਿੰਦਰ ਸਿੰਘ**
**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**
**ਖਾਲਸਾ ਕਾਲਜ, ਪਟਿਆਲਾ।**

ਕੌਮੀਅਤ (Nationalism) ਇੱਕ ਵਿਚਾਰਧਾਰਕ ਸੰਕਲਪ ਹੈ, ਜੋ ਕਿਸੇ ਸਮੁਦਾਇ ਦੀ ਸਾਂਝੀ ਸਭਿਆਚਾਰਕ, ਭਾਸ਼ਾਈ, ਇਤਿਹਾਸਕ ਅਤੇ ਸਮਾਜਿਕ ਪਛਾਣ ਨੂੰ ਉਜਾਗਰ ਕਰਦਾ ਹੈ। ਵਿਸ਼ਵਵਿਆਪੀ ਚਿੰਤਕਾਂ ਨੇ ਕੌਮੀਅਤ ਨੂੰ ਵੱਖ-ਵੱਖ ਨਜ਼ਰੀਏ ਤੋਂ ਪਰਿਭਾਸ਼ਿਤ ਕੀਤਾ ਹੈ, ਜਿਨ੍ਹਾਂ ਦਾ ਵੇਰਵਾ ਕੌਮੀਅਤ ਦੇ ਸਰੂਪ ਤੇ ਸੰਕਲਪ ਨੂੰ ਜਾਨਣ ਹਿੱਤ ਇਥੇ ਚਰਚਾ ਵਿਚ ਲਿਆ ਰਹੇ ਹਾਂ:

**ਕੌਮੀਅਤ ਦਾ ਸੰਕਲਪ: ਵਿਸ਼ਵਵਿਆਪੀ ਚਿੰਤਨ ਦੇ ਸੰਦਰਭ ਵਿੱਚ**

1. ਅਰਨਸਟ ਗੈਲਨਰ (Ernest Gellner) "ਕੌਮੀਅਤ ਇੱਕ ਸਿਆਸੀ ਸਿਧਾਂਤ ਹੈ, ਜੋ ਇਹ ਮੰਨਦਾ ਹੈ ਕਿ ਸਿਆਸੀ ਅਤੇ ਕੌਮੀ ਇਕਾਈ ਇਕਸੁਰ ਹੋਣੀ ਚਾਹੀਦੀ ਹੈ।"[1] ਗੈਲਨਰ ਦੇ ਅਨੁਸਾਰ, ਕੌਮੀਅਤ ਆਧੁਨਿਕ ਸਮਾਜਾਂ ਵਿੱਚ ਉਦਯੋਗੀਕਰਨ ਅਤੇ ਮਿਆਰੀ ਸਿੱਖਿਆ ਦੁਆਰਾ ਸੱਭਿਆਚਾਰਕ ਇਕਸੁਰਤਾ ਦੀ ਲੋੜ ਨੂੰ ਦਰਸਾਉਂਦੀ ਹੈ।

2. ਬੈਨੇਡਿਕਟ ਐਂਡਰਸਨ (Benedict Anderson) "ਕੌਮੀਅਤ ਇੱਕ ਕਲਪਿਤ ਸਮੁਦਾਏ ਦੀ ਸਿਰਜਣਾ ਹੈ, ਜੋ ਲੋਕਾਂ ਨੂੰ ਸਾਂਝੀ ਪਛਾਣ ਅਤੇ ਸਮੂਹਿਕ ਸੱਭਿਆਚਾਰਕ ਕਹਾਣੀਆਂ ਰਾਹੀਂ ਜੋੜਦੀ ਹੈ, ਭਾਵੇਂ ਉਹ ਇਕ-ਦੂਜੇ ਨੂੰ ਨਿੱਜੀ ਤੌਰ 'ਤੇ ਨਾ ਜਾਣਦੇ ਹੋਣ।"[2] ਐਂਡਰਸਨ ਨੇ ਕੌਮੀਅਤ ਨੂੰ ਪ੍ਰਿੰਟ ਮੀਡੀਆ (ਜਿਵੇਂ ਅਖਬਾਰਾਂ) ਅਤੇ ਸਾਂਝੀ ਕਲਪਨਾ ਦੁਆਰਾ ਉਭਾਰਿਆ ਗਿਆ ਸਮੁਦਾਏ ਮੰਨਿਆ ਹੈ।

3. ਐਂਥਨੀ ਡੀ. ਸਮਿਥ (Anthony D. Smith) "ਕੌਮੀਅਤ ਇੱਕ ਵਿਚਾਰਧਾਰਾ ਅਤੇ ਸਮਾਜਿਕ ਲਹਿਰ ਹੈ, ਜੋ ਜਾਤੀਆਂ ਦੇ ਸਵੈ-ਨਿਰਣੇ, ਸੱਭਿਆਚਾਰਕ ਪਛਾਣ ਅਤੇ ਸਾਂਝੇ ਇਤਿਹਾਸ, ਮਿਥਿਹਾਸ ਨੂੰ ਉਤਸ਼ਾਹਿਤ ਕਰਦੀ ਹੈ।"[3] ਸਮਿਥ ਦੇ ਅਨੁਸਾਰ, ਕੌਮੀਅਤ ਪੁਰਾਣੇ ਜਾਤੀ ਸਮੂਹਾਂ (ਐਥਨੀਜ਼) ਦੀਆਂ ਸੱਭਿਆਚਾਰਕ ਅਤੇ ਇਤਿਹਾਸਕ ਜੜ੍ਹਾਂ 'ਤੇ ਨਿਰਭਰ ਕਰਦੀ ਹੈ।

4. ਇਰਿਕ ਹੌਬਸਬੌਮ (Eric Hobsbawm) "ਕੌਮੀਅਤ ਇੱਕ ਸਮਾਜਿਕ ਰਚਨਾ ਹੈ, ਜੋ ਅਕਸਰ 'ਰਵਾਇਤਾਂ ਦੀ ਖੋਜ' (invention of tradition) ਰਾਹੀਂ ਸਥਾਪਤ ਕੀਤੀ ਜਾਂਦੀ ਹੈ, ਜਿਸ ਵਿੱਚ ਸਿਆਸੀ ਅਤੇ ਸੱਭਿਆਚਾਰਕ ਢਾਂਚੇ ਲੋਕਾਂ ਨੂੰ ਇੱਕ ਸਾਂਝੀ ਪਛਾਣ ਵੱਲ ਲੈ ਜਾਂਦੇ ਹਨ।"[4] ਹੌਬਸਬੌਮ ਦੇ ਅਨੁਸਾਰ, ਕੌਮੀਅਤ ਅਕਸਰ ਰਵਾਇਤਾਂ ਅਤੇ ਇਤਿਹਾਸ ਦੀ ਸਿਆਸੀ ਉਦੇਸ਼ਾਂ ਲਈ ਮੁੜ-ਰਚਨਾ ਕਰਦੀ ਹੈ।

5. ਜੌਨ ਬ੍ਰੀਲੀ (John Breuilly) "ਕੌਮੀਅਤ ਇੱਕ ਸਿਆਸੀ ਲਹਿਰ ਹੈ, ਜੋ ਰਾਜ ਦੀ ਸ਼ਕਤੀ ਨੂੰ ਹਾਸਲ ਕਰਨ ਜਾਂ ਵਰਤਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਜੋ ਕੌਮ ਦੀ ਸਵੈ-ਸ਼ਾਸਨ ਅਤੇ ਸੁਤੰਤਰਤਾ ਨੂੰ ਪ੍ਰਾਪਤ ਕੀਤਾ ਜਾ ਸਕੇ।"[5] ਬ੍ਰੀਲੀ ਨੇ ਕੌਮੀਅਤ ਨੂੰ ਮੁੱਖ ਤੌਰ 'ਤੇ ਸਿਆਸੀ ਸੰਘਰਸ਼ ਅਤੇ ਸੱਤਾ ਦੀ ਪ੍ਰਾਪਤੀ ਨਾਲ ਜੋੜਿਆ।

ਉਪਰੋਕਤ ਪਰਿਭਾਸ਼ਾਵਾਂ ਵਿੱਚ ਵਿਦਵਾਨਾਂ ਨੇ ਕੌਮੀਅਤ ਨੂੰ ਵੱਖ-ਵੱਖ ਪਹਿਲੂਆਂ ਤੋਂ ਵੇਖਿਆ ਹੈ: ਗੈਲਨਰ ਅਤੇ ਬ੍ਰੀਲੀ ਨੇ ਸਿਆਸੀ ਅਤੇ ਆਧੁਨਿਕ ਪਹਿਲੂਆਂ 'ਤੇ ਜ਼ੋਰ ਦਿੱਤਾ, ਐਂਡਰਸਨ ਅਤੇ ਸਮਿਥ ਨੇ ਸੱਭਿਆਚਾਰਕ ਅਤੇ ਇਤਿਹਾਸਕ ਜੜ੍ਹਾਂ ਨੂੰ ਮਹੱਤਵ ਦਿੱਤਾ, ਜਦਕਿ ਹੌਬਸਬੌਮ ਨੇ ਕੌਮੀਅਤ ਨੂੰ ਰਵਾਇਤਾਂ ਦੀ ਮੁੜ-ਰਚਨਾ ਵਜੋਂ ਦੇਖਿਆ। ਇਹ ਸਾਰੀਆਂ ਪਰਿਭਾਸ਼ਾਵਾਂ ਕੌਮੀਅਤ ਦੀ ਬਹੁਪੱਖੀ ਪ੍ਰਕਿਰਤੀ ਨੂੰ ਦਰਸਾਉਂਦੀਆਂ ਹਨ, ਜੋ ਸਿਆਸੀ, ਸੱਭਿਆਚਾਰਕ ਅਤੇ ਇਤਿਹਾਸਕ ਕਾਰਕਾਂ ਦਾ ਸੁਮੇਲ ਹੈ।

**ਕੌਮੀਅਤ: ਪਛਾਣ, ਏਕਤਾ ਅਤੇ ਵਿਕਾਸ ਦਾ ਸੰਕਲਪ**

ਕੌਮੀਅਤ ਇੱਕ ਡੂੰਘੀ ਅਤੇ ਬਹੁਪੱਖੀ ਭਾਵਨਾ ਹੈ, ਜੋ ਕਿਸੇ ਕੌਮ ਜਾਂ ਰਾਸ਼ਟਰ ਨਾਲ ਜੁੜੀ ਸਮੂਹਿਕ ਪਛਾਣ ਨੂੰ ਪ੍ਰਗਟ ਕਰਦੀ ਹੈ। ਇਹ ਸਿਰਫ਼ ਸਿਆਸੀ ਸਰਹੱਦਾਂ ਜਾਂ ਸਰਕਾਰੀ ਢਾਂਚਿਆਂ ਤੱਕ ਸੀਮਤ ਨਹੀਂ, ਸਗੋਂ ਲੋਕਾਂ ਦੇ ਸਾਂਝੇ ਸੱਭਿਆਚਾਰ, ਭਾਸ਼ਾ, ਇਤਿਹਾਸ, ਪਰੰਪਰਾਵਾਂ, ਅਤੇ ਮੁੱਲਾਂ ਦੀ ਸਮੂਹਿਕ ਚੇਤਨਾ ਨੂੰ ਦਰਸਾਉਂਦੀ ਹੈ। ਕੌਮੀਅਤ ਲੋਕਾਂ ਵਿੱਚ ਏਕਤਾ, ਮਾਣ, ਅਤੇ ਵਫ਼ਾਦਾਰੀ ਦੀ ਭਾਵਨਾ ਜਗਾਉਂਦੀ ਹੈ, ਜੋ ਉਹਨਾਂ ਨੂੰ ਆਪਣੇ ਰਾਸ਼ਟਰ ਨਾਲ ਜੋੜਦੀ ਹੈ। ਇਹ ਸੰਕਲਪ ਇਤਿਹਾਸਕ ਘਟਨਾਵਾਂ, ਸੁਤੰਤਰਤਾ ਸੰਘਰਸ਼ਾਂ, ਅਤੇ ਸੱਭਿਆਚਾਰਕ ਵਿਰਸੇ ਦੁਆਰਾ ਆਕਾਰ ਲੈਂਦਾ ਹੈ। ਕੌਮੀਅਤ ਕਈ ਵਾਰ ਸਮਾਜ ਨੂੰ ਜੋੜਨ ਦਾ ਕੰਮ ਵੀ ਕਰਦੀ ਹੈ, ਪਰ ਅਤਿ-ਕੌਮੀਅਤ ਜਾਂ ਸੰਖੇਪਵਾਦੀ ਸੋਚ ਵਿਭਿੰਨਤਾਵਾਂ ਨੂੰ ਨਜ਼ਰਅੰਦਾਜ਼ ਕਰਕੇ ਸਮਾਜਿਕ ਵੰਡ ਵੀ ਪੈਦਾ ਕਰ ਸਕਦੀ ਹੈ।

**ਕੌਮੀਅਤ ਦਾ ਇਤਿਹਾਸਕ ਪਿਛੋਕੜ**

ਕੌਮੀਅਤ ਦੀ ਸ਼ੁਰੂਆਤ ਨੂੰ ਸਮਝਣ ਲਈ ਸਾਨੂੰ ਇਤਿਹਾਸ 'ਤੇ ਝਾਤ ਮਾਰਨੀ ਪਵੇਗੀ। ਅਠਾਰਵੀਂ ਅਤੇ ਉੱਨੀਵੀਂ ਸਦੀ ਵਿੱਚ ਯੂਰਪ ਵਿੱਚ ਕੌਮੀਅਤ ਦੀ ਲਹਿਰ ਨੇ ਆਧੁਨਿਕ ਰਾਸ਼ਟਰ-ਰਾਜਾਂ ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਫਰਾਂਸੀਸੀ ਇਨਕਲਾਬ (1789) ਨੇ ਲੋਕਤੰਤਰ, ਸਵੈ-ਨਿਰਣੈ, ਅਤੇ ਸਮਾਜਿਕ ਸਮਾਨਤਾ ਦੇ ਸਿਧਾਂਤਾਂ ਨੂੰ ਜਨਮ ਦਿੱਤਾ, ਜਿਸ ਨੇ ਲੋਕਾਂ ਵਿੱਚ ਆਪਣੀ ਕੌਮੀ ਪਛਾਣ ਅਤੇ ਸੁਤੰਤਰਤਾ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ। ਇਸੇ ਤਰ੍ਹਾਂ, ਇਟਲੀ ਅਤੇ ਜਰਮਨੀ ਦੀ ਏਕੀਕਰਣ ਪ੍ਰਕਿਰਿਆਵਾਂ (19ਵੀਂ ਸਦੀ) ਨੇ ਸਥਾਨਕ ਭਾਈਚਾਰਿਆਂ ਨੂੰ ਇੱਕ ਵਿਸ਼ਾਲ ਰਾਸ਼ਟਰੀ ਪਛਾਣ ਵਿੱਚ ਜੋੜਿਆ। ਇਹਨਾਂ ਘਟਨਾਵਾਂ ਨੇ ਕੌਮੀਅਤ ਨੂੰ ਸਿਆਸੀ ਅਤੇ ਸਮਾਜਿਕ ਏਕਤਾ ਦਾ ਸਾਧਨ ਬਣਾਇਆ। ਭਾਰਤ ਦੇ ਸੰਦਰਭ ਵਿੱਚ, ਕੌਮੀਅਤ ਦੀ ਭਾਵਨਾ ਬਸਤੀਵਾਦੀ ਸ਼ਾਸਨ ਵਿਰੁੱਧ ਸੰਘਰਸ਼ ਦੌਰਾਨ ਮਜ਼ਬੂਤ ਹੋਈ। 19ਵੀਂ ਅਤੇ 20ਵੀਂ ਸਦੀ ਵਿੱਚ, ਬਰਤਾਨਵੀ ਸਾਮਰਾਜ ਦੇ ਵਿਰੁੱਧ ਸੁਤੰਤਰਤਾ ਅੰਦੋਲਨ ਨੇ ਵੱਖ-ਵੱਖ ਸੱਭਿਆਚਾਰਕ, ਧਾਰਮਿਕ, ਅਤੇ ਖੇਤਰੀ ਪਿਛੋਕੜ ਵਾਲੇ ਲੋਕਾਂ ਨੂੰ ਇੱਕਜੁਟ ਕੀਤਾ।

**ਸੱਭਿਆਚਾਰਕ ਪਹਿਲੂ**

ਕੌਮੀਅਤ ਦਾ ਸੱਭਿਆਚਾਰਕ ਪਹਿਲੂ ਇਸ ਦੀ ਨੀਂਹ ਦਾ ਅਹਿਮ ਹਿੱਸਾ ਹੈ। ਭਾਸ਼ਾ, ਸਾਹਿਤ, ਕਲਾ, ਸੰਗੀਤ, ਅਤੇ ਪਰੰਪਰਾਵਾਂ ਕੌਮੀਅਤ ਨੂੰ ਆਕਾਰ ਦਿੰਦੀਆਂ ਹਨ। ਉਦਾਹਰਨ ਵਜੋਂ, ਪੰਜਾਬੀ ਸੱਭਿਆਚਾਰ ਵਿੱਚ ਗੁਰਮੁਖੀ ਲਿਪੀ, ਗੁਰਬਾਣੀ, ਵਾਰਾਂ, ਅਤੇ ਲੋਕ ਨਾਚ ਜਿਵੇਂ ਭੰਗੜਾ ਅਤੇ ਗਿੱਧਾ ਪੰਜਾਬੀ ਕੌਮੀਅਤ ਦੀ ਪਛਾਣ ਦਾ ਹਿੱਸਾ ਹਨ। ਇਸੇ ਤਰ੍ਹਾਂ, ਭਾਰਤ ਦੇ ਹੋਰ ਸੂਬਿਆਂ ਦੀਆਂ ਵਿਲੱਖਣ ਸੱਭਿਆਚਾਰਕ ਪਛਾਣਾਂ – ਜਿਵੇਂ ਬੰਗਾਲੀ ਸਾਹਿਤ, ਤਾਮਿਲ ਸੰਗੀਤ,

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 56-65

ਜਾਂ ਮਰਾਠੀ ਰੰਗਮੰਚ – ਸਮੁੱਚੀ ਭਾਰਤੀ ਕੌਮੀਅਤ ਦਾ ਹਿੱਸਾ ਬਣਦੀਆਂ ਹਨ। ਸੱਭਿਆਚਾਰਕ ਵਿਰਸਾ ਲੋਕਾਂ ਨੂੰ ਆਪਣੀ ਜੜ੍ਹਾਂ ਨਾਲ ਜੋੜਦਾ ਹੈ ਅਤੇ ਉਹਨਾਂ ਵਿੱਚ ਮਾਣ ਦੀ ਭਾਵਨਾ ਪੈਦਾ ਕਰਦਾ ਹੈ। ਪਰ, ਸਥਾਨਕ ਅਤੇ ਰਾਸ਼ਟਰੀ ਕੌਮੀਅਤ ਵਿਚਕਾਰ ਕਈ ਵਾਰ ਤਣਾਅ ਵੀ ਪੈਦਾ ਹੁੰਦਾ ਹੈ। ਉਦਾਹਰਨ ਵਜੋਂ, ਭਾਰਤ ਵਰਗੇ ਵਿਭਿੰਨਤਾ ਨਾਲ ਭਰਪੂਰ ਦੇਸ਼ ਵਿੱਚ, ਸਥਾਨਕ ਸੱਭਿਆਚਾਰਕ ਪਛਾਣਾਂ (ਜਿਵੇਂ ਪੰਜਾਬੀ, ਤਾਮਿਲ, ਜਾਂ ਅਸਾਮੀ) ਨੂੰ ਰਾਸ਼ਟਰੀ ਏਕਤਾ ਨਾਲ ਸਮਝੌਤਾ ਕਰਨ ਦੀ ਜ਼ਰੂਰਤ ਪੈ ਸਕਦੀ ਹੈ। ਇਸ ਸਥਿਤੀ ਵਿੱਚ, ਸਮਾਵੇਸ਼ੀ ਕੌਮੀਅਤ ਦੀ ਲੋੜ ਹੁੰਦੀ ਹੈ, ਜੋ ਵਿਭਿੰਨਤਾ ਨੂੰ ਸਤਿਕਾਰ ਦਿੰਦੀ ਹੋਏ ਸਾਂਝੀ ਪਛਾਣ ਨੂੰ ਮਜ਼ਬੂਤ ਕਰੇ।

### ਸਿਆਸੀ ਪਹਿਲੂ

ਕੌਮੀਅਤ ਦਾ ਸਿਆਸੀ ਪਹਿਲੂ ਵੀ ਬਹੁਤ ਮਹੱਤਵਪੂਰਨ ਹੈ। ਇਹ ਅਕਸਰ ਸੁਤੰਤਰਤਾ, ਸਵੈ-ਨਿਰਣੈ, ਅਤੇ ਸਿਆਸੀ ਸੁਤੰਤਰਤਾ ਦੀ ਮੰਗ ਨਾਲ ਜੁੜਿਆ ਹੁੰਦਾ ਹੈ। ਸਿਆਸੀ ਕੌਮੀਅਤ ਨੇ ਬਸਤੀਵਾਦੀ ਸ਼ਕਤੀਆਂ ਦੇ ਵਿਰੁੱਧ ਸੰਘਰਸ਼ਾਂ ਨੂੰ ਜਨਮ ਦਿੱਤਾ, ਜਿਵੇਂ ਕਿ ਭਾਰਤ, ਅਲਜੀਰੀਆ, ਜਾਂ ਦੱਖਣੀ ਅਫਰੀਕਾ ਵਿੱਚ ਦੇਖਿਆ ਗਿਆ। ਪਰ, ਸਿਆਸੀ ਕੌਮੀਅਤ ਦਾ ਗਲਤ ਇਸਤੇਮਾਲ ਵੀ ਹੋ ਸਕਦਾ ਹੈ। ਕਈ ਵਾਰ ਸਿਆਸੀ ਏਜੰਡਿਆਂ ਲਈ ਕੌਮੀਅਤ ਦੀ ਭਾਵਨਾ ਨੂੰ ਭੜਕਾਇਆ ਜਾਂਦਾ ਹੈ, ਜੋ ਸਮਾਜਿਕ ਵੰਡ ਜਾਂ ਅਸਹਿਣਸ਼ੀਲਤਾ ਨੂੰ ਵਧਾਉਂਦਾ ਹੈ। ਅਜਿਹੀਆਂ ਸਥਿਤੀਆਂ ਵਿੱਚ, ਕੌਮੀਅਤ ਨੂੰ ਸਮਾਵੇਸ਼ੀ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਨਾਲ ਜੋੜਨ ਦੀ ਜ਼ਰੂਰਤ ਹੁੰਦੀ ਹੈ।

### ਆਧੁਨਿਕ ਸੰਦਰਭ ਵਿੱਚ ਕੌਮੀਅਤ

ਆਧੁਨਿਕ ਸਮੇਂ ਵਿੱਚ, ਵਿਸ਼ਵੀਕਰਨ ਅਤੇ ਤਕਨੀਕੀ ਤਰੱਕੀ ਨੇ ਕੌਮੀਅਤ ਦੇ ਸੰਕਲਪ ਨੂੰ ਨਵੇਂ ਅਰਥ ਦਿੱਤੇ ਹਨ। ਇੱਕ ਪਾਸੇ, ਲੋਕ ਆਪਣੀ ਸਥਾਨਕ ਪਛਾਣ ਅਤੇ ਸੱਭਿਆਚਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਦੂਜੇ ਪਾਸੇ, ਵਿਸ਼ਵ ਨਾਗਰਿਕਤਾ ਦੀ ਭਾਵਨਾ ਵੀ ਮਜ਼ਬੂਤ ਹੋ ਰਹੀ ਹੈ। ਵਿਸ਼ਵੀਕਰਨ ਨੇ ਸਰਹੱਦਾਂ ਨੂੰ ਧੁੰਦਲਾ ਕਰ ਦਿੱਤਾ ਹੈ, ਅਤੇ ਬਹੁ-ਸੱਭਿਆਚਾਰਕ ਸਮਾਜਾਂ ਦਾ ਉਭਾਰ ਹੋਇਆ ਹੈ। ਉਦਾਹਰਨ ਵਜੋਂ, ਭਾਰਤ ਵਿੱਚ ਵਿਭਿੰਨ ਸੱਭਿਆਚਾਰਕ ਅਤੇ ਭਾਸ਼ਾਈ ਸਮੂਹ ਇੱਕ ਸਾਂਝੀ ਰਾਸ਼ਟਰੀ ਪਛਾਣ ਦੇ ਅਧੀਨ ਰਹਿੰਦੇ ਹਨ, ਪਰ ਉਹ ਆਪਣੀ ਵਿਲੱਖਣ ਪਛਾਣ ਨੂੰ ਵੀ ਕਾਇਮ ਰੱਖਦੇ ਹਨ। ਇਸ ਦੇ ਨਾਲ ਹੀ, ਆਧੁਨਿਕ ਸਮੇਂ ਵਿੱਚ ਕੌਮੀਅਤ ਦੀਆਂ ਕਈ ਚੁਣੌਤੀਆਂ ਵੀ ਸਾਹਮਣੇ ਆਈਆਂ ਹਨ। ਅਤਿ-ਕੌਮੀਅਤ ਜਾਂ ਸੰਖੇਪਵਾਦੀ ਸੋਚ ਕਈ ਵਾਰ ਵਿਭਿੰਨਤਾਵਾਂ ਨੂੰ ਨਜ਼ਰਅੰਦਾਜ਼ ਕਰਦੀ ਹੈ ਅਤੇ ਸਮਾਜਿਕ ਅਸਹਿਣਸ਼ੀਲਤਾ ਨੂੰ ਵਧਾਉਂਦੀ ਹੈ। ਕਈ ਦੇਸ਼ਾਂ ਵਿੱਚ, ਸਿਆਸੀ ਪਾਰਟੀਆਂ ਕੌਮੀਅਤ ਦੀ ਭਾਵਨਾ ਨੂੰ ਵੋਟਾਂ ਜਾਂ ਸੱਤਾ ਪ੍ਰਾਪਤ ਕਰਨ ਲਈ ਵਰਤਦੀਆਂ ਹਨ, ਜੋ ਸਮਾਜਿਕ ਸਦਭਾਵ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਤੋਂ ਇਲਾਵਾ, ਵਿਸ਼ਵੀਕਰਨ ਦੇ ਦੌਰ ਵਿੱਚ, ਸਥਾਨਕ ਸੱਭਿਆਚਾਰ ਅਤੇ ਭਾਸ਼ਾਵਾਂ ਦੇ ਖਤਮ ਹੋਣ ਦਾ ਡਰ ਵੀ ਵਧ ਰਿਹਾ ਹੈ।

### ਸੁਰਜੀਤ ਪਾਤਰ ਦੀ ਕਵਿਤਾ ਵਿੱਚ ਕੌਮੀਅਤ ਦਾ ਸੰਕਲਪ

ਸੁਰਜੀਤ ਪਾਤਰ ਪੰਜਾਬੀ ਸਾਹਿਤ ਦੇ ਉਹਨਾਂ ਪ੍ਰਮੁੱਖ ਕਵੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਦੀਆਂ ਰਚਨਾਵਾਂ ਨੇ ਪੰਜਾਬੀ ਸਭਿਆਚਾਰ, ਸਮਾਜ ਅਤੇ ਇਤਿਹਾਸ ਨੂੰ ਗਹਿਰਾਈ ਨਾਲ ਅਨੁਭਵ ਕੀਤਾ। ਉਨ੍ਹਾਂ ਦੀ ਕਵਿਤਾ ਨੇ ਪੰਜਾਬੀ ਸਾਹਿਤ ਨੂੰ

ਨਵੀਆਂ ਉਚਾਈਆਂ ’ਤੇ ਪਹੁੰਚਾਇਆ ਅਤੇ ਸਮਾਜਿਕ-ਰਾਜਨੀਤਕ ਮੁੱਦਿਆਂ ਨੂੰ ਸੰਵੇਦਨਸ਼ੀਲਤਾ ਨਾਲ ਉਜਾਗਰ ਕੀਤਾ। ਪਾਤਰ ਦੀਆਂ ਪ੍ਰਮੁੱਖ ਰਚਨਾਵਾਂ, ਜਿਵੇਂ ਹਵਾ ਵਿੱਚ ਲਿਖੇ ਹਰਫ, ਬਿਰਖ ਅਰਜ਼ ਕਰੇ, ਹਨੇਰੇ ਵਿੱਚ ਸੁਲਗਦੀ ਵਰਨਮਾਲਾ, ਲਫ਼ਜ਼ਾਂ ਦੀ ਦਰਗਾਹ, ਸੁਰਜਮੀਨ ਆਦਿ ਨੇ ਪੰਜਾਬੀ ਪਛਾਣ, ਸਮਾਜਿਕ ਸੰਘਰਸ਼ ਅਤੇ ਸਭਿਆਚਾਰਕ ਜਾਗਰੂਕਤਾ ਨੂੰ ਵਿਸ਼ਵਵਿਆਪੀ ਸੰਦਰਭ ਵਿੱਚ ਪੇਸ਼ ਕੀਤਾ ਹੈ।

**ਸੁਰਜੀਤ ਪਾਤਰ ਦੀ ਕਵਿਤਾ ਵਿੱਚ ਕੌਮੀਅਤ ਦੇ ਪਹਿਲੂ**

ਸੁਰਜੀਤ ਪਾਤਰ ਦੀ ਕਵਿਤਾ ਵਿੱਚ ਕੌਮੀਅਤ ਨੂੰ ਚਾਰ ਮੁੱਖ ਪਹਿਲੂਆਂ ਰਾਹੀਂ ਵਿਸ਼ਲੇਸ਼ਿਤ ਕੀਤਾ ਜਾ ਸਕਦਾ ਹੈ:

**1. ਪੰਜਾਬੀ ਸਭਿਆਚਾਰਕ ਪਛਾਣ**

ਪਾਤਰ ਦੀ ਕਵਿਤਾ ਪੰਜਾਬੀ ਸਭਿਆਚਾਰ, ਪਛਾਣ ਅਤੇ ਜੜ੍ਹਾਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ, ਜੋ ਪੰਜਾਬ ਦੀ ਮਿੱਟੀ, ਇਤਿਹਾਸ ਅਤੇ ਸਮਾਜਿਕ ਸੰਘਰਸ਼ ਦੀ ਸਮੂਹਿਕ ਚੇਤਨਾ ਨੂੰ ਉਜਾਗਰ ਕਰਦੀ ਹੈ। ਆਪਣੇ ਨਾਮ ਨਾਲ "ਪਾਤਰ" ਜੋੜਨਾ ਉਨ੍ਹਾਂ ਦੀ ਸਭਿਆਚਾਰਕ ਅਤੇ ਭੂਗੋਲਿਕ ਜੜ੍ਹਾਂ ਪ੍ਰਤੀ ਸਮਰਪਣ ਨੂੰ ਦਰਸਾਉਂਦਾ ਹੈ। ਇਹ ਪਛਾਣ ਉਨ੍ਹਾਂ ਦੀ ਕਵਿਤਾ ਵਿੱਚ ਸਪੱਸ਼ਟ ਰੂਪ ਵਿੱਚ ਝਲਕਦੀ ਹੈ, ਜਿੱਥੇ ਉਹ ਪੰਜਾਬੀ ਸਮੁਦਾਇ ਦੀ ਸਾਂਝੀ ਭਾਸ਼ਾ, ਸਭਿਆਚਾਰ ਅਤੇ ਇਤਿਹਾਸਕ ਸੰਘਰਸ਼ ਨੂੰ ਇੱਕਜੁਟ ਕਰਦੇ ਹਨ। ਇਸ ਸੰਦਰਭ ਵਿੱਚ, ਬੈਨੇਡਿਕਟ ਐਂਡਰਸਨ ਦੇ "ਕਲਪਿਤ ਸਮੁਦਾਇ" (Imagined Communities) ਦੇ ਸੰਕਲਪ ਨੂੰ ਵਰਤਦਿਆਂ, ਪਾਤਰ ਦੀ ਕਵਿਤਾ ਨੂੰ ਪੰਜਾਬੀ ਪਛਾਣ ਦੇ ਇੱਕ ਸਸ਼ਕਤ ਮਾਧਿਅਮ ਵਜੋਂ ਸਮਝਿਆ ਜਾ ਸਕਦਾ ਹੈ, ਜੋ ਸਮੁਦਾਇ ਨੂੰ ਸਾਂਝੀਆਂ ਭਾਵਨਾਵਾਂ, ਇਤਿਹਾਸ ਅਤੇ ਸਭਿਆਚਾਰਕ ਮੁੱਲਾਂ ਦੇ ਅਧਾਰ ’ਤੇ ਜੋੜਦੀ ਹੈ। ਐਂਡਰਸਨ ਦਾ "ਕਲਪਿਤ ਸਮੁਦਾਇ" ਸੰਕਲਪ ਕਹਿੰਦਾ ਹੈ ਕਿ ਰਾਸ਼ਟਰ ਜਾਂ ਸਮੁਦਾਇ ਇੱਕ ਕਲਪਿਤ ਇਕਾਈ ਹੁੰਦਾ ਹੈ, ਜੋ ਸਾਂਝੀ ਭਾਸ਼ਾ, ਸਭਿਆਚਾਰ, ਇਤਿਹਾਸ ਅਤੇ ਸਮੂਹਿਕ ਭਾਵਨਾਵਾਂ ਦੇ ਅਧਾਰ ’ਤੇ ਰਚਿਆ ਜਾਂਦਾ ਹੈ। ਪਾਤਰ ਦੀ ਕਵਿਤਾ ਇਸ ਸੰਕਲਪ ਨੂੰ ਪੰਜਾਬੀ ਸਮੁਦਾਇ ਦੇ ਸੰਦਰਭ ਵਿੱਚ ਪ੍ਰਗਟ ਕਰਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਪੰਜਾਬ ਦੀ ਮਿੱਟੀ, ਇਤਿਹਾਸਕ ਸੰਘਰਸ਼, ਅਤੇ ਸਮਾਜਿਕ ਜਾਗਰੂਕਤਾ ਨੂੰ ਇੱਕ ਭਾਵਨਾਤਮਕ ਅਤੇ ਵਿਚਾਰਧਾਰਕ ਰੂਪ ਵਿੱਚ ਪੇਸ਼ ਕਰਦੀਆਂ ਹਨ, ਜੋ ਪੰਜਾਬੀਆਂ ਵਿੱਚ ਇੱਕਜੁਟਤਾ ਅਤੇ ਸਮੂਹਿਕ ਪਛਾਣ ਦੀ ਭਾਵਨਾ ਪੈਦਾ ਕਰਦੀਆਂ ਹਨ।

ਜਦ ਜੰਗਲ ਨੇ ਸ਼ਹਿਰ ਤੇਰੇ ਦੀਆਂ ਜੇਲ੍ਹਾਂ ਭਰੀਆਂ ਸਨ
ਤਦ ਜੰਗਲ ਤੋਂ ਮਹਿਲ ਤੇਰੇ ਦੀਆਂ ਕੰਧਾਂ ਡਰੀਆਂ ਸਨ
ਤੂੰ ਜੰਗਲ ਨੂੰ ਕੋਲ ਬਿਠਾ ਫਿਰ ਗੱਲਾਂ ਕਰੀਆਂ ਸਨ
ਕੌਣ ਸੀ ਜਿਸਦੀਆਂ ਗੱਲਾਂ ਕਸਵੱਟੀ ਤੋਂ ਡਰੀਆਂ ਸਨ
ਜੋ ਕਸਵੱਟੀਓਂ ਡਰੀਆਂ ਖ਼ਰੀਆਂ ਕਿਉਂ ਮੰਨ ਜਾਵਾਂ ਮੈਂ (ਬਿਰਖ ਅਰਜ਼ ਕਰੇ)

ਇਹ ਪੰਕਤੀਆਂ ਸਮਾਜ ਵਿੱਚ ਵਿਆਪਤ ਹਨੇਰੇ (ਅਨਿਆਂ, ਦਮਨ, ਜਾਂ ਅਣਜਾਣਤਾ) ਵਿਰੁੱਧ ਆਵਾਜ਼ ਉਠਾਉਣ ਦੀ ਜ਼ਰੂਰਤ ਨੂੰ ਦਰਸਾਉਂਦੀਆਂ ਹਨ। ਇਹ ਪੰਜਾਬੀ ਸਮੁਦਾਇ ਦੀ ਸਮੂਹਿਕ ਚੇਤਨਾ ਨੂੰ ਜਗਾਉਣ ਦਾ ਸੱਦਾ ਹੈ, ਜੋ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 56-65

ਐਂਡਰਸਨ ਦੇ ਸੰਕਲਪ ਨਾਲ ਮੇਲ ਖਾਂਦਾ ਹੈ। ਇਸ ਵਿੱਚ ਸਮੁਦਾਇ ਦੀ ਸਾਂਝੀ ਭਾਵਨਾ ਅਤੇ ਸੰਘਰਸ਼ ਦੀ ਭਾਸ਼ਾ ਰਾਹੀਂ ਇੱਕਜੁਟਤਾ ਦੀ ਭਾਵਨਾ ਪੈਦਾ ਹੁੰਦੀ ਹੈ। ਪਾਤਰ ਇੱਥੇ ਸਮਾਜਿਕ ਅਤੇ ਸਿਆਸੀ ਮੁੱਦਿਆਂ ਨੂੰ ਉਠਾਉਂਦੇ ਹੋਏ ਪੰਜਾਬੀ ਸਮੁਦਾਇ ਨੂੰ ਆਪਣੀ ਅਵਾਜ਼ ਨੂੰ ਮਜ਼ਬੂਤ ਕਰਨ ਅਤੇ ਚੁੱਪ ਨਾ ਰਹਿਣ ਦੀ ਪ੍ਰੇਰਣਾ ਦਿੰਦੇ ਹਨ।

**ਪੰਜਾਬੀ ਸਭਿਆਚਾਰ ਅਤੇ ਮਿੱਟੀ ਨਾਲ ਜੁੜਾਵ**

ਪਾਤਰ ਦੀ ਕਵਿਤਾ 'ਨਜ਼ਰ' ਵਿੱਚ ਪੰਜਾਬ ਦੀ ਮਿੱਟੀ, ਸਭਿਆਚਾਰ ਅਤੇ ਇਤਿਹਾਸ ਨੂੰ ਭਾਵਨਾਤਮਕ ਰੂਪ ਵਿੱਚ ਉਜਾਗਰ ਕੀਤਾ ਗਿਆ ਹੈ:

ਲੱਗੀ ਨਜ਼ਰ ਪੰਜਾਬ ਨੂੰ, ਏਦ੍ਹੀ ਨਜ਼ਰ ਉਤਾਰੋ।

ਲੈ ਕੇ ਮਿਰਚਾਂ ਕੌੜੀਆ, ਏਹਦੇ ਸਿਰ ਤੋਂ ਵਾਰੋ

ਸਿਰ ਤੋਂ ਵਾਰੋ, ਵਾਰ ਕੇ, ਅੱਗ ਦੇ ਵਿਚ ਸਾੜੋ

ਲੱਗੀ ਨਜ਼ਰ ਪੰਜਾਬ ਨੂੰ, ਏਦ੍ਹੀ ਨਜ਼ਰ ਉਤਾਰੋ।(ਬਿਰਖ ਅਰਜ਼ ਕਰੇ)

ਇਹ ਪੰਕਤੀਆਂ ਪੰਜਾਬ ਦੀ ਮਿੱਟੀ ਨਾਲ ਡੂੰਘੇ ਜੁੜਾਅ ਨੂੰ ਦਰਸਾਉਂਦੀਆਂ ਹਨ, ਜੋ ਪੰਜਾਬੀ ਪਛਾਣ ਦਾ ਮੁੱਢਲਾ ਅੰਗ ਹੈ। ਪੰਜਾਬ ਦੀ ਮਿੱਟੀ ਨੂੰ ਸਿਰਫ਼ ਇੱਕ ਭੂਗੋਲਿਕ ਸਥਾਨ ਵਜੋਂ ਨਹੀਂ, ਸਗੋਂ ਇੱਕ ਸਭਿਆਚਾਰਕ ਅਤੇ ਭਾਵਨਾਤਮਕ ਪਛਾਣ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਪੰਜਾਬੀ ਸਮੁਦਾਇ ਦੀ ਸਾਂਝੀ ਵਿਰਾਸਤ ਅਤੇ ਸਭਿਆਚਾਰਕ ਮੁੱਲਾਂ ਨੂੰ ਉਜਾਗਰ ਕਰਦੀ ਹੈ, ਜੋ ਐਂਡਰਸਨ ਦੇ ਸੰਕਲਪ ਅਨੁਸਾਰ, ਸਮੁਦਾਇ ਨੂੰ ਇੱਕ ਸਾਂਝੇ ਭਾਵਨਾਤਮਕ ਅਤੇ ਸਭਿਆਚਾਰਕ ਨੈਰੇਟਿਵ ਰਾਹੀਂ ਜੋੜਦੀ ਹੈ।

ਇਸ ਤੋਂ ਇਲਾਵਾ, ਪਾਤਰ ਦੀ ਕਵਿਤਾ ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਨੂੰ ਨਾ ਸਿਰਫ਼ ਸਥਾਨਕ ਸੰਦਰਭ ਵਿੱਚ, ਸਗੋਂ ਵਿਸ਼ਵਵਿਆਪੀ ਪੱਧਰ 'ਤੇ ਵੀ ਪੇਸ਼ ਕਰਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਪੰਜਾਬੀ ਪਛਾਣ ਦੀ ਵਿਲੱਖਣਤਾ ਨੂੰ ਸੰਭਾਲਦੇ ਹੋਏ, ਇਸ ਨੂੰ ਮਨੁੱਖੀ ਭਾਵਨਾਵਾਂ ਅਤੇ ਸੰਘਰਸ਼ ਦੇ ਸਰਵਜਨਕ ਸੰਦਰਭ ਨਾਲ ਜੋੜਿਆ ਜਾਂਦਾ ਹੈ। ਮਿਸਾਲ ਵਜੋਂ, ਪੰਜਾਬ ਦੀ ਮਿੱਟੀ ਅਤੇ ਸਭਿਆਚਾਰ ਨੂੰ ਸੁਗੰਧ ਅਤੇ ਰੂਹ ਨਾਲ ਜੋੜਨਾ, ਇੱਕ ਸਥਾਨਕ ਪਛਾਣ ਨੂੰ ਵਿਸ਼ਵਵਿਆਪੀ ਭਾਵਨਾਤਮਕ ਅਪੀਲ ਦਿੰਦਾ ਹੈ, ਜੋ ਸਾਰੇ ਸਮੁਦਾਇਆਂ ਵਿੱਚ ਸਾਂਝੀਵਾਲਤਾ ਦੀ ਭਾਵਨਾ ਪੈਦਾ ਕਰਦਾ ਹੈ।

**ਸਮਾਜਿਕ ਸੰਘਰਸ਼ ਅਤੇ ਸਭਿਆਚਾਰਕ ਪਛਾਣ**

ਪਾਤਰ ਦੀ ਕਵਿਤਾ ਸਿਰਫ਼ ਸਭਿਆਚਾਰਕ ਜੜ੍ਹਾਂ ਨਾਲ ਜੁੜੀ ਪਛਾਣ ਹੀ ਨਹੀਂ, ਸਗੋਂ ਸਮਾਜਿਕ ਸੰਘਰਸ਼ ਅਤੇ ਜਾਗਰੂਕਤਾ ਦਾ ਵੀ ਪ੍ਰਤੀਕ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਪੰਜਾਬ ਦੇ ਇਤਿਹਾਸਕ ਅਤੇ ਸਮਕਾਲੀ ਸੰਘਰਸ਼, ਜਿਵੇਂ ਕਿ ਸਮਾਜਿਕ ਅਸਮਾਨਤਾ, ਅਨਿਆਂ ਅਤੇ ਸਿਆਸੀ ਦਮਨ, ਨੂੰ ਉਜਾਗਰ ਕੀਤਾ ਜਾਂਦਾ ਹੈ। ਇਹ ਸੰਘਰਸ਼ ਪੰਜਾਬੀ ਸਮੁਦਾਇ ਦੀ ਸਮੂਹਿਕ ਚੇਤਨਾ ਦਾ ਹਿੱਸਾ ਹਨ, ਜੋ ਐਂਡਰਸਨ ਦੇ ਸੰਕਲਪ ਅਨੁਸਾਰ, ਸਮੁਦਾਇ ਨੂੰ ਸਾਂਝੇ ਅਨੁਭਵਾਂ ਅਤੇ ਇਤਿਹਾਸਕ ਸਥਿਤੀਆਂ ਦੇ ਅਧਾਰ 'ਤੇ ਜੋੜਦੇ ਹਨ।

ਉਦਾਹਰਣ ਵਜੋਂ:

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।

ਗੀਤ ਦੀ ਮੌਤ ਇਸ ਰਾਤ ਜੇ ਹੋ ਗਈ

ਮੇਰਾ ਜੀਣਾ ਮੇਰੇ ਯਾਰ ਕਿੰਞ ਸਹਿਣਗੇ। (ਹਵਾ ਵਿਚ ਲਿਖੇ ਹਰਫ)

ਕਵਿਤਾ ਵਿੱਚ ਪਾਤਰ ਸਮਾਜਿਕ ਅਤੇ ਸਿਆਸੀ ਮੁੱਦਿਆਂ ਵਿਰੁੱਧ ਆਵਾਜ਼ ਉਠਾਉਣ ਦੀ ਜ਼ਰੂਰਤ ਨੂੰ ਰੇਖਾਂਕਿਤ ਕਰਦੇ ਹਨ। ਇਹ ਪੰਕਤੀਆਂ ਸਮੁਦਾਇ ਨੂੰ ਚੁੱਪ ਨਾ ਰਹਿਣ ਅਤੇ ਸੰਘਰਸ਼ ਦੀ ਭਾਵਨਾ ਨੂੰ ਜਗਾਉਣ ਦਾ ਸੱਦਾ ਦਿੰਦੀਆਂ ਹਨ। ਪਾਤਰ ਦੀ ਕਵਿਤਾ ਪੰਜਾਬੀ ਸਭਿਆਚਾਰਕ ਪਛਾਣ ਅਤੇ ਜੜ੍ਹਾਂ ਦਾ ਇੱਕ ਸਸ਼ਕਤ ਪ੍ਰਤੀਕ ਹੈ, ਜੋ ਸਥਾਨਕ ਅਤੇ ਵਿਸ਼ਵਵਿਆਪੀ ਸੰਦਰਭਾਂ ਨੂੰ ਜੋੜਦੀ ਹੈ। ਐਂਡਰਸਨ ਦੇ "ਕਲਪਿਤ ਸਮੁਦਾਇ" ਦੇ ਸੰਕਲਪ ਦੀ ਰੌਸ਼ਨੀ ਵਿੱਚ, ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਮੁਦਾਇ ਨੂੰ ਸਾਂਝੀ ਭਾਸ਼ਾ, ਸਭਿਆਚਾਰ, ਇਤਿਹਾਸ ਅਤੇ ਸੰਘਰਸ਼ ਦੇ ਅਧਾਰ ’ਤੇ ਇੱਕਜੁਟ ਕਰਦੀਆਂ ਹਨ। ਉਨ੍ਹਾਂ ਦੀਆਂ ਕਵਿਤਾਵਾਂ, ਜਿਵੇਂ ਕਿ ‘ਕੁਝ ਕਿਹਾ ਤਾਂ ਹਨੇਰਾ ਜਰੇਗਾ’ ਅਤੇ ‘ਨਜ਼ਰ’ ਪੰਜਾਬੀ ਪਛਾਣ ਦੀ ਸੁਗੰਧ ਨੂੰ ਸੰਭਾਲਦੇ ਹੋਏ, ਸਮਾਜਿਕ ਜਾਗਰੂਕਤਾ ਅਤੇ ਸਮੂਹਿਕ ਚੇਤਨਾ ਨੂੰ ਵੀ ਪ੍ਰਗਟ ਕਰਦੀਆਂ ਹਨ। ਇਸ ਤਰ੍ਹਾਂ, ਪਾਤਰ ਦੀ ਕਵਿਤਾ ਪੰਜਾਬੀ ਸਮੁਦਾਇ ਦੀ ਵਿਰਾਸਤ ਅਤੇ ਸੰਘਰਸ਼ ਨੂੰ ਨਾ ਸਿਰਫ਼ ਸੰਭਾਲਦੀ ਹੈ, ਸਗੋਂ ਇਸ ਨੂੰ ਆਧੁਨਿਕ ਸੰਦਰਭ ਵਿੱਚ ਵੀ ਜੀਵੰਤ ਰੱਖਦੀ ਹੈ।

## 2. ਸਮਾਜਿਕ ਸੰਘਰਸ਼ ਅਤੇ ਪ੍ਰਤੀਰੋਧ

ਸੁਰਜੀਤ ਪਾਤਰ ਦੀ ਕਵਿਤਾ ਪੰਜਾਬੀ ਸਾਹਿਤ ਵਿੱਚ ਸਮਾਜਿਕ ਸੰਘਰਸ਼ ਅਤੇ ਪ੍ਰਤੀਰੋਧ ਦੀ ਮਜਬੂਤ ਆਵਾਜ਼ ਵਜੋਂ ਜਾਣੀ ਜਾਂਦੀ ਹੈ, ਜੋ ਪੰਜਾਬੀ ਕੌਮੀਅਤ, ਸਭਿਆਚਾਰਕ ਪਛਾਣ, ਅਤੇ ਰਾਜਨੀਤਕ ਜਾਗਰੂਕਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦੀ ਕਵਿਤਾ ਸਿਰਫ਼ ਸਾਹਿਤਕ ਸਿਰਜਣਾ ਹੀ ਨਹੀਂ, ਸਗੋਂ ਸਮਾਜਿਕ ਅਤੇ ਰਾਜਨੀਤਕ ਮੁੱਦਿਆਂ ਦੇ ਵਿਰੁੱਧ ਇੱਕ ਸੰਘਰਸ਼ਮਈ ਹਥਿਆਰ ਵੀ ਹੈ। ਗੈਲਨਰ ਦੇ ਸਿਧਾਂਤ ਅਨੁਸਾਰ, ਕੌਮੀਅਤ ਸਮਾਜਿਕ ਸੰਘਰਸ਼ ਅਤੇ ਸਭਿਆਚਾਰਕ ਏਕਤਾ ਦੇ ਸੁਮੇਲ ਦਾ ਨਤੀਜਾ ਹੈ। ਪਾਤਰ ਦੀ ਕਵਿਤਾ ਵਿੱਚ ਇਹ ਸਿਧਾਂਤ ਸਪੱਸ਼ਟ ਰੂਪ ਵਿੱਚ ਪ੍ਰਗਟ ਹੁੰਦਾ ਹੈ, ਜਿੱਥੇ ਉਹ ਪੰਜਾਬੀ ਪਛਾਣ ਨੂੰ ਸਮਾਜਿਕ ਅਤੇ ਰਾਜਨੀਤਕ ਅਨਿਆਂ ਦੇ ਵਿਰੁੱਧ ਲੜਨ ਦੇ ਪ੍ਰਤੀਕ ਵਜੋਂ ਪੇਸ਼ ਕਰਦੇ ਹਨ।

### ਪਾਤਰ ਦੀ ਕਵਿਤਾ ਵਿੱਚ ਸਮਾਜਿਕ ਸੰਘਰਸ਼

ਸੁਰਜੀਤ ਪਾਤਰ ਦੀ ਕਵਿਤਾ ਪੰਜਾਬ ਦੇ ਸਮਾਜਿਕ-ਰਾਜਨੀਤਕ ਸੰਦਰਭਾਂ ਨਾਲ ਡੂੰਘਾਈ ਨਾਲ ਜੁੜੀ ਹੋਈ ਹੈ। ਉਨ੍ਹਾਂ ਨੇ 1984 ਦੀਆਂ ਘਟਨਾਵਾਂ, ਜਿਵੇਂ ਕਿ ਆਪਰੇਸ਼ਨ ਬਲੂ ਸਟਾਰ ਅਤੇ ਸਿੱਖ ਵਿਰੋਧੀ ਦੰਗਿਆਂ, ਦੇ ਦਰਦ ਨੂੰ ਆਪਣੀਆਂ ਰਚਨਾਵਾਂ ਵਿੱਚ ਉਜਾਗਰ ਕੀਤਾ। ਇਹ ਘਟਨਾਵਾਂ ਪੰਜਾਬੀ ਸਭਿਆਚਾਰ ਅਤੇ ਪਛਾਣ ਉੱਤੇ ਡੂੰਘੀ ਚੋਟ ਸਨ, ਅਤੇ

ਪਾਤਰ ਨੇ ਆਪਣੀ ਕਵਿਤਾ ਰਾਹੀਂ ਇਸ ਦਰਦ ਨੂੰ ਪ੍ਰਗਟ ਕਰਦੇ ਹੋਏ ਪ੍ਰਤੀਰੋਧ ਦੀ ਭਾਵਨਾ ਜਗਾਈ। ਉਨ੍ਹਾਂ ਦੀਆਂ ਕਵਿਤਾਵਾਂ, ਜਿਵੇਂ ਕਿ 'ਇਕ ਪਸੂ ਕਥਾ" ਅਤੇ 'ਧੁਖਦਾ ਜੰਗਲ', ਸਮਾਜਿਕ ਰੋਹ ਅਤੇ ਸੰਘਰਸ਼ ਦੇ ਪ੍ਰਤੀਕ ਹਨ, ਜੋ ਪੰਜਾਬੀਆਂ ਦੀ ਸਾਮੂਹਿਕ ਚੇਤਨਾ ਨੂੰ ਉਜਾਗਰ ਕਰਦੀਆਂ ਹਨ। 2020-21 ਦੇ ਕਿਸਾਨੀ ਅੰਦੋਲਨ ਨੇ ਪਾਤਰ ਦੀ ਕਵਿਤਾ ਅਤੇ ਸਮਾਜਿਕ ਸੰਘਰਸ਼ ਨੂੰ ਹੋਰ ਵੀ ਤੀਬਰਤਾ ਨਾਲ ਸਾਹਮਣੇ ਲਿਆਂਦਾ। ਇਸ ਅੰਦੋਲਨ ਦੌਰਾਨ, ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਵਿਰੁੱਧ ਪੰਜਾਬ ਦੇ ਕਿਸਾਨਾਂ ਨੇ ਸ਼ਾਂਤਮਈ ਪ੍ਰਦਰਸ਼ਨ ਕੀਤੇ, ਜਿਸ ਨੂੰ ਪਾਤਰ ਨੇ ਨਾ ਸਿਰਫ਼ ਸਮਰਥਨ ਦਿੱਤਾ, ਸਗੋਂ ਆਪਣੀ ਕਵਿਤਾ ਅਤੇ ਕਾਰਜਾਂ ਰਾਹੀਂ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਾਇਆ। ਉਨ੍ਹਾਂ ਦੀ ਕਵਿਤਾ 'ਕਿਸਾਨ' ਦੀਆਂ ਪੰਕਤੀਆਂ ਹਨ:

ਇਹ ਬਾਤ ਨਿਰੀ ਏਨੀ ਹੀ ਨਹੀਂ

ਨਾ ਇਹ ਮਸਲਾ ਸਿਰਫ ਕਿਸਾਨ ਦਾ ਏ

ਇਹ ਪਿੰਡ ਦੇ ਵਸਦੇ ਰਹਿਣ ਦਾ ਏ

ਇਹ ਤੌਖਲਾ ਉਜੜ ਜਾਣਦਾ ਏ

ਪੰਜਾਬੀ ਕਿਸਾਨ ਦੀ ਅਟੱਲ ਆਤਮਾ ਅਤੇ ਸੰਘਰਸ਼ ਨੂੰ ਦਰਸਾਉਂਦੀਆਂ ਹਨ। ਇਹ ਪੰਕਤੀਆਂ ਕਿਸਾਨ ਦੀ ਮਿੱਟੀ ਨਾਲ ਜੁੜੀ ਪਛਾਣ ਅਤੇ ਆਰਥਿਕ ਸਵੈਮਾਣ ਦੀ ਲੜਾਈ ਨੂੰ ਉਜਾਗਰ ਕਰਦੀਆਂ ਹਨ।

ਬੀਬੀਸੀ ਨਾਲ ਗੱਲਬਾਤ ਵਿੱਚ, ਉਨ੍ਹਾਂ ਨੇ ਕਿਹਾ ਸੀ:

"ਜਿਸ ਸੰਵੇਦਨ-ਹੀਣਤਾ ਅਤੇ ਬੇਕਦਰੀ ਨਾਲ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਅਤੇ ਸ਼ਾਂਤਮਈ ਅੰਦੋਲਨ ਨਾਲ ਸਲੂਕ ਕੀਤਾ ਹੈ, ਉਸ ਨੇ ਮੇਰੇ ਦਿਲ ਨੂੰ ਠੇਸ ਪਹੁੰਚਾਈ ਹੈ"[6]

ਗੈਲਨਰ ਦਾ ਸਿਧਾਂਤ ਕਹਿੰਦਾ ਹੈ ਕਿ ਕੌਮੀਅਤ ਸਮਾਜਿਕ ਸੰਘਰਸ਼ ਅਤੇ ਸਭਿਆਚਾਰਕ ਏਕਤਾ ਦੇ ਨਤੀਜੇ ਵਜੋਂ ਉਭਰਦੀ ਹੈ। ਪਾਤਰ ਦੀ ਕਵਿਤਾ ਵਿੱਚ ਪੰਜਾਬੀ ਕੌਮੀਅਤ ਸਮਾਜਿਕ ਸੰਘਰਸ਼ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਭਿਆਚਾਰ, ਭਾਸ਼ਾ, ਅਤੇ ਇਤਿਹਾਸ ਨੂੰ ਸੰਘਰਸ਼ ਦੇ ਪ੍ਰਤੀਕ ਵਜੋਂ ਪੇਸ਼ ਕਰਦੀਆਂ ਹਨ। ਮਿਸਾਲ ਵਜੋਂ, 1984 ਦੀਆਂ ਘਟਨਾਵਾਂ ਨੇ ਪੰਜਾਬੀ ਸਿੱਖ ਪਛਾਣ ਨੂੰ ਇੱਕ ਸਮਾਜਿਕ ਅਤੇ ਰਾਜਨੀਤਕ ਸੰਘਰਸ਼ ਦੇ ਰੂਪ ਵਿੱਚ ਉਭਾਰਿਆ, ਜਿਸ ਨੂੰ ਪਾਤਰ ਨੇ ਆਪਣੀ ਕਵਿਤਾ ਵਿੱਚ ਦਰਜ ਕੀਤਾ।

### 3. ਮਿੱਥ ਅਤੇ ਲੋਕਧਾਰਾ ਦੀ ਵਰਤੋਂ

ਪੰਜਾਬੀ ਸਾਹਿਤ ਵਿੱਚ ਮਿੱਥ ਅਤੇ ਲੋਕਧਾਰਾ ਦੀ ਵਰਤੋਂ ਸਿਰਫ਼ ਕਹਾਣੀਆਂ ਜਾਂ ਪਰੰਪਰਾਵਾਂ ਦੀ ਪੁਨਰਗਠਨ ਹੀ ਨਹੀਂ, ਸਗੋਂ ਇੱਕ ਸਮਾਜਿਕ ਅਤੇ ਸਭਿਆਚਾਰਕ ਪਛਾਣ ਨੂੰ ਮੁੜ ਸੁਰਜੀਤ ਕਰਨ ਦਾ ਸਾਧਨ ਵੀ ਹੈ। ਸੁਰਜੀਤ ਪਾਤਰ ਦੀ ਕਵਿਤਾ ਵਿੱਚ ਇਹ ਪਹਿਲੂ ਸਪੱਸ਼ਟ ਰੂਪ ਵਿੱਚ ਦਿਖਾਈ ਦਿੰਦਾ ਹੈ, ਜਿੱਥੇ ਉਹ ਪੰਜਾਬੀ ਮਿੱਥਕ ਕਥਾਵਾਂ ਅਤੇ ਲੋਕਧਾਰਕ ਪਰੰਪਰਾਵਾਂ ਨੂੰ ਆਧੁਨਿਕ ਸੰਦਰਭ ਵਿੱਚ ਪੇਸ਼ ਕਰਕੇ ਪੰਜਾਬੀ ਕੌਮੀਅਤ ਨੂੰ ਨਾ ਸਿਰਫ਼ ਸੰਵੇਦਨਸ਼ੀਲ ਰੂਪ ਦਿੰਦੇ ਹਨ, ਸਗੋਂ ਸਮਾਜਿਕ ਜਾਗਰੂਕਤਾ ਅਤੇ ਸਭਿਆਚਾਰਕ ਏਕਤਾ ਨੂੰ ਵੀ ਮਜ਼ਬੂਤ ਕਰਦੇ ਹਨ। ਐਂਥਨੀ ਡੀ.

Volume: 11, March 2025 ISSN: 2394-0980
PP: 56-65

ਸਮਿਥ ਦੇ ਸਿਧਾਂਤ ਅਨੁਸਾਰ, ਮਿੱਥਕ ਅਤੇ ਸਭਿਆਚਾਰਕ ਪਰੰਪਰਾਵਾਂ ਕੌਮੀ ਪਛਾਣ ਦੇ ਨਿਰਮਾਣ ਵਿੱਚ ਮੁੱਖ ਭੂਮਿਕਾ ਨਿਭਾਉਂਦੀਆਂ ਹਨ, ਕਿਉਂਕਿ ਇਹ ਸਮੂਹਿਕ ਸਮਾਜਿਕ ਸਮਝ ਅਤੇ ਇਤਿਹਾਸਕ ਜੜ੍ਹਾਂ ਨੂੰ ਪ੍ਰਗਟ ਕਰਦੀਆਂ ਹਨ। ਪਾਤਰ ਦੀ ਕਵਿਤਾ ਵਿੱਚ ਇਸ ਸਿਧਾਂਤ ਦੀ ਝਲਕ ਸਪੱਸ਼ਟ ਦਿਖਾਈ ਦਿੰਦੀ ਹੈ।

**ਮਿੱਥਕ ਕਥਾਵਾਂ ਦੀ ਵਰਤੋਂ:**

ਸੁਰਜੀਤ ਪਾਤਰ ਦੀ ਕਵਿਤਾ "ਸੁੰਦਰਾਂ" ਵਿੱਚ ਪੰਜਾਬੀ ਲੋਕਧਾਰਾ ਦੀ ਮਸ਼ਹੂਰ ਕਥਾ, ਪੂਰਨ ਭਗਤ ਅਤੇ ਸੁੰਦਰਾਂ, ਨੂੰ ਆਧੁਨਿਕ ਸਮਾਜਿਕ ਸੰਦਰਭ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਕਥਾ ਵਿੱਚ ਸੁੰਦਰਾਂ, ਜੋ ਇੱਕ ਔਰਤ ਦੇ ਸੰਘਰਸ਼, ਵੇਦਨਾ ਅਤੇ ਸਮਾਜਿਕ ਪਾਬੰਦੀਆਂ ਦਾ ਪ੍ਰਤੀਕ ਹੈ, ਨੂੰ ਪਾਤਰ ਨੇ ਨਵੇਂ ਸਿਰੇ ਤੋਂ ਵਿਆਖਿਆ ਕੀਤਾ ਹੈ। ਪੰਕਤੀਆਂ:

ਕਿਸ ਕਿਸ ਦਿਸ਼ਾ ਤੋਂ ਸ਼ਾਮ ਨੂੰ ਆਵਾਜ਼ਾਂ ਆਉਂਦੀਆਂ?

ਬੰਦੇ ਨੂੰ ਬਿਹਬਲ ਕਰਦੀਆਂ ਪਾਗਲ ਬਣਾਉਂਦੀਆਂ।

ਫ਼ਨੂਸ ਨੇ, ਇਹ ਸ਼ਮਾ ਹੈ, ਅਹੁ ਜੋਤ ਹੈ, ਇਹ ਲਾਟ

ਤੇ ਦੂਰ ਕਿਧਰੇ ਮਾਵਾਂ ਨੇ ਦੀਵੇ ਜਗਾਉਂਦੀਆਂ।

ਲੂਣਾ ਅਗਨ, ਸੁੰਦਰਾਂ ਨਦੀ ਤੇ ਧਰਤ ਇੱਛਰਾਂ

ਜੋਗੀ ਨੂੰ ਵਾਰ ਵਾਰ ਨੇ ਪੂਰਨ ਬਣਾਉਂਦੀਆਂ।

ਇਹ ਕਵਿਤਾ ਸੁੰਦਰਾਂ ਦੀ ਇਕੱਲਤਾ ਅਤੇ ਦੁੱਖ ਨੂੰ ਦਰਸਾਉਂਦੀ ਹੈ, ਪਰ ਨਾਲ ਹੀ ਉਸ ਦੀ ਜੀਵਨ-ਸ਼ਕਤੀ ਅਤੇ ਸਮਾਜਿਕ ਸੰਘਰਸ਼ ਨੂੰ ਵੀ ਉਜਾਗਰ ਕਰਦੀਆਂ ਹਨ। ਪਰੰਪਰਾਗਤ ਕਥਾ ਵਿੱਚ ਸੁੰਦਰਾਂ ਦੀ ਮੌਤ ਉਸ ਦੀ ਕਹਾਣੀ ਦਾ ਅੰਤ ਸੀ, ਪਰ ਪਾਤਰ ਇਸ ਨੂੰ ਬਦਲਦੇ ਹੋਏ ਸੁੰਦਰਾਂ ਨੂੰ ਜੀਵਨ ਅਤੇ ਸੰਘਰਸ਼ ਦੀ ਪ੍ਰਤੀਕ ਬਣਾਉਂਦੇ ਹਨ। ਇਹ ਬਦਲਾਅ ਸਮਾਜਿਕ ਜਾਗਰੂਕਤਾ ਅਤੇ ਔਰਤ ਦੀ ਸਥਿਤੀ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਹੈ। ਸਮਿਥ ਦੇ ਸਿਧਾਂਤ ਦੇ ਅਨੁਸਾਰ, ਮਿੱਥਕ ਕਥਾਵਾਂ ਸਮੂਹਿਕ ਪਛਾਣ ਨੂੰ ਮਜ਼ਬੂਤ ਕਰਦੀਆਂ ਹਨ, ਅਤੇ ਪਾਤਰ ਇਸ ਮਿੱਥ ਨੂੰ ਵਰਤਦੇ ਹੋਏ ਪੰਜਾਬੀ ਸਮਾਜ ਦੀਆਂ ਸਮਕਾਲੀ ਸਮੱਸਿਆਵਾਂ, ਖਾਸਕਰ ਔਰਤਾਂ ਦੀ ਸਥਿਤੀ, ਨੂੰ ਸੰਬੋਧਿਤ ਕਰਦੇ ਹਨ। ਸੁੰਦਰਾਂ ਦੀ ਕਥਾ, ਜੋ ਪੰਜਾਬੀ ਸਭਿਆਚਾਰ ਦੀ ਇੱਕ ਅਹਿਮ ਕੜੀ ਹੈ, ਨੂੰ ਪਾਤਰ ਨੇ ਆਧੁਨਿਕ ਸਮਾਜਿਕ ਚੇਤਨਾ ਨਾਲ ਜੋੜਿਆ ਹੈ, ਜੋ ਪੰਜਾਬੀ ਕੌਮੀਅਤ ਨੂੰ ਸਭਿਆਚਾਰਕ ਅਤੇ ਸਮਾਜਿਕ ਤੌਰ 'ਤੇ ਮੁੜ ਸੁਰਜੀਤ ਕਰਦੀ ਹੈ।

**ਸਮਾਜਿਕ ਜਾਗਰੂਕਤਾ ਅਤੇ ਕੌਮੀਅਤ**

ਪਾਤਰ ਦੀ ਕਵਿਤਾ ਵਿੱਚ ਮਿੱਥਕ ਅਤੇ ਲੋਕਧਾਰਕ ਕਥਾਵਾਂ ਦੀ ਵਰਤੋਂ ਸਿਰਫ਼ ਸਭਿਆਚਾਰਕ ਵਿਰਾਸਤ ਨੂੰ ਸੰਭਾਲਣ ਦਾ ਸਾਧਨ ਨਹੀਂ, ਸਗੋਂ ਸਮਾਜਿਕ ਜਾਗਰੂਕਤਾ ਨੂੰ ਵਧਾਉਣ ਦਾ ਵੀ ਇੱਕ ਤਰੀਕਾ ਹੈ। "ਸੁੰਦਰਾਂ" ਵਿੱਚ ਔਰਤ ਦੀ ਵੇਦਨਾ ਅਤੇ ਸੰਘਰਸ਼ ਨੂੰ ਉਜਾਗਰ ਕਰਕੇ ਪਾਤਰ ਸਮਾਜਿਕ ਅਸਮਾਨਤਾਵਾਂ ਅਤੇ ਪਿਤ੍ਰੀਸੱਤੀ ਵਿਵਸਥਾ 'ਤੇ ਸਵਾਲ ਉਠਾਉਂਦੇ ਹਨ। ਇਸੇ ਤਰ੍ਹਾਂ, "ਹੀਰ" ਵਿੱਚ ਪੰਜਾਬ ਦੇ ਸਮੂਹਿਕ ਦੁੱਖ ਅਤੇ ਪਿਆਰ ਨੂੰ ਪ੍ਰਗਟ ਕਰਕੇ ਉਹ ਪੰਜਾਬੀ

Volume: 11, March 2025 ISSN: 2394-0980
PP: 56-65

ਸਭਿਆਚਾਰ ਦੀ ਸੰਵੇਦਨਸ਼ੀਲਤਾ ਨੂੰ ਜ਼ਾਹਿਰ ਕਰਦੇ ਹਨ। ਇਹ ਦੋਵੇਂ ਕਵਿਤਾਵਾਂ ਸਮਿਥ ਦੇ ਸਿਧਾਂਤ ਨੂੰ ਸਮਰਥਨ ਦਿੰਦੀਆਂ ਹਨ ਕਿ ਮਿੱਥਕ ਅਤੇ ਸਭਿਆਚਾਰਕ ਪਰੰਪਰਾਵਾਂ ਕੌਮੀ ਪਛਾਣ ਨੂੰ ਨਾ ਸਿਰਫ਼ ਮਜ਼ਬੂਤ ਕਰਦੀਆਂ ਹਨ, ਸਗੋਂ ਸਮਕਾਲੀ ਸਮਾਜਿਕ ਮੁੱਦਿਆਂ ਨੂੰ ਸੰਬੋਧਿਤ ਕਰਨ ਦਾ ਸਾਧਨ ਵੀ ਬਣਦੀਆਂ ਹਨ।

4. **ਪੰਜਾਬੀ ਭਾਸ਼ਾ ਅਤੇ ਸਾਹਿਤਕ ਸੰਵੇਦਨਾ**

ਸੁਰਜੀਤ ਪਾਤਰ ਦੀ ਕਵਿਤਾ ਪੰਜਾਬੀ ਭਾਸ਼ਾ ਦੀ ਸਰਲਤਾ ਅਤੇ ਸੰਵੇਦਨਸ਼ੀਲਤਾ ਨੂੰ ਇੱਕ ਅਜਿਹੇ ਸਾਧਨ ਵਜੋਂ ਵਰਤਦੀ ਹੈ ਜੋ ਪੰਜਾਬੀ ਕੌਮੀਅਤ ਦੇ ਸੰਕਲਪ ਨੂੰ ਨਾ ਸਿਰਫ਼ ਮਜ਼ਬੂਤ ਕਰਦੀ ਹੈ, ਸਗੋਂ ਇਸ ਨੂੰ ਭਾਵਨਾਤਮਕ ਅਤੇ ਸਮਾਜਿਕ ਡੂੰਘਾਈ ਵੀ ਪ੍ਰਦਾਨ ਕਰਦੀ ਹੈ। ਹੋਮੀ ਭਾਭਾ ਦੇ ਸਿਧਾਂਤ ਅਨੁਸਾਰ, ਭਾਸ਼ਾ ਅਤੇ ਸਾਹਿਤ ਕੌਮੀ ਪਛਾਣ ਨੂੰ ਸੰਵੇਦਨਸ਼ੀਲ ਅਤੇ ਸਰਗਰਮ ਰੂਪ ਵਿੱਚ ਪੇਸ਼ ਕਰਦੇ ਹਨ। ਪਾਤਰ ਦੀ ਕਵਿਤਾ ਇਸ ਸਿਧਾਂਤ ਨੂੰ ਸਾਕਾਰ ਕਰਦੀ ਹੈ, ਜਿਸ ਵਿੱਚ ਪੰਜਾਬੀ ਭਾਸ਼ਾ ਦੀ ਸਰਲਤਾ ਸਮਾਜਿਕ ਅਤੇ ਸਭਿਆਚਾਰਕ ਪਛਾਣ ਨੂੰ ਸਮੁਦਾਇਕ ਸਤਰ 'ਤੇ ਜੋੜਦੀ ਹੈ। ਉਨ੍ਹਾਂ ਦੀ ਕਵਿਤਾ "ਮੇਰੀ ਕਵਿਤਾ" ਵਿੱਚ, ਪਾਤਰ ਪੰਜਾਬੀ ਭਾਸ਼ਾ ਦੀ ਸੰਵੇਦਨਸ਼ੀਲਤਾ ਨੂੰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਮੇਰੀ ਮਾਂ ਨੂੰ ਮੇਰੀ ਕਵਿਤਾ ਸਮਝ ਨਾ ਆਈ

ਭਾਵੇਂ ਮੇਰੀ ਮਾਂ-ਬੋਲੀ ਵਿਚ ਲਿਖੀ ਹੋਈ ਸੀ

ਉਹ ਤਾਂ ਕੇਵਲ ਏਨਾ ਸਮਝੀ

ਪੁੱਤ ਦੀ ਰੂਹ ਨੂੰ ਦੁਖ ਹੈ ਕੋਈ (ਲਫ਼ਜ਼ਾਂ ਦੀ ਦਰਗਾਹ)

ਇਹ ਪੰਕਤੀਆਂ ਪੰਜਾਬੀ ਭਾਸ਼ਾ ਦੀ ਸਰਲਤਾ ਨੂੰ ਇੱਕ ਭਾਵਨਾਤਮਕ ਪੁਲ ਦੇ ਰੂਪ ਵਿੱਚ ਪੇਸ਼ ਕਰਦੀਆਂ ਹਨ, ਜੋ ਮਾਂ ਅਤੇ ਪੁੱਤਰ ਵਿਚਕਾਰ ਸੰਵੇਦਨਸ਼ੀਲ ਸੰਬੰਧ ਨੂੰ ਉਜਾਗਰ ਕਰਦੀਆਂ ਹਨ। ਇਸ ਵਿੱਚ ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਸਗੋਂ ਰੂਹਾਨੀ ਅਤੇ ਸਮਾਜਿਕ ਜੁੜਾਅ ਦਾ ਪ੍ਰਤੀਕ ਹੈ। ਪਾਤਰ ਦੀ ਭਾਸ਼ਾ ਦੀ ਵਰਤੋਂ ਪੰਜਾਬੀ ਸਮੁਦਾਇ ਦੀ ਸਮੂਹਿਕ ਸੰਵੇਦਨਸ਼ੀਲਤਾ ਨੂੰ ਪ੍ਰਤੀਬਿੰਬਤ ਕਰਦੀ ਹੈ, ਜੋ ਹੋਮੀ ਭਾਭਾ ਦੇ ਸਿਧਾਂਤ ਨਾਲ ਸੰਬੰਧਿਤ ਹੈ, ਜਿੱਥੇ ਭਾਸ਼ਾ ਕੌਮੀ ਪਛਾਣ ਨੂੰ ਸਰਗਰਮ ਅਤੇ ਸੰਵੇਦਨਸ਼ੀਲ ਰੂਪ ਵਿੱਚ ਸਿਰਜਦੀ ਹੈ।

**ਸੁਰਜੀਤ ਪਾਤਰ ਦੀ ਕਵਿਤਾ ਅਤੇ ਵਿਸ਼ਵ-ਵਿਆਪੀ ਸੰਦਰਭ**

ਸੁਰਜੀਤ ਪਾਤਰ ਦੀ ਕਵਿਤਾ ਪੰਜਾਬੀ ਪਛਾਣ ਨੂੰ ਸਥਾਨਕ ਸੀਮਾਵਾਂ ਤੋਂ ਪਰ੍ਹੇ ਲੈ ਜਾਂਦੀ ਹੈ ਅਤੇ ਇਸ ਨੂੰ ਵਿਸ਼ਵਵਿਆਪੀ ਸੰਦਰਭ ਵਿੱਚ ਪੇਸ਼ ਕਰਦੀ ਹੈ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਪੰਜਾਬੀ ਕੌਮੀਅਤ ਸਿਰਫ਼ ਭੂਗੋਲਿਕ ਜਾਂ ਰਾਜਨੀਤਕ ਸੀਮਾਵਾਂ ਤੱਕ ਸੀਮਤ ਨਹੀਂ, ਸਗੋਂ ਮਨੁੱਖੀ ਸੰਵੇਦਨਾਵਾਂ, ਸਮਾਜਿਕ ਸੰਘਰਸ਼, ਅਤੇ ਸਭਿਆਚਾਰਕ ਜਾਗਰੂਕਤਾ ਨਾਲ ਜੁੜੀ ਹੋਈ ਹੈ। ਪਾਤਰ ਦੀ ਕਵਿਤਾ ਵਿੱਚ ਸਥਾਨਕ ਅਤੇ ਵਿਸ਼ਵਵਿਆਪੀ ਸੰਵੇਦਨਸ਼ੀਲਤਾ ਦਾ ਸੁਮੇਲ ਵੇਖਣ ਨੂੰ ਮਿਲਦਾ ਹੈ, ਜੋ ਵਿਸ਼ਵਵਿਆਪੀ ਕਵੀਆਂ ਜਿਵੇਂ ਪਾਬਲੋ ਨੇਰੂਦਾ ਅਤੇ ਬਰਤੋਲਤ ਬਰੇਖਤ ਨਾਲ ਸਮਾਨਤਾਵਾਂ ਰੱਖਦਾ ਹੈ। ਇਨ੍ਹਾਂ ਕਵੀਆਂ ਵਾਂਗ ਹੀ ਪਾਤਰ ਦੀ ਕਵਿਤਾ ਵਿੱਚ ਵੀ ਪੰਜਾਬੀ ਪਛਾਣ ਨੂੰ ਸਮਾਜਿਕ ਅਤੇ

ਸਭਿਆਚਾਰਕ ਸੰਘਰਸ਼ ਦੇ ਸੰਦਰਭ ਵਿੱਚ ਪੇਸ਼ ਕੀਤਾ ਜਾਂਦਾ ਹੈ, ਜੋ ਸਥਾਨਕ ਹੋਣ ਦੇ ਨਾਲ-ਨਾਲ ਵਿਸ਼ਵਵਿਆਪੀ ਸੰਵੇਦਨਾਵਾਂ ਨੂੰ ਵੀ ਛੂਹਦੀ ਹੈ। ਬਰਤੋਲਤ ਬਰੇਖਤ ਦੀ ਕਵਿਤਾ ਵਿੱਚ ਸਮਾਜਿਕ ਨਿਆਂ ਅਤੇ ਪ੍ਰਤੀਰੋਧ ਦੀ ਭਾਵਨਾ ਪ੍ਰਮੁੱਖ ਹੈ। ਬਰੇਖਤ ਦੀਆਂ ਕਵਿਤਾਵਾਂ ਸਮਾਜਿਕ ਅਸਮਾਨਤਾਵਾਂ ਅਤੇ ਸੰਘਰਸ਼ ਨੂੰ ਉਜਾਗਰ ਕਰਦੀਆਂ ਹਨ, ਅਤੇ ਪਾਤਰ ਦੀ ਕਵਿਤਾ ਵਿੱਚ ਵੀ ਇਹ ਸਮਾਜਿਕ ਸੰਘਰਸ਼ ਅਤੇ ਪ੍ਰਤੀਰੋਧ ਦੀ ਭਾਵਨਾ ਪ੍ਰਗਟ ਹੁੰਦੀ ਹੈ। ਜਸਵਿੰਦਰ ਸਿੰਘ ਦੇ ਅਨੁਸਾਰ:

“ਪਾਤਰ ਦਾ ਨਾਇਕ ਅਜਿਹਾ ਕਾਵਿ ਨਾਇਕ ਹੈ ਜੋ ਕ੍ਰਾਂਤੀ ਦਾ ਪ੍ਰਸੰਸਕ ਹੈ, ਕ੍ਰਾਂਤੀ ਦੇ ਸੁਪਨੇ ਦਾ ਹਾਮੀ ਹੈ, ਕ੍ਰਾਂਤੀਕਾਰੀ ਨਾਇਕ ਦੀ ਸੂਰਮਗਤੀ ਕੁਰਬਾਨੀ ਨੂੰ ਨਤਮਸਤਕ ਹੈ”[7]

ਇਹ ਕਥਨ ਪਾਤਰ ਦੀ ਕਵਿਤਾ ਦੀ ਸੰਘਰਸ਼ਮਈ ਅਤੇ ਪ੍ਰੇਰਨਾਦਾਇਕ ਸ਼ਕਤੀ ਨੂੰ ਉਜਾਗਰ ਕਰਦਾ ਹੈ, ਜੋ ਵਿਸ਼ਵਵਿਆਪੀ ਸੰਦਰਭ ਵਿੱਚ ਸਮਾਜਿਕ ਨਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੀ ਹੈ।

ਅੰਤ ਵਿਚ ਕਹਿ ਸਕਦੇ ਹਾਂ ਕਿ ਸੁਰਜੀਤ ਪਾਤਰ ਦੀ ਕਵਿਤਾ ਵਿੱਚ ਕੌਮੀਅਤ ਦਾ ਸੰਕਲਪ ਪੰਜਾਬੀ ਸਭਿਆਚਾਰ, ਭਾਸ਼ਾ, ਸਮਾਜਿਕ ਸੰਘਰਸ਼ ਅਤੇ ਲੋਕਧਾਰਾ ਦੇ ਸੁਮੇਲ ਵਜੋਂ ਪ੍ਰਗਟ ਹੁੰਦਾ ਹੈ। ਉਨ੍ਹਾਂ ਦੀਆਂ ਕਵਿਤਾਵਾਂ ਪੰਜਾਬੀ ਪਛਾਣ ਨੂੰ ਸਥਾਨਕ ਅਤੇ ਵਿਸ਼ਵਵਿਆਪੀ ਸੰਦਰਭ ਵਿੱਚ ਪੇਸ਼ ਕਰਦੀਆਂ ਹਨ, ਜੋ ਐਂਡਰਸਨ ਦੇ "ਕਲਪਿਤ ਸਮੁਦਾਇ", ਗੈਲਨਰ ਦੇ ਸਮਾਜਿਕ ਸੰਘਰਸ਼, ਸਮਿਥ ਦੀਆਂ ਮਿੱਥਕ ਪਰੰਪਰਾਵਾਂ ਅਤੇ ਹੋਮੀ ਭਾਭਾ ਦੇ ਭਾਸ਼ਾਈ ਨਿਰਮਾਣ ਦੇ ਸਿਧਾਂਤਾਂ ਨਾਲ ਜੁੜਦੀਆਂ ਹਨ। ਪਾਤਰ ਦੀ ਕਵਿਤਾ ਪੰਜਾਬੀ ਕੌਮੀਅਤ ਨੂੰ ਸਮਾਜਿਕ ਜਾਗਰੂਕਤਾ, ਪ੍ਰਤੀਰੋਧ ਅਤੇ ਸਭਿਆਚਾਰਕ ਮਾਣ ਦੇ ਰੂਪ ਵਿੱਚ ਪੇਸ਼ ਕਰਦੀ ਹੈ, ਜੋ ਪੰਜਾਬੀ ਸਾਹਿਤ ਨੂੰ ਇੱਕ ਵਿਲੱਖਣ ਅਤੇ ਸਾਰਥਕ ਪਛਾਣ ਪ੍ਰਦਾਨ ਕਰਦੀ ਹੈ।

**ਹਵਾਲੇ**

1. Ernest Gellner Nations and Nationalism. Oxford: Blackwell, p. 1.
2. Benedict Anderson Imagined Communities: Reflections on the Origin and Spread of Nationalism. London: Verso, p. 6.
3. Anthony D. Smith The Ethnic Origins of Nations. Oxford: Blackwell, p. 15.
4. Eric Hobsbawm Nations and Nationalism since 1780: Programme, Myth, Reality. Cambridge: Cambridge University Press, p. 10.
5. John Breuilly Nationalism and the State (2nd ed.). Manchester: Manchester University Press, p. 2.
6. ਸੁਰਜੀਤ ਪਾਤਰ ਦਾ ਦੇਹਾਂਤ, BBC News, www.bbc.com, 2020.
7. ਡਾ. ਜਸਵਿੰਦਰ ਸਿੰਘ ਪੰਜਾਬੀ ਸਾਹਿਤ ਦਾ ਇਤਿਹਾਸ, p. 89)।

**ਖੋਜ ਪੰਧ** (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

# ਰਾਜਨੀਤਿਕ ਸਿਧਾਂਤ ਅਤੇ ਉੱਤਰ-ਆਧੁਨਿਕਤਾਵਾਦ

**ਡਾ. ਜਗਤਾਰ ਸਿੰਘ**
**ਅਸਿਸਟੈਂਟ ਪ੍ਰੋਫੈਸਰ, ਰਾਜਨੀਤਿਕ ਵਿਗਿਆਨ ਵਿਭਾਗ,**
**ਖਾਲਸਾ ਕਾਲਜ, ਪਟਿਆਲਾ।**

**ਜਾਣ-ਪਛਾਣ-** ਰਾਜਨੀਤਿਕ ਸਿਧਾਂਤ (Political theory) ਲੰਮੇ ਸਮੇਂ ਤੋਂ ਰਾਜਨੀਤਿਕ ਪ੍ਰਣਾਲੀਆਂ (political systems) ਦੀ ਉਤਪਤੀ, ਢਾਂਚੇ, ਕੰਮਕਾਜ ਅਤੇ ਸੀਮਾਵਾਂ ਨੂੰ ਸਮਝਣ ਦਾ ਇੱਕ ਮੁੱਖ ਆਧਾਰ ਰਿਹਾ ਹੈ। ਸ਼ੁਰੂਆਤੀ ਦੌਰ ਵਿੱਚ ਇਹ ਨਿਆਂ, ਆਜ਼ਾਦੀ, ਅਤੇ ਪ੍ਰਭੂਸੱਤਾ ਵਰਗੇ ਬੁਨਿਆਦੀ ਵਿਚਾਰਾਂ 'ਤੇ ਅਧਾਰਿਤ ਸੀ। ਰਾਜਨੀਤਿਕ ਸਿਧਾਂਤ ਦਾ ਵਿਕਾਸ ਇਤਿਹਾਸਕ ਅੰਦੋਲਨਾਂ ਜਿਵੇਂ ਕਿ ਪੁਰਾਤਨ ਫਿਲਾਸਫੀ, ਗਿਆਨਵਾਦ (Enlightenment rationalism), ਆਧੁਨਿਕ ਉਦਾਰਵਾਦ (modern liberalism) ਅਤੇ ਮਾਰਕਸਵਾਦ (Marxism) ਦੇ ਨਾਲ-ਨਾਲ ਹੋਇਆ ਹੈ –ਪਰ, ਜਦੋਂ 20ਵੀਂ ਸਦੀ ਦੇ ਅੰਤ ਵਿੱਚ **ਉੱਤਰ-ਆਧੁਨਿਕਤਾਵਾਦ** (post-modernism) ਦਾ ਉਭਾਰ ਹੋਇਆ ਤਾ ਵਿਸ਼ਵ ਸਮਾਜ ਵਿੱਚ ਇੱਕ ਡੂੰਘਾ ਬਦਲਾਅ ਆਇਆ। ਉੱਤਰ-ਆਧੁਨਿਕਤਾਵਾਦ ਆਧੁਨਿਕ ਵਿਚਾਰਾਂ ਦੇ ਵੱਡੇ ਬਿਰਤਾਂਤਾਂ (grand narratives) ਅਤੇ ਬੁਨਿਆਦੀ ਧਾਰਨਾਵਾਂ ਦੇ ਜਵਾਬ ਵਿੱਚ ਇੱਕ ਆਲੋਚਨਾਤਮਕ ਪਹੁੰਚ ਸੀ, ਜਿਸਨੇ ਰਾਜਨੀਤਿਕ ਸਿਧਾਂਤ ਦੀਆਂ ਗਿਆਨ-ਵਿਗਿਆਨਕ (epistemological) ਅਤੇ ਸੱਤਾ-ਵਿਗਿਆਨਕ (ontological) ਦੋਵਾਂ ਧਾਰਨਾਵਾਂ ਨੂੰ ਚੁਣੌਤੀ ਦਿੱਤੀ। ਉੱਤਰ-ਆਧੁਨਿਕਤਾਵਾਦ 20ਵੀਂ ਸਦੀ ਦੇ ਦੂਜੇ ਅੱਧ ਵਿੱਚ ਫਿਲਾਸਫੀ, ਸਾਹਿਤ, ਅਤੇ ਸਮਾਜ ਸ਼ਾਸਤਰ (sociology) ਵਰਗੇ ਖੇਤਰਾਂ ਵਿੱਚ ਪ੍ਰਮੁੱਖ ਰੂਪ ਵਿੱਚ ਉਭਰਿਆ, ਜਿਸ ਵਿੱਚ **ਜੀਨ-ਫ੍ਰਾਂਸੋਆ ਲਿਓਤਾਰ** (JEAN-FRANÇOIS LYOTARD), **ਮਿਸ਼ੇਲ ਫੂਕੋ** (MICHEL FOUCAULT), **ਜੈਕ ਡੈਰੀਡਾ** (JACQUES DERRIDA), ਅਤੇ **ਜੀਨ ਬਾਡਰੀਲਾਰਡ** (JEAN BAUDRILLARD) ਵਰਗੇ ਚਿੰਤਕਾਂ ਨੇ ਮੋਹਰੀ ਭੂਮਿਕਾ ਨਿਭਾਈ। ਰਾਜਨੀਤਿਕ ਸਿਧਾਂਤ ਵਿੱਚ ਉੱਤਰ-ਆਧੁਨਿਕਤਾਵਾਦ ਦਾ ਮੁੱਖ ਉਦੇਸ਼ ਉਨ੍ਹਾਂ **ਵੱਡੇ ਬਿਰਤਾਂਤਾਂ** (metanarratives) ਨੂੰ ਅਸਥਿਰ ਕਰਨਾ ਹੈ ਜੋ ਵਿਸ਼ਾਲ ਕਹਾਣੀਆਂ ਜਾਂ ਵਿਚਾਰਧਾਰਾਵਾਂ ਰਾਹੀ ਇਤਿਹਾਸਕ ਅਤੇ ਸਮਾਜਿਕ ਵਿਕਾਸ ਨੂੰ ਵਿਆਪਕ ਤੌਰ 'ਤੇ ਸਮਝਾਉਣ ਦਾ ਦਾਅਵਾ ਕਰਦੀਆਂ ਹਨ। ਲਿਓਤਾਰ ਦੇ ਸ਼ਬਦਾਂ ਵਿੱਚ, ਉੱਤਰ-ਆਧੁਨਿਕਤਾਵਾਦ ਨੂੰ "ਵੱਡੇ ਬਿਰਤਾਂਤਾਂ ਪ੍ਰਤੀ ਅਵਿਸ਼ਵਾਸ" ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਸੰਦਰਭ ਵਿੱਚ, "ਨਾਗਰਿਕ," "ਮਜ਼ਦੂਰ," ਜਾਂ "ਰਾਸ਼ਟਰ" ਵਰਗੀਆਂ ਰਾਜਨੀਤਿਕ ਸ਼੍ਰੇਣੀਆਂ ਨੂੰ ਹੁਣ ਜ਼ਰੂਰੀ ਜਾਂ ਸਦੀਵੀ ਨਹੀਂ ਮੰਨਿਆ ਜਾਂਦਾ, ਸਗੋਂ ਉਹਨਾਂ ਨੂੰ ਵਿਚਾਰ-ਵਟਾਂਦਰੇ ਵਾਲੇ ਨਿਰਮਾਣ (discursive constructions) ਵਜੋਂ ਦੇਖਿਆ ਜਾਂਦਾ ਹੈ ਜੋ ਸਿਰਫ ਖਾਸ ਇਤਿਹਾਸਕ ਅਤੇ ਭਾਸ਼ਾਈ ਢਾਂਚੇ ਦੇ ਅੰਦਰ ਹੀ ਅਰਥ ਪ੍ਰਾਪਤ ਕਰਦੇ ਹਨ। ਉੱਤਰ-ਆਧੁਨਿਕ ਰਾਜਨੀਤਿਕ ਚਿੰਤਕ **ਸ਼ਕਤੀ/ਗਿਆਨ** (power/knowledge) ਦੀ ਭੂਮਿਕਾ 'ਤੇ ਵੀ ਜ਼ੋਰ ਦਿੰਦੇ ਹਨ, ਜੋ ਕਿ ਇੱਕ ਅਜਿਹਾ ਸੰਕਲਪ ਹੈ, ਜੋ ਨਿਰਪੱਖ ਸਿਆਸੀ ਵਿਸ਼ਲੇਸ਼ਣ ਦੀਆਂ ਰਵਾਇਤੀ ਧਾਰਨਾਵਾਂ ਨੂੰ ਚੁਣੌਤੀ ਦਿੰਦਾ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ,

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

ਗਿਆਨ ਕਦੇ ਵੀ ਰਾਜਨੀਤਿਕ ਤੌਰ 'ਤੇ ਨਿਰਪੱਖ ਨਹੀਂ ਹੁੰਦਾ ਸਗੋ ਇਹ ਸਿੱਖਿਆ, ਕਾਨੂੰਨ, ਅਤੇ ਮੀਡੀਆ ਵਰਗੀਆਂ ਸੰਸਥਾਵਾਂ ਵਿੱਚ ਸ਼ਕਤੀ ਸਬੰਧਾਂ ਦੁਆਰਾ ਪੈਦਾ ਕੀਤਾ ਅਤੇ ਕਾਇਮ ਰੱਖਿਆ ਜਾਂਦਾ ਹੈ।

ਇਸ ਖੋਜ ਪੱਤਰ ਦਾ ਮੁੱਖ ਉਦੇਸ਼ ਰਾਜਨੀਤਿਕ **ਸਿਧਾਂਤ ਅਤੇ ਉੱਤਰ-ਆਧੁਨਿਕਤਾਵਾਦ ਦੇ ਆਪਸੀ ਸਬੰਧਾਂ** ਦਾ ਵਿਸ਼ਲੇਸ਼ਣ ਕਰਕੇ ਇਸ ਗੱਲ 'ਤੇ ਧਿਆਨ ਕੇਂਦ੍ਰਿਤ ਕਰਨਾ ਹੈ ਕਿ ਕਿਵੇਂ ਉੱਤਰ-ਆਧੁਨਿਕ ਚਿੰਤਕਾਂ ਨੇ ਇਸ ਖੇਤਰ ਨੂੰ ਪ੍ਰਭਾਵਿਤ ਕੀਤਾ, ਚੁਣੌਤੀ ਦਿੱਤੀ, ਅਤੇ ਕੁਝ ਮਾਮਲਿਆਂ ਵਿੱਚ ਮੁੜ ਪਰਿਭਾਸ਼ਿਤ ਕੀਤਾ ਹੈ। ਇਸ ਪੇਪਰ ਵਿੱਚ ਉੱਤਰ-ਆਧੁਨਿਕਤਾਵਾਦ ਨਾਲ ਜੁੜੇ ਮੁੱਖ ਵਿਸ਼ਿਆਂ ਅਤੇ ਚਿੰਤਕਾਂ ਦੀ ਪੜਚੋਲ ਕਰਕੇ ਪੁਰਾਤਨ ਅਤੇ ਸਮਕਾਲੀ ਰਾਜਨੀਤਿਕ ਸਿਧਾਂਤਾਂ ਉੱਤੇ ਉਹਨਾਂ ਦੇ ਪ੍ਰਭਾਵ ਦਾ ਮੁਲਾਂਕਣ ਵੀ ਕੀਤਾ ਗਿਆ ਹੈ । ਇਸ ਖੋਜ-ਪੱਤਰ ਨੂੰ ਸੇਧ ਦੇਣ ਵਾਲੇ ਮੁੱਖ ਖੋਜ ਸਵਾਲ ਹੇਠ ਲਿਖੇ ਅਨੁਸਾਰ ਹਨ:

- ਉੱਤਰ-ਆਧੁਨਿਕਤਾਵਾਦ ਰਾਜਨੀਤਿਕ ਸਿਧਾਂਤ ਦੀਆਂ ਬੁਨਿਆਦੀ ਧਾਰਨਾਵਾਂ ਨੂੰ ਕਿਵੇਂ ਚੁਣੌਤੀ ਦਿੰਦਾ ਹੈ?
- ਉੱਤਰ-ਆਧੁਨਿਕ ਚਿੰਤਕਾਂ ਨੇ ਕਿਹੜੇ ਤਰੀਕਿਆਂ ਨਾਲ ਸ਼ਕਤੀ, ਪਛਾਣ, ਅਤੇ ਵਿਚਾਰ-ਵਟਾਂਦਰੇ ਵਰਗੇ ਸੰਕਲਪਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ?
- ਉੱਤਰ-ਆਧੁਨਿਕ ਦ੍ਰਿਸ਼ਟੀਕੋਣ ਅਪਣਾਉਣ ਦੇ ਰਾਜਨੀਤਿਕ ਅਤੇ ਨੈਤਿਕ ਨਤੀਜੇ ਕੀ ਹਨ?
- ਕੀ ਉੱਤਰ-ਆਧੁਨਿਕਤਾਵਾਦ 21ਵੀਂ ਸਦੀ ਵਿੱਚ ਰਾਜਨੀਤਿਕ ਵਿਸ਼ਲੇਸ਼ਣ ਲਈ ਇੱਕ ਵਿਹਾਰਕ ਢਾਂਚਾ ਪੇਸ਼ ਕਰ ਸਕਦਾ ਹੈ?

ਇਹਨਾਂ ਸਵਾਲਾਂ ਦੇ ਆਧਾਰ ਤੇ, ਇਸ ਖੋਜ-ਪੱਤਰ ਵਿੱਚ ਇਸ ਤੱਥ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਕਿਵੇਂ ਉੱਤਰ-ਆਧੁਨਿਕਤਾਵਾਦ ਰਾਜਨੀਤਿਕ ਸਿਧਾਂਤ ਦੇ ਸਰੂਪ ਨੂੰ ਮੁੜ ਪ੍ਰਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਉੱਤਰ-ਆਧੁਨਿਕਤਾਵਾਦ ਨੂੰ ਸਿਰਫ ਇੱਕ ਦਾਰਸ਼ਨਿਕ ਸ਼ੈਲੀ ਜਾਂ ਆਧੁਨਿਕਤਾ ਦੀ ਆਲੋਚਨਾ ਵਜੋਂ ਦੇਖਣ ਦੀ ਬਜਾਏ, ਇਹ ਖੋਜ-ਪੱਤਰ ਵਿੱਚ ਇਸ ਨੂੰ ਰਾਜਨੀਤਿਕ ਵਿਚਾਰਧਾਰਾ ਵਿੱਚ ਇੱਕ **ਪ੍ਰਭਾਵਸ਼ਾਲੀ ਅਤੇ ਪਰਿਵਰਤਨਸ਼ੀਲ ਸ਼ਕਤੀ** ਵਜੋਂ ਵਿਚਾਰਿਆ ਗਿਆ ਹੈ।

**ਸਿਧਾਂਤਕ ਪਿਛੋਕੜ:** ਉੱਤਰ-ਆਧੁਨਿਕਤਾਵਾਦ (Post-modernism) ਇੱਕ ਇਤਿਹਾਸਕ ਦੌਰ ਵੀ ਹੈ ਅਤੇ ਬੌਧਿਕ ਅਭਿਆਸਾਂ ਦਾ ਇੱਕ ਸਮੂਹ ਵੀ ਹੈ ਜੋ ਮੁੱਖ ਤੌਰ 'ਤੇ ਆਧੁਨਿਕਤਾਵਾਦ (modernism) ਦੀਆਂ ਸੀਮਾਵਾਂ ਅਤੇ ਵਿਰੋਧਾਭਾਸਾਂ ਦੇ ਜਵਾਬ ਵਿੱਚ ਉਭਰਿਆ ਹੈ। ਜਿੱਥੇ ਆਧੁਨਿਕਤਾਵਾਦ ਗਿਆਨਵਾਦ ਦੇ ਮੁੱਲਾਂ – ਤਰਕ, ਪ੍ਰਗਤੀ, ਸਰਵ ਵਿਆਪਕ ਸੱਚ, ਅਤੇ ਨਿਰਪੱਖਤਾ ਦੁਆਰਾ ਪ੍ਰੇਰਿਤ ਸੀ, ਉੱਥੇ ਉੱਤਰ-ਆਧੁਨਿਕਤਾਵਾਦ ਇਹਨਾਂ ਮੁੱਲਾਂ ਪ੍ਰਤੀ ਸ਼ੱਕੀ ਦ੍ਰਿਸ਼ਟੀਕੋਣ ਰੱਖਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਸੱਚਾਈ ਪੂਰਨ ਨਹੀਂ ਬਲਕਿ ਅਨਿਸ਼ਚਿਤ (contingent) ਹੈ, ਅਰਥ ਸਥਿਰ ਨਹੀਂ ਬਲਕਿ ਨਿਰਮਿਤ (constructed) ਹਨ ਅਤੇ ਸ਼ਕਤੀ ਕੇਂਦਰੀਕ੍ਰਿਤ ਨਹੀਂ ਬਲਕਿ ਸਮਾਜਿਕ ਸਬੰਧਾਂ ਅਤੇ ਵਿਚਾਰ-ਵਟਾਂਦਰੇ (discourses) ਰਾਹੀਂ ਫੈਲੀ ਹੋਈ ਹੈ। **ਜੀਨ-ਫ੍ਰਾਂਸੋਆ ਲਿਓਤਾਰ** (JEAN-FRANÇOIS LYOTARD) ਨੇ ਇਸ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਹਾ ਕਿ ਉੱਤਰ-ਆਧੁਨਿਕਤਾਵਾਦ "ਵੱਡੇ ਬਿਰਤਾਂਤਾਂ ਪ੍ਰਤੀ ਅਵਿਸ਼ਵਾਸ" ਨੂੰ ਦਰਸਾਉਂਦਾ ਹੈ। ਇਹਨਾਂ ਵੱਡੇ ਬਿਰਤਾਂਤਾਂ ਵਿੱਚ ਉਦਾਰਵਾਦ ਦਾ ਤਰਕਸ਼ੀਲ

ਵਿਅਕਤੀਵਾਦ 'ਤੇ ਜ਼ੋਰ, ਮਾਰਕਸਵਾਦ ਦਾ ਵਰਗ ਸੰਘਰਸ਼, ਅਤੇ ਇੱਥੋਂ ਤੱਕ ਕਿ ਰਾਸ਼ਟਰਵਾਦ ਦੀਆਂ ਇੱਕਜੁੱਟ ਲੋਕਾਂ ਦੀਆਂ ਰੋਮਾਂਟਿਕ ਧਾਰਨਾਵਾਂ ਵੀ ਸ਼ਾਮਲ ਹਨ। ਮੁੱਖ ਰੂਪ ਵਿੱਚ, ਉੱਤਰ-ਆਧੁਨਿਕਤਾਵਾਦ ਗਿਆਨ, ਪਛਾਣ, ਅਤੇ ਅਰਥ ਦੀਆਂ ਮੂਲ ਧਾਰਨਾਂਵਾ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਰਾਜਨੀਤਿਕ ਸਿਧਾਂਤ ਲਈ ਇਸਦੀ ਪ੍ਰਸੰਗਿਕਤਾ ਇਸਦੇ **ਗਿਆਨ-ਵਿਗਿਆਨਕ ਸੰਦੇਹ** (epistemological skepticism), **ਸੱਤਾ-ਵਿਗਿਆਨਕ ਬਹੁਵਾਦ** (ontological pluralism), ਅਤੇ **ਵਿਧੀ-ਵਿਗਿਆਨਕ ਵਿਖੰਡਨ** (methodological fragmentation) ਵਿੱਚ ਹੈ। ਉੱਤਰ-ਆਧੁਨਿਕਤਾਵਾਦ ਕੋਈ ਨਵਾਂ ਮਹਾਨ ਸਿਧਾਂਤ ਪੇਸ਼ ਨਹੀਂ ਕਰਦਾ, ਸਗੋਂ ਇਹ ਸਿਧਾਂਤਕ ਨਿਮਰਤਾ (theoretical modesty), ਦ੍ਰਿਸ਼ਟੀਕੋਣਾਂ ਦੀ ਬਹੁਲਤਾ, ਅਤੇ ਰਵਾਇਤੀ ਰਾਜਨੀਤਿਕ ਵਿਚਾਰਾਂ ਦੁਆਰਾ ਅਕਸਰ ਬਾਹਰ ਕੀਤੇ ਗਏ ਅਤੇ ਹਾਸ਼ੀਏ 'ਤੇ ਪਏ ਲੋਕਾਂ ਦੀਆਂ ਆਵਾਜ਼ਾਂ ਵੱਲ ਧਿਆਨ ਦੇਣ 'ਤੇ ਜ਼ੋਰ ਦਿੰਦਾ ਹੈ। ਉੱਤਰ-ਆਧੁਨਿਕਤਾਵਾਦ ਦੀਆਂ ਜੜ੍ਹਾਂ ਨੂੰ ਫਿਲਾਸਫੀ ਦੀ ਮਹਾਂਦੀਪੀ ਪਰੰਪਰਾ, ਖਾਸ ਕਰਕੇ **ਉੱਤਰ-ਸੰਰਚਨਾਵਾਦ** (post-structuralism), ਵਿੱਚ ਲੱਭਿਆ ਜਾ ਸਕਦਾ ਹੈ, ਜੋ 1960 ਅਤੇ 1970 ਦੇ ਦਹਾਕੇ ਵਿੱਚ ਫਰਾਂਸ ਵਿੱਚ ਉਭਰਿਆ। **ਮਿਸ਼ੇਲ ਫੂਕੋ** (MICHEL FOUCAULT), **ਜੈਕ ਡੈਰੀਡਾ** (JACQUES DERRIDA), ਅਤੇ **ਰੋਲਾਂ ਬਾਰਥਸ** (ROLAND BARTHES) ਵਰਗੇ ਚਿੰਤਕਾਂ ਨੇ ਭਾਸ਼ਾ, ਪਛਾਣ ਅਤੇ ਰਾਜਨੀਤੀ ਵਿੱਚ ਜ਼ਰੂਰੀ ਧਾਰਨਾਵਾਂ ਨੂੰ ਚੁਣੌਤੀ ਦੇਣ ਲਈ ਆਧਾਰ ਤਿਆਰ ਕੀਤਾ। ਉੱਤਰ-ਸੰਰਚਨਾਵਾਦ, ਸੰਰਚਨਾਵਾਦ (structuralism) ਦੇ ਉਲਟ, ਇਸ ਧਾਰਨਾ ਨੂੰ ਰੱਦ ਕਰਦਾ ਹੈ ਕਿ ਡੂੰਘੀਆਂ, ਅੰਦਰੂਨੀ ਸੰਰਚਨਾਵਾਂ ਅਰਥ ਨਿਰਧਾਰਤ ਕਰਦੀਆਂ ਹਨ ਸਗੋ ਇਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਅਰਥ ਅੰਤਰ, ਅਨਿਸ਼ਚਿਤਤਾ (contingency), ਅਤੇ ਸਮਾਜਿਕ ਅਭਿਆਸਾਂ ਦੇ ਸਬੰਧਾਂ ਦੁਆਰਾ ਪੈਦਾ ਹੁੰਦੇ ਹਨ। ਉੱਤਰ-ਸੰਰਚਨਾਵਾਦ ਦੇ ਮੁੱਖ ਵਿਚਾਰ **ਨਿਰਮਾਣ-ਖੰਡਨ** (deconstruction), **ਅੰਤਰ-ਪਾਠਕਤਾ** (intertextuality), ਅਤੇ **ਵਿਚਾਰ-ਵਟਾਂਦਰਾ** (discourse) ਉੱਤਰ-ਆਧੁਨਿਕ ਰਾਜਨੀਤਿਕ ਸਿਧਾਂਤ ਨੂੰ ਰੂਪ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਦੇ ਹਨ।

**ਉੱਤਰ-ਆਧੁਨਿਕਤਾਵਾਦ ਵਿੱਚ ਮੁੱਖ ਸੰਕਲਪ**

**(ੳ) ਬੁਨਿਆਦ-ਵਿਰੋਧ (Anti-Foundationalism):** ਬੁਨਿਆਦ-ਵਿਰੋਧ ਇਹ ਵਿਸ਼ਵਾਸ ਹੈ ਕਿ ਕੋਈ ਅੰਤਿਮ ਆਧਾਰ ਜਾਂ ਬੁਨਿਆਦ ਨਹੀਂ ਹੈ ਜਿਸ 'ਤੇ ਇੱਕ ਸੁਰੱਖਿਅਤ ਅਤੇ ਸਰਵ ਵਿਆਪਕ ਤੌਰ 'ਤੇ ਉਚਿਤ ਰਾਜਨੀਤਿਕ ਸਿਧਾਂਤ ਦਾ ਨਿਰਮਾਣ ਕੀਤਾ ਜਾ ਸਕੇ। ਕਲਾਸੀਕਲ ਸਿਧਾਂਤ – ਉਦਾਰਵਾਦ, ਮਾਰਕਸਵਾਦ, ਅਤੇ ਗਣਤੰਤਰਵਾਦ – ਅਕਸਰ ਕੁਝ **ਮਿਆਰੀ ਬੁਨਿਆਦਾਂ** (normative foundations), ਜਿਵੇਂ ਕਿ ਕੁਦਰਤੀ ਅਧਿਕਾਰ, ਇਤਿਹਾਸਕ ਪਦਾਰਥਵਾਦ, ਜਾਂ ਮਨੁੱਖੀ ਸੁਭਾਅ 'ਤੇ ਅਧਾਰਤ ਹੁੰਦੇ ਹਨ। ਉੱਤਰ-ਆਧੁਨਿਕਤਾਵਾਦ ਇਹਨਾਂ ਬੁਨਿਆਦਾਂ ਨੂੰ ਅਧਿਆਤਮਕ ਭਰਮਾਂ ਵਜੋਂ ਰੱਦ ਕਰਦਾ ਹੈ। ਫੂਕੋ ਅਤੇ ਡੈਰੀਡਾ ਵਰਗੇ ਚਿੰਤਕਾਂ ਅਨੁਸਾਰ, ਸੱਚਾਈ ਜਾਂ ਨਿਆਂ ਦਾ ਹਰ ਦਾਅਵਾ ਖਾਸ ਵਿਚਾਰ-ਵਟਾਂਦਰੇ ਅਤੇ ਇਤਿਹਾਸਕ ਸੰਦਰਭਾਂ ਵਿੱਚ ਸਥਿਤ ਹੁੰਦਾ ਹੈ। ਬੁਨਿਆਦ-ਵਿਰੋਧ **ਸਰਵ ਵਿਆਪਕ ਤਰਕ** (universal reason) ਵਿੱਚ ਆਧੁਨਿਕਤਾਵਾਦੀ ਵਿਸ਼ਵਾਸ ਨੂੰ ਕਮਜ਼ੋਰ ਕਰਦਾ ਹੈ, ਇਸਦੀ ਥਾਂ **ਅੰਤਰ** (difference), **ਬਹੁਲਤਾ** (plurality), ਅਤੇ **ਸਥਾਨਕਤਾ** (locality) 'ਤੇ ਜ਼ੋਰ ਦਿੰਦਾ ਹੈ। ਇਸ ਧਾਰਨਾ ਦੇ

ਰਾਜਨੀਤਿਕ ਸਿਧਾਂਤ ਉੱਤੇ ਬਹੁਤ ਵੱਡੇ ਪ੍ਰਭਾਵ ਪਏ, ਕਿਉਂਕਿ ਇਹ ਲੋਕਤੰਤਰ, ਆਜ਼ਾਦੀ, ਜਾਂ ਸਮਾਨਤਾ ਵਰਗੇ ਸਰਵ ਵਿਆਪਕ ਤੌਰ 'ਤੇ ਲਾਗੂ ਹੋਣ ਵਾਲੇ ਸੰਕਲਪਾਂ ਨੂੰ ਬਣਾਉਣ ਦੀ ਸੰਭਾਵਨਾ 'ਤੇ ਸਵਾਲ ਉਠਾਉਂਦਾ ਹੈ।

**(ਅ) ਨਿਰਮਾਣ-ਖੰਡਨ (Deconstruction): ਜੈਕ ਡੈਰੀਡਾ** (JACQUES DERRIDA) ਨਾਲ ਸ਼ੁਰੂ ਹੋਇਆ, ਨਿਰਮਾਣ-ਖੰਡਨ ਲਿਖਤਾਂ, ਵਿਚਾਰਧਾਰਾਵਾਂ ਅਤੇ ਵਿਚਾਰ-ਵਟਾਂਦਰਿਆਂ ਦੇ ਅੰਦਰੂਨੀ ਵਿਰੋਧਾਭਾਸਾਂ ਨੂੰ ਪ੍ਰਗਟ ਕਰਨ ਦੀ ਇੱਕ ਵਿਧੀ ਹੈ। ਰਾਜਨੀਤਿਕ ਸ਼ਬਦਾਂ ਵਿੱਚ, ਨਿਰਮਾਣ-ਖੰਡਨ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਕਿਵੇਂ ਪ੍ਰਭਾਵਸ਼ਾਲੀ ਸੰਕਲਪਾਂ ਨੂੰ ਉਹਨਾਂ ਦੇ ਉਲਟ ਨੂੰ ਬਾਹਰ ਕੱਢ ਕੇ ਜਾਂ ਦਬਾ ਕੇ ਕਾਇਮ ਰੱਖਿਆ ਜਾਂਦਾ ਹੈ। ਉਦਾਹਰਨ ਲਈ, "ਸੱਭਿਅਕ ਸਮਾਜ" ਦਾ ਸੰਕਲਪ ਅਕਸਰ "ਆਦਿਮ" ਜਾਂ "ਵਹਿਸ਼ੀ" ਵਜੋਂ ਲੇਬਲ ਕੀਤੀ ਗਈ ਚੀਜ਼ ਦੇ ਮੁੱਲ ਨੂੰ ਘਟਾਉਣ 'ਤੇ ਅਧਾਰਤ ਹੁੰਦਾ ਹੈ।

ਇਸ ਤਰ੍ਹਾਂ ਨਿਰਮਾਣ-ਖੰਡਨ ਇੱਕ ਰਾਜਨੀਤਿਕ ਕਾਰਵਾਈ ਬਣ ਜਾਂਦਾ ਹੈ ਅਤੇ ਇਹ ਪ੍ਰਭਾਵਸ਼ਾਲੀ ਅਰਥਾਂ ਦੀ **ਤਰਤੀਬ ਨੂੰ ਹਿਲਾ ਕੇ** ਵਿਕਲਪਕ ਵਿਆਖਿਆਵਾਂ ਲਈ ਜਗ੍ਹਾ ਖੋਲ੍ਹਦਾ ਹੈ। ਇਹ ਸਿਰਫ ਇਹ ਸਵਾਲ ਨਹੀਂ ਕਰਦਾ ਕਿ ਕੀ ਕਿਹਾ ਗਿਆ ਹੈ ਬਲਕਿ ਇਹ ਵੀ ਕਿ ਕੀ ਅਣਕਿਹਾ ਛੱਡ ਦਿੱਤਾ ਗਿਆ ਹੈ, ਇਸ ਤਰ੍ਹਾਂ ਇਹ ਮੌਜੂਦਾ ਰਾਜਨੀਤਿਕ ਸ਼੍ਰੇਣੀਆਂ ਨੂੰ ਅਸਥਿਰ ਕਰਦਾ ਹੈ।

**(ੲ) ਸਾਪੇਖਤਾਵਾਦ ਅਤੇ ਬਹੁਵਾਦ (Relativism and Pluralism):** ਉੱਤਰ-ਆਧੁਨਿਕਤਾਵਾਦ ਅਕਸਰ **ਸਾਪੇਖਤਾਵਾਦ** (relativism) ਨਾਲ ਜੁੜਿਆ ਹੁੰਦਾ ਹੈ ਜਿਸਦਾ ਭਾਵ ਕਿ ਸਾਰੇ ਸੱਚ ਸਮਾਜਿਕ ਤੌਰ 'ਤੇ ਨਿਰਮਿਤ ਅਤੇ ਬਰਾਬਰ ਉਚਿਤ ਹਨ। ਜਿੱਥੇ ਆਲੋਚਕ ਦਲੀਲ ਦਿੰਦੇ ਹਨ ਕਿ ਇਹ ਨਿਹਲਵਾਦ (nihilism) ਵੱਲ ਲੈ ਜਾਂਦਾ ਹੈ, ਉੱਤਰ-ਆਧੁਨਿਕਤਾਵਾਦੀ ਇਸਨੂੰ **ਗਿਆਨ-ਵਿਗਿਆਨਕ ਨਿਮਰਤਾ** (epistemic humility) ਦੇ ਰੂਪ ਵਜੋਂ ਵਿਚਾਰਦੇ ਹਨ। ਸਧਾਰਨ ਅਰਥਾਂ ਵਿੱਚ ਸਾਪੇਖਤਾਵਾਦ ਦਾ ਸਮਰਥਨ ਕਰਨ ਦੀ ਬਜਾਏ, ਉੱਤਰ-ਆਧੁਨਿਕ ਰਾਜਨੀਤਿਕ ਸਿਧਾਂਤ ਅਕਸਰ **ਅਗੋਨਿਸਟਿਕ ਬਹੁਵਾਦ** (agonistic pluralism) ਦੀ ਮੰਗ ਕਰਦਾ ਹੈ, ਜੋ ਕਿ **ਸ਼ਾਂਤਲ ਮੂਫ਼ੇ** (CHANTAL MOUFFE) ਵਰਗੇ ਚਿੰਤਕਾਂ ਦੁਆਰਾ ਪ੍ਰਸਤਾਵਿਤ ਲੋਕਤੰਤਰ ਦਾ ਇੱਕ ਮਾਡਲ ਹੈ, ਜੋ ਸਹਿਮਤੀ ਦੁਆਰਾ ਇਸ ਨੂੰ ਖਤਮ ਕਰਨ ਦੀ ਬਜਾਏ ਸੰਘਰਸ਼ ਅਤੇ ਵਿਭਿੰਨਤਾ ਨੂੰ ਅਪਣਾਉਂਦਾ ਹੈ। ਇਸ ਸੰਦਰਭ ਵਿੱਚ ਬਹੁਵਾਦ ਦਾ ਮਤਲਬ ਸਿਰਫ ਅੰਤਰ ਦੀ ਸਹਿਣਸ਼ੀਲਤਾ ਨਹੀਂ ਹੈ, ਬਲਕਿ ਇਹ ਮਾਨਤਾ ਹੈ ਕਿ ਰਾਜਨੀਤਿਕ ਜੀਵਨ ਮੁਕਾਬਲੇ ਵਾਲੀਆਂ ਪਛਾਣਾਂ, ਅਰਥਾਂ, ਅਤੇ ਸ਼ਕਤੀ ਦੇ ਦਾਅਵਿਆਂ ਵਿਚਕਾਰ **ਵਿਚਾਰ-ਵਟਾਂਦਰੇ ਵਾਲੇ ਸੰਘਰਸ਼** (discursive struggle) ਦੁਆਰਾ ਹੋਂਦ ਵਿੱਚ ਆਇਆ ਹੈ।

**(ਸ) ਸਿਮੂਲੇਸ਼ਨ ਅਤੇ ਹਾਈਪਰਰੀਅਲਿਟੀ (Simulation and Hyperreality): ਜੀਨ ਬਾਡਰੀਲਾਰਡ** (JEAN BAUDRILLARD) ਨੇ **ਸਿਮੂਲੇਸ਼ਨ** (simulation) ਅਤੇ **ਹਾਈਪਰਰੀਅਲਿਟੀ** (hyperreality) ਦੀਆਂ ਧਾਰਨਾਂਵਾਂ ਨੂੰ ਪੇਸ਼ ਕੀਤਾ ਤਾਂ ਜੋ ਇਹ ਦੱਸਿਆ ਜਾ ਸਕੇ ਕਿ ਸਮਕਾਲੀ ਰਾਜਨੀਤੀ ਭੌਤਿਕ ਵਾਸਤਵਿਕਤਾ ਨਾਲੋਂ ਚਿੱਤਰਾਂ, ਸੰਕੇਤਾਂ ਅਤੇ ਮੀਡੀਆ ਤਮਾਸ਼ਿਆਂ ਦੁਆਰਾ ਕਿਵੇਂ ਘੱਟ ਆਕਾਰ ਦਿਖਾਈ ਦਿੰਦੀ ਹੈ। ਸਿਮੂਲੇਸ਼ਨਾਂ ਨਾਲ ਭਰੀ ਦੁਨੀਆ ਵਿੱਚ, ਰਾਜਨੀਤਿਕ ਕਾਰਵਾਈਆਂ ਅਤੇ ਵਿਚਾਰਧਾਰਾਵਾਂ ਨੂੰ ਹੁਣ ਸੱਚਾਈ ਨਾਲ ਉਹਨਾਂ ਦੇ ਸਬੰਧ ਦੁਆਰਾ ਨਹੀਂ, ਬਲਕਿ ਪ੍ਰੇਰਕ ਚਿੱਤਰ ਬਣਾਉਣ ਦੀ ਉਹਨਾਂ ਦੀ ਯੋਗਤਾ ਦੁਆਰਾ ਜਾਣਿਆ ਜਾਂਦਾ ਹੈ। ਇਸ ਨਕਲੀ

**ਖੋਜ ਪੰਧ** (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

ਵਾਤਾਵਰਣ ਵਿੱਚ, ਰਾਜਨੀਤੀ ਪ੍ਰਦਰਸ਼ਨ ਬਣ ਜਾਂਦੀ ਹੈ। ਮੁਹਿੰਮਾਂ, ਯੁੱਧ, ਅਤੇ ਜਨਤਕ ਬਹਿਸਾਂ ਨੂੰ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ ਜੋ ਵਾਸਤਵਿਕਤਾ ਨੂੰ ਅਸਪੱਸ਼ਟ ਕਰਦੇ ਹਨ। ਇਸ ਦੇ ਆਮ ਲੋਕਾਂ ਉੱਤੇ ਰਾਜਨੀਤਿਕ ਸ਼ਮੂਲੀਅਤ, ਨਾਗਰਿਕ ਭਾਗੀਦਾਰੀ, ਅਤੇ ਜਨਤਕ ਵਿਚਾਰ-ਵਟਾਂਦਰੇ ਦੇ ਹੇਰ-ਫੇਰ ਲਈ ਡੂੰਘੇ ਪ੍ਰਭਾਵ ਪੈਂਦੇ ਹਨ।

**(ਹ) ਵਿਚਾਰ-ਵਟਾਂਦਰਾ ਅਤੇ ਸ਼ਕਤੀ/ਗਿਆਨ (Discourse and Power/Knowledge):** ਉੱਤਰ-ਆਧੁਨਿਕ ਰਾਜਨੀਤਿਕ ਸਿਧਾਂਤ ਵਿੱਚ **ਮਿਸ਼ੇਲ ਫੂਕੋ** (MICHEL FOUCAULT) ਦਾ ਯੋਗਦਾਨ ਮੁੱਖ ਤੌਰ 'ਤੇ **ਸ਼ਕਤੀ** (power) ਅਤੇ **ਗਿਆਨ** (knowledge) ਦੀ ਮੁੜ-ਸੰਕਲਪਨਾ ਵਿੱਚ ਹੈ। ਸ਼ਕਤੀ ਨੂੰ ਇੱਕ ਪ੍ਰਭੂਸੱਤਾ ਸੰਪੰਨ ਅਥਾਰਟੀ ਦੁਆਰਾ ਰੱਖੀ ਅਤੇ ਵਰਤੀ ਗਈ ਚੀਜ਼ ਵਜੋਂ ਵੇਖਣ ਦੀ ਬਜਾਏ, ਫੂਕੋ ਮੰਨਦਾ ਹੈ ਕਿ ਸ਼ਕਤੀ **ਉਤਪਾਦਕ** (productive) ਹੈ ਅਤੇ **ਹਰ ਜਗ੍ਹਾ** ਜਿਵੇ ਕਿ ਸਮਾਜਿਕ ਸੰਸਥਾਵਾਂ, ਨਿਯਮਾਂ ਅਤੇ ਵਿਚਾਰ-ਵਟਾਂਦਰਿਆਂ ਰਾਹੀਂ ਫੈਲੀ ਹੋਈ ਹੈ। ਫੂਕੋ ਦੇ ਵਿਸ਼ਲੇਸ਼ਣ ਵਿੱਚ ਗਿਆਨ ਕਦੇ ਵੀ ਨਿਰਪੱਖ ਨਹੀਂ ਹੁੰਦਾ ਸਗੋ ਇਸਨੂੰ ਮੌਜੂਦਾ ਸ਼ਕਤੀ ਢਾਂਚਿਆਂ ਦੁਆਰਾ ਆਕਾਰ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਮਜ਼ਬੂਤ ਕਰਦਾ ਹੈ। ਉਸਦਾ **ਸ਼ਾਸਨਕਾਲ** (governmentality) ਦਾ ਸੰਕਲਪ ਉਹਨਾਂ ਤਰੀਕਿਆਂ ਨੂੰ ਦਰਸਾਉਂਦਾ ਹੈ ਜਿਸ ਵਿੱਚ ਆਧੁਨਿਕ ਰਾਜ ਸਿਰਫ ਕਾਨੂੰਨਾਂ ਦੁਆਰਾ ਹੀ ਨਹੀਂ ਬਲਕਿ ਵਿਅਕਤੀਆਂ ਦੀਆਂ **ਵਿਅਕਤੀਗਤਤਾਵਾਂ** (subjectivities) ਨੂੰ ਆਕਾਰ ਦੇ ਕੇ ਸ਼ਾਸਨ ਕਰਦੇ ਹਨ – ਲੋਕ ਕਿਵੇਂ ਸੋਚਦੇ ਹਨ, ਵਿਹਾਰ ਕਰਦੇ ਹਨ, ਅਤੇ ਆਪਣੇ ਆਪ ਨੂੰ ਸਮਝਦੇ ਹਨ।

**ਉੱਤਰ-ਆਧੁਨਿਕਤਾਵਾਦ ਅਤੇ ਰਾਜਨੀਤਿਕ ਸਿਧਾਂਤ:**

ਉੱਤਰ-ਆਧੁਨਿਕਤਾਵਾਦ (Post-modernism) ਨੇ ਨਾ ਸਿਰਫ਼ ਪ੍ਰਚਲਿਤ ਵਿਚਾਰਾਂ ਦੀਆਂ ਗਿਆਨ-ਵਿਗਿਆਨਕ (epistemological) ਧਾਰਨਾਵਾਂ ਨੂੰ ਬਦਲਿਆ ਹੈ, ਬਲਕਿ ਇਸਨੇ ਰਾਜਨੀਤਿਕ ਸਿਧਾਂਤ (political theory) ਨੂੰ ਕਿਵੇਂ ਸਮਝਿਆ, ਅਭਿਆਸ ਕੀਤਾ ਅਤੇ ਆਲੋਚਨਾ ਕੀਤੀ ਜਾਂਦੀ ਹੈ, ਉਸ ਵਿੱਚ ਵੀ ਮਹੱਤਵਪੂਰਨ ਬਦਲਾਅ ਲਿਆਂਦਾ ਹੈ। ਜਦੋਂ ਕਿ ਰਾਜਨੀਤਿਕ ਸਿਧਾਂਤ ਦਾ ਇਤਿਹਾਸਕ ਉਦੇਸ਼ ਨਿਆਂ, ਆਜ਼ਾਦੀ, ਜਾਂ ਸਮਾਨਤਾ ਵਰਗੇ ਸਰਵ ਵਿਆਪਕ ਸਿਧਾਂਤਾਂ ਨੂੰ ਪਰਿਭਾਸ਼ਿਤ ਕਰਨਾ ਰਿਹਾ ਹੈ, ਉੱਤਰ-ਆਧੁਨਿਕਤਾਵਾਦ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਅਜਿਹੇ ਸੰਕਲਪ ਸਮਾਜਿਕ ਅਤੇ ਭਾਸ਼ਾਈ ਤੌਰ 'ਤੇ ਨਿਰਮਿਤ ਹਨ। ਇਸ ਬਦਲਾਅ ਦੇ ਵੱਡਾ ਪ੍ਰਭਾਵ ਇਹ ਪਿਆ ਕਿ ਰਾਜਨੀਤਿਕ ਸਿਧਾਂਤ, ਜੋ ਕਦੇ ਸ਼ਾਸਨ ਦੇ ਆਦਰਸ਼ ਰੂਪਾਂ ਨੂੰ ਨਿਰਧਾਰਤ ਕਰਨ ਜਾਂ ਤਰਕਸ਼ੀਲ ਆਧਾਰਾਂ ਤੋਂ ਅਮੂਰਤ ਅਧਿਕਾਰ ਪ੍ਰਾਪਤ ਕਰਨ ਨਾਲ ਸਬੰਧਤ ਸੀ, ਹੁਣ ਆਲੋਚਨਾਤਮਕ ਸਵੈ-ਪ੍ਰਤੀਬਿੰਬ ਦੇ ਦੌਰ ਦਾ ਸਾਹਮਣਾ ਕਰ ਰਿਹਾ ਹੈ, ਜਿੱਥੇ ਇੱਕ ਅਨੁਸ਼ਾਸਨ ਵਜੋਂ ਇਸਦੀ ਆਪਣੀ ਉਚਿਤਤਾ (legitimacy) ਵੀ ਸਵਾਲਾਂ ਦੇ ਘੇਰੇ ਵਿੱਚ ਹੈ।

**(ੳ) ਆਧੁਨਿਕਤਾਵਾਦੀ ਰਾਜਨੀਤਿਕ ਮਾਪਦੰਡਾਂ ਨੂੰ ਚੁਣੌਤੀ ਦੇਣਾ:** ਰਾਜਨੀਤਿਕ ਸਿਧਾਂਤ ਦੇ ਅੰਦਰ ਉੱਤਰ-ਆਧੁਨਿਕਤਾਵਾਦ ਦਾ ਸਭ ਤੋਂ ਸਿੱਧਾ ਟਕਰਾਅ **ਉਦਾਰਵਾਦ** (liberalism) ਅਤੇ **ਮਾਰਕਸਵਾਦ** (Marxism) ਨਾਲ ਰਿਹਾ ਹੈ, ਜੋ ਆਧੁਨਿਕ ਯੁੱਗ ਦੇ ਦੋ ਪ੍ਰਮੁੱਖ ਮਾਪਦੰਡ ਹਨ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

**(1) ਉਦਾਰਵਾਦ ਦੀ ਜਾਂਚ:** ਕਲਾਸੀਕਲ ਉਦਾਰਵਾਦ ਤਰਕਸ਼ੀਲ ਵਿਅਕਤੀ, ਸਮਾਜਿਕ ਸਮਝੌਤੇ (social contract), ਅਤੇ ਸਰਵ ਵਿਆਪਕ ਮਨੁੱਖੀ ਅਧਿਕਾਰਾਂ 'ਤੇ ਅਧਾਰਤ ਹੈ। ਇਹ ਸਿਧਾਂਤ ਇੱਕ **ਸਥਿਰ ਵਿਸ਼ੇ** (stable subject) ਵਿੱਚ ਵਿਸ਼ਵਾਸ 'ਤੇ ਨਿਰਭਰ ਕਰਦੇ ਹਨ, ਜੋ ਤਰਕ ਦੀ ਵਰਤੋਂ ਕਰਨ ਅਤੇ ਮੁਕਾਬਲੇ ਵਾਲੇ ਵਿਕਲਪਾਂ ਵਿੱਚੋਂ ਸੁਤੰਤਰ ਤੌਰ 'ਤੇ ਚੋਣ ਕਰਨ ਦੇ ਸਮਰੱਥ ਹੈ। ਉੱਤਰ-ਆਧੁਨਿਕਤਾਵਾਦ ਇਹਨਾਂ ਵਿੱਚੋਂ ਹਰ ਇੱਕ ਧਾਰਨਾ ਨੂੰ ਚੁਣੌਤੀ ਦਿੰਦਾ ਹੈ।

**ਮਿਸ਼ੇਲ ਫੂਕੋ** (MICHEL FOUCAULT) ਅਤੇ **ਜੈਕ ਡੈਰੀਡਾ** (JACQUES DERRIDA) ਵਰਗੇ ਚਿੰਤਕ ਦਲੀਲ ਦਿੰਦੇ ਹਨ ਕਿ ਉਦਾਰਵਾਦੀ ਵਿਸ਼ਾ ਕੁਦਰਤੀ ਜਾਂ ਰਾਜਨੀਤੀ ਤੋਂ ਪਹਿਲਾਂ ਦਾ ਨਹੀਂ ਹੈ, ਬਲਕਿ ਸੰਸਥਾਗਤ ਅਤੇ ਵਿਚਾਰ-ਵਟਾਂਦਰੇ ਵਾਲੇ ਅਭਿਆਸਾਂ (discursive practices) ਦੁਆਰਾ ਪੈਦਾ ਹੁੰਦਾ ਹੈ। ਇਸ ਤੋਂ ਇਲਾਵਾ, ਉਦਾਰਵਾਦੀਆਂ ਦੁਆਰਾ ਤਰਕਸ਼ੀਲ ਵਿਚਾਰ-ਵਟਾਂਦਰੇ ਅਤੇ ਸਹਿਮਤੀ 'ਤੇ ਜ਼ੋਰ ਦੇਣ ਦੇ ਵਿਚਾਰ ਨੂੰ ਉੱਤਰ-ਆਧੁਨਿਕਤਾਵਾਦੀਆਂ ਵੱਲੋ ਅਸਹਿਮਤੀ ਦੀ ਵੀ ਆਲੋਚਨਾ ਕੀਤੀ ਜਾਂਦੀ ਹੈ। ਖਾਸ ਕਰਕੇ **ਸ਼ਾਂਤਲ ਮੂਫ਼ੇ** (CHANTAL MOUFFE) ਉਦਾਰਵਾਦੀ ਲੋਕਤੰਤਰੀ ਮਾਡਲ ਵੱਲੋ ਵਿਵਾਦਪੂਰਨ ਮੁੱਦਿਆਂ ਨੂੰ ਤਕਨੀਕੀ ਜਾਂ ਕਾਨੂੰਨੀ ਪ੍ਰਕਿਰਿਆਵਾਂ ਵਿੱਚ ਘਟਾ ਕੇ ਰਾਜਨੀਤਿਕ ਬਣਾਉਣ ਦੀ ਪ੍ਰਵਿਰਤੀ ਨੂੰ ਚੁਣੌਤੀ ਦਿੰਦੀ ਹੈ। ਇਸਦੀ ਬਜਾਏ, ਉਹ ਲੋਕਤੰਤਰ ਦੇ ਇੱਕ **ਅਗੋਨਿਸਟਿਕ ਮਾਡਲ** (agonistic model of democracy) ਦੀ ਵਕਾਲਤ ਕਰਦੀ ਹੈ, ਜਿੱਥੇ ਸਿਆਸੀ ਸੰਘਰਸ਼ ਨੂੰ ਖਤਮ ਨਹੀਂ ਕੀਤਾ ਜਾਂਦਾ ਬਲਕਿ ਢਾਂਚਾਗਤ ਅਤੇ ਉਪਯੋਗੀ ਬਣਾਇਆ ਜਾਂਦਾ ਹੈ।

**(2) ਮਾਰਕਸਵਾਦ ਦੀ ਆਲੋਚਨਾ:** ਹਾਲਾਂਕਿ ਬਹੁਤ ਸਾਰੇ ਉੱਤਰ-ਆਧੁਨਿਕਤਾਵਾਦੀ ਵਿਚਾਰਕ ਸਮਾਜਿਕ ਨਿਆਂ ਵਿੱਚ ਦਿਲਚਸਪੀ ਰੱਖਦੇ ਹਨ ਅਤੇ ਉਹ **ਕਲਾਸੀਕਲ ਮਾਰਕਸਵਾਦ ਦੇ ਆਰਥਿਕ ਨਿਰਧਾਰਨਵਾਦ** (economic determinism), ਇਤਿਹਾਸ ਦੇ ਦੂਰਸੰਚਾਰੀ ਦ੍ਰਿਸ਼ਟੀਕੋਣ ਅਤੇ ਇਸਦੇ ਸਮੂਹਿਕ ਢਾਂਚੇ ਦੀ ਆਲੋਚਨਾ ਕਰਦੇ ਹਨ। **ਜੀਨ-ਫ੍ਰਾਂਸੋਆ ਲਿਓਤਾਰ** (JEAN-FRANÇOIS LYOTARD) ਮਾਰਕਸਵਾਦ ਦੀ "ਮੁਕਤੀਦਾਇਕ ਵੱਡੇ ਬਿਰਤਾਂਤ" (emancipatory metanarrative) 'ਤੇ ਨਿਰਭਰਤਾ ਦੀ ਆਲੋਚਨਾ ਕਰਦਾ ਹੈ ਜਿਸਦਾ ਇਹ ਵਿਸ਼ਵਾਸ ਹੈ ਕਿ ਇਤਿਹਾਸ ਅਟੱਲ ਰੂਪ ਵਿੱਚ ਪ੍ਰੋਲੇਤਾਰੀ ਕ੍ਰਾਂਤੀ ਅਤੇ ਵਰਗ-ਰਹਿਤ ਸਮਾਜ ਵੱਲ ਵਧਦਾ ਹੈ। ਇੱਕ ਉੱਤਰ-ਆਧੁਨਿਕ ਸੰਸਾਰ ਵਿੱਚ, ਅਜਿਹੇ ਬਿਰਤਾਂਤਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ, ਕਿਉਂਕਿ ਉਹ ਬਹੁਪੱਖੀ ਸਮਾਜਿਕ ਸੰਘਰਸ਼ਾਂ ਨੂੰ ਇੱਕ ਵਰਗ ਸੰਘਰਸ਼ ਦੇ ਤੱਕ ਸੀਮਿਤ ਕਰ ਦਿੰਦੇ ਹਨ।

**ਅਰਨੈਸਟੋ ਲਾਕਲਾਉ** (ERNESTO LACLAU) ਅਤੇ **ਸ਼ਾਂਤਲ ਮੂਫ਼ੇ** (CHANTAL MOUFFE), ਆਪਣੇ ਕੰਮ "**ਹੇਜ਼ੇਮਨੀ ਐਂਡ ਸੋਸ਼ਲਿਸਟ ਸਟ੍ਰੈਟਜੀ**" (HEGEMONY AND SOCIALIST STRATEGY) ਵਿੱਚ, ਇੱਕ ਉੱਤਰ-ਮਾਰਕਸਵਾਦੀ ਢਾਂਚੇ ਦਾ ਪ੍ਰਸਤਾਵ ਪੇਸ਼ ਕਰਦੇ ਹਨ ਜਿਸ ਵਿੱਚ ਵਰਗ ਸੰਘਰਸ਼ ਕਈ ਰਾਜਨੀਤਿਕ ਵਿਰੋਧਾਂ ਵਿੱਚੋਂ ਸਿਰਫ਼ ਇੱਕ ਹੈ। ਉਹ ਦਲੀਲ ਦਿੰਦੇ ਹਨ ਕਿ ਸਿਆਸੀ ਵਖਰੇਵੇ **ਅਨਿਸ਼ਚਿਤ ਅਤੇ ਨਿਰਮਿਤ** ਹਨ, ਨਾ ਕਿ ਵਸਤੂਗਤ ਭੌਤਿਕ ਹਾਲਤ। **ਹੇਜ਼ੇਮਨੀ** (hegemony) ਦੇ ਧਾਰਨਾ ਦੁਆਰਾ, ਉਹ ਸੁਝਾਅ ਦਿੰਦੇ ਹਨ ਕਿ ਵੱਖ-ਵੱਖ ਸਮਾਜਿਕ ਮੰਗਾਂ – ਆਰਥਿਕ, ਨਸਲੀ, ਲਿੰਗਕ, ਵਾਤਾਵਰਣਕ – ਨੂੰ ਨਵੇਂ ਸਿਆਸੀ ਗੱਠਜੋੜਾਂ ਵਿੱਚ **ਆਰਟੀਕੁਲੇਟ** (articulated) ਕੀਤਾ ਜਾ ਸਕਦਾ ਹੈ, ਜਿਸ ਨਾਲ ਖੱਬੇ-ਪੱਖੀ ਰਾਜਨੀਤੀ ਦੇ ਵਧੇਰੇ ਬਹੁਲਵਾਦੀ ਰੂਪ ਬਣਦੇ ਹਨ।

**(ਅ)ਸੂਖਮ-ਰਾਜਨੀਤੀ ਅਤੇ ਸ਼ਕਤੀ ਦਾ ਫੈਲਾਅ:** ਸਿਆਸੀ ਸਿਧਾਂਤ ਵਿੱਚ ਉੱਤਰ-ਆਧੁਨਿਕਤਾਵਾਦ ਦਾ ਇੱਕ ਪਰਿਭਾਸ਼ਿਤ ਯੋਗਦਾਨ ਸ਼ਕਤੀ ਨੂੰ ਸਿਰਫ਼ ਦਮਨਕਾਰੀ ਅਤੇ ਕ੍ਰਮਬੱਧਤਾ ਵਾਲੀ ਚੀਜ਼ ਵਜੋਂ ਨਹੀਂ, ਬਲਕਿ **ਫੈਲੀ ਹੋਈ**, **ਸਬੰਧਤ**, **ਅਤੇ ਉਤਪਾਦਕ** ਵਜੋਂ ਮੁੜ ਵਿਚਾਰਨਾ ਹੈ। ਫੂਕੋ ਦਾ **ਸ਼ਕਤੀ/ਗਿਆਨ** (power/knowledge) ਦਾ ਸੰਕਲਪ ਇਸ ਗੱਲ ਨੂੰ ਬਦਲਦਾ ਹੈ ਕਿ ਰਾਜਨੀਤਿਕ ਚਿੰਤਕ ਸ਼ਾਸਨ ਦੇ ਤੰਤਰਾਂ ਨੂੰ ਕਿਵੇਂ ਸਮਝਦੇ ਹਨ। ਸ਼ਕਤੀ ਨੂੰ ਸਿਰਫ਼ ਪ੍ਰਭੂਸੱਤਾ ਸੰਪੰਨ ਰਾਜ ਜਾਂ ਹਾਕਮ ਜਮਾਤ ਵਿੱਚ ਸਥਿਤ ਕਰਨ ਦੀ ਬਜਾਏ, ਫੂਕੋ ਰੋਜ਼ਾਨਾ ਦੇ ਅਭਿਆਸਾਂ ਅਤੇ ਸੰਸਥਾਵਾਂ – ਸਕੂਲਾਂ, ਜੇਲ੍ਹਾਂ, ਹਸਪਤਾਲਾਂ, ਮੀਡੀਆ – ਵਿੱਚ ਸ਼ਕਤੀ ਦੀ ਪਛਾਣ ਕਰਦਾ ਹੈ ਜੋ ਇਸ ਦੀਆਂ ਵਿਸ਼ੇਸ਼ਤਾਵਾਂ ਨੂੰ ਆਕਾਰ ਦਿੰਦੇ ਹਨ ਅਤੇ ਵਿਹਾਰ ਨੂੰ ਆਮ ਬਣਾਉਂਦੇ ਹਨ। ਸ਼ਕਤੀ ਦੀ ਇਹ ਧਾਰਨਾ ਹੌਬਜ਼ੀਅਨ ਅਤੇ ਮਾਰਕਸਵਾਦੀ ਦੋਵਾਂ ਪਰੰਪਰਾਵਾਂ ਨੂੰ ਚੁਣੌਤੀ ਦਿੰਦੀ ਹੈ ਜੋ ਇਸਨੂੰ ਕੇਂਦਰੀਕ੍ਰਿਤ ਅਤੇ ਮੁੱਖ ਤੌਰ 'ਤੇ ਉੱਪਰੋਂ-ਹੇਠਾਂ ਦੇ ਰੂਪ ਵਿੱਚ ਦਰਸਾਉਂਦੀਆਂ ਹਨ। ਅਜਿਹਾ ਦ੍ਰਿਸ਼ਟੀਕੋਣ **ਸੂਖਮ-ਰਾਜਨੀਤੀ** (micro-politics) ਦੇ ਉਭਾਰ ਵੱਲ ਲੈ ਜਾਂਦਾ ਹੈ, ਇੱਕ ਰਾਜਨੀਤੀ ਜੋ ਸਿਰਫ਼ ਰਾਜਨੀਤੀ ਜਾਂ ਕ੍ਰਾਂਤੀਆਂ ਨਾਲ ਨਹੀਂ, ਬਲਕਿ ਰੋਜ਼ਾਨਾ ਜੀਵਨ ਦੇ ਨਿਯਮਾਂ ਨਾਲ ਸਬੰਧਤ ਹੈ। ਇਹ ਇਸ ਗੱਲ 'ਤੇ ਮੁੜ ਧਿਆਨ ਕੇਂਦਰਿਤ ਕਰਦਾ ਹੈ ਕਿ ਸਰੀਰਾਂ ਨੂੰ ਕਿਵੇਂ ਅਨੁਸ਼ਾਸਿਤ ਕੀਤਾ ਜਾਂਦਾ ਹੈ, ਲਿੰਗ ਭੂਮਿਕਾਵਾਂ ਨੂੰ ਕਿਵੇਂ ਲਾਗੂ ਕੀਤਾ ਜਾਂਦਾ ਹੈ, ਨਸਲੀ ਸ਼੍ਰੇਣੀਆਂ ਨੂੰ ਕਿਵੇਂ ਨਿਰਮਿਤ ਕੀਤਾ ਜਾਂਦਾ ਹੈ, ਅਤੇ ਲਿੰਗਕਤਾਵਾਂ ਨੂੰ ਕਿਵੇਂ ਨਿਯੰਤ੍ਰਿਤ ਕੀਤਾ ਜਾਂਦਾ ਹੈ। ਇਹ ਉੱਤਰ-ਆਧੁਨਿਕ ਵਿਚਾਰ ਵਿੱਚ "ਛੋਟੇ" ਮੁੱਦੇ ਨਹੀਂ ਹਨ ਬਲਕਿ ਉਹ **ਤੀਬਰ ਸਿਆਸੀ ਸੰਘਰਸ਼** ਦੇ ਸਥਾਨ ਹਨ, ਜੋ ਸਿਧਾਂਤਕ ਵਿਸ਼ਲੇਸ਼ਣ ਅਤੇ ਵਿਰੋਧ ਦੇ ਹੱਕਦਾਰ ਹਨ।

ਇਸ ਤੋਂ ਇਲਾਵਾ, ਉੱਤਰ-ਆਧੁਨਿਕ ਚਿੰਤਕ ਦਲੀਲ ਦਿੰਦੇ ਹਨ ਕਿ **ਰਾਜ** ਖੁਦ ਹੁਣ ਰਾਜਨੀਤਿਕ ਸ਼ਕਤੀ ਦਾ ਵਿਸ਼ੇਸ਼ ਜਾਂ ਇੱਥੋਂ ਤੱਕ ਕਿ ਪ੍ਰਮੁੱਖ ਸਥਾਨ ਨਹੀਂ ਹੈ। ਵਿਸ਼ਵੀਕਰਨ ਦੇ ਯੁੱਗ ਵਿੱਚ, **ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ** (multinational corporations), **ਅੰਤਰਰਾਸ਼ਟਰੀ ਸੰਗਠਨ** (international organizations), ਅਤੇ **ਡਿਜੀਟਲ ਪਲੇਟਫਾਰਮ** (digital platforms) ਨੀਤੀ, ਆਰਥਿਕਤਾ, ਅਤੇ ਸੱਭਿਆਚਾਰ 'ਤੇ ਮਹੱਤਵਪੂਰਨ ਪ੍ਰਭਾਵ ਪਾਉਂਦੇ ਹਨ। ਇਸ ਤਰ੍ਹਾਂ ਉੱਤਰ-ਆਧੁਨਿਕਤਾਵਾਦ **ਗੈਰ-ਰਾਜ ਸ਼ਾਸਨ ਰੂਪਾਂ** ਅਤੇ ਸ਼ਕਤੀ ਸਬੰਧਾਂ ਨੂੰ ਸਿਧਾਂਤਕ ਬਣਾਉਣ ਦਾ ਰਾਹ ਖੋਲ੍ਹਦਾ ਹੈ।

**(ੲ) ਪਛਾਣ ਦੀ ਰਾਜਨੀਤੀ ਅਤੇ ਬਹੁਵਾਦ:** ਰਾਜਨੀਤਿਕ ਸਿਧਾਂਤ 'ਤੇ ਉੱਤਰ-ਆਧੁਨਿਕਤਾਵਾਦ ਦੇ ਸਭ ਤੋਂ ਵੱਧ ਦਿਖਾਈ ਦੇਣ ਵਾਲੇ ਪ੍ਰਭਾਵਾਂ ਵਿੱਚੋਂ ਇੱਕ **ਪਛਾਣ ਦੀ ਰਾਜਨੀਤੀ** (identity politics) ਵਿੱਚ ਇਸਦਾ ਯੋਗਦਾਨ ਹੈ। ਆਧੁਨਿਕਤਾਵਾਦੀ ਸਿਧਾਂਤਾਂ ਦੀਆਂ ਜ਼ਰੂਰੀ ਸ਼੍ਰੇਣੀਆਂ 'ਤੇ ਸਵਾਲ ਉਠਾ ਕੇ, ਉੱਤਰ-ਆਧੁਨਿਕਤਾਵਾਦ ਨੇ ਨਸਲ, ਲਿੰਗ, ਲਿੰਗਕਤਾ, ਅਤੇ ਸੱਭਿਆਚਾਰਕ ਪਛਾਣ ਦੀ ਵਧੇਰੇ ਬਾਰੀਕੀ ਨਾਲ ਸਮਝ ਨੂੰ ਸੰਭਵ ਬਣਾਇਆ ਹੈ। ਉੱਤਰ-ਆਧੁਨਿਕ ਰਾਜਨੀਤਿਕ ਸਿਧਾਂਤ ਮੰਨਦਾ ਹੈ ਕਿ ਪਛਾਣਾਂ ਜੀਵ-ਵਿਗਿਆਨਕ ਜਾਂ ਕੁਦਰਤੀ ਤੌਰ 'ਤੇ ਪ੍ਰਾਪਤ ਨਹੀਂ ਹੁੰਦੀਆਂ ਬਲਕਿ ਭਾਸ਼ਾ, ਪ੍ਰਤੀਕਾਂ, ਅਤੇ ਸਮਾਜਿਕ ਅਭਿਆਸਾਂ ਦੁਆਰਾ **ਪ੍ਰਦਰਸ਼ਨਾਤਮਕ ਤੌਰ 'ਤੇ ਬਣਦੀਆਂ** constructed) ਹਨ। ਉਦਾਹਰਨ ਲਈ, **ਜੂਡਿਥ ਬਟਲਰ** (JUDITH BUTLER) ਦੀ ਲਿੰਗ ਪ੍ਰਦਰਸ਼ਨਸ਼ੀਲਤਾ ਦਾ ਸਿਧਾਂਤ , ਹਾਲਾਂਕਿ ਸਾਰੇ ਪਹਿਲੂਆਂ ਤੋਂ ਪੂਰਨ ਰੂਪ ਨਾਲ ਉੱਤਰ-ਆਧੁਨਿਕਤਾਵਾਦੀ ਨਹੀਂ, ਪਰੰਤੂ ਫਿਰ ਵੀ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

ਇਹ ਫੂਕੋ ਅਤੇ ਡੈਰੀਡਾ ਦੁਆਰਾ ਬਹੁਤ ਪ੍ਰਭਾਵਿਤ ਹੈ। ਬਟਲਰ ਦੇ ਅਨੁਸਾਰ, ਲਿੰਗ ਉਹ ਨਹੀਂ ਹੈ ਜੋ ਕੋਈ ਹੈ, ਬਲਕਿ ਉਹ ਹੈ ਜੋ ਕੋਈ ਵਾਰ-ਵਾਰ, ਅਤੇ ਸਮਾਜਿਕ ਬੰਧਨਾਂ ਦੇ ਅਧੀਨ ਕਰਦਾ ਹੈ (BUTLER, 1990)। **ਪਛਾਣ** ਦੇ ਨਿਰਮਿਤ ਸੁਭਾਅ 'ਤੇ ਇਹ ਜ਼ੋਰ ਰਾਜਨੀਤਿਕ ਸਿਧਾਂਤ ਨੂੰ **ਮਾਨਤਾ** (recognition) ਅਤੇ **ਪ੍ਰਤੀਨਿਧਤਾ** (representation) ਵੱਲ ਮੁੜ-ਨਿਰਦੇਸ਼ਿਤ ਕਰਨ ਵੱਲ ਲੈ ਗਿਆ ਹੈ। ਹਾਸ਼ੀਏ 'ਤੇ ਪਏ ਸਮੂਹਾਂ ਦੇ ਸੰਘਰਸ਼ਾਂ ਨੂੰ ਹੁਣ ਸਿਰਫ਼ ਮੌਜੂਦਾ ਰਾਜਨੀਤਿਕ ਢਾਂਚਿਆਂ ਵਿੱਚ ਸ਼ਾਮਲ ਹੋਣ ਦੀਆਂ ਮੰਗਾਂ ਵਜੋਂ ਨਹੀਂ ਦੇਖਿਆ ਜਾਂਦਾ, ਬਲਕਿ ਉਹਨਾਂ ਸ਼ਰਤਾਂ ਲਈ ਚੁਣੌਤੀਆਂ ਵਜੋਂ ਦੇਖਿਆ ਜਾਂਦਾ ਹੈ ਜਿਨ੍ਹਾਂ ਦੁਆਰਾ ਉਹ ਢਾਂਚੇ ਦੀ ਉੱਚਤਤਾ ਅਤੇ ਭਾਗੀਦਾਰੀ ਨੂੰ ਪਰਿਭਾਸ਼ਿਤ ਕਰਦੇ ਹਨ। ਇਸ ਤਰ੍ਹਾਂ ਉੱਤਰ-ਆਧੁਨਿਕਤਾਵਾਦ **ਰਾਜਨੀਤੀ ਦੇ ਇੱਕ ਬਹੁਲਵਾਦੀ ਮਾਡਲ** (pluralistic model of politics) ਨੂੰ ਉਤਸ਼ਾਹਿਤ ਕਰਦਾ ਹੈ ਜੋ ਇੱਕ ਮੁਕਤੀ ਦੇ ਇੱਕ ਸਿੰਗਲ, ਇਕਜੁੱਟ ਵਿਸ਼ੇ (ਜਿਵੇਂ ਕਿ "ਮਜ਼ਦੂਰ" ਜਾਂ "ਨਾਗਰਿਕ") ਦੀ ਭਾਲ ਨਹੀਂ ਕਰਦਾ, ਬਲਕਿ ਇਸਦੀ ਬਜਾਏ ਰਾਜਨੀਤਿਕ **ਏਜੰਟਾਂ ਦੀ ਬਹੁਲਤਾ** (multiplicity of political agents) ਅਤੇ ਸਿਆਸੀ ਵਿਚਾਰ-ਵਟਾਂਦਰੇ ਵਿੱਚ **ਅਰਥ ਦੀ ਵਿਵਾਦਪੂਰਨ ਪ੍ਰਕਿਰਤੀ** (contested nature of meaning) ਨੂੰ ਸਵੀਕਾਰ ਕਰਦਾ ਹੈ।

**(ਸ) ਭਾਸ਼ਾ, ਵਿਚਾਰ-ਵਟਾਂਦਰਾ ਅਤੇ ਰਾਜਨੀਤਿਕ ਅਰਥ:** ਉੱਤਰ-ਆਧੁਨਿਕ **ਰਾਜਨੀਤਿਕ** ਚਿੰਤਕ **ਭਾਸ਼ਾ ਅਤੇ ਵਿਚਾਰ-ਵਟਾਂਦਰੇ** (language and discourse) ਨੂੰ ਬਹੁਤ ਮਹੱਤਵ ਦਿੰਦੇ ਹਨ, ਉਹਨਾਂ ਨੂੰ ਸਿਰਫ਼ ਸੰਚਾਰ ਦੇ ਵਾਹਨਾਂ ਵਜੋਂ ਨਹੀਂ ਬਲਕਿ ਸ਼ਕਤੀ ਦੇ ਸਾਧਨਾਂ ਅਤੇ ਸੰਘਰਸ਼ ਦੇ ਸਥਾਨਾਂ ਵਜੋਂ ਦੇਖਦੇ ਹਨ। ਵਿਚਾਰ-ਵਟਾਂਦਰਾ ਇਸ ਗੱਲ ਨੂੰ ਆਕਾਰ ਦਿੰਦਾ ਹੈ ਕਿ ਇੱਕ **ਰਾਜਨੀਤਿਕ** ਸੰਦਰਭ ਵਿੱਚ ਕੀ ਸੋਚਣਯੋਗ, ਕਹਿਣਯੋਗ, ਅਤੇ ਅੰਤ ਵਿੱਚ **ਕਰਨਯੋਗ** (doable) ਹੈ। **ਫੂਕੋ** (FOUCAULT) ਅਨੁਸਾਰ, "ਵਿਚਾਰ-ਵਟਾਂਦਰੇ ਵਾਲੇ ਗਠਨ (discursive formations)" ਗਿਆਨ ਅਤੇ ਨੀਤੀ ਦੇ ਖਾਸ ਰੂਪਾਂ ਦੇ ਉਭਾਰ ਲਈ ਸਥਿਤੀਆਂ ਪੈਦਾ ਕਰਦੇ ਹਨ। ਇਸ ਤਰ੍ਹਾਂ, "ਅੱਤਵਾਦ," "ਆਜ਼ਾਦੀ," ਜਾਂ "ਨਿਆਂ" ਵਰਗੇ ਸ਼ਬਦਾਂ ਦੇ ਅਰਥ ਬਾਰੇ ਬਹਿਸਾਂ ਸਿਰਫ਼ ਸ਼ਬਦਾਰਥਕ ਨਹੀਂ ਹਨ ਸਗੋ ਉਹ ਡੂੰਘੀਆਂ **ਰਾਜਨੀਤਿਕ** ਹਨ, ਜਿਸਦੇ ਸੰਸਾਰ ਉੱਤੇ ਡੂੰਘੇ ਪ੍ਰਭਾਵ ਪੈਦੇ ਹਨ।

**ਲਾਕਲਾਉ** (LACLAU) ਅਤੇ **ਮੂਫ਼ੇ** (MOUFFE) ਇਸ ਵਿਚਾਰ ਨੂੰ ਅੱਗੇ ਵਧਾਉਂਦੇ ਹੋਏ ਦਲੀਲ ਦਿੰਦੇ ਹਨ ਕਿ **ਰਾਜਨੀਤਿਕ** ਪਛਾਣਾਂ ਅਤੇ ਮੰਗਾਂ **ਵਿਚਾਰ-ਵਟਾਂਦਰੇ ਵਾਲੀ ਵਿਆਖਿਆ** (discursive articulation) ਦੁਆਰਾ ਬਣਾਈਆਂ ਜਾਂਦੀਆਂ ਹਨ। ਉਹਨਾਂ ਦੇ ਹੇਜ਼ੇਮਨੀ ਦੇ ਸਿਧਾਂਤ ਵਿੱਚ, **ਰਾਜਨੀਤਿਕ** ਅੰਦੋਲਨ ਇੱਕ ਵਸਤੂਗਤ ਹਿੱਤ ਦੀ ਪ੍ਰਤੀਨਿਧਤਾ ਕਰਕੇ ਨਹੀਂ ਬਲਕਿ ਵਿਭਿੰਨ ਮੰਗਾਂ ਵਿਚਕਾਰ **ਸਮਾਨਤਾ ਦੀਆਂ ਲੜੀਆਂ** (chains of equivalence) ਬਣਾ ਕੇ ਸਫਲ ਹੁੰਦੇ ਹਨ। ਇਸ ਤਰ੍ਹਾਂ ਰਾਜਨੀਤੀ ਦੀ ਭਾਸ਼ਾ ਨਿਰਪੱਖ ਨਹੀਂ ਹੈ ਸਗੋ ਇਹ ਸਮੂਹਿਕ ਪਛਾਣਾਂ ਬਣਾਉਣ ਅਤੇ ਸ਼ਕਤੀ ਨੂੰ ਸੰਗਠਿਤ ਕਰਨ ਵਿੱਚ ਇੱਕ **ਨਿਰਮਾਣਕਾਰੀ ਭੂਮਿਕਾ** (constitutive role) ਨਿਭਾਉਂਦੀ ਹੈ। **ਰਾਜਨੀਤਿਕ** ਸਿਧਾਂਤ ਵਿੱਚ ਇਹ ਭਾਸ਼ਾਈ ਮੋੜ **ਨਿਰਪੱਖ ਜਾਂ ਵਸਤੂਗਤ ਸਿਆਸੀ ਸਿਧਾਂਤ** (neutral or objective political theory) ਦੀ ਸੰਭਾਵਨਾ 'ਤੇ ਸਵਾਲ ਉਠਾਉਂਦਾ ਹੈ। ਇਸਦੀ ਬਜਾਏ, ਸਿਧਾਂਤ ਖੁਦ ਰਾਜਨੀਤੀ ਦਾ ਇੱਕ ਰੂਪ ਬਣ ਜਾਂਦਾ ਹੈ ਜੋ ਵਿਚਾਰ-ਵਟਾਂਦਰੇ ਵਾਲੇ ਸੰਘਰਸ਼ਾਂ ਨਾਲ ਜੁੜਨ ਅਤੇ ਉਹਨਾਂ ਵਿੱਚ ਦਖਲ ਦੇਣ ਦਾ ਇੱਕ ਤਰੀਕਾ ਹੈ।

**ਖੋਜ ਪੰਧ** (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

**(ਹ) ਲੋਕਤੰਤਰ ਲਈ ਪ੍ਰਭਾਵ**: ਉੱਤਰ-ਆਧੁਨਿਕਤਾਵਾਦ ਲੋਕਤੰਤਰ ਨੂੰ ਸਿੱਧੇ ਤੌਰ 'ਤੇ ਰੱਦ ਨਹੀਂ ਕਰਦਾ, ਪਰ ਇਹ ਇਸਦੀਆਂ ਬਹੁਤ ਸਾਰੀਆਂ ਆਧੁਨਿਕਤਾਵਾਦੀ ਧਾਰਨਾਵਾਂ ਦੀ ਆਲੋਚਨਾ ਕਰਦਾ ਹੈ ,ਖਾਸ ਕਰਕੇ ਇਹ ਵਿਚਾਰ ਕਿ ਲੋਕਤੰਤਰ ਸਹਿਮਤੀ, ਤਰਕਸ਼ੀਲ ਵਿਚਾਰ-ਵਟਾਂਦਰੇ, ਅਤੇ ਸਾਂਝੇ ਮੁੱਲਾਂ 'ਤੇ ਅਧਾਰਿਤ ਹੈ। ਇਸਦੇ ਉਲਟ, **ਸ਼ਾਂਤਲ ਮੂਫ਼ੇ** (CHANTAL MOUFFE) ਵਰਗੇ ਉੱਤਰ-ਆਧੁਨਿਕਤਾਵਾਦੀ ਲੋਕਤੰਤਰ ਦੇ ਇੱਕ **ਅਗੋਨਿਸਟਿਕ ਮਾਡਲ** (agonistic model of democracy) ਦੀ ਵਕਾਲਤ ਕਰਦੇ ਹਨ। ਇਹ ਮਾਡਲ ਸਵੀਕਾਰ ਕਰਦਾ ਹੈ ਕਿ ਰਾਜਨੀਤੀ ਅੰਦਰੂਨੀ ਤੌਰ 'ਤੇ ਵਿਵਾਦਪੂਰਨ ਹੈ ਅਤੇ ਲੋਕਤੰਤਰੀ ਜੀਵਨ ਸ਼ਕਤੀ ਵਿਰੋਧੀਆਂ ਵਿਚਕਾਰ **ਜਾਇਜ਼ ਅਸਹਿਮਤੀ** (legitimate disagreement) ਲਈ ਇੱਕ ਥਾਂ ਬਣਾਈ ਰੱਖਣ 'ਤੇ ਨਿਰਭਰ ਕਰਦਾ ਹੈ ਨਾ ਕਿ ਇਸਨੂੰ ਖਤਮ ਕਰਨ ਦੀ ਕੋਸ਼ਿਸ਼ ਕਰਨ 'ਤੇ। ਇਸ ਦਾ ਟੀਚਾ ਸਰਵ ਵਿਆਪਕ ਸਹਿਮਤੀ 'ਤੇ ਪਹੁੰਚਣਾ ਨਹੀਂ ਹੈ ਬਲਕਿ ਇਹ ਯਕੀਨੀ ਬਣਾਉਣਾ ਹੈ ਕਿ ਟਕਰਾਅ ਖੁੱਲ੍ਹੇ, ਦਿਖਾਈ ਦੇਣ ਵਾਲੇ, ਅਤੇ ਉਪਯੋਗੀ ਰਹਿਣ । ਲੋਕਤੰਤਰ ਪ੍ਰਤੀ ਇਹ ਪੁਨਰ-ਵਿਚਾਰ ਬੰਦ, ਸਮੁੱਚਤਾ, ਅਤੇ ਸਰਵ ਵਿਆਪਕਤਾ ਨੂੰ ਰੱਦ ਕਰਕੇ **ਖੁੱਲ੍ਹੇਪਣ**, **ਅਨਿਸ਼ਚਿਤਤਾ**, **ਅਤੇ ਬਹੁਵਾਦ** (openness, contingency, and pluralism) ਦੇ ਹੱਕ ਵਿੱਚ ਉੱਤਰ-ਆਧੁਨਿਕਤਾਵਾਦ ਦੇ ਵਿਆਪਕ ਰੁਝਾਨ ਨੂੰ ਦਰਸਾਉਂਦਾ ਹੈ। ਉੱਤਰ-ਆਧੁਨਿਕਤਾਵਾਦ **ਰਾਜਨੀਤਿਕ** ਸਿਧਾਂਤ ਨਾਲ ਆਪਣੇ ਸਬੰਧਾਂ ਵਿੱਚ ਇਸ ਦੀਆਂ ਬੁਨਿਆਦੀ ਧਾਰਨਾਵਾਂ ਦੀ ਪ੍ਰਭਾਵਸ਼ਾਲੀ ਆਲੋਚਨਾ ਕਰਦਾ ਹੈ ਅਤੇ ਸਮਕਾਲੀ ਰਾਜਨੀਤੀ ਦਾ ਵਿਸ਼ਲੇਸ਼ਣ ਕਰਨ ਲਈ ਨਵੇਂ ਸੰਕਲਪੀ ਸਰੋਤ ਵੀ ਪ੍ਰਦਾਨ ਕਰਦਾ ਹੈ। **ਵਿਚਾਰ-ਵਟਾਂਦਰਾ** (discourse), **ਪਛਾਣ** (identity), **ਸ਼ਕਤੀ ਸਬੰਧਾਂ** (power relations), ਅਤੇ **ਪ੍ਰਤੀਕਾਤਮਕ ਅਰਥ** (symbolic meaning) 'ਤੇ ਧਿਆਨ ਕੇਂਦਰਿਤ ਕਰਕੇ, ਉੱਤਰ-ਆਧੁਨਿਕ ਸਿਧਾਂਤ ਵਿਦਵਾਨਾਂ ਅਤੇ ਅਧਿਐਨ ਕਰਤਾਵਾਂ ਨੂੰ ਪ੍ਰਭਾਵਸ਼ਾਲੀ **ਰਾਜਨੀਤਿਕ** ਬਿਰਤਾਂਤਾਂ ਨੂੰ ਸਮਝਣ ਅਤੇ ਚੁਣੌਤੀ ਦੇਣ ਲਈ ਸਾਧਨ ਪ੍ਰਦਾਨ ਕਰਦਾ ਹੈ।

**ਰਾਜਨੀਤਿਕ** ਸਿਧਾਂਤ 'ਤੇ ਇਸਦੇ ਪਰਿਵਰਤਨਕਾਰੀ ਪ੍ਰਭਾਵ ਦੇ ਬਾਵਜੂਦ, ਉੱਤਰ-ਆਧੁਨਿਕਤਾਵਾਦ (post-modernism) ਨੇ ਇਸ ਅਨੁਸ਼ਾਸਨ ਦੇ ਅੰਦਰੋਂ ਅਤੇ ਬਾਹਰੋਂ ਕਾਫ਼ੀ ਆਲੋਚਨਾਵਾਂ ਨੂੰ ਜਨਮ ਦਿੱਤਾ ਹੈ। ਜਦੋਂ ਕਿ ਇਸਦੇ ਸਮਰਥਕ ਦਲੀਲ ਦਿੰਦੇ ਹਨ ਕਿ ਇਹ ਰਾਜਨੀਤੀ ਲਈ ਵਧੇਰੇ ਸਮਾਵੇਸ਼ੀ, ਬਹੁਲਵਾਦੀ, ਅਤੇ ਪ੍ਰਤੀਬਿੰਬੀ (reflexive) ਪਹੁੰਚ ਨੂੰ ਸਮਰੱਥ ਬਣਾਉਂਦਾ ਹੈ, ਆਲੋਚਕ ਇਹ ਦਲੀਲ ਦਿੰਦੇ ਹਨ ਕਿ ਇਹ ਗੰਭੀਰ ਸਿਧਾਂਤਕ, ਨੈਤਿਕ, ਅਤੇ ਸਿਆਸੀ ਕਮੀਆਂ ਤੋਂ ਪੀੜਤ ਹੈ।

ਉੱਤਰ-ਆਧੁਨਿਕਤਾਵਾਦ ਦੀ ਸਭ ਤੋਂ ਵੱਧ ਆਲੋਚਨਾ ਦਾ ਕਾਰਣ ਇਸਦਾ **ਕੱਟੜਪੰਥੀ ਸਾਪੇਖਤਾਵਾਦ** (radical relativism) ਹੈ। ਸਰਵ ਵਿਆਪਕ ਸੱਚਾਈਆਂ, ਵਸਤੂਗਤ ਗਿਆਨ, ਅਤੇ ਨੈਤਿਕ ਬੁਨਿਆਦਾਂ ਨੂੰ ਰੱਦ ਕਰਕੇ, ਉੱਤਰ-ਆਧੁਨਿਕ **ਰਾਜਨੀਤਿਕ** ਸਿਧਾਂਤ 'ਤੇ **ਨੈਤਿਕ ਨਿਰਣੇ** (normative judgment) ਦੀ ਬਹੁਤ ਸੰਭਾਵਨਾ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ। ਜੇਕਰ ਸਾਰੀਆਂ ਸੱਚਾਈਆਂ ਨਿਰਮਿਤ ਹਨ ਅਤੇ ਸਾਰੇ ਮੁੱਲ ਅਨਿਸ਼ਚਿਤ ਹਨ, ਤਾਂ ਫਿਰ ਕਿਸ ਆਧਾਰ 'ਤੇ ਕੋਈ ਬੇਇਨਸਾਫ਼ੀ ਦੀ ਨਿੰਦਾ ਕਰ ਸਕਦਾ ਹੈ, ਤਾਨਾਸ਼ਾਹੀ ਦੀ ਆਲੋਚਨਾ ਕਰ ਸਕਦਾ ਹੈ, ਜਾਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰ ਸਕਦਾ ਹੈ? **ਜੁਰਗੇਨ ਹੈਬਰਮਾਸ** (JÜRGEN HABERMAS) ਨੇ ਦਲੀਲ ਦਿੱਤੀ ਹੈ ਕਿ ਉੱਤਰ-ਆਧੁਨਿਕਤਾਵਾਦ **ਨੈਤਿਕ ਅਧਰੰਗ** (ethical

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

paralysis) ਦੇ ਇੱਕ ਰੂਪ ਵੱਲ ਲੈ ਜਾਂਦਾ ਹੈ, ਜਿੱਥੇ ਕੋਈ ਵੀ ਨੈਤਿਕ ਦਾਅਵਾ ਦੂਜੇ ਨਾਲੋਂ ਵਧੇਰੇ ਉਚਿਤ ਨਹੀਂ ਮੰਨਿਆ ਜਾ ਸਕਦਾ। ਉਦਾਹਰਨ ਲਈ, ਜੇਕਰ ਲੋਕਤੰਤਰ ਅਤੇ ਫਾਸ਼ੀਵਾਦ ਦੋਵੇਂ ਸਿਰਫ਼ "ਵਿਚਾਰ-ਵਟਾਂਦਰੇ" ਹਨ, ਜੋ ਸਿਰਫ਼ ਸੱਭਿਆਚਾਰਕ ਸੰਦਰਭ ਜਾਂ ਭਾਸ਼ਾਈ ਢਾਂਚੇ ਦੁਆਰਾ ਵੱਖਰੇ ਹਨ, ਤਾਂ ਮੁਕਤੀਦਾਇਕ ਅਤੇ ਦਮਨਕਾਰੀ **ਰਾਜਨੀਤਿਕ** ਪ੍ਰਣਾਲੀਆਂ ਵਿਚਕਾਰ ਫਰਕ ਕਰਨ ਦੀ ਸਮਰੱਥਾ ਬਹੁਤ ਕਮਜ਼ੋਰ ਹੋ ਜਾਂਦੀ ਹੈ। ਉੱਤਰ-ਆਧੁਨਿਕ ਸਿਧਾਂਤ ਦੀ ਅਕਸਰ ਇਸਦੀ **ਗੁੰਝਲਦਾਰ ਸ਼ਬਦਾਵਲੀ** (complex jargon), **ਅਸਪਸ਼ਟ ਗੱਦ** (opaque prose), ਅਤੇ **ਸਪੱਸ਼ਟਤਾ ਦੀ ਘਾਟ** ਲਈ ਵੀ ਆਲੋਚਨਾ ਕੀਤੀ ਜਾਂਦੀ ਹੈ। **ਡੈਰੀਡਾ** (DERRIDA), **ਫੂਕੋ** (FOUCAULT), ਅਤੇ **ਬਾਡਰੀਲਾਰਡ** (BAUDRILLARD) ਵਰਗੇ ਚਿੰਤਕਾਂ 'ਤੇ ਅਕਸਰ ਜਾਣਬੁੱਝ ਕੇ ਅਸਪਸ਼ਟ ਭਾਸ਼ਾ ਵਿੱਚ ਲਿਖਣ ਦਾ ਦੋਸ਼ ਲਗਾਇਆ ਜਾਂਦਾ ਹੈ, ਜਿਸ ਨਾਲ ਉਹਨਾਂ ਦੇ ਵਿਚਾਰ ਅਸਪਸ਼ਟ ਹੋ ਜਾਂਦੇ ਹਨ। ਬੇਸ਼ਕ ਉੱਤਰ-ਆਧੁਨਿਕਤਾਵਾਦ ਨੇ ਸੱਭਿਆਚਾਰ, ਪਛਾਣ, ਅਤੇ ਭਾਸ਼ਾ ਬਾਰੇ ਚਰਚਾਵਾਂ ਨੂੰ ਚੰਗਾ ਮੰਚ ਪ੍ਰਦਾਨ ਕੀਤਾ ਹੈ, ਪਰੰਤੂ ਆਲੋਚਕਾਂ ਅਨੁਸਾਰ ਇਹ ਅਕਸਰ **ਆਰਥਿਕ ਅਤੇ ਭੌਤਿਕ ਸਥਿਤੀਆਂ** ਵੱਲ **ਘੱਟ ਧਿਆਨ** ਦਿੰਦਾ ਹੈ।

**ਸਿੱਟਾ:** ਉੱਤਰ-ਆਧੁਨਿਕਤਾ ਰਾਜਨੀਤਿਕ ਸਿਧਾਂਤ ਦੇ ਕੇਂਦਰ ਵਿੱਚ **ਵੱਡੇ ਬਿਰਤਾਂਤਾਂ** (metanarratives) ਪ੍ਰਤੀ ਇੱਕ ਡੂੰਘਾ **ਸੰਦੇਹਵਾਦ** (skepticism) ਹੈ ਜਿਵੇਂ ਕਿ **ਲਿਓਤਾਰ** (LYOTARD) ਕਹਿੰਦਾ ਹੈ ਕਿ ਉੱਤਰ-ਆਧੁਨਿਕਤਾਵਾਦ ਨੂੰ "ਵੱਡੇ ਬਿਰਤਾਂਤਾਂ ਪ੍ਰਤੀ ਅਵਿਸ਼ਵਾਸ" ਦੁਆਰਾ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਭਾਵੇਂ ਇਹ ਤਰਕਸ਼ੀਲ ਉਦਾਰਵਾਦੀ ਵਿਸ਼ਾ ਹੋਵੇ, ਪ੍ਰੋਲਤਾਰੀ ਕ੍ਰਾਂਤੀ ਦਾ ਅਟੱਲ ਮਾਰਚ ਹੋਵੇ, ਜਾਂ ਇਕਜੁੱਟ ਰਾਸ਼ਟਰ-ਰਾਜ ਹੋਵੇ, ਉੱਤਰ-ਆਧੁਨਿਕ ਚਿੰਤਕ ਦਲੀਲ ਦਿੰਦੇ ਹਨ ਕਿ ਇਹ ਬਿਰਤਾਂਤ ਕੁਦਰਤੀ ਸੱਚਾਈਆਂ ਨਹੀਂ ਹਨ ਬਲਕਿ ਰਾਜਨੀਤਿਕ ਸ਼ਕਤੀ ਦੁਆਰਾ ਸਿਰਜਿਆ ਅਤੇ ਇਤਿਹਾਸਕ ਤੌਰ 'ਤੇ ਅਨਿਸ਼ਚਿਤ ਵਿਚਾਰ-ਵਟਾਂਦਰਾ ਹੈ।

ਨਵੇਂ ਸਮੂਹਾਂ ਦੀ ਪੇਸ਼ਕਸ਼ ਕਰਨ ਦੀ ਬਜਾਏ, ਉੱਤਰ-ਆਧੁਨਿਕਤਾਵਾਦ **ਅੰਤਰ**, **ਬਹੁਲਤਾ**, **ਅਤੇ ਮੁਕਾਬਲੇ** (difference, plurality, and contestation) 'ਤੇ ਧਿਆਨ ਕੇਂਦਰਿਤ ਕਰਨ ਨੂੰ ਉਤਸ਼ਾਹਿਤ ਕਰਦਾ ਹੈ। **ਫੂਕੋ** (FOUCAULT) , **ਡੈਰੀਡਾ** (DERRIDA) , ਅਤੇ **ਬਾਡਰੀਲਾਰਡ** (BAUDRILLARD) ਵਰਗੇ ਚਿੰਤਕਾਂ ਨੇ **ਵਿਚਾਰ-ਵਟਾਂਦਰਾ** (discourse), **ਨਿਰਮਾਣ-ਖੰਡਨ** (deconstruction), **ਸ਼ਾਸਨਕਾਲ** (governmentality), **ਅਤੇ ਹਾਈਪਰਰੀਅਲਿਟੀ** (hyperreality) ਵਰਗੇ ਸੰਕਲਪ ਪੇਸ਼ ਕੀਤੇ ਹਨ, ਜੋ ਸ਼ਕਤੀ ਕਿਵੇਂ ਕੰਮ ਕਰਦੀ ਹੈ ਅਤੇ ਰਾਜਨੀਤਿਕ ਪਛਾਣਾਂ ਕਿਵੇਂ ਬਣਦੀਆਂ ਹਨ, ਇਸ ਬਾਰੇ ਵਧੇਰੇ ਬਾਰੀਕੀ ਨਾਲ ਸਮਝਾਉਣ ਵਿੱਚ ਯੋਗਦਾਨ ਪਾਉਂਦੇ ਹਨ। ਉੱਤਰ-ਆਧੁਨਿਕਤਾਵਾਦ ਨੇ ਸਮਕਾਲੀ ਰਾਜਨੀਤਿਕ ਚਿੰਤਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਜਿਵੇ ਕਿ **ਪਛਾਣ ਦੀ ਰਾਜਨੀਤੀ** (identity politics) ਅਤੇ **ਸਮਾਜਿਕ ਅੰਦੋਲਨਾਂ** (social movements) ਤੋਂ ਲੈ ਕੇ **ਡਿਜੀਟਲ ਨਿਗਰਾਨੀ** (digital surveillance), **ਵਿਸ਼ਵਵਿਆਪੀ ਸ਼ਾਸਨ** (global governance), ਅਤੇ **ਲੋਕਤੰਤਰੀ ਬਹੁਵਾਦ** (democratic pluralism) ਨੂੰ ਪ੍ਰਭਾਵਿਤ ਕੀਤਾ ਹੈ। ਇਹ ਇੱਕ ਅਜਿਹੀ ਦੁਨੀਆ ਨੂੰ ਸਮਝਣ ਲਈ ਸਿਧਾਂਤਕ ਭਾਸ਼ਾ ਪ੍ਰਦਾਨ ਕਰਦਾ ਹੈ ਜਿੱਥੇ ਰਾਜਨੀਤੀ ਜਿੰਨੀ ਸੰਸਦਾਂ ਅਤੇ ਪੋਲਿੰਗ ਬੂਥਾਂ ਵਿੱਚ ਕੀਤੀ ਜਾਂਦੀ ਹੈ, ਓਨੀ ਹੀ ਮੀਡੀਆ ਅਤੇ ਵਿਚਾਰਵਟਾਂਦਰੇ ਵਿੱਚ ਵੀ ਪ੍ਰਦਰਸ਼ਿਤ ਹੁੰਦੀ ਹੈ। ਇਸ-ਦਾ ਅਰਥ ਉੱਤਰ-ਆਧੁਨਿਕਤਾਵਾਦ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 66-77

ਰਾਜਨੀਤੀ ਦਾ ਤਿਆਗ ਨਹੀਂ ਬਲਕਿ ਇੱਕ ਮੁੜ-ਨਿਰਦੇਸ਼ਨ ਹੈ ਜੋ ਸਾਨੂੰ ਸਥਿਰ ਵਿਚਾਰਧਾਰਾਵਾਂ ਤੋਂ ਦੂਰ ਅਤੇ ਵਧੇਰੇ **ਸੰਦਰਭ**, **ਸੰਵੇਦਨਸ਼ੀਲ**, **ਆਲੋਚਨਾਤਮਕ**, **ਅਤੇ ਸਮਾਵੇਸ਼ੀ** ਸ਼ਮੂਲੀਅਤ ਦੇ ਰੂਪਾਂ ਵੱਲ ਲੈ ਕੇ ਜਾਂਦਾ ਹੈ।

ਉੱਤਰ-ਆਧੁਨਿਕਤਾਵਾਦ ਰਾਜਨੀਤਿਕ ਸਿਧਾਂਤ ਨੂੰ 21ਵੀਂ ਸਦੀ ਵਿੱਚ **ਆਪਣੇ ਉਦੇਸ਼ 'ਤੇ ਮੁੜ ਵਿਚਾਰ ਕਰਨ** ਲਈ ਸੋਚਣ ਤੇ ਮਜਬੂਰ ਕਰਦਾ ਹੈ। ਇਹ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਸਿਧਾਂਤ ਸਵੈ-ਪ੍ਰਤੀਬਿੰਬੀ, ਇਤਿਹਾਸਕ ਤੌਰ 'ਤੇ ਅਧਾਰਤ, ਅਤੇ **ਅੰਤਰ ਅਤੇ ਅਨਿਸ਼ਚਿਤਤਾ** (difference and contingency) ਲਈ ਖੁੱਲ੍ਹਾ ਹੋਣਾ ਚਾਹੀਦਾ ਹੈ। ਇਹ ਅਨੁਸ਼ਾਸਨ ਨੂੰ ਹਾਸ਼ੀਏ 'ਤੇ ਪਈਆਂ ਆਵਾਜ਼ਾਂ ਨੂੰ ਵਧੇਰੇ ਧਿਆਨ ਨਾਲ ਸੁਣਨ, ਆਪਣੀਆਂ ਧਾਰਨਾਵਾਂ ਦੀ ਜਾਂਚ ਕਰਨ, ਅਤੇ ਰਾਜਨੀਤੀ ਨਾਲ ਸਥਿਰ ਜਵਾਬਾਂ ਦੀ ਭਾਲ ਵਜੋਂ ਨਹੀਂ ਬਲਕਿ ਇੱਕ **ਬਹੁਲਵਾਦੀ**, **ਵਿਵਾਦਪੂਰਨ**, **ਅਤੇ ਵਿਕਾਸਸ਼ੀਲ ਖੇਤਰ** (pluralistic, contested, and evolving field) ਵਜੋਂ ਜੁੜਨ ਲਈ ਚੁਣੌਤੀ ਦਿੰਦਾ ਹੈ। ਇਹ ਸਾਨੂੰ **ਬਿਹਤਰ ਸਵਾਲ ਪੁੱਛਣ**, **ਚੁੱਪ ਨੂੰ ਬੇਨਕਾਬ ਕਰਨ**, **ਅਤੇ ਮੁੜ ਕਲਪਨਾ ਕਰਨ** ਦੇ ਯੋਗ ਬਣਾਉਂਦਾ ਹੈ ਕਿ ਸਾਡੇ ਸਮੇਂ ਵਿੱਚ ਰਾਜਨੀਤੀ ਦਾ ਕੀ ਅਰਥ ਹੋ ਸਕਦਾ ਹੈ। ਹਾਲਾਂਕਿ ਇਹ ਕਦੇ ਵੀ ਉਦਾਰਵਾਦ ਜਾਂ ਮਾਰਕਸਵਾਦ ਦੀ ਤਰ੍ਹਾਂ ਮੁੱਖ ਧਾਰਾ ਦਾ ਮਾਪਦੰਡ ਨਹੀਂ ਬਣ ਸਕਦਾ, ਪਰ ਫਿਰ ਵੀ ਇਸ ਨੇ ਬੌਧਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਇੱਕ ਸਥਾਈ ਸਥਾਨ ਬਣਾ ਲਿਆ ਹੈ।

**ਹਵਾਲੇ (REFERENCES)**


1. **ਬਾਡਰੀਲਾਰਡ, ਜੇ. (1994).** *ਸਿਮੂਲੈਕਰਾ ਐਂਡ ਸਿਮੂਲੇਸ਼ਨ* (Simulacra and Simulation). ਐਨ ਆਰਬਰ: ਯੂਨੀਵਰਸਿਟੀ ਆਫ ਮਿਸ਼ੀਗਨ ਪ੍ਰੈੱਸ।
2. **ਬਾਉਮੈਨ, ਜ਼ੈੱਡ. (2000).** *ਲਿਕਵਿਡ ਮਾਡਰਨਿਟੀ* (Liquid Modernity). ਕੈਂਬਰਿਜ: ਪੋਲਿਟੀ ਪ੍ਰੈੱਸ।
3. **ਬਟਲਰ, ਜੇ. (1990).** *ਜੈਂਡਰ ਟਰਬਲ: ਫੈਮਿਨਿਜ਼ਮ ਐਂਡ ਦ ਸਬਵਰਜ਼ਨ ਆਫ ਆਈਡੈਂਟਿਟੀ* (Gender Trouble: Feminism and the Subversion of Identity). ਨਿਊਯਾਰਕ: ਰਾਊਟਲੇਜ।
4. **ਡੈਰੀਡਾ, ਜੇ. (1976).** *ਆਫ ਗ੍ਰਾਮੈਟੋਲੋਜੀ* (Of Grammatology) (ਜੀ. ਸੀ. ਸਪੀਵਕ, ਅਨੁ.). ਬਾਲਟੀਮੋਰ: ਜੌਨਸ ਹੌਪਕਿਨਸ ਯੂਨੀਵਰਸਿਟੀ ਪ੍ਰੈੱਸ।
5. **ਈਗਲਟਨ, ਟੀ. (1996).** *ਦ ਇਲਿਊਜ਼ਨਜ਼ ਆਫ ਪੋਸਟਮਾਡਰਨਿਜ਼ਮ* (The Illusions of Postmodernism). ਆਕਸਫੋਰਡ: ਬਲੈਕਵੈੱਲ।
6. **ਫਿਸ਼ਰ, ਐੱਮ. (2009).** *ਕੈਪੀਟਲਿਸਟ ਰੀਅਲਿਜ਼ਮ: ਇਜ਼ ਦੇਅਰ ਨੋ ਅਲਟਰਨੇਟਿਵ?* (Capitalist Realism: Is There No Alternative?). ਵਿੰਚੈਸਟਰ: ਜ਼ੀਰੋ ਬੁਕਸ।
7. **ਫੂਕੋ, ਐੱਮ. (1977).** *ਡਿਸਿਪਲਿਨ ਐਂਡ ਪਨਿਸ਼: ਦ ਬਰਥ ਆਫ ਦ ਪ੍ਰਿਜ਼ਨ* (Discipline and Punish: The Birth of the Prison) (ਏ. ਸ਼ੈਰੀਡਨ, ਅਨੁ.). ਨਿਊਯਾਰਕ: ਪੈਂਥੀਓਨ ਬੁਕਸ।

8. **ਫੂਕੋ, ਐੱਮ. (1978).** *ਦ ਹਿਸਟਰੀ ਆਫ ਸੈਕਸੁਅਲਿਟੀ, ਵੋਲਿਊਮ* 1: *ਐਨ ਇੰਟਰੋਡਕਸ਼ਨ* (The History of Sexuality, Volume 1: An Introduction) (ਆਰ. ਹਰਲੀ, ਅਨੁ.). ਨਿਊਯਾਰਕ: ਪੈਂਥੀਓਨ ਬੁਕਸ।

9. **ਫੂਕੋ, ਐੱਮ. (1980).** *ਪਾਵਰ/ ਨੌਲੇਜ: ਸਿਲੈਕਟਡ ਇੰਟਰਵਿਊਜ਼ ਐਂਡ ਅਦਰ ਰਾਈਟਿੰਗਜ਼*, 1972–1977 (Power/Knowledge: Selected Interviews and Other Writings, 1972–1977) (ਸੀ. ਗੋਰਡਨ, ਸੰਪਾ.). ਨਿਊਯਾਰਕ: ਪੈਂਥੀਓਨ ਬੁਕਸ।

10. **ਹੈਬਰਮਾਸ, ਜੇ. (1987).** *ਦ ਫਿਲਾਸਫੀਕਲ ਡਿਸਕੋਰਸ ਆਫ ਮਾਡਰਨਿਟੀ: ਟਵੈਲਵ ਲੈਕਚਰਜ਼* (The Philosophical Discourse of Modernity: Twelve Lectures) (ਐੱਫ. ਲਾਰੈਂਸ, ਅਨੁ.). ਕੈਂਬਰਿਜ: ਐੱਮ.ਆਈ.ਟੀ. ਪ੍ਰੈੱਸ।

11. **ਲਾਕਲਾਉ, ਈ., ਅਤੇ ਮੂਫ਼ੇ, ਸੀ. (1985).** *ਹੇਗੇਮਨੀ ਐਂਡ ਸੋਸ਼ਲਿਸਟ ਸਟ੍ਰੈਟਜੀ: ਟੂਵਰਡਜ਼ ਏ ਰੈਡੀਕਲ ਡੈਮੋਕਰੇਟਿਕ ਪੋਲੀਟਿਕਸ* (Hegemony and Socialist Strategy: Towards a Radical Democratic Politics). ਲੰਡਨ: ਵਰਸੋ।

12. **ਲਿਓਤਾਰ, ਜੇ.-ਐੱਫ. (1984).** *ਦ ਪੋਸਟਮਾਡਰਨ ਕੰਡੀਸ਼ਨ: ਏ ਰਿਪੋਰਟ ਆਨ ਨੌਲੇਜ* (The Postmodern Condition: A Report on Knowledge) (ਜੀ. ਬੈਨਿੰਗਟਨ & ਬੀ. ਮਾਸੂਮੀ, ਅਨੁ.). ਮਿਨੀਆਪੋਲਿਸ: ਯੂਨੀਵਰਸਿਟੀ ਆਫ ਮਿਨੀਸੋਟਾ ਪ੍ਰੈੱਸ।

13. **ਮੂਫ਼ੇ, ਸੀ. (2000).** *ਦ ਡੈਮੋਕਰੇਟਿਕ ਪੈਰਾਡੌਕਸ* (The Democratic Paradox). ਲੰਡਨ: ਵਰਸੋ।

14. **ਸਪੀਵਕ, ਜੀ. ਸੀ. (1988).** ਕੈਨ ਦ ਸਬਾਲਟਰਨ ਸਪੀਕ? (Can the Subaltern Speak?) ਸੀ. ਨੈਲਸਨ & ਐੱਲ. ਗ੍ਰਾਸਬਰਗ (ਸੰਪਾ.), *ਮਾਰਕਸਿਜ਼ਮ ਐਂਡ ਦ ਇੰਟਰਪ੍ਰੀਟੇਸ਼ਨ ਆਫ ਕਲਚਰ* (Marxism and the Interpretation of Culture) (ਪੰ. 271–313) ਵਿੱਚ। ਅਰਬਾਨਾ: ਯੂਨੀਵਰਸਿਟੀ ਆਫ ਇਲੀਨੋਇਸ ਪ੍ਰੈੱਸ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 78-84

# ਪੰਜਾਬੀ ਸਾਹਿਤ ਵਿਚ ਗੁਰਮੁਖੀ ਲਿਪੀ ਦਾ ਯੋਗਦਾਨ:

## (ਉਤਪਤੀ ਅਤੇ ਭਵਿੱਖ , ਉਤਰ ਆਧੁਨਿਕ ਪਰਿਪੇਖ ਚ)

**ਡਾ: ਸੁਮਨਪ੍ਰੀਤ ਕੌਰ**
**ਸਹਾਇਕ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ,**
**ਸ੍ਰੀ ਫਤਹਿਗੜ੍ਹ ਸਾਹਿਬ, ਪੰਜਾਬ**

ਕਿਸੇ ਵੀ ਕੌਮ ਅਤੇ ਸੱਭਿਆਚਾਰ ਦੇ ਵਿਕਾਸ ਵਿੱਚ ਭਾਸ਼ਾ ਅਤੇ ਲਿਪੀ ਦਾ ਵੱਡਾ ਮਹੱਤਵ ਹੁੰਦਾ ਹੈ। ਇਸੇ ਤਰ੍ਹਾਂ ਹੀ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਗੁਰਮੁਖੀ ਲਿਪੀ ਦੀ ਅਹਿਮ ਭੂਮਿਕਾ ਹੈ। ਲਿਪੀ, ਉਹ ਭੰਡਾਰ ਹੁੰਦਾ ਹੈ ਜੋ ਕਿਸੇ ਭਾਸ਼ਾ ਨੂੰ ਵਿਆਕਰਨ ਦੇ ਨਿਯਮਾਂ ਦੇ ਚੌਖਟੇ ਵਿੱਚ ਫਿੱਟ ਕਰਕੇ ਅੱਗੇ ਵੱਧਦਾ ਹੈ। ਇਸ ਖੋਜ ਪੱਤਰ ਵਿੱਚ ਅਸੀਂ ਪੰਜਾਬੀ ਸਾਹਿਤ ਦੇ ਵਿੱਚ ਗੁਰਮੁਖੀ ਲਿਪੀ ਦੇ ਯੋਗਦਾਨ ਨੂੰ ਉੱਤਰ ਆਧੁਨਿਕ ਪਰਿਪੇਖ ਵਿੱਚ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਗੁਰਮੁਖੀ ਲਿਪੀ ਦੀ ਉਤਪਤੀ, ਵਿਕਾਸ ਅਤੇ ਭਵਿੱਖ ਬਾਰੇ ਕੁਝ ਤਰਕ ਸੰਗਤ ਜਾਣਕਾਰੀਆਂ ਨਾਲ ਅੱਗੇ ਵਧੀਏ, ਅੱਜ ਪੰਜਾਬੀ ਭਾਸ਼ਾ ਗੁਰਮੁਖੀ ਲਿਪੀ ਦੇ ਸਦਕਾ ਪੂਰੇ ਵਿਸ਼ੇ ਦੇ ਵਿੱਚ ਪ੍ਰਚਲਤ ਭਾਸ਼ਾ ਦੇ ਰੂਪ ਵਿੱਚ ਹੈ। ਇਸ ਲਿਪੀ ਦੇ ਜਨਮ, ਵਿਕਾਸ, ਸਮਕਾਲ ਅਤੇ ਭਵਿੱਖ ਬਾਰੇ ਜੋ ਵੀ ਅਹਿਮ ਪਹਿਲੂ ਹਨ। ਉਹਨਾਂ ‘ਤੇ ਕੇਂਦਰਿਤ ਰਹਿ ਕੇ ਅਸੀਂ ਇਸ ਖੋਜ ਪੱਤਰ ਵਿਚ ਵਿਸ਼ਵੀ ਪ੍ਰਸੰਗ ਵਿੱਚ ਵਾਪਰ ਰਹੇ ਵਰਤਾਰਿਆਂ ਦੇ ਹਵਾਲਿਆਂ ਨਾਲ ਵੀ ਗੱਲ ਕਰਾਂਗੇ। ਅੱਜ ਕੰਪਿਊਟਰ ਅਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦਾ ਸਮਾਂ ਹੈ। ਇਸ ਸਮੇਂ ਵਿੱਚ ਸਾਡੀ ਇਹ ਲਿਪੀ ਕਿਸ ਤਰਾਂ ਅੱਗੇ ਵਧੇਗੀ ਅਤੇ ਇਸਨੂੰ ਕਿਸ ਤਰਾਂ ਦੀਆਂ ਚੁਣੌਤੀਆਂ ਹੋਣਗੀਆਂ। ਇਸ ਖੋਜ ਪੱਤਰ ਰਾਹੀਂ ਇਹਨਾਂ ਪਹਿਲੂਆਂ ‘ਤੇ ਵੀ ਵਿਚਾਰ ਚਰਚਾ ਕੀਤੀ ਜਾਵੇਗੀ। ਗੁਰਮੁਖੀ ਦਾ ਅਰਥ ਹੈ ਗੁਰੂ ਦੇ ਮੁਖ ਵਿਚੋਂ ਨਿਕਲੀ ਹੋਈ ਅਤੇ ਲਿਪੀ ਮੂਲਕ ਅਰਥ ਹੈ ਜੋ ਗੁਰੂ ਜੀ ਨੇ ਬਣਾਈ ਹੈ। ਗੁਰਮੁਖੀ ਲਿਪੀ ਦਾ ਨਿਰਮਾਣ ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਨੇ ਕੀਤਾ। ਉਸ ਸਮੇਂ ਗੁਰਬਾਣੀ ਨੂੰ ਲਿਖਣ ਲਈ ਪੰਜਾਬ ਖੇਤਰ ਵਿੱਚ ਪ੍ਰਚਲਿਤ ਕੋਈ ਵੀ ਲਿਪੀ ਪੂਰੀ ਤਰ੍ਹਾਂ ਉਚਿਤ ਨਹੀਂ ਸੀ। ਇਸ ਲਈ ਸਭ ਤੋਂ ਪਹਿਲੀ ਤੇ ਬੁਨਿਆਦੀ ਲੋੜ ਗੁਰਬਾਣੀ ਨੂੰ ਲਿਖਤੀ ਰੂਪ ਵਿਚ ਸੁਰੱਖਿਅਤ ਕਰਨੀ ਸੀ। ਇਸ ਦੇ ਨਾਲ ਹੀ ਨਵੀਂ ਸੁਤੰਤਰ ਭਾਈਚਾਰਕ, ਪੰਥਕ ਜਾਂ ਕੌਮੀ ਪਹਿਚਾਣ ਲਈ ਵੀ ਇੱਕ ਵਿਲੱਖਣ ਲਿਪੀ ਦੀ ਲੋੜ ਸੀ। ਗੁਰਮੁਖੀ ਲਿਪੀ ਦੇ ਸਬੰਧ ਵਿਚ ਉਤਰ-ਆਧੁਨਿਕਤਾ ਸਮਕਾਲ ਦੀ ਇਕ ਨਵੀਂ ਧਾਰਨਾ ਹੈ। ਅਸਲ ਵਿਚ ਇਹ ਕੋਈ ਵਿਚਾਰਧਾਰਾ ਜਾਂ ਰਾਜਸੀ ਸ਼ਕਤੀ ਨਹੀਂ ਸਗੋਂ ਇਹ ਤਾਂ ਆਧੁਨਿਕਤਾ ਵਿਚੋਂ ਹੀ ਨਿਕਲੀ ਹੋਈ ਇਕ ਲਹਿਰ ਹੈ। ਮਨੁੱਖ ਨੇ ਆਪਣੀ ਪ੍ਰਗਤੀ ਲਈ ਜਿਵੇਂ ਜਿਵੇਂ ਵਿਕਾਸ ਕੀਤਾ, ਚਾਹੇ ਉਹ ਵਿਸ਼ਵ ਪੱਧਰ ਤੇ ਹੋਵੇ ਆਧੁਨਿਕਤਾ ਸਮੇਂ ਦੀ ਜ਼ਰੂਰਤ ਬਣ ਗਈ। “ਇਕ ਭਾਸ਼ਾ ਦਾ ਵਰਤਾਰਾ ਦੂਜੀ ਭਾਸ਼ਾ ਨਾਲੋਂ ਭਿੰਨ ਹੁੰਦਾ ਹੈ। ਭਾਵੇਂ ਇਹ ਭਿੰਨਤਾ ਕੁਝ ਨਿਯਮਾਂ ਦੇ ਅੰਤਰਗਤ ਹੀ ਹੁੰਦੀ ਹੈ। ਭਾਸ਼ਾਵਾਂ ਦੀ ਗਿਣਤੀ ਦੀ ਇਕ ਲੰਬੀ ਸੂਚੀ ਹੈ ਪਰ ਲਿਪੀਆਂ ਦੀ ਸੂਚੀ ਸੀਮਤ ਹੈ। ਭਾਵੇਂ ਹਰ ਇਕ ਭਾਸ਼ਾ ਦੀ ਆਪਣੀ ਇਕ ਲਿਪੀ ਘੜੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਨੂੰ ਲਿਖਤ ਵਿਚ ਲਿਆਉਣ ਲਈ ਮੋਟੇ ਤੌਰ 'ਤੇ ਦੋ ਲਿਪੀਆਂ ਦੀ ਵਰਤੋਂ ਕੀਤੀ ਜਾਂਦੀ ਹੈ । ਗੁਰਮੁਖੀ ਨੂੰ ਪੰਜਾਬੀ ਭਾਸ਼ਾ ਦੇ ਲਿਖਣ ਲਈ ਪੂਰਬੀ ਪੰਜਾਬ ਵਿਚ ਵਰਤਿਆ ਜਾਂਦਾ ਹੈ। ਗੁਰਮੁਖੀ ਨੂੰ ਪੈਂਤੀ ਅੱਖਰੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 78-84

ਮੂਲ ਚਿੰਨਾਂ ਦੀ ਗਿਣਤੀ ਪੈਂਤੀ ਹੈ। ਇਸ ਲਿਪੀ ਨੂੰ ਖੱਬੇ ਤੋਂ ਸੱਜੇ ਵੱਲ ਲਿਖਿਆ ਜਾਂਦਾ ਹੈ।"[1] ਇਸ ਵਿਚ (ੳ ਅ ਅਤੇ ੲ) ਸਵਰ ਵਾਹਕ ਚਿੰਨ੍ਹ ਹਨ। ਇਹ ਅੱਖਰ 10 ਸਵਰ ਧੁਨੀਆਂ ਲਈ ਵਰਤੇ ਜਾਂਦੇ ਹਨ। ਗੁਰਮੁਖੀ ਲਿਪੀ ਉਚਾਰਨ (ਸਥਾਨ) 'ਤੇ ਅਧਾਰਤ ਹੈ ਜਿਨ੍ਹਾਂ ਧੁਨੀਆਂ ਦਾ ਉਚਾਰਨ ਮੂੰਹ ਦੇ ਪਿਛਲੇ ਪਾਸੇ ਤੋਂ ਹੁੰਦਾ ਹੈ ਉਨ੍ਹਾਂ ਦਾ ਲਿਪੀ ਵਿਚ ਪਹਿਲਾ ਸਥਾਨ ਅਤੇ ਤਰਤੀਬਵਾਰ ਇਹ ਮੂੰਹ ਦੇ ਅੱਗੇ ਵੱਲ ਨੂੰ ਵੱਧਦਾ ਜਾਂਦਾ ਹੈ, ਜਿਵੇਂ : ਕੰਠੀ, ਤਾਲਵੀ, ਸਖਤ ਤਾਲੂ, ਦੰਤੀ ਅਤੇ ਹੋਠੀ ਹੈ। ਇਕ ਵਰਗ ਦੀਆਂ ਧੁਨੀਆਂ ਲਈ ਇਕ ਤਰਤੀਬ ਲਾਗੂ ਹੁੰਦੀ ਹੈ। ਪੰਜਾਬੀ ਵਿਚ (ਹ. ਵ ਤੇ ਰ) ਤਿੰਨ ਧੁਨੀਆਂ ਹਨ ਜਿਨ੍ਹਾਂ ਦੀ ਵਰਤੋਂ ਮੂਲ ਰੂਪ ਵਿਚ ਵੀ ਹੁੰਦੀ ਹੈ। ਦੁਜੈਲੇ ਰੂਪ ਵਿਚ ਵੀ ਹੁੰਦੀ ਹੈ। ਦੂਜੈਲੇ ਰੂਪ ਵਿਚ ਇਹ ਦੂਜੇ ਲਿਪੀ ਚਿੰਨਾਂ ਦੇ ਪੈਰਾਂ ਵਿਚ ਲਿਖੇ ਜਾਂਦੇ ਹਨ। ਬਿੰਦੀ, ਟਿੱਪੀ ਅਤੇ ਅੱਧਕ ਤਿੰਨ ਹੋਰ ਚਿੰਨ੍ਹ ਹਨ ਜੋ ਦੂਜੇ ਲਿਪੀ ਚਿੰਨਾਂ ਨਾਲ ਵਰਤੇ ਜਾਂਦੇ ਹਨ। ਟਿੱਪੀ, ਬਿੰਦੀ ਅਤੇ ਅੱਧਕ ਦੀ ਵਰਤੋਂ ਹੈ। (ਹ) ਧੁਨੀ ਦੀ ਵਰਤੋਂ ਕੁਝ ਉਪਭਾਸ਼ਾਵਾਂ ਵਿਚ ਸ਼ਬਦ ਦੇ ਸ਼ੁਰੂ ਵਿਚ ਕੀਤੀ ਜਾਂਦੀ ਹੈ। ਬਾਦ ਵਿਚ ਇਹ ਸੁਰ ਵਿਚ ਬਦਲ ਜਾਂਦੀ ਹੈ। ਸ਼ਬਦ-ਜੋੜਾਂ ਨੂੰ ਤਰਕਸੰਗਤ ਬਣਾਉਣ ਲਈ ਪੰਜਾਬੀ ਧੁਨੀ-ਵਿਉਂਤ ਅਤੇ ਲਿਪੀ ਚਿੰਨ੍ਹਾਂ ਦੇ ਵਰਤਾਰਿਆਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਦੀ ਸਿਰਜਣਾ ਕਰਕੇ ਸ਼ਬਦ ਸਭਿਆਚਾਰ ਦੇ ਖੇਤਰ ਵਿਚ ਇੱਕ ਨਵਾਂ ਅਧਿਆਇ ਜੋੜ ਦਿੱਤਾ। ਗੁਰਮੁਖੀ ਲਿੱਪੀ ਦੀ ਰਚਨਾ ਜਾ ਸਿਰਜਣਾ ਜਿਥੇ ਸਿੱਖੀ ਦੇ ਮਹਿਲ ਦੀ ਉਸਾਰੀ ਲਈ ਇੱਕ ਮਹੱਤਵਪੂਰਨ ਕਾਰਜ ਸੀ ਉਥੇ ਸਿੱਖਿਆ ਪ੍ਰਣਾਲੀ ਨੂੰ ਪ੍ਰਫੁੱਲਤ ਕਰਨ ਦਾ ਮੁੱਢਲਾ ਕਾਰਜ ਸੀ ਜਿਸ ਤਹਿਤ 1539 ਜਦੋਂ ਤੋਂ ਗੁਰੂ ਨਾਨਕ ਸਾਹਿਬ ਅਕਾਲ ਜੋਤ ਵਿਚ ਸਮਾ ਗਏ ਉਸ ਮਗਰੋ ਗੁਰੂ ਨਾਨਕ ਸਹਿਬ ਦੁਆਰਾ ਰਚਿਤ ਅਥਾਹ ਗਿਆਨ ਦੇ ਭੰਡਾਰ ਨੂੰ ਸਹੀ ਮਾਇਨੇ ਵਿਚ ਸਮਝਣ ਲਈ ਲਿੱਪੀ ਦੇ ਗਿਆਨ ਦੀ ਅਤਿਅੰਤ ਲੋੜ ਸੀ ਜਿਸ ਕਾਰਜ ਤਹਿਤ ਦੂਜੇ ਪਾਤਸ਼ਾਹੀ ਨੇ ਇਸ ਕਾਰਜ ਦੀ ਆਰੰਭਤਾ ਕਰਕੇ ਸਿੱਖਿਆ ਪ੍ਰਣਾਲੀ ਨੂੰ ਇਕ ਨਵਾਂ ਦ੍ਰਿਸ਼ਟੀਕੋਣ ਅਰਪਣ ਕੀਤਾ।"ਗੁਰਮੁਖੀ ਲਿਪੀ: ਬੋਲਾਂ ਨੂੰ ਲਿਖਤ ਵਿੱਚ ਢਾਲਣ ਲਈ ਵਰਤੇ ਜਾਂਦੇ ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ। ਲਿਪੀ ਬੋਲੀ ਦਾ ਵਾਹਣ ਹੈ। ਭਾਸ਼ਾ ਤੇ ਲਿਪੀ ਦਾ ਆਪਸ ਵਿੱਚ ਗੂੜਾ ਸੰਬੰਧ ਹੈ। ਜਿਵੇਂ ਮਨੁੱਖੀ ਭਾਵਾਂ ਦੀ ਪੁਸ਼ਾਕ ਬੋਲੀ ਹੈ, ਉਵੇਂ ਲਿਪੀ ਭਾਸ਼ਾ/ਬੋਲੀ ਦਾ ਪਹਿਰਾਵਾ ਹੈ। ਲਿਪੀ ਦੇ ਪਹਿਰਾਵੇ ਨੇ ਭਾਸ਼ਾ ਨੂੰ ਸਦੀਵਤਾ ਬਖ਼ਸ਼ੀ ਹੈ। ਲਿਪੀ ਮਨੁੱਖੀ ਭਾਵਾਂ ਨੂੰ ਅਮਰ ਕਰ ਦਿੰਦੀ ਹੈ। ਅੱਜ ਗਿਆਨ, ਵਿਗਿਆਨ ਅਤੇ ਕੰਪਿਊਟਰੀ ਯੁੱਗ ਵਿੱਚ ਭਾਵੇਂ ਨਵੀਆਂ ਤਕਨੀਕਾਂ ਨੇ ਬੋਲੀ ਭਾਸ਼ਾ (ਅਵਾਜ) ਨੂੰ ਸਥਾਈ ਰੂਪ ਦੇਣ ਦੇ ਹੋਰ ਵੀ ਕਈ ਨਵੀਨ ਸਾਧਨ ਬਣਾ ਲਏ ਹਨ, ਪਰ ਲਿਪੀ ਦੀ ਤਾਕਤ ਅਤੇ ਵਿਆਪਕਤਾ ਦੇ ਮੁਕਾਬਲੇ ਇਹ ਅਜੇ ਵੀ ਤੁੱਛ ਹਨ।"[2] ਹਰ ਭਾਸ਼ਾ ਦੀ ਲਿਪੀ ਦਾ ਕੋਈ ਨਾ ਕੋਈ ਨਾਂ ਵੀ ਜਰੂਰ ਹੁੰਦਾ ਹੈ, ਜਿਵੇਂ ਹਿੰਦੀ ਭਾਸ਼ਾ ਲਈ ਦੇਵਨਾਗਰੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਅੰਗਰੇਜ਼ੀ ਭਾਸ਼ਾ ਲਈ ਰੋਮਨ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।

ਗੁਰਮੁਖੀ ਲਿਪੀ ਦੇ ਨਾਮਕਰਨ ਅਤੇ ਅਰੰਤ, ਇਹ ਵਿਸ਼ਵਾਸ ਪ੍ਰਚਲਿਤ ਰਿਹਾ ਹੈ ਕਿ ਇਹ ਗੁਰੂਆਂ ਦੇ ਪਵਿੱਤਰ ਮੁੱਖ ਤੋਂ ਨਿਕਲੀ। ਇਸੇ ਕਾਰਨ ਇਸ ਦਾ ਨਾਮ ਗੁਰਮੁਖੀ ਪਿਆ। ਦਰਅਸਲ ਭਾਸ਼ਾ ਦੀ ਉਤਪਤੀ ਵਾਂਗ ਲਿਪੀ ਦੇ ਅਰੰਭ ਅਤੇ ਨਾਮਕਰਨ ਬਾਰੇ ਵੀ ਵੱਖ- ਵੱਖ ਕੰਮਾਂ ਵਿੱਚ ਧਾਰਮਿਕ ਵਿਸ਼ਵਾਸ ਪ੍ਰਚਲਿਤ ਰਹੇ ਹਨ। ਹਿੰਦੋਸਤਾਨੀ ਲੋਕ ਆਪਣੀ ਸਭ ਤੋਂ ਪੁਰਾਣੀ ਲਿਪੀ ਨੂੰ ਬਰਮਾ ਦੀ ਕ੍ਰਿਤ ਦੱਸਦੇ ਹਨ। ਇਵੇਂ ਸੰਸਕ੍ਰਿਤ ਨੂੰ ਦੇਵ ਭਾਸ਼ਾ ਮੰਨਣ ਵਾਲੇ ਆਪਣੀ ਲਿਪੀ ਨੂੰ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 78-84

ਦੇਵਨਾਗਰੀ ਆਖਦੇ ਹਨ ਤੇ ਫਿਰ ਇਹ ਕੋਈ ਅਲੋਕਾਰ ਗੱਲ ਨਹੀ ਹੈ, ਜੇ ਪੰਜਾਬੀ ਲੋਕ ਆਪਣੀ ਭਾਸ਼ਾ ਦੀ ਲਿਪੀ ਨੂੰ ਗੁਰੂ ਦੇ ਮੁੱਖ ਨਿਕਲੀ ਲਿਪੀ ਕਹਿੰਦੇ ਹਨ। ਹਾਂ ਇਹ ਅਟੱਲ ਸਚਾਈ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਲਿਖਤੀ ਰੂਪ, ਗੁਰਮੁਖੀ ਲਿਪੀ ਵਿੱਚ ਹੀ ਦਿੱਤਾ ਗਿਆ। ਗੁਰੂ ਸਾਹਿਬਾਨ ਨੇ ਉਸ ਵੇਲੇ ਪ੍ਰਚਲਿਤ ਲਿਪੀ ਵਿੱਚ ਸੁਧਾਰ ਕਰ ਕੇ, ਉਸ ਨੂੰ ਗੁਰਬਾਣੀ ਦੇ ਲਿਖਣ ਯੋਗ ਬਣਾਉਣ ਦਾ ਸ਼ਲਾਘਾਯੋਗ ਮਹਾਨ ਕਾਰਜ ਕੀਤਾ। ਇਸੇ ਕਾਰਨ ਇਸ ਦਾ ਨਾਮ ਗੁਰਮੁਖੀ ਲਿਪੀ ਪੈ ਗਿਆ।ਅਰੰਭ ਵਿੱਚ ਗੁਰਮੁਖੀ ਲਿਪੀ ਵਿੱਚ ਪੈਂਤੀ ਅੱਖਰ ਸਨ। ਜਦੋਂ ਕਿਸੇ ਲਿਪੀ ਦਾ ਨਿਰਮਾਣ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਭਾਸ਼ਾ ਦੀ ਧੁਨੀ ਵਿਉਂਤ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਗੁਰਮੁਖੀ ਲਿਪੀ ਦੀ ਬਣਤਰ ਵਿੱਚ ਸਭ ਤੋਂ ਪਹਿਲਾ ਸ੍ਵਰ ਵਾਹਕ ਲਿਪੀ ਚਿੰਨ੍ਹ ਹਨ। ਸ੍ਵਰ ਉਚਾਰ-ਖੰਡ ਵਿੱਚ ਕੇਂਦਰੀ ਮਹੱਤਵ ਦਾ ਧਾਰਨੀ ਹੈ, ਜਦੋਂ ਕਿ ਵਿਅੰਜਨ ਦੁਜੈਲੇ ਮਹੱਤਵ ਵਾਲਾ ਤੱਤ ਹੈ। ਇਸ ਲਈ ਕੇਂਦਰੀ ਤੱਤ ਦਾ ਪਹਿਲਾਂ ਆਉਣਾ ਜਰੂਰੀ ਸੀ। (ੳ. ਅ ਤੇ ੲ) ਦੀ ਆਪਣੀ ਤਰਤੀਬ ਵੀ ਧੁਨੀ-ਵਿਉਂਤ ਦੇ ਨੁਕਤੇ ਤੋਂ ਤਰਕ ਸੰਗਤ ਹੈ। ਇਹ ਤਰਤੀਬ ਉਚਾਰਨ ਸਥਾਨ ਦੀ ਵਿਉਂਤ ਅਨੁਸਾਰ ਹੈ।(ੳ) ਪਿਛਲੇ ਸ੍ਵਰ ਦਾ ਵਾਹਕ ਚਿੰਨ੍ਹ ਹੈ। ਇਸੇ ਤਰ੍ਹਾਂ ਹੀ ਕਵਰਗ ਚਵਰਗ, ਟਵਰਗ, ਤਵਰਗ ਤੇ ਪਵਰਗ ਆਦਿ ਵਿਅੰਜਨ ਲਿਪੀ ਚਿੰਨ੍ਹਾਂ ਦੀ ਤਰਤੀਬ ਵੀ ਉਚਾਰਨ ਸਥਾਨ ਅਨੁਸਾਰ ਹੈ। ਇਹ ਗੱਲ ਤਾਂ ਸਰਬਪ੍ਰਵਾਨਿਤ ਹੈ ਕਿ ਹੋਰਨਾਂ ਭਾਰਤੀ ਲਿਪੀਆਂ ਵਾਂਗ ਗੁਰਮੁਖੀ ਲਿਪੀ ਦਾ ਨਿਕਾਸ ਵੀ 'ਬ੍ਰਹਮੀ' ਤੋਂ ਹੋਇਆ। ਪ੍ਰੀਤਮ ਸਿੰਘ ਦਾ ਖ਼ਿਆਲ ਹੈ ਕਿ ਗੁਰਮੁਖੀ ਦਾ 'ਹ' ਅੱਖਰ 'ਰਾਹੇ' ਦੇ ਬ੍ਰਹਮੀ ਵਾਲੇ ਚਿੰਨ੍ਹ ਤੋਂ ਹੀ ਵਿਗਸਿਆ ਹੋਇਆ ਹੈ, ਪਰ ਕਿਉਂਕਿ ਇਹ ਪੰਜਾਬੀ ਉਚਾਰਨ ਦੀ ਸੁਰ ਨੂੰ ਲਿਖਤ ਰਾਹੀਂ ਪ੍ਰਗਟਾਉਣ ਦੇ ਕੰਮ ਵੀ ਆਉਂਦਾ ਹੈ। ਹੋਰਨਾ ਲਿਪੀਆ ਵਾਂਗ ਗੁਰਮੁਖੀ ਲਿਪੀ ਵੀ ਇੱਕ ਲੰਮੇ ਇਤਿਹਾਸਿਕ ਕਾਲ ਦੌਰਾਨ ਵਿਕਸਿਤ ਹੋਈ ਹੈ ਅਤੇ ਇਸ ਦਾ ਮੂਲ ਸ੍ਰੋਤ ਬ੍ਰਹਮੀ ਲਿਪੀ ਹੈ। 10ਵੀਂ-11ਵੀਂ ਸਦੀ ਤੋਂ ਇਸ ਖਿਤੇ ਦੀ ਲਿਪੀ ਲਈ ਭੱਟਛਰੀ, ਸਿਧ ਮਾਤ੍ਰਿਕਾ ਤੇ ਸ਼ਾਰਦਾ ਆਦਿ ਨਾਮ ਪ੍ਰਚਲਿਤ ਸਨ, ਪਰ ਗੁਰੂ ਸਾਹਿਬਾਨ ਵੱਲੋਂ ਇਸ ਲਿਪੀ ਨੂੰ ਇੱਕ ਸਥਾਨਿਕ ਲਿਪੀ ਵਜੋਂ ਅਪਣਾਉਣ ਅਤੇ ਇਸ ਲਿਪੀ ਨੂੰ ਗੁਰਬਾਣੀ ਲਈ ਵਰਤਣ ਕਾਰਨ, ਇਸ ਦਾ ਨਾਮ ਗੁਰਮੁਖੀ ਪੈ ਗਿਆ। ਪੰਜਾਬੀ ਜ਼ੁਬਾਨ ਦੀਆਂ ਵਿਸ਼ੇਸ਼ ਧੁਨੀਆਂ ਦੇ ਪ੍ਰਗਟਾਉਣ ਲਈ ਗੁਰਮੁਖੀ ਹੀ ਇੱਕੋ-ਇੱਕ ਢੁੱਕਵੀ ਲਿਪੀ ਹੈ। ਇਹ ਲਿਪੀ ਪੰਜਾਬੀ ਭਾਸ਼ਾ ਲਈ ਲੰਮੇ ਸਮੇਂ ਤੋਂ ਵਰਤੋਂ ਵਿੱਚ ਆ ਰਹੀ ਹੈ ਤੇ ਅੱਜ ਜਦੋਂ ਭਾਰਤ ਦੇ ਪੰਜਾਬ ਪ੍ਰਾਂਤ ਵਿੱਚ ਇਸ ਨੂੰ ਰਾਜਸੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ ਅਤੇ ਇਹ ਉਚੇਰੀ ਸਿੱਖਿਆ ਦਾ ਮਾਧਿਅਮ ਹੈ ਤਾਂ ਇਸ ਵਰਤੋਂ ਲਈ ਗੁਰਮੁਖੀ ਨੂੰ ਹੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ

ਜੀਵਨ ਦੇ ਅਖੀਰਲੇ ਪੜਾਅ ਵਿੱਚ, ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਉਪਰੰਤ ਕਰਤਾਰਪੁਰ ਵਿੱਚ ਟਿਕ ਗਏ, ਤਾਂ ਉਨ੍ਹਾਂ ਦੀ ਅਗਵਾਈ ਹੇਠ ਭਾਈ ਲਹਣਾ ਜੀ ਨੇ ਗੁਰਮੁਖੀ ਦੇ ਨਿਰਮਾਣ ਦਾ ਮਹੱਤਵਪੂਰਣ ਕਾਰਜ ਕੀਤਾ। 1469 ਤੋਂ 1539 ਤੱਕ ਜਦੋਂ ਪਹਿਲੀ ਪਾਤਸ਼ਾਹੀ ਨੇ ਉਦਾਸੀਆਂ ਕਰਕੇ ਲੋਕਾਈ ਨੂੰ ਮਾਰਗ ਦਰਸ਼ਨ ਕਰਨ ਦਾ ਕਾਰਜ ਕੀਤਾ ਤਾਂ ਇਸ ਗੱਲ ਦੀ ਲੋੜ ਮਹਿਸੂਸ ਹੋਈ ਕੀ ਮੂਲ ਰੂਪ ਚ ਸਾਰਾ ਭਾਰਤ ਮੁਸਲਮਾਨੀ ਸਭਿਆਚਾਰ ਦਾ ਗੁਲਾਮ ਹੋ ਚੁੱਕਾ ਹੈ ਤੇ ਇਸ ਤੌਰ ਤਰੀਕੇ ਨੂੰ ਬਦਲਣ ਲਈ ਇਕ ਨਵੀਂ ਭਾਸ਼ਾ ਲਿਪੀ ਦੀ ਬਹੁਤਾਂਤ ਚ ਲੋੜ ਹੈ। ਜਿਸ ਤਹਿਤ ਅੰਗਮੀ ਬਾਈ ਦੇ ਪ੍ਰਚਾਰ ਦੇ ਕਾਰਜ ਨੂੰ ਵਿਸ਼ਵਵਿਆਪੀ ਬਣਾਇਆ ਜਾ ਸਕੇ ਤੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁਕਿਆ ਜਾ ਸਕੇ। ਇਸ ਕਾਰਜ ਲਈ ਉਹਨਾਂ ਨੂੰ ਸਿੱਖਿਅਤ ਕਰਨਾ ਮੁੱਢਲੀ ਲੋੜ ਸੀ ਜੋ ਕਿ ਗੁਰਮੁਖੀ ਲਿਪੀ ਦੀ ਉਤਪੱਤੀ ਦਾ ਮੂਲ ਕਾਰਣ ਬਣਿਆ। ਭਾਵੇਂ ਕਿ ਗੁਰੂ ਸਾਹਿਬ ਦੇ ਸਮੇਂ ਵੀ ਪੰਜਾਬ ਅਤੇ ਆਸ ਪਾਸ ਸਿੱਧ ਮਾਤ੍ਰਿਕਾ, ਆਕਾਰੀ, ਲੰਡੇ

ਆਦਿ ਲਿਪੀਆਂ ਮੋਜੂਦ ਸਨ ਪਰ ਉਹ ਸਿੱਖੀ ਸੱਭਿਆਚਾਰ ਨਾਲ ਮੇਲ ਨਹੀਂ ਸਨ ਖਾਂਦੀਆਂ ਤੇ ਇਹਨਾਂ ਲਿੱਪੀਆਂ ਨੂੰ ਵਰਤ ਕੇ ਗੁਰਬਾਣੀ ਦੀ ਰਚਨਾ ਦਾ ਕਾਰਜ ਨਹੀਂ ਕੀਤਾ ਜਾ ਸਕਦਾ ਸੀ। ਦੂਜਾ ਅੰਗਦ ਦੇਵ ਜੀ ਦੀ ਦੂਰ ਦ੍ਰਿਸ਼ਟੀ ਨੂੰ ਪਤਾ ਸੀ ਕੇ ਅਜੋਕੀ ਸਿੱਖਿਆ ਪ੍ਰਣਾਲੀ ਵਿਚ ਉਹ ਲਿੱਪੀਆਂ ਵਿਕਸਿਤ ਨਹੀਂ ਹੋ ਸਕਣਗੀਆਂ ਤਾਂਹੀ ਉਹਨਾਂ ਉਪਰੋਕਤ ਲਿੱਪੀਆਂ ਵਿਚਲੀਆਂ ਕਮੀਆਂ ਨੂੰ ਦੂਰ ਕਰਕੇ ਇਕ ਨਵੀਂ ਲਿੱਪੀ ਤਿਆਰ ਕੀਤੀ, ਜੋ ਗੁਰਮੁਖੀ ਲਿੱਪੀ ਵਜੋਂ ਪ੍ਰਚਲਿਤ ਹੋਈ। ਇਹ ਲਿੱਪੀ ਨੂੰ ਸਰਵਵਿਆਪਕ ਬਣਾਉਣ ਲਈ ਗੁਰੂ ਅੰਗਦ ਦੇਵ ਜੀ ਨੇ ਬਹੁਤ ਸਾਰੇ ਸਮੀਕਰਣਾਂ ਤੋਂ ਨਵਾਂ ਰੂਪ ਤਿਆਰ ਕਰਨ ਲਈ ਕਾਰਜ ਕੀਤਾ। ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਦੀ ਬੋਧਿਕ ਸ਼ਕਤੀ ਸਦਕਾ ਅੱਜ ਸਿੱਖਿਆ ਪ੍ਰਣਾਲੀ ਨੂੰ ਸ਼ਬਦ ਸਾਹਿਤ ਦੇ ਭੰਡਾਰ ਪ੍ਰਾਪਤ ਹਨ।

ਗੁਰਮੁਖੀ ਲਿੱਪੀ ਦੇ ਪ੍ਰਕਾਸ਼ਮਾਨ ਹੋਣ ਨਾਲ ਸਿੱਖਿਆ ਪ੍ਰਣਾਲੀ ਦਾ ਪ੍ਰਚਾਰ ਪ੍ਰਸਾਰ ਸੁਖਾਲਾ ਹੋਣ ਲੱਗਾ। ਲੋਕਾਂ ਚ ਚੇਤਨਤਾ ਵਧੀ ਉਹਨਾਂ ਕੋਲ ਗਿਆਨ ਪ੍ਰਾਪਤ ਕਰਨ ਦਾ ਸੋਮਾ ਮੋਜੂਦ ਸੀ ਭਾਵੇਂ ਇਹ ਪ੍ਰਸਥਿਤੀਆਂ ਸਮੇਂ ਦੇ ਹਾਕਮਾਂ ਦੇ ਅਨੁਕੂਲ ਨਹੀਂ ਸਨ ਫਿਰ ਵੀ ਸਿੱਖਿਆ ਦੇ ਪ੍ਰੇਮੀਆਂ ਨੇ ਗੁਰਮੁਖੀ ਲਿੱਪੀ ਨੂੰ ਸਿੱਖਣ ਵਿਚ ਵਿਸ਼ੇਸ਼ ਉਤਸ਼ਾਹ ਦਿਖਾਇਆ। ਗੁਰੂ ਸਾਹਿਬਾਨ ਵਲੋਂ ਸਥਾਪਿਤ ਧਰਮ—ਸ਼ਲਾਵਾ ਨੇ ਇਸ ਕਾਰਜ ਨੂੰ ਹੋਰ ਉਮੰਗ ਬਖਸ਼ੀ। ਗੁਰਮੁਖੀ ਲਿੱਪੀ ਵਿੱਚ ਰਚਿਤ ਗੁਰਮਤਿ ਗਿਆਨ ਦਾ ਭੰਡਾਰ ਭਾਰਤ ਵਰਸ਼ ਚ ਫੈਲਾਉ ਕਰਕੇ ਪ੍ਰਚਾਰ ਦਾ ਇਕ ਅਨੋਖਾ ਸਾਧਨ ਬਣਿਆ। ਲੋਕਾਂ ਕੋਲ ਸਾਖੀਆ ਸੁਣਨ ਤੋਂ ਇਲਾਵਾ ਸੁਣੀ ਹੋਈ ਗੁਰੂ ਮੁੱਖ ਤੋਂ ਉਚਾਰਨ ਬਾਣੀ ਨੂੰ ਪੜਨ ਦੀ ਸੂਝ ਆਉਣ ਲਗੀ ਜੋ ਵਿੱਦਿਆ ਦੇ ਪ੍ਰਸਾਰ ਦੀ ਜੋਤ ਵਜੋਂ ਪੂਰੇ ਪੰਜਾਬ ਵਿਚ ਜਗ ਮਗ ਜਗ ਮਗ ਕਰਨ ਲੱਗੀ। ਗੁਰਮੁਖੀ ਲਿੱਪੀ ਜਰੀਏ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਗਿਆਨ ਦੇ ਭੰਡਾਰ ਦੀ ਸਿਧਾਤਕ ਸੂਝ ਲੋਕਾਈ ਤੱਕ ਪਹੁੰਚ ਕਰ ਸਕੀ। ਜਿਸਦੇ ਸਿੱਟੇ ਵਜੋਂ ਸਿੱਖੀ ਪ੍ਰਫੁਲਿਤ ਹੋਈ ਅਤੇ ਇਸ ਤੋਂ ਗਿਆਨ ਪ੍ਰਾਪਤ ਕਰ ਵਿਗਿਆਨੀ, ਕਾਵਿ ਰਚਨਹਾਰੇ, ਸਾਹਿਤਕਾਰ ਤੇ ਅਧਿਆਪਕ ਵਰਗਾ ਵਿਚ ਅਥਾਹ ਵਾਧਾ ਹੋਇਆ। ਇਹ ਲਿੱਪੀ ਦਾ ਹੀ ਅਸਰ ਸੀ ਕਿ ਗੁਰੂਆਂ ਦੀ ਸ਼ੈਲੀ, ਸਾਹਿਤਕ ਸੋਚ, ਬਰੀਕ ਸੂਝ ਤੇ ਸ਼ਬਦ ਜੋੜ ਦਾ ਗਿਆਨ ਮਨੁੱਖਤਾ ਨੂੰ ਹੋਇਆ ਜਿਸ ਸਦਕਾ ਇਕ ਉਤਪੰਨ ਸਿੱਖਿਆ ਢਾਂਚੇ ਦਾ ਮਹਿਲ ਉਸਰਨ ਲੱਗਾ। ਬ੍ਰਹਿਮੰਡ ਦਾ ਗਿਆਨ ਤਾਂ ਗੁਰੂ ਨਾਨਕ ਸਾਹਿਬ ਆਪ ਗੁਰਬਾਣੀ ਜਰੀਏ ਸਮਝਾਅ ਗਏ ਸਨ ਪਰ ਗੁਰਮੁਖੀ ਲਿਪੀ ਦੇ ਪ੍ਰਚਾਰ ਨੇ ਹਰ ਮਨੁੱਖੀ ਮਨ ਤੱਕ ਉਸ ਗਿਆਨ ਨੂੰ ਪਹੁੰਚਾਉਣ ਦਾ ਮਾਰਗ ਉਚਾਰਿਆ ਜਿਸ ਸਦਕਾ ਸਿੱਖਿਅਕ ਢਾਂਚੇ ਵਿਚ ਬੇਮਿਸਾਲ ਉਥਾਨ ਆਇਆ ਤੇ ਗੁਰਮੁਖੀ ਸੱਭਿਆਚਾਰ ਵਿਚੋਂ ਵੱਡੇ ਵੱਡੇ ਵਿਦਵਾਨ, ਗੁਣੀਵਾਣ, ਸਾਹਿਤਕਾਰ ਤੇ ਵਿਗਿਆਨੀਆਂ ਨੇ ਜਨਮ ਲਿਆ। ਅਜੋਕੀ ਸਿੱਖਿਆ ਪ੍ਰਣਾਲੀ ਨੂੰ ਅਥਾਨ ਪੁਰਾਤਨ ਕਾਵਿ ਦਾ ਭੰਡਾਰ ਜੋ ਮੋਜੂਦ ਸੀ ਨੂੰ ਸਮਝਣ ਦੀ ਸ੍ਰੋਤ ਵੀ ਗੁਰਮੁਖੀ ਲਿੱਪੀ ਹੀ ਹੈ। ਅਜੋਕੇ ਸਾਹਿਤਕਾਰਾਂ ਸਿੱਖਿਆ ਸ਼ਾਸਤਰੀਆਂ ਤੇ ਵਿਗਿਆਨੀਆਂ ਨੇ ਗੁਰਬਾਣੀ ਅਤੇ ਗੁਰਮੁਖੀ ਕਿੱਸਾ ਕਾਵਿ ਤੋਂ ਸੁਚਾਰੂ ਸੋਚ ਲੈ ਕੇ ਵੱਡੇ ਵੱਡੇ ਕ੍ਰਿਤੀਮਾਨ ਸਥਾਪਿਤ ਕੀਤੇ। ਸਮਾਜਿਕ ਪ੍ਰਫੁਲਤਾ ਵਿਚ ਵਿਸ਼ੇਸ਼ ਯੋਗਦਾਨ ਪਾਉਣ ਲਈ ਇੱਕ ਆਦਰਸ਼ਕ ਮਨੁੱਖ ਵਜੋਂ ਸਿੱਖਿਅਤ ਹੋਕੇ ਮਨੁੱਖ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ। ਗੁਰੂ ਸਾਹਿਬਾਨ ਦੀ ਰਚਿਤ ਬਾਣੀ ਤੋਂ ਗੁਰਮੁਖੀ ਲਿੱਪੀ ਜਰੀਏ ਗਿਆਨ ਪ੍ਰਾਪਤ ਕਰ ਮਨੁੱਖ ਵਿਚ ਸਮਾਜਿਕ ਚੇਤਨਾ ਆਈ ਤੇ ਆਪ ਸਿੱਖਿਅਤ ਹੋਕੇ ਉਸਨੇ ਹੋਰਨਾਂ ਨੂੰ ਗਿਆਨ ਵੰਡਣ ਦਾ ਕਾਰਜ ਆਰੰਭ ਕੀਤਾ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 78-84

ਮੂਲ ਰੂਪ ਵਿੱਚ ਨਤੀਜੇ ਵਜੋਂ ਅਸੀ ਕਹਿ ਸਕਦੇ ਹਾਂ ਕਿ ਗੁਰੂ ਅੰਗਦ ਦੇਵ ਜੀ ਨੇ ਲਿੱਪੀ ਦੇ ਪ੍ਰਸਾਰ ਨਾਲ ਅਜੋਕੀ ਸਿੱਖਿਆ ਪ੍ਰਣਾਲੀ ਨੂੰ, ਸਾਹਿਤ, ਸ਼ਬਦ ਜੋੜ, ਗੁਰਮਤਿ ਸਹਿਤ ਅਤੇ ਇਤਿਹਾਸਕ ਰਚਨਾਵਾਂ ਦੇ ਭੰਡਾਰ ਤੋਂ ਗਿਆਨਹੀਣ ਹੋਣ ਤੋਂ ਬਚਾਅ ਲਿਆ ਤੇ ਪ੍ਰੰਪਰਾਗਤ ਰੂਪ ਚ ਆਤਮਕ ਉਸਾਰੀ ਵਜੋਂ ਮਨੁੱਖ ਨੂੰ ਸਿਖਿਅਤ ਹੋਣ ਲਈ ਪ੍ਰੇਰਣਾਦਾਇਕ ਵਡਮੁੱਲਾ ਸ੍ਰੋਤ ਗੁਰਮੁਖੀ ਲਿੱਪੀ ਵਜੋਂ ਬਖਸਿਸ ਕੀਤਾ।

ਅੱਜ ਦੀ ਪੰਜਾਬੀ ਭਾਸ਼ਾ ਨੂੰ ਵਿਸ਼ਵੀਕਰਨ ਦੀ ਸਮੱਸਿਆ ਦੇ ਨਾਲ ਨਾਲ ਸਮੇਂ ਦੀ ਹਾਣੀ ਬਣਨ ਦੀਆਂ ਸਮੱਸਿਆਵਾਂ ਵੀ ਹਨ। ਵਿਸ਼ਵ ਦੀਆਂ ਭਾਸ਼ਾਵਾਂ ਵਿਚ ਤੇਜ਼ੀ ਨਾਲ ਵਿਕਾਸ ਹੋਇਆ ਹੈ। ਕੰਪਿਊਟਰ ਦੀ ਤਰੱਕੀ ਨੇ ਵਿਸ਼ਵ ਵਿਚ ਭਾਸ਼ਾ ਅਤੇ ਸਾਹਿਤ ਨੂੰ ਬਹੁਤ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ ਹੀ ਪ੍ਰਵਾਸੀ ਪ੍ਰਸੰਗ ਵਿਚ ਵੀ ਭਾਸ਼ਾ ਦਾ ਨਜ਼ਰੀਆ ਦਿਨ ਬ ਦਿਨ ਬਦਲਦਾ ਨਜ਼ਰ ਆ ਰਿਹਾ ਹੈ। ਡਾ. ਬੂਟਾ ਸਿੰਘ ਬਰਾੜ ਲਿਖਦੇ ਹਨ ਕਿ ‘‘ਸਾਨੂੰ ਸਭ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਭਾਸ਼ਾਈ ਵਿਕਾਸ ਦਾ ਸੰਕਲਪ ਕੀ ਹੈ ਅਤੇ ਇਸ ਦੀਆਂ ਦਿਸ਼ਾਵਾਂ ਕੀ ਹੋ ਸਕਦੀਆਂ ਹਨ।“3 ਆਧੁਨਿਕ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਵਿਸ਼ਵ ਦੇ ਲਗਭਗ 150 ਦੇਸ਼ਾਂ ਵਿਚ ਫੈਲੀ ਹੋਈ ਹੈ। ਇਸ ਤਰ੍ਹਾਂ ਅਸੀਂ ਅੰਦਾਜਾ ਲਗਾ ਸਕਦੇ ਹਾਂ ਕਿ ਪਰਵਾਸ ਵਿਚ ਵੀ ਪੰਜਾਬੀ ਕਾਫੀ ਵੱਡੇ ਪੱਧਰ ਤੇ ਆਪਣੀ ਭਾਈਚਾਰਕ ਸਾਂਝ ਬਣਾ ਚੁੱਕੀ ਹੈ। ਇਕ ਅਨੁਮਾਨ ਅਨੁਸਾਰ ਪੰਜਾਬੀ ਦਾ ਵਿਸ਼ਵ ਵਿਚ ਬਾਰਵਾਂ ਸਥਾਨ ਹੈ ਜੋ ਸਭ ਤੋਂ ਵੱਧ ਬੋਲੀ ਜਾਂਦੀ ਹੈ। ਆਧੁਨਿਕ ਸਮੇਂ ਵਿਚ ਤੇਜੀ ਨਾਲ ਬਦਲਦੇ ਸੱਭਿਆਚਾਰਾਂ ਨੇ ਲਗਭਗ ਸਾਰੀਆਂ ਭਾਸ਼ਾਂਵਾਂ ਨੂੰ ਪ੍ਰਭਾਵਿਤ ਕੀਤਾ ਹੈ। ਬਹੁ ਸੱਭਿਆਚਾਰ ਨੇ ਪੰਜਾਬੀ ਭਾਸ਼ਾ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪਰਵਾਸੀ ਨਜ਼ਰੀਏ ਤੋਂ ਅਸੀਂ ਪੰਜਾਬੀ ਭਾਸ਼ਾ ਨੂੰ ਦੋ ਲਿਖਤੀ ਅਧਾਰਾਂ ਦੇ ਅਧੀਨ ਦੇਖ ਸਕਦੇ ਹਾਂ। ਭਾਰਤੀ ਪੰਜਾਬੀ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਪਾਕਿਸਤਾਨੀ ਪੰਜਾਬੀ ਨੂੰ ਲਿਖਣ ਲਈ ਸ਼ਾਹਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਜਦੋਂ ਅਸੀਂ ਇਹਨਾਂ ਦੋਨਾਂ ਦੇਸ਼ਾਂ ਤੋਂ ਹੱਟ ਵਿਸ਼ਵ ਪੱਧਰ ਤੇ ਬੋਲੀ ਜਾਣ ਵਾਲੀ ਪੰਜਾਬੀ ਬਾਰੇ ਗੱਲ ਕਰਦੇ ਹਾਂ ਤਾਂ ਸਥਿਤੀ ਕੁਝ ਤਸੱਲੀਬਖਸ਼ ਹੈ। ਸਾਰੇ ਵਿਸ਼ਵ ਵਿਚ ਪੰਜਾਬੀ ਨੂੰ ਬਹੁ ਸੱਭਿਆਚਾਰ ਪ੍ਰਭਾਵਿਤ ਕਰ ਰਿਹਾ ਹੈ। ਅੱਜ ਦੇ ਸਮੇਂ ਵਿਚ ਸਭ ਤੋਂ ਵੱਡੀ ਜ਼ਰੂਰਤ ਇਹ ਹੈ ਕਿ ਪੰਜਾਬੀ ਨੂੰ ਕੰਪਿਊਟਰ ਦੀ ਭਾਸ਼ਾ ਬਣਾਇਆ ਜਾਵੇ ਤਾਂ ਕਿ ਇਸਦੀ ਪ੍ਰਸਿੱਧੀ ਵਿਸ਼ਵ ਦੀਆਂ ਕਲਾਸਿਕ ਭਾਸ਼ਾਵਾਂ ਵਜੋਂ ਹੋ ਸਕੇ। ਇਸ ਤਰ੍ਹਾਂ ਦੇ ਯਤਨ ਲਈ ਸਾਨੂੰ ਪ੍ਰਵਾਸੀ ਪੰਜਾਬੀ ਭਾਸ਼ਾ ਤੇ ਵੀ ਵਧੇਰੇ ਕੇਂਦਰਿਤ ਹੋਣ ਦੀ ਲੋੜ ਹੈ। “ ਇਕ ਅਨੁਮਾਨ ਅਨੁਸਾਰ ਪੰਜਾਬੀ ਬੋਲਣ ਵਾਲੇ 150 ਦੇਸ਼ਾ ਵਿਚ ਵਸਦੇ ਹਨ।”[4] ਗੁਰਮੁਖੀ ਉੱਤਰੀ ਭਾਰਤ ਦੀਆਂ ਹੋਰ ਭਾਸ਼ਾਵਾਂ ਲਿਖਣ ਦੇ ਸਮਰਥ ਹੈ ਪਰ ਰਾਜਸੀ ਕਾਰਨਾਂ ਕਰਕੇ ਇਸ ਨੂੰ ਪੰਜਾਬੀ ਤੱਕ ਸੀਮਿਤ ਕਰ ਦਿੱਤਾ ਗਿਆ। ਮਧਕਾਲੀ ਬ੍ਰਜ, ਸੰਸਕ੍ਰਿਤ, ਫਾਰਸੀ ਅਤੇ ਖੜੀ ਬੋਲੀ ਦਾ ਸਾਹਿਤ ਵੀ ਇਸ ਵਿੱਚ ਲਿਖਿਆ ਗਿਆ। “ਆਧੁਨਿਕ ਸਮੇਂ ਵਿੱਚ ਗੁਰਮੁਖੀ ਸਿਰਫ਼ ਭਾਸ਼ਾ ਜਾਂ ਰੁਜ਼ਗਾਰਕ ਲੋੜ ਵਜੋਂ ਪੜ੍ਹਾਈ ਜਾਂਦੀ ਹੈ, ਪਰ ਇਹ ਕੇਵਲ ਵਿਆਕਰਨ ਜਾਂ ਸਿੱਖਿਆ ਦਾ ਵਿਸ਼ਾ ਨਹੀਂ। ਸਿੱਖ ਕੌਮ ਲਈ ਗੁਰਮੁਖੀ ਉਹ ਰੂਹਾਨੀ ਪੂਲ ਹੈ ਜਿਸ ਰਾਹੀਂ ਗੁਰਬਾਣੀ ਨਾਲ ਜੁੜ ਕੇ ਮੁਕਤੀ ਦਾ ਰਸਤਾ ਖੁਲ੍ਹਦਾ ਹੈ। ਗੁਰਮੁਖੀ ਬਿਨਾਂ ਸਾਡੀ ਪਛਾਣ ਅਤੇ ਸਾਡੀ ਹੋਂਦ ਅਧੂਰੀ ਹੈ।“[5]

ਤਕਨੀਕੀ ਤੌਰ ‘ਤੇ ਸਾਡੀ ਪੰਜਾਬੀ ਭਾਸ਼ਾ ਵਿਚ ਇਹਨੀ ਸਮਰੱਥਾ ਹੈ ਕਿ ਇਹ ਸਮੇਂ ਦੀਆਂ ਹਾਣੀ ਭਾਸ਼ਾਵਾਂ ਤੋਂ ਵਧੇਰੇ ਸਮਰੱਥਾ ਰੱਖਦੀ ਹੈ। ਵੱਧ ਰਹੀ ਇੰਟਰਨੈਟ ਦੀ ਜ਼ਰੂਰਤ ਨੇ ਸਮੇਂ ਦੀ ਤਵੱਜੋ ਨੂੰ ਬੋਝਲ ਕਰ ਦਿੱਤਾ ਹੈ। ਹਰੇਕ ਵਿਅਕਤੀ

ਪਲ ਭਰ ਵਿਚ ਬਹੁਤ ਜਾਣਕਾਰੀ ਚਾਹੁੰਦਾ ਹੈ। ਇਸ ਲਈ ਸਾਨੂੰ ਪੰਜਾਬੀ ਭਾਸ਼ਾ ਦੇ ਸੰਬੰਧ ਵਿਚ ਅਜਿਹੇ ਕੁਝ ਕਦਮ ਪੁੱਟਣ ਦੀ ਜ਼ਰੂਰਤ ਹੈ ਜਿਸ ਨਾਲ ਸਾਡੀ ਪੰਜਾਬੀ ਭਾਸ਼ਾ ਭਾਰਤ ਅਤੇ ਪਾਕਿਸਤਾਨ ਵਿਚੋਂ ਨਿਕਲ ਕੇ ਵਿਸ਼ਵ ਪੱਧਰੀ ਮਾਪਦੰਡ ਨਿਰਧਾਰਤ ਕਰਦੀ ਹੋਈ ਕੰਪਿਊਟਰ ਦੀ ਭਾਸ਼ਾ ਬਣੇ। ਇਸ ਸੰਬੰਧ ਵਿਚ ਪ੍ਰਸਿੱਧ ਭਾਸ਼ਾ ਸ਼ਾਸਤਰੀ ਉਅੰਕਾਰ ਨਾਥ ਕੌਲ ਲਿਖਦੇ ਹਨ, ''ਭਾਸ਼ਾ ਦਾ ਆਧੁਨਿਕੀਕਰਨ ਇਕ ਨਿਰੰਤਰ ਪ੍ਰਕਿਰਿਆ ਹੈ ਜੋ ਕਿ ਵਿਗਿਆਨਕ ਤਕਨਾਲੋਜੀ, ਵਣਜ, ਰਾਜਨੀਤੀ ਤੇ ਗਿਆਨ ਦੇ ਦੂਜੇ ਖੇਤਰਾਂ ਲਈ ਕਿਸੇ ਵਿਸ਼ੇਸ਼ ਭਾਸ਼ਾ ਨੂੰ ਸਫਲ ਮਾਧਿਅਮ ਬਣਾਉਂਦਾ ਹੈ।"[6]

ਪੰਜਾਬੀ ਭਾਸ਼ਾ ਵੱਲ ਨਜ਼ਰ ਮਾਰੀਏ ਤਾਂ ਪੰਜਾਬੀ ਦੁਨੀਆ ਭਰ ਵਿਚ ਸਭ ਤੋਂ ਵਧੇਰੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਆਪਣਾ ਸਥਾਨ ਰੱਖਦੀ ਹੈ। ਪੰਜਾਬੀ ਬੋਲਣ ਵਾਲੇ ਪੰਜਾਬ, ਪੱਛਮੀ ਪੰਜਾਬ, ਅਤੇ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਵੱਸਦੇ ਪੰਜਾਬੀਆਂ ਦੀ ਭਾਸ਼ਾ ਹੈ। ਜਿਵੇਂ ਕਿ ਬੀਤੇ ਸਮੇਂ ਵਿਚ ਕੁਝ ਭਾਸ਼ਾਵਾਂ ਦੇ ਅਲੋਪ ਹੋਣ ਦਾ ਕਾਰਨ ਲਿਪੀ ਨੂੰ ਮੰਨਿਆ ਗਿਆ ਹੈ, ਵਰਤਮਾਨ ਸਮੇਂ ਵਿਚ ਇਹ ਧਾਰਨਾ ਗ਼ਲਤ ਸਾਬਿਤ ਹੋ ਚੁਕੀ ਹੈ। ਵਰਤਮਾਨ ਦੌਰ ਵਿਚ ਸਿਰਫ਼ ਉਹਨਾਂ ਭਾਸ਼ਾਵਾਂ ਦੇ ਬਚਣ ਦੀ ਸੰਭਾਵਨਾ ਹੈ, ਜਿਨ੍ਹਾਂ ਦਾ ਕੰਪਿਊਟਰੀਕਰਨ ਹੋਇਆ ਹੋਵੇਗਾ। ਜੇਕਰ ਅਜੋਕੇ ਸਮੇਂ ਦੌਰਾਨ ਪੰਜਾਬੀ ਭਾਸ਼ਾ ਨੇ ਆਪਣੀ ਹੋਂਦ ਨੂੰ ਬਰਕਰਾਰ ਰੱਖਣਾ ਹੈ ਅਤੇ ਦੂਸਰੀਆਂ ਭਾਸ਼ਾਵਾਂ ਮੁਕਾਬਲੇ ਸਰਵੋਤਮ ਦਰਜ਼ਾ ਹਾਸਿਲ ਕਰਨਾ ਹੈ ਤਾਂ ਇਸਨੂੰ ਕੰਪਿਊਟਰ ਦੀ ਵਰਤੋਂ ਵਿਚ ਸਮੇਂ ਦੇ ਹਾਣੀ ਹੋਣ ਦੇ ਨਾਲ ਨਾਲ ਇੱਕ ਮੋਹਰੀ ਭਾਸ਼ਾ ਵਜੋਂ ਵੀ ਆਪਣਾ ਰੁਤਬਾ ਕਾਇਮ ਰੱਖਣਾ ਹੋਵੇਗਾ।

ਅਖੀਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰਮੁਖੀ ਲਿਪੀ ਬਹੁਤ ਪੁਰਾਣੀ ਲਿਪੀ ਹੈ। ਇਸ ਲਿਪੀ ਵਿੱਚ ਪੜਾਅ ਦਰ ਪੜਾਅ ਬਹੁਤ ਸਾਰੇ ਨਵੇਂ ਅੱਖਰ ਜੁੜਦੇ ਗਏ। ਅੱਜ ਇਹ ਲਿਪੀ ਵਿਸ਼ਵ ਦੀਆਂ ਸਾਰੀਆਂ ਲਿਪੀਆਂ ਵਿੱਚੋਂ ਸਮਰੱਥ ਲਿਪੀ ਹੈ। ਆਰੰਭ ਤੋਂ ਲੈ ਕੇ ਅੱਜ ਤੱਕ ਇਸ ਲਿਪੀ ਦਾ ਸਫਰ ਬਹੁਤ ਹੀ ਚੁਣੌਤੀਆਂ ਪੂਰਨ ਰਿਹਾ ਹੈ। ਭਵਿੱਖ ਵਿੱਚ ਜਿਸ ਤਰਾਂ ਕੰਪਿਊਟਰ ਅਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਨੇ ਸਾਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਸਮੇਂ ਵਿੱਚ ਸਾਨੂੰ ਜਰੂਰਤ ਹੈ ਕਿ ਅਸੀਂ ਆਪਣੀ ਇਸ ਲਿਪੀ ਨੂੰ ਕੰਪਿਊਟਰ ਦੀ ਭਾਸ਼ਾ ਵਜੋਂ ਵਰਤੀਏ ਅਤੇ ਪੂਰੇ ਵਿਸ਼ਵ ਤੱਕ ਇਸਦੀ ਪਹੁੰਚ ਨੂੰ ਸਥਾਪਿਤ ਕਰੀਏ। ਉੱਤਰ ਆਧੁਨਿਕਤਾ ਦੇ ਇਸ ਦੌਰ ਵਿੱਚ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਜਿਸ ਲਿਪੀ ਦੀ ਪਹੁੰਚ ਵਿਸ਼ਵ ਅਤੇ ਟੈਕਨੋਲੋਜੀ ਤੱਕ ਹੋਵੇਗੀ। ਉਹ ਲਿਪੀ ਹਮੇਸ਼ਾ ਹੀ ਜਰੂਰਤ ਬਣੀ ਰਹੇਗੀ ਅਤੇ ਉਸ ਦਾ ਭਵਿੱਖ ਕਦੇ ਵੀ ਖਤਰੇ ਵਿੱਚ ਨਹੀਂ ਹੋਵੇਗਾ।

**ਹਵਾਲੇ**

1. ਪੰਜਾਬੀ ਪੀਡੀਆ, ਗੁਰਮੁਖੀ ਲਿਪੀ, ਬਲਦੇਵ ਸਿੰਘ ਚੀਮਾ, ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ ਤਕਨੀਕੀ ਸ਼ਬਦਾਵਲੀ ਦਾ ਵਿਸ਼ਾ-ਕੋਸ਼।
2. ਪੰਜਾਬੀ ਪੀਡੀਆ, ਗੁਰਮੁਖੀ ਲਿਪੀ, ਬੂਟਾ ਸਿੰਘ ਬਰਾੜ, ਗੁਰਮੁਖੀ ਲਿਪੀ ਸਰੋਤ: ਬਾਲ ਵਿਸ਼ਵਕੋਸ਼ (ਭਾਸ਼ਾ, ਸਾਹਿਤ ਅਤੇ ਸੱਭਿਆਚਾਰ),
3. ਡਾ. ਬੂਟਾ ਸਿੰਘ ਬਰਾੜ, ਗਲੋਬਲੀ ਪਰਿਪੇਖ ਵਿਚ ਪੰਜਾਬੀ ਭਾਸ਼ਾ ਵਿਕਾਸ ਤੇ ਭਵਿਖ ਮੁਖੀ ਦ੍ਰਿਸ਼ਟੀਕੋਣ : ਪੰਨਾ 162

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 78-84

4. ਡਾ. ਜਸਵਿੰਦਰ ਸਿੰਘ, ਪੰਜਾਬੀ ਡਾਇਸਪੋਰਾ : ਸਾਹਿਤ ਅਤੇ ਸੱਭਿਆਚਾਰ : ਪੰਨਾ 75
5. https://www.cknewsgroup.ca/article/4526/
6. ਉਅੰਕਾਰ ਨਾਥ ਕੌਲ, ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ : ਸਮਕਾਲ ਤੇ ਭਵਿੱਖ : ਪੰਨਾ 101

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP:85-93

# ਵਨੀਤਾ ਦੀ ਕਵਿਤਾ: ਉਤਰ ਆਧੁਨਿਕ ਪਰਿਪੇਖ

**ਡਾ. ਜਸਵਿੰਦਰ ਕੌਰ**
**ਸਹਾਇਕ ਪ੍ਰੋਫੈਸਰ ਪੰਜਾਬੀ,**
**ਯੂਨੀਵਰਸਿਟੀ ਕਾਲਜ, ਘਨੌਰ।**

ਉੱਤਰ ਆਧੁਨਿਕਤਾ ਦਾ ਵਰਤਾਰਾ ਸੰਸਾਰ ਦੇ ਵਿੱਚ ਬਹੁ- ਚਰਚਿਤ ਅਤੇ ਬਹੁ -ਪਸਾਰੀ ਹੈ। ਵਿਸ਼ਵੀਕਰਨ ਤੇ ਉੱਤਰ ਆਧੁਨਿਕਤਾ ਨੂੰ ਵੀ ਇੱਕ ਦੂਜੇ ਨਾਲ ਰਲਗੱਡ ਅਤੇ ਅੰਤਰ-ਸਬੰਧਤ ਕਰਕੇ ਦੇਖਿਆ ਜਾਂਦਾ ਹੈ। ਉੱਤਰ ਆਧੁਨਿਕਤਾ ਇੱਕ ਤਰ੍ਹਾਂ ਨਾਲ ਆਧੁਨਿਕਤਾ ਦੇ ਉਲਟ ਸਥਾਨਿਕ ਸੱਭਿਆਚਾਰ ਜਾਂ ਕੌਮੀ ਪਛਾਣਾਂ ਨੂੰ ਮਾਨਤਾ ਦਿੰਦਾ ਹੈ। ਅਸਲ ਵਿੱਚ ਇਹ ਵਰਤਾਰਾ ਬੜਾ ਗੁੰਝਲਦਾਰ ਬਹੁ-ਸੰਦਰਭੀ ਅਤੇ ਬਹੁ-ਦਿਸ਼ਾਵੀ ਹੈ। ਇਸ ਨੂੰ ਠੀਕ ਰੂਪ ਵਿੱਚ ਸਮਝਣਾ ਅਤਿ ਜ਼ਰੂਰੀ ਹੈ। ਹੱਥਲੇ ਪੇਪਰ ਵਿੱਚ ਇਸ ਦਿਸ਼ਾ ਵਿੱਚ ਕੁਝ ਪ੍ਰਮੁੱਖ ਨੁਕਤਿਆਂ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਰੂਸ ਦੇ ਟੁੱਟਣ ਨਾਲ ਅਮਰੀਕਾ ਨੇ ਸੰਸਾਰ ਪੱਧਰ ਤੇ ਚੌਧਰ ਹਥਿਆਉਣ ਦੀ ਕੋਸ਼ਿਸ਼ ਕੀਤੀ ਅਤੇ ਅਜੇ ਵੀ ਉਸ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਇਥੋਂ ਤੱਕ ਹੀ ਸੀਮਤ ਨਹੀਂ, ਉਨਤ ਦੇਸ਼ ਇੱਕ ਆਰਥਿਕ ਜੁੱਟ ਵਜੋਂ ਵੀ ਸਾਰੇ ਸੰਸਾਰ ਨੂੰ ਆਪਣੇ ਹਿੱਤ ਅਨੁਸਾਰ ਢਾਲਣਾ ਚਾਹੁੰਦੇ ਹਨ। ਯੂਰਪ ਆਪਣੇ -ਆਪ ਨੂੰ ਸੱਭਿਆਚਾਰ ਅਤੇ ਆਰਥਿਕ ਜੁੱਟ ਦੇ ਆਧਾਰ ਤੇ ਸੰਗਠਿਤ ਕਰ ਰਿਹਾ ਹੈ। ਇਸੇ ਪ੍ਰਸੰਗ ਵਿੱਚ ਵੱਖ-ਵੱਖ ਸਥਾਨਕ ਸੱਭਿਆਚਾਰਾਂ ਨੇ ਆਪਣੀ ਹੋਂਦ ਦਰਸਾਉਣੀ ਸ਼ੁਰੂ ਕੀਤੀ ਹੈ। ਇਸ ਦਾ ਸਭ ਤੋਂ ਪਹਿਲਾਂ ਅਤੇ ਲੁਕਵਾਂ ਪ੍ਰਗਟਾਵਾ ਤਾਂ ਦੋ ਧਰੁਵੀ ਸੰਸਾਰ ਵੇਲੇ ਵੱਡੇ ਅਮਰੀਕੀ ਗੁੱਟ ਦੇ ਇਸਾਈ ਧਰਮੀ ਹੁੰਦਿਆਂ ਵਿੱਚੋਂ ਵਿੱਚ ਯਹੂਦੀਆਂ ਵੱਲੋਂ ਆਪਣੀ ਹੋਂਦ ਦਰਸਾਉਣੀ ਸੀ। ਆਇਨਸਟਾਈਨ, ਮਾਰਕਸ, ਫਰਾਇਡ ਯਹੂਦੀ ਹੀ ਸੀ।ਉਹਨਾਂ ਦੀ ਅਤੇ ਪਿਛਲੇ ਯਹੂਦੀ ਚਿੰਤਕਾਂ ਦੀ ਸੋਚ ਅੰਦਰ ਹਾਸ਼ੀਏ ਤੇ ਧੱਕੇ ਹੋਣ ਦੀ ਸੋਚ ਕਿਸੇ ਨਾ ਕਿਸੇ ਰੂਪ ਵਿੱਚ ਪਈ ਮਿਲਦੀ ਹੈ। ਇਸ ਦਾ ਭੌਤਿਕ ਪੱਧਰ ਤੇ ਰਾਜਨੀਤਿਕ ਪ੍ਰਗਟਾਵਾ ਇਸਰਾਇਲ ਦੀ ਸਥਾਪਤੀ ਸੀ ਜੋ ਭਾਵੇਂ ਮੁਸਲਮਾਨਾਂ ਦੀ ਹਿੱਕ ਤੇ ਬਣਿਆ ਪਰ ਇਹ ਸਥਾਪਿਤ ਕਰਨ ਵਾਲਿਆਂ ਇਸਾਈਆਂ ਦੀ ਵੀ ਇੱਛਾ ਤੋਂ ਬਾਹਰ ਸੀ। ਇਸੇ ਪ੍ਰਕਾਰ ਅੰਗਰੇਜ਼ੀ ਦੇ ਭਾਸ਼ਾਈ ਸਾਮਰਾਜ ਨੂੰ ਫਰਾਂਸਸੀ ਗੁੱਟ ਵਿੱਚੋਂ ਹੀ ਚੁਣੌਤੀ ਦਿੰਦੇ ਆ ਰਹੇ ਹਨ। ਕਨੇਡਾ ਦੇ ਕਿਊਬਿਕ ਸੂਬੇ ਵਿੱਚ ਉਹਨਾਂ ਨੇ ਅੰਗਰੇਜ਼ੀ ਦੇ ਬਰਾਬਰ ਥਾਂ ਮੱਲੀ ਹੈ। ਨਸਲੀ ਪੱਖ ਤੋਂ ਵੀ ਜਰਮਨ ਫਰੈਂਚ ਕਦੇ ਵੀ ਅੰਗਰੇਜ਼ਾਂ ਦੀ ਸਰਦਾਰੀ ਨਹੀਂ ਮੰਨਦੇ। ਸੱਭਿਆਚਾਰਕ ਪੱਖ ਤੋਂ ਯੂਰਪੀਅਨ ਅਮਰੀਕਾ ਕਨੇਡਾ ਅਤੇ ਆਸਟਰੇਲੀਆ ਨੂੰ ਇਤਿਹਾਸਿਕ ਪਰੰਪਰਾ ਤੋਂ ਵਾਂਝੇ ਹੋਣ ਕਰਕੇ ਕਿਸੇ ਕੋਟੇ ਵਿੱਚ ਨਹੀਂ ਮੰਨਦੇ। ਦੋ ਧਰੁਵੀ ਸੰਸਾਰ ਦੇ ਢਹਿ ਢੇਰੀ ਹੋ ਜਾਣ ਨਾਲ ਯੂਰਪ ਨੇ ਆਰਥਿਕ ਸਰਦਾਰੀ ਲਈ ਵੀ ਹੱਥ ਪੈਰ ਮਾਰਨੇ ਸ਼ੁਰੂ ਕੀਤੇ। ਇੰਜ ਦੋ ਧਰੁਵੀ ਸੰਸਾਰ ਬਣਨ ਤੋਂ ਪਹਿਲਾਂ ਹੀ ਇੱਕਜੁੱਟ ਵਿੱਚ ਅੰਦਰ ਖਾਤੇ ਸਰਦਾਰੀ ਲਈ ਵਿਰੋਧਤਾਈ ਚਲਦੀ ਸੀ ਪਰ ਧਰੁਬਵ ਟੁੱਟਣ ਨਾਲ ਵਧੇਰੇ ਤਿੱਖੀ ਹੋ ਗਈ। ਸਪੀਡ ਅਤੇ ਸਮਰੱਥਾ ਦੇ ਲਿਹਾਜ਼ ਨਾਲ ਜੈਟ ਜਹਾਜ਼ਾਂ ਨੇ ਭਾਰੀ ਪਰਿਵਰਤਨ ਲਿਆਂਦਾ ਸੀ। ਮੋਬਾਇਲ ਫੋਨ, ਇੰਟਰਨੈਟ, ਵੀਡੀਓ ਕਾਲ, ਟੀਵੀ, ਕੰਪਿਊਟਰ, ਵੀਡੀਓ ਕਾਨਫਰੰਸਿੰਗ, ਵਾਇਸ ਮੇਲ ਅਤੇ ਅਤਿ ਆਧੁਨਿਕ ਫੈਕਸ ਜਿਹੀਆਂ ਸੁਵਿਧਾਵਾਂ ਉਪਲੱਧ ਕਰਵਾ ਕੇ ਵਿਸ਼ਵੀਕਰਨ ਨੂੰ ਪੱਕੇ ਪੈਰੀ ਕੀਤਾ ਹੈ। ਇਸ ਦਾ ਸਬੰਧ ਉੱਤਰ ਆਧਿਕਤਾ ਨਾਲ ਵੀ ਜੁੜਦਾ ਹੈ। ਉੱਤਰ ਆਧੁਨਿਕ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP:85-93

ਸਥਿਤੀ ਪੱਛਮ ਵਿੱਚ ਉਹ ਵਿਸ਼ੇਸ਼ ਸਥਿਤੀ ਹੈ ਜਿਸ ਵਿੱਚ ਕੰਪਿਊਟਰ ਸੂਚਨਾ ਟੈਕਨੋਲੋਜੀ ਦਾ ਵਿਕਾਸ ਹੋਇਆ। ਇਸੇ ਲਈ ਡਾ. ਵਨੀਤਾ ਨੇ ਲਿਖਿਆ ਹੈ , "ਉੱਤਰ-ਆਧੁਨਿਕਤਾ ਨੂੰ ਕਿਉਂਕਿ ਅਸੀਂ ਇਸ ਪਰਿਵਰਤਨ ਨਾਲ ਸੰਬੰਧਿਤ ਕਰਦੇ ਹਾਂ ਜਦੋਂ ਕੰਪਿਊਟਰ ਤੇ ਸੈਟੇਲਾਈਟ ਉਪਗ੍ਰਹਿ ਮੀਡੀਆ ਤੇ ਸੰਚਾਰ ਮਾਧਿਅਮ ਨੇ ਇੱਕ ਵੱਡਾ ਇਨਕਲਾਬ ਲੈ ਆਂਦਾ ਹੈ"।[1] ਇਸ ਤਬਦੀਲੀ ਨੇ ਹਰ ਤਰ੍ਹਾਂ ਦੇ ਪ੍ਰਬੰਧਾਂ ਨੂੰ ਪ੍ਰਭਾਵਿਤ ਕੀਤਾ ਇਸ ਨਾਲ ਬਹੁਤ ਸਾਰੇ ਰਵਾਇਤੀ ਜਾਂ ਆਧੁਨਿਕ ਦੌਰ ਦੇ ਪ੍ਰਬੰਧਾਂ /ਸਾਧਨਾਂ ਦੀ ਮਹੱਤਤਾ ਚ ਬਹੁਤ ਤਬਦੀਲੀ ਆਈ ਚਾਹੇ ਉਹ ਮਨੁੱਖ ਸ਼ਕਤੀ ਦੇ ਰੂਪ ਵਿੱਚ ਸਨ ਜਾਂ ਮਨੋਰੰਜਨ ਸੂਚਨਾ ਜਾਂ ਗਿਆਨ ਦੇ ਰੂਪ ਵਿੱਚ ਸਨ ਇਸ ਵਰਤਾਰੇ ਕਾਰਨ ਮਨੁੱਖ ਛੋਟੇ -ਛੋਟੇ ਸਮੂਹਾਂ ਵਿੱਚ ਵੰਡੇ ਗਏ। ਜਦੋਂ ਕਿ ਇਹਨਾਂ ਸਾਰਿਆਂ ਦੀ ਲੁੱਟ ਦਾ ਕੇਂਦਰੀਕਰਨ ਹੁੰਦਾ ਗਿਆ ਕੰਪਿਊਟਰ ਅਤੇ ਸੈਟੇਲਾਈਟ ਉਪਗ੍ਰਹਿ ਮੀਡੀਆ ਤੇ ਸੰਚਾਰ ਮਾਧਿਅਮ ਦਾ ਇਨਕਲਾਬ ਵਿਚਾਰਧਾਰਕ ਤੌਰ ਤੇ ਸੱਖਣਾ ਨਹੀਂ ਇਸ ਪਿੱਛੇ ਵਿਸ਼ੇਸ਼ ਵਿਚਾਰਧਾਰਾ ਕਾਰਜਸ਼ੀਲ ਹੈ। ਇਸ ਲਈ ਫਰੈਡਰਿਕ ਜੈਮਸਨ ਉੱਤਰਾਧਨਿਕਤਾਵਾਦ ਨੂੰ ਵਿਕਸਿਤ ਪੂੰਜੀਵਾਦ ਦਾ ਸੱਭਿਆਚਾਰਕ ਤਰਕ ਆਖਦਾ ਹੈ। "ਉਸ ਦਾ ਭਾਵ ਇਹ ਹੈ ਕਿ ਪੂੰਜੀਵਾਦ ਆਪਣੇ ਅਗਲੇ ਪੜਾਅ ਵਿੱਚ ਅਕੇਂਦਰਿਤ ਰੂਪ ਵਿੱਚ ਫੈਲਿਆ ਹੈ। ਬਹੁ ਕੌਮੀ ਕੰਪਨੀਆਂ ਨੇ ਆਪਣੀ ਪੂੰਜੀ ਦਾ ਜਾਲ ਵੱਖ-ਵੱਖ ਸੱਭਿਆਚਾਰਾਂ ਵਿੱਚ ਫੈਲਾ ਲਿਆ ਹੈ"।[2] ਡੈਨੀਅਲ ਬੈਲ ਆਧੁਨਿਕ ਚਿੰਤਨ ਵਿੱਚ ਵਾਪਰੀ ਤਬਦੀਲੀ ਨੂੰ 'ਮਿਊਟੇਸ਼ਨ'[3] ਆਖਦਾ ਹੈ। ਉਹ ਇਸ ਨੂੰ ਪੂੰਜੀਵਾਦੀ ਅਤੇ ਸਮਾਜਵਾਦੀ ਦੋਹਾਂ ਸਮਾਜਾਂ ਵਿੱਚ ਵਾਪਰੀ ਤਬਦੀਲੀ ਵਜੋਂ ਪਰਿਭਾਸ਼ਿਤ ਕਰਦਾ ਹੈ ।ਉੱਤਰ ਆਧੁਨਿਕ ਸਥਿਤੀ ਨੂੰ ਪੂੰਜੀਵਾਦ ਦਾ ਮਗਰਲਾ ਪੜਾਅ ਵਿਕਸਿਤ ਪੂੰਜੀਵਾਦ ਦੇ ਨਾਲ ਨਾਲ ਨਵ ਬਸਤੀਵਾਦ ਜਾਂ ਨਵਉਦਾਰੀਵਾਦ ਵੀ ਕਿਹਾ ਜਾਂਦਾ ਹੈ। ਕਿਉਂਕਿ "ਨਵੀਂ ਸੰਸਾਰ ਆਰਥਿਕਤਾ ਵਿੱਚ ਮਲਟੀ ਨੈਸ਼ਨਲ ਕਾਰਪੋਰੇਸ਼ਨ ਦੀਨ ਦੁਨੀਆਂ ਭਰ ਦੇ ਅਮੀਰ ਇੱਕਜੁੱਟ ਹੋ ਚੁੱਕੇ ਹਨ ਅਤੇ ਇਹ ਅਮੀਰ ਪੈਸੇ ਦੀ ਗਿਣਾਤਮਿਕਤਾ ਅਤੇ ਗਿਣਤੀ ਪੱਖੋਂ ਅਮਰੀਕਾ ਅਤੇ ਕੁਝ ਦੂਸਰੇ ਪੱਛਮੀ ਯੂਰਪੀ ਮੁਲਕਾਂ ਵਿੱਚ ਭਾਰੂ ਹਨ। ਇਹ ਵਿਸ਼ਵਆਰਥਿਕਤਾ ਨੂੰ ਆਪਣੇ ਹਿੱਤਾਂ ਅਨੁਸਾਰ ਢਾਲ ਰਹੇ ਹਨ"।[4] ਡਾ. ਰਜਿੰਦਰ ਪਾਲ ਸਿੰਘ ਨੇ ਨੌਮ ਚੌਮਸਕੀ ਦੇ ਹਵਾਲੇ ਨਾਲ ਲਿਖਿਆ ਹੈ ਕਿ "ਨਵਉਦਾਰੀਵਾਦ ਆਪਣੇ ਨਾਂ ਤੋਂ ਨਵੇਂ ਪਰ- ਪੁਰਾਣੇ ਸਨਾਤਨੀ ਵਿਚਾਰਾਂ ਤੇ ਅਧਾਰਿਤ ਹੋਣ ਦੀ ਦੱਸ ਪਾਉਂਦਾ ਹੈ। ਉਹ ਵਸ਼ਿੰਗਟਨ ਕਨਸੈਂਸਸਜ਼ ਨੂੰ ਸੰਸਾਰ ਪ੍ਰਬੰਧ ਦੀ ਅਮਰੀਕੀ ਸਹਿਮਤੀ ਦੇ ਨਾਂ ਥੱਲੇ ਵਿਚਾਰਦਾ ਹੈ। ਉਹ ਸਪਸ਼ਟ ਕਰਦਾ ਹੈ ਕਿ ਅਮਰੀਕੀ ਸਹਿਮਤੀ ਵਾਲੇ ਨਵਉਦਾਰਵਾਦ ਦੇ ਮੁੱਖ ਘਾੜਤਕਾਰ ਨਿੱਜੀ ਆਰਥਿਕਤਾ ਦੇ ਮਾਲਕ ਹਨ। ਮੁੱਖ ਤੌਰ ਤੇ ਵੱਡੀਆਂ ਦਿਓ ਕੱਦ ਕਾਰਪੋਰੇਸ਼ਨਾਂ ਹਨ ਜੋ ਅੰਤਰਰਾਸ਼ਟਰੀ ਆਰਥਿਕਤਾ ਨੂੰ ਕਾਬੂ ਕਰਦੀਆਂ ਹਨ ਇਹ ਨੀਤੀਆਂ ਘੜਨ ਅਤੇ ਰਾਵਾਂ ਨੂੰ ਬਣਾਉਣ ਦੇ ਸਾਧਨ ਅਤੇ ਸਮਰੱਥਾ ਰੱਖਦੀਆਂ ਹਨ"।[5] ਇਸ ਤਰ੍ਹਾਂ ਉੱਤਰ ਆਧੁਨਿਕ ਸਥਿਤੀ ਤਬਦੀਲੀ ਦੀ ਅਜਿਹੀ ਸਥਿਤੀ ਹੈ ਜਿੱਥੇ ਵਿਕਸਿਤ ਪੂੰਜੀਵਾਦੀ ਨੀਤੀਆਂ ਅਧੀਨ ਸੰਸਾਰ ਨੂੰ ਇੱਕ ਮੰਡੀ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਇਸ ਦਾ ਇੱਕ ਖੂਬਸੂਰਤ ਨਾਮ ਗਲੋਬਲਾਈਜੇਸ਼ਨ ਹੈ। "ਅਸਲ ਵਿੱਚ ਜੇ ਆਧੁਨਿਕਤਾਵਾਦ- ਬਸਤੀਵਾਦ ਦੇ ਨਾਲ ਆਇਆ ਸੀ ਤਾਂ ਉੱਤਰ-ਆਧੁਨਿਕਵਾਦ ਨਵ-ਬਸਤੀਵਾਦ ਜਿਸ ਦਾ ਲਭਾਉਣਾ ਨਾਮ ਨਵ ਉਦਾਰਵਾਦ ਜਾਂ ਵਿਸ਼ਵੀਕਰਨ ਹੈ ਨਾਲ ਆ ਰਿਹਾ ਹੈ"।[6]

1970 ਪਿੱਛੋਂ ਦੀ ਪੰਜਾਬੀ ਕਵਿਤਾ ਵਿੱਚ ਤਬਦੀਲੀਆਂ ਨਜ਼ਰ ਆਉਂਦੀਆਂ ਹਨ ਇਹ ਤਬਦੀਲੀਆਂ ਭਾਸ਼ਾ ਕਾਵਿ ਤਰਕ ਤੇ ਕਾਵਿ ਸ਼ਾਸਤਰ ਅਤੇ ਹੋਰ ਕਾਫੀ ਪੱਖਾਂ ਤੋਂ ਨਜ਼ਰ ਆਉਂਦੀਆਂ ਹਨ। ਜਦੋਂ ਅਸੀਂ ਸਾਹਿਤ ਤੇ ਨਜ਼ਰ ਮਾਰਦੇ ਹਾਂ ਤਾਂ ਇਹ ਕਦੇ ਵੀ ਸੰਭਵ ਨਹੀਂ ਹੋਇਆ ਕਿ ਕੋਈ ਵੀ ਵਿਧਾ ਨੂੰ ਇੱਕੋ ਵਾਰ ਹੀ ਨਵੀਂ ਪ੍ਰਵਿਰਤੀ ਨਾਲ ਸੰਬੰਧਿਤ ਕਰ ਲਿਆ

ਜਾਵੇ। ਡਾ. ਵਨੀਤਾ ਵੀ ਲਿਖਦੇ ਹਨ, "ਪਰੰਪਰਾ ਆਧੁਨਿਕਤਾ ਤੇ ਉੱਤਰ ਆਧੁਨਿਕਤਾ ਕਾਫੀ ਦੇਰ ਤੱਕ ਨਾਲੋ ਨਾਲ ਹੀ ਤੁਰਦੀਆਂ ਹਨ"।[7] 1970 ਤੋਂ ਪਿੱਛੋਂ ਦਾ ਸਮਾਂ ਉੱਤਰਾਧਨਿਕਤਾ ਦੀ ਭੂਮਿਕਾ ਵੀ ਬਣਾਉਂਦਾ ਹੈ ਤੇ ਉਸਨੂੰ ਵਿਕਸਿਤ ਕਰਨ ਵਿੱਚ ਵੀ ਸਹਾਈ ਹੁੰਦਾ ਹੈ। ਉੱਤਰ ਆਧੁਨਿਕਤਾ ਦਾ ਮਾਹੌਲ ਨਹੀਂ ਸੀ ਬਣ ਰਿਹਾ ਸਗੋਂ ਇਸ ਬਾਰੇ ਸਿਧਾਂਤਕ ਚਰਚੇ ਵੀ ਮੌਜੂਦ ਸਨ। ਉੱਤਰ ਆਧੁਨਿਕਤਾ ਦਾ ਆਧੁਨਿਕਤਾ ਸਮਾਂਤਰਤਾ ਦੀ ਸਥਿਤੀ ਨੂੰ ਵੀ ਜਨਮ ਦਿੰਦੀ ਹੈ ਇੱਥੇ ਇਹ ਵੀ ਸਪਸ਼ਟ ਕਰਨਾ ਜਰੂਰੀ ਹੈ ਕਿ ਉੱਤਰ ਆਧੁਨਿਕਤਾ ਆਧੁਨਿਕਤਾ ਤੋਂ ਬਾਅਦ ਦੀ ਸਥਿਤੀ ਹੈ। ਆਧੁਨਿਕਤਾ ਨੇ ਮਨੁੱਖੀ ਚੇਤਨ ਉਸਦੇ ਰਹਿਣ ਸਹਿਣ ਨੂੰ ਨਵੀਂ ਦਿਸ਼ਾ ਦਿੱਤੀ ਪਰੰਪਰਾ ਦੀ ਥਾਂ ਨਵੀਨਤਾ ਵੱਲ ਵਧਾਇਆ ਇਸ ਤਰ੍ਹਾਂ ਆਧੁਨਿਕਤਾ ਤੋਂ ਚੱਲੇ ਕਵੀ ਉੱਤਰਾਧਨਿਕਤਾ ਵਿੱਚ ਪ੍ਰਵੇਸ਼ ਕਰਦੇ ਹਨ।

ਜਦੋਂ ਵਿਸ਼ਵ ਪੱਧਰ ਉੱਤੇ ਨਾਰੀਵਾਦ ਪ੍ਰਵਚਨ ਤੋਂ ਭਾਰਤੀ ਪੰਜਾਬੀ ਕਵਿਤਰੀਆਂ ਵੀ ਪ੍ਰੇਰਨਾ ਹੀ ਨਹੀਂ ਲੈਂਦੀਆਂ ਸਗੋਂ ਸਥਿਤੀ ਤੋਂ ਚੇਤਨ ਹਨ। ਜਦੋਂ ਔਰਤ ਨੂੰ ਆਪਣੇ ਫਰਜ਼ ਕੈਦ ਲੱਗਣ ਲੱਗ ਪੈਣ ਤਾਂ ਉੱਥੇ ਉਹ ਮੁਕਤੀ ਦਾ ਕੋਈ ਨਾ ਕੋਈ ਰਾਹ ਤਲਾਸ਼ਦੀ ਹੈ। ਇਸ ਸਬੰਧੀ ਡਾ. ਯੋਗਰਾਜ ਲਿਖਦੇ ਹਨ, "ਆਧੁਨਿਕ ਸਮਾਜਿਕ ਸੰਸਥਾਵਾਂ ਦੀਆਂ ਅਨੇਕਾਂ ਕੈਦਾਂ ਚ ਔਰਤ ਦੇ ਵਜੂਦ ਨੂੰ ਪਤੀ ਵੱਲੋਂ ਹੀ ਦੇਹ ਤੱਕ ਰਿਡਿਊਸ ਨਹੀਂ ਕੀਤਾ ਜਾਂਦਾ ਸਗੋਂ ਪਰਿਵਾਰਾਂ ਚ ਮਾਪਿਆਂ ਵੱਲੋਂ ਵੀ ਧੀ ਦੇ ਵਜੂਦ ਨੂੰ ਭਾਰੀ ਸਮਝਿਆ ਜਾ ਰਿਹਾ ਹੈ। ਸਮਾਜਿਕ ਸੰਸਥਾਵਾਂ ਦਾ ਹੀ ਪੂੰਜੀਵਾਦੀ ਸਰੂਪ ਜਿਸਨੇ ਮਾਂ ਧੀ ਪਿਓ ਧੀ ਦੇ ਰਿਸ਼ਤੇ ਦੇ ਨਿੱਘ ਨੂੰ ਇੱਕ ਬੋਝ ਵਿੱਚ ਤਬਦੀਲ ਕੀਤਾ ਹੋਇਆ ਹੈ"।[8] ਵਨੀਤਾ ਨੇ ਆਪਣੀਆਂ ਕਵਿਤਾਵਾਂ ਵਿੱਚ ਉਪਰੋਕਤ ਸਰੋਕਾਰਾਂ ਨੂੰ ਬੜੀ ਬਖੂਬੀ ਪੇਸ਼ ਕੀਤਾ ਹੈ। ਵਨੀਤਾ ਦੀ ਕਵਿਤਾ ਉੱਤਰ ਆਧੁਨਿਕ ਕਵਿਤਾ ਦੀ ਪ੍ਰਤੀਨਿਧ ਆਖੀ ਜਾ ਸਕਦੀ ਹੈ। ਉੱਤਰ ਆਧੁਨਿਕਤਾ ਦੌਰ ਵਿੱਚ ਮਨੁੱਖ ਆਪਣੇ ਆਪ ਨਾਲ ਹੀ ਬੇਗਾਨਗੀ ਦੇ ਅਹਿਸਾਸ ਵਿੱਚੋਂ ਦੀ ਲੰਘ ਰਿਹਾ ਹੈ। ਬੇਸ਼ੱਕ ਮਨੁੱਖ ਚੰਗੀ ਸੁੱਖ ਸਹੂਲਤਾਂ ਅਤੇ ਪਦਾਰਥਕ ਖੁੱਲ੍ਹਾਂ ਦਾ ਆਨੰਦ ਮਾਣ ਰਿਹਾ ਹੈ ਪਰ ਇਸ ਸੁੱਖ ਸਹੂਲਤਾਂ ਦੇ ਬਾਵਜੂਦ ਵੀ ਉਹ ਭਟਕਣਾ ਦੇ ਅਹਿਸਾਸ ਵੱਲ ਵੱਧ ਰਿਹਾ ਹੈ। ਵਨੀਤਾ ਦੀ ਕਵਿਤਾ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ ਨਾਲ ਰੂ-ਬ-ਰੂ ਹੁੰਦੀ ਹੈ। ਉਹ ਔਰਤ ਦੀ ਹੋਂਦ 'ਤੇ ਸਥਿਤੀ ਵੱਲ ਵਧੇਰੇ ਚੇਤਨ ਹੈ ਕਵਿਤਰੀ ਪਿਤਰੀ ਵਿਵਸਥਾ ਉੱਤੇ ਕਾਬਜ ਸੱਤਾਧਾਰੀ ਧਿਰ ਨਾਲ ਚੰਗਾ ਸੰਵਾਦ ਰਚਾਉਂਦੀ ਨਜ਼ਰ ਆਉਂਦੀ ਹੈ। ਔਰਤ ਦੀ ਹੋਂਦ ਨੂੰ ਉਤਾਰਨ ਦੀ ਉਭਾਰਨ ਦੀ ਕੋਸ਼ਿਸ਼ ਕਰਦੀ ਹੈ। "ਡਾ. ਵਨੀਤਾ ਆਪਣੀ ਕਵਿਤਾ ਵਿੱਚ ਔਰਤ ਮਰਦ ਸੰਬੰਧਾਂ ਦੇ ਸੰਤੁਲਨ ਦਾ ਤਰਕ ਸਿਰਜ ਕੇ ਬਰਾਬਰਤਾ ਦੀ ਗੱਲ ਕਰਦੀ ਹੈ। ਉਹ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਪ੍ਰਮੁੱਖ ਨਾਰੀਵਾਦੀ ਕਵਿਤਰੀ ਦੇ ਨਾਲ ਨਾਲ ਚਿੰਤਕ ਤੌਰ ਤੇ ਸਥਾਪਿਤ ਹੋ ਰਹੀ ਹੈ। ਇੱਕ ਪਾਸੇ ਉਸਦੀ ਕਵਿਤਾ ਦੇ ਵਿੱਚ ਪੱਛਮੀ ਨਾਰੀਵਾਦ ਦਾ ਪ੍ਰਭਾਵ ਅਤੇ ਚੇਤਨਾ ਦੇਖੀ ਜਾ ਸਕਦੀ ਹੈ। ਦੂਜੇ ਪਾਸੇ ਆਪਣੇ ਵਿਸ਼ੇਸ਼ ਸੰਸਕ੍ਰਿਤਿਕ ਪ੍ਰਸੰਗਾਂ ਦਾ ਵਿਸ਼ਲੇਸ਼ਣ ਕਰਕੇ ਨਾਰੀ ਦੀ ਹੋਂਦ ਪਰਕ ਮਸਲਿਆਂ ਨੂੰ ਵੀ ਪੇਸ਼ ਕਰ ਰਹੀ ਹੈ"।[9] ਵਨੀਤਾ ਦੀ ਕਵਿਤਾ ਔਰਤ ਦੀ ਸੰਵੇਦਨਸ਼ੀਲਤਾ ਵਿੱਚ ਸਥੂਲ ਗਤੀਹੀਣ ਨਹੀਂ ਹੁੰਦੀ ਸਗੋਂ ਫੈਸਲੇ ਵੀ ਕਰਦੀ ਹੈ ਅਤੇ ਮਨ ਆਏ ਖਵੰਦ ਵੀ ਚੁਣਦੀ ਹੈ। ਔਰਤ ਵਿੱਚ ਕੁਦਰਤ ਵੱਲੋਂ ਇੱਕ ਵੱਡਾ ਗੁਣ ਭਾਵ ਭਾਵਕਤਾ ਦਾ ਹੈ। ਜਦੋਂ ਉਸਦੀ ਭਾਵਨਾਤਮਕਤਾ ਦਾ ਕਤਲ ਹੁੰਦਾ ਹੈ ਤਾਂ ਫਿਰ ਉਹ ਕਤਲ ਕਰਨ ਵਾਲੇ ਸਾਰੇ ਰਿਸ਼ਤਿਆਂ ਨਾਲ ਵਿਸਫੋਟ ਕਰਦੀ ਹੈ। ਵਨੀਤਾ ਦੀ ਕਵਿਤਾ ਅੰਦਰ ਔਰਤ ਦੀ ਸੰਵੇਦਨਸ਼ੀਲਤਾ, ਸਿਰਜਣਾਤਮਕਤਾ, ਭਾਵਨਾਤਮਿਕਤਾ ਇੱਕ ਸੁਰ ਹੋ ਕੇ ਮੰਡੀ ਦੇ ਭੋਗਵਾਦੀ ਪ੍ਰਵਚਨ ਨੂੰ ਨਕਾਰਦੀ ਹੈ। ਜਿਸਨੇ ਔਰਤ ਨੂੰ ਜਿਸਮ ਤੱਕ ਹੀ ਸੀਮਤ ਰੱਖਿਆ ਹੈ। ਉਤਰ ਆਧੁਨਿਕਤਾ ਦ੍ਰਿਸ਼ਟੀ ਤੋਂ ਵਨੀਤਾ ਦੀਆਂ ਕੁਝ ਚੋਣਵੀਆਂ ਕਵਿਤਾਵਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ

ਹੈ। ਵਨੀਤਾ ਦੀ ਕਵਿਤਾ 'ਅਹਿਲਿਆ' ਵਿੱਚ ਕਵਿਤਰੀ ਅਹਿਲਿਆ ਨੂੰ ਰਾਮ ਦੀ ਛੋਹ ਨਾਲ ਮੁਕਤੀ ਪ੍ਰਾਪਤ ਕਰਨ ਦੀ ਮਿੱਥ ਦਾ ਮਿੱਥ ਭੰਜਨ ਕਰਦੀ ਹੈ। ਇੱਥੇ ਕਵਿਤਰੀ ਰਾਮ ਦੀ ਪਰਮਾਤਮਾ ਪਦਵੀ ਉੱਤੇ ਸਵਾਲ ਕਰਦੀ ਹੈ ਕਿ ਜੇ ਰਾਮ ਨੇ ਹੀ ਉਸਨੂੰ ਮੁਕਤ ਕਰਨਾ ਸੀ ਤਾਂ ਸੀਤਾ ਨੂੰ ਕਿਉਂ ਆਪਣਾ ਆਪ ਧਰਤੀ ਵਿਚ ਸਮਾਉਣਾ ਪਿਆ। ਕਵਿਤਰੀ ਗੌਤਮ ਨੂੰ ਵੀ ਸਵਾਲਾਂ ਦੇ ਘੇਰੇ ਚ ਲਿਆਉਂਦੀ ਹੈ ਕਿ ਜੇਕਰ ਗੌਤਮ ਇੰਨਾ ਹੀ ਬ੍ਰਹਮ ਗਿਆਨੀ ਸੀ ਤਾਂ ਉਹ ਉਸ ਨਾਲ ਹੋਣ ਵਾਲੇ ਛਲ ਨੂੰ ਕਿਉਂ ਨਹੀਂ ਭਾਪ ਸਕਿਆ। ਕੀ ਉਹ ਸਿਰਫ ਸਰਾਪ ਦੇਣ ਜੋਗਾ ਹੀ ਹੈ? ਇੰਦਰ ਨੂੰ ਅਹੱਲਿਆ ਕਹਿੰਦੀ ਹੈ ਕਿ ਧੋਖੇ ਨਾਲ ਔਰਤ ਨੂੰ ਸਰੀਰਕ ਤੌਰ ਤੇ ਤਾਂ ਪਾਇਆ ਜਾ ਸਕਦਾ ਹੈ ਪਰ ਉਸਦਾ ਮਨ ਨਹੀਂ ਜਿੱਤਿਆ ਜਾ ਸਕਦਾ। ਇਥੇ ਸਥਿਤੀ ਦੀ ਵਿਡੰਬਣਾ ਇਹ ਹੈ ਕਿ ਇੱਕ ਮਰਦ ਗੌਤਮ ਜੋ ਸੁੱਤੀ ਪਈ ਅਹਿਲਿਆ ਨੂੰ ਛੱਡ ਕੇ ਧਾਰਮਿਕ ਕਰਮ-ਕਾਂਡਾਂ ਚ ਵਿਅਸਥ ਹੈ ਤੇ ਦੂਜਾ ਮਰਦ ਇੰਦਰ ਜੋ ਧੋਖੇ ਤੇ ਛਲ ਦਾ ਪ੍ਰਤੀਕ ਹੈ ਤੇ ਤੀਜਾ ਮਰਦ ਇੱਕ ਮੁਕਤੀਦਾਤਾ ਹੈ। ਇਸ ਤਰ੍ਹਾਂ ਮਰਦ ਦੇ ਤਿੰਨ ਰੂਪ ਪੇਸ਼ ਹੋਏ ਹਨ। ਔਰਤ ਦਾ ਅਬੋਲ ਮਨ ਇਸ ਕਵਿਤਾ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਵਿਤਾ ਅਹਿਲਿਆ ਇੱਕ ਮਰਦ ਦੀ ਅਣਗਹਿਲੀ ਦੂਜੇ ਮਰਦ ਦੇ ਧੋਖੇ ਦੀ ਸ਼ਿਕਾਰ ਹੁੰਦੀ ਹੈ। ਉਸਨੂੰ ਮੁਕਤੀ ਵੀ ਇੱਕ ਤੀਜੇ ਮਰਦ(ਰਾਮ) ਦੁਵਾਰਾ ਦਿੱਤੀ ਜਾਂਦੀ ਹੈ। ਜੋ ਔਰਤ ਦੀ ਤੁੱਛ ਅਤੇ ਹੀਣ ਸਥਿਤੀ ਨੂੰ ਪੇਸ਼ ਕਰਦਾ ਹੈ।

ਹੇ ਗੌਤਮ

ਹੋਈ ਹਾਂ ਮੈਂ ਸਰਾਪ ਮੁਕਤ

ਆਪਣੇ ਹੀ ਅੰਦਰਲੇ ਵਿਸਫੋਟ ਨਾਲ

ਨਾ ਕਿ ਕਿਸੇ ਚਰਨ ਛੋਹ ਨਾਲ

ਹੋਈ ਹਾਂ ਮੈਂ ਮੁਕਤ ਇਸ ਭਰਮ ਤੋਂ ਕਿ ਤੂੰ ਪਰਮਾਤਮਾ ਪਤੀ ਹੈ

ਤੇ ਮੈਂ ਪਤੀ ਵਰਤਾ ਪਤਨੀ

(ਸਹਿਜ ਚੁੱਪ ਪੰਨਾ-48)

'ਚੁੱਪ ਦਾ ਇਤਿਹਾਸ' ਕਵਿਤਾ ਵਿੱਚ ਕਵਿਤਰੀ ਉਸ ਇਤਿਹਾਸਿਕ ਭੰਡਾਰ ਉੱਤੇ ਵਿਅੰਗ ਕਰਦੀ ਹੈ ਕਿ ਜੋ ਕੁਝ ਲੋਕਾਂ ਦੁਆਰਾ ਆਪਣੇ ਹਿੱਤਾਂ ਦੀ ਖਾਤਰ ਤੋੜ-ਮਰੋੜ ਕੇ ਉਸਦਾ ਕੁਝ ਕੁ ਹਿੱਸਾ ਲੋਕਾਂ ਸਾਹਮਣੇ ਰੱਖਿਆ ਜਾਂਦਾ ਹੈ ਅਤੇ ਪ੍ਰਚਾਰਿਆ ਜਾਂਦਾ ਹੈ। ਇਤਿਹਾਸ ਦੇ ਪਰਦੇ ਪਿੱਛੇ ਵੀ ਬਹੁਤ ਕੁਝ ਅਣਗੌਲਿਆ, ਅਣਲਿਖਿਆ ਇਤਿਹਾਸ ਚੁੱਪ ਦੀ ਅਵਸਥਾ ਵਿੱਚ ਵਿਚਰ ਰਿਹਾ ਹੈ। ਕਵਿਤਰੀ ਉਸ ਇਤਿਹਾਸ ਨੂੰ ਫਰੋਲਣ, ਲੱਭਣ ਅਤੇ ਉਸਦੀ ਚੁੱਪ ਨੂੰ ਸੁਣਨ ਦੀ ਤਾਂਘ ਵਿੱਚ ਹੈ।

ਫਰੋਲ ਰਹੀ ਹਾਂ ਮਿੱਟੀ

ਤੁਹਾਡਾ ਇਤਿਹਾਸ ਤੁਹਾਨੂੰ ਮੁਬਾਰਕ

ਇੱਕ ਇਤਿਹਾਸ

ਅਣ ਲਿਖਿਆ ਇਤਿਹਾਸ

ਅਣਗੋਲਿਆ ਇਤਿਹਾਸ

ਦੱਬਿਆ ਦਬਾਇਆ ਇਤਿਹਾਸ

ਖਰੋਚਣ ਫਰੋਲਣ ਦੇ ਆਹਰ ਚ ਹਾਂ ਮੈਂ । (ਸਹਿਜ ਚੁੱਪ,ਪੰਨਾ-60)

'ਚੰਗਾ ਹੁੰਦਾ ਹੈ ਉਦਾਸ ਹੋਣਾ' ਇਸ ਕਵਿਤਾ ਵਿਚ ਕਵਿਤਰੀ ਉਦਾਸੀ ਅਤੇ ਨਿਰਾਸ਼ਾ ਵਿਚਲੇ ਮਹੀਨ ਫਰਕ ਨੂੰ ਬੜੇ ਬਾਖੂਬੀ ਤਰੀਕੇ ਨਾਲ ਸਿਰਜਦੀ ਹੈ।ਜਿਵੇਂ ਉਤਰ-ਆਧੁਨਿਕਤਾ ਕਵਿਤਾ ਮਨੁੱਖੀ ਆਪੇ ਦੀ ਇਕੱਲਤਾ ਦੀ ਗੱਲ ਕਰਦੀ ਹੈ। ਉਸੇ ਲੜੀ ਵਿਚ ਕਵਿਤਰੀ ਬੁੱਧ ਅਤੇ ਨਾਨਕ ਹੋਣਾ ਉਦਾਸੀ ਦਾ ਹੀ ਅਗਲਾ ਪੜਾਅ ਮੰਨਦੀ ਹੈ। ਉਦਾਸੀ ਅਜਿਹੀ ਜ਼ਮੀਨ ਹੈ ਜਿੱਥੇ ਆਸ ਦੇ ਨਵੇਂ ਬੀਜ ਪੁੰਗਰਦੇ ਹਨ ਪਰ ਨਿਰਾਸ਼ਾ ਹਰਗਿਜ਼ ਕਬੂਲ ਨਹੀਂ।

ਚੰਗਾ ਹੁੰਦਾ ਉਦਾਸ ਹੋਣਾ

ਪਰ ਨਿਰਾਸ਼ ਹੋਣਾ ਹਰਗਿਜ਼ ਨਹੀਂ

ਨਿਰਾਸ਼ਾ ਫਾਂਸੀ ਦੇ ਤਖਤੇ ਤੇ ਲਟਕਣ ਤੋਂ ਪਹਿਲਾਂ ਹੀ ਕਬੂਲੀ ਮੌਤ ਹੈ। (ਸਹਿਜ ਚੁੱਪ, ਪੰਨਾ 67)

'ਦੱਸ ਨੀ ਮਾਏ' ਇਸ ਕਵਿਤਾ ਵਿਚ ਕਵਿਤਰੀ ਗੋਰੇ ਕਾਲੇ ਦੀ ਰਾਜਨੀਤੀ ਦਾ ਵਿਅੰਗਮਈ ਤਰੀਕੇ ਨਾਲ ਪਰਦਾਫਾਸ਼ ਕਰਦੀ ਹੈ। ਇੱਕ ਮਾਸੂਮੀਅਤ ਵਿਚ ਮਾਂ ਤੋਂ ਪੁੱਛੇ ਸਵਾਲ ਗਹਿਰੀ ਚੋਟ ਕਰਦੇ ਹਨ। ਦੇਵੀ-ਦੇਵਤਿਆਂ ਪਰੀਆਂ ( ਸਕਾਰਾਤਮਕ ਸ਼ਕਤੀਆਂ)ਦਾ ਰੰਗ ਹਮੇਸ਼ਾ ਗੋਰਾ ਹੀ ਕਲਪਿਆ ਗਿਆ ਤੇ ਰਾਵਣ ਰਾਕਸ਼ ਭੂਤ ਜਮਦੂਤ( ਨਕਾਰਾਤਮਕ ਮੰਨੀਆਂ ਜਾਣ ਵਾਲੀਆਂ ਸ਼ਕਤੀਆਂ) ਸਾਰਿਆਂ ਨੂੰ ਕਾਲੇ ਮੰਨ ਮਨੁੱਖਾਂ ਵਿੱਚ ਹੀਣ ਭਾਵਨਾ ਪੈਦਾ ਕਰਨ ਦੀ ਕੋਝੀ ਚਾਲ ਨੂੰ ਨੰਗਾ ਕਰਦੀ ਹੈ।

ਮੇਮ ਗੋਰੀ ਕਿਉਂ ਹੈ?

ਅਫਰੀਕੀ ਕਾਲਾ ਕਿਉਂ ਹੈ?

ਦੇਵਤੇ ਦੇਵੀਆਂ ਨੂਰਾਂ ਹੂਰਾਂ ਫਰਿਸ਼ਤੇ ਪਰੀਆਂ ਗੋਰੇ ਕਿਉਂ ਨੇ

ਰਾਵਣ ਰਾਕਸ਼ ਭੂਤ ਜਮਦੂਤ ਕਾਲੇ ਕਿਉਂ ਨੇ

ਦਸ ਮਾਂ ਚਿੱਟਾ ਚਿੱਟਾ ਕਿਉਂ ਹੈ ?

ਕਾਲਾ ਕਾਲਾ ਕਿਉਂ ਹੈ? (ਕਾਲ ਪਹਿਰ ਘੜੀਆਂ ਪੰਨਾ -63)

'ਦਾਜ' ਕਵਿਤਾ ਵਿਚ ਕਵਿਤਰੀ ਸਾਡੇ ਉਸ ਸਮਾਜਿਕ ਪ੍ਰਬੰਧ ਨੂੰ ਚਿਤਰਦੀ ਹੈ ਜਿਸ ਵਿੱਚ ਘਰ ਵਿੱਚ ਔਰਤ ਦਾ ਸਥਾਨ ਉਸ ਵੱਲੋਂ ਦਾਜ ਦੇ ਰੂਪ ਵਿੱਚ ਲਿਆਂਦੀਆਂ ਪਦਾਰਥਿਕ ਵਸਤੂਆਂ ਨਾਲ ਨਿਸ਼ਚਿਤ ਹੁੰਦਾ ਹੈ। ਕਵਿਤਰੀ ਕਹਿੰਦੀ ਹੈ ਇੱਕ ਔਰਤ ਕਦੇ ਇਕੱਲੀ ਜਾਂ ਪਦਾਰਥਕ ਵਸਤੂਆਂ ਨਾਲ ਹੀ ਦੂਜੇ ਘਰ ਨਹੀਂ ਜਾਂਦੀ ਸਗੋਂ ਆਪਣੇ ਨਾਲ

ਆਪਣੀਆਂ ਬਹੁਤ ਸਾਰੀਆਂ ਯਾਦਾਂ ਬਹੁਤ ਕੁਝ ਅਣਦਿਸਦਾ ਵੀ ਲੈ ਕੇ ਜਾਂਦੀ ਹੈ। ਜਿਨ੍ਹਾਂ ਵੱਲ ਸਮਾਜ ਟੀਰੀ ਅੱਖ ਨਾਲ ਹੀ ਦੇਖਦਾ ਹੈ।

ਇੱਕ ਦਾਜ

ਲਿਆਈ ਸੀ ਹੋਰ ਉਹ ਨਾਲ

ਆਪਣੀਆਂ ਸਿਮਰਤੀਆਂ ਦਾ

ਕਿਸੇ ਉਸਦਾ ਰੈਪਰ ਤਾਂ ਕੀ ਖੋਲਣਾ ਸੀ

ਉਪਰੀ ਨਜ਼ਰ ਵੀ ਨਾ ਮਾਰੀ। (ਮੰਦਰ-ਸਪਤਕ,ਪੰਨਾ-66)

'ਜਦੋਂ ਭਾਸ਼ਾ ਹੋਣ ਲੱਗੇ ਮੇਰੇ ਉੱਤੇ ਹਾਵੀ' ਕਵਿਤਾ ਵਿਚ ਕਵਿਤਰੀ ਭਾਸ਼ਾ ਦੇ ਮਨੁੱਖ ਉੱਪਰ ਹਾਵੀ ਹੋਣ ਅਤੇ ਉਸਦੇ ਮਨ ਅੰਦਰ ਪੈਦਾ ਹੋਈ ਬੇਚੈਨੀ ਨੂੰ ਪੇਸ਼ ਕਰਦੀ ਹੈ। ਮਨੁੱਖ ਕਿਸੇ ਵੀ ਤਰ੍ਹਾਂ ਦੇ ਬੰਧਨਾਂ ਵਿਚ ਕੈਦ ਨਹੀਂ ਹੋਣਾ ਚਾਹੁੰਦਾ। ਮਨੁੱਖ ਦਾ ਵਿਆਕਰਨਕ ਬੰਧਨਾਂ ਦੀ ਉਲਝਣ ਤੋਂ ਖਹਿੜਾ ਛੁਡਾ ਕੇ ਕੁਦਰਤ ਦੀ ਭਾਸ਼ਾ, ਜਾਨਵਰਾਂ ਦੀ ਭਾਸ਼ਾ ,ਚੰਨ ਸੂਰਜਾਂ ਦੀ ਭਾਸ਼ਾ ਨੂੰ ਮਾਨਣ ਦਾ ਦਿਲ ਕਰਦਾ ਹੈ। ਇਹ "ਨਵੀਂ ਕਵਿਤਾ ਅਜਿਹੇ ਹਰ ਕੇਂਦਰਵਾਦ ਤੋਂ ਇਨਕਾਰੀ ਹੈ ਜਿਹੜੀ ਸਾਹਿਤ ਲਈ ਮੈਥੇਮੈਟੀਕਲ ਫਰੇਮ ਤਿਆਰ ਕਰਕੇ ਨਿਸ਼ਚਿਤ ਫਾਰਮੂਲੇ ਘੜਦਾ ਹੈ। ਮੈਥੇਮੈਟੀਕਲ ਫਰੇਮ ਅਤੇ ਨਿਸ਼ਚਿਤ ਫਾਰਮੂਲਿਆਂ ਦੀ ਵਲਗਣ ਤੋਂ ਪਾਰ ਜਾ ਕੇ ਇਹ ਕਾਵਿ ਸਿਰਜਣਾਤਮਕ ਨੂੰ ਅਗਰਭੂਮੀ ਵਿਚ ਲਿਆਉਂਦਾ ਹੈ"।[10] ਇਹ ਵਿਚਾਰਧਾਰਾ ਵਨੀਤਾ ਦੀ ਕਵਿਤਾ ਵਿੱਚ ਦੇਖੀ ਜਾ ਸਕਦੀ ਹੈ।

ਜਦੋਂ ਭਾਸ਼ਾ ਹੋਣ ਲੱਗੀ ਮੇਰੇ ਤੇ ਹਾਵੀ

ਤਾਂ ਮੇਰਾ ਜੀ ਕਰਦੈ

ਮੈਂ ਸਾਰੀ ਭਾਸ਼ਾ ਤੇ ਉਸਦਾ ਵਿਆਕਰਨ ਭੁੱਲ ਜਾਵਾਂ

ਤੇ ਗੱਲਾਂ ਕਰਾਂ ਉਸ ਭਾਸ਼ਾ ਵਿੱਚ

ਜਿਸ ਵਿੱਚ ਵਣ ਤ੍ਰਿਣ

ਵਣਾਂ ਵਿਚ ਵਸਦੇ ਜੀਅ ਜਨੌਰ

ਰੁੱਖਾਂ ਤੇ ਫਲ ਫੁੱਲ

ਅਸਮਾਨ ਚ ਤਾਰੇ

ਚੰਨ ਤੇ ਸਮੁੰਦਰ

ਧਰਤੀ ਤੇ ਸੂਰਜ

ਆਪਸ ਵਿੱਚ ਗੱਲਾਂ ਕਰਦੇ। (ਮੰਦਰ ਸਪਤਕ, ਪੰਨਾ -09

ਕਵਿਤਰੀ ਜੋ ਮਰਦ ਔਰਤ ਦੀ ਦੇਹ ਨਾਲ ਖੇਡਦਾ ਭਾਵ ਦੇਹ ਨੂੰ ਭੋਗਦਾ ਹੈ ਉਸ ਸੋਚ ਵਾਲੇ ਮਰਦ ਦਾ ਵਿਰੋਧ ਕਰਦੀ ਨਜ਼ਰ ਆਉਂਦੀ ਹੈ। ਔਰਤ ਦੇ ਜਜ਼ਬਾਤਾਂ ਨੂੰ ਸਮਝਣ ਦੀ ਥਾਂ ਉਸਦੇ ਜਜ਼ਬਾਤਾਂ ਨਾਲ ਖੇਡਦਾ ਹੈ।ਵਿਆਹ ਦਾ ਲੋਗੋ ਲਗਵਾ ਕੇ ਕਾਮਨਾ ਦੀ ਪੂਰਤੀ ਮਨਫੀ ਹੁੰਦੀ ਹੈ ਤਾਂ ਉਸ ਸਮੇਂ ਔਰਤ ਦਾ ਗੁੱਸਾ ਭਾਵ ਵਿਦਰੋਹ ਮਰਦ ਪ੍ਰਤੀ ਉਸਰਦਾ ਹੈ। ਉਸਦੇ ਮਿੱਠੇ ਬੋਲਾਂ ਦੇ ਡੰਗ ਦਾ ਮਾਰਿਆ ਮਨੁੱਖ ਆਪਣੀ ਜਿੰਦਗੀ ਨਾਲ ਲੜਦਾ ਹੈ। ਇਸੇ ਤਰ੍ਹਾਂ ਹੀ ਔਰਤ ਮਰਦ ਦੇ ਡੰਗ ਦੀ ਮਾਰੀ ਹੋਈ ਜਿੰਦਗੀ ਜਿਉਣ ਲਈ ਦੋ ਚਾਰ ਹੁੰਦੀ ਹੈ। ਕਵਿਤਰੀ ਮਰਦ ਦੀ ਹੰਕਾਰੀ ਪ੍ਰਵਿਰਤੀ ਉੱਤੇ ਵਿਅੰਗ ਕਰਦੀ ਹੈ।

ਇਹ ਤੇਰਾ ਮੇਰਾ ਸਾਥ ਨਹੀਂ

ਮਜਬੂਰੀ ਹੈ ਵਕਤ ਦੀ

ਇਹ ਮੇਰੇ ਮਨ ਦੇ ਜਜ਼ਬੇ ਦੀ ਤਰਲਤਾ ਨਹੀਂ

ਸਮਝੌਤਾ ਹੈ ਹਾਲਾਤ ਦਾ

ਪੜ੍ਹ ਸਕਦੀ ਹਾਂ ਸਾਫ ਤੇਰੀਆਂ ਅੱਖਾਂ ਚ

ਨਫਰਤ ਦਾ ਜ਼ਹਿਰ

ਜਾਣਦੀ ਹਾਂ ਤੇਰੇ ਮਿੱਠੇ ਬੋਲਾਂ ਦੀ ਮਿਠਾਸ ਵਿੱਚ

ਛੁਪਿਆ ਡੰਗ

ਫਿਰ ਵੀ ਤੇਰਾ ਮੇਰਾ ਇਹ ਸਾਥ

ਮੇਰੇ ਮਨ ਦੇ ਜਜ਼ਬਿਆਂ ਦੀ ਤਰਲਤਾ ਨਹੀਂ। (ਹਰੀਆਂ ਛਾਵਾਂ ਦੀ ਕਬਰ, ਪੰਨਾ-72)

ਵਨੀਤਾ ਕਵਿਤਰੀ ਤੇ ਆਲੋਚਕ ਹੋਣ ਕਰਕੇ ਉਹ ਆਪਣੀਆਂ ਕਵਿਤਾਵਾਂ ਵਿਚ ਵਿਅੰਗ ਰਾਹੀਂ ਨਾਰੀ ਪ੍ਰਵਚਨ ਸਿਰਜਦੀ ਹੈ। ਉੱਤਰ ਆਧੁਨਿਕ ਕਵਿਤਾ ਅੰਤ ਤੇ ਪਾਠਕ ਲਈ ਪ੍ਰਸ਼ਨ ਛੱਡਦੀ ਹੈ ਭਾਵ ਉਹ ਬੰਦ ਰੂਪ ਵਾਲੇ ਇਕਹਿਰੇਪਨ ਨੂੰ ਤੋੜਨ ਅਤੇ ਪਾਠਕਾਂ ਨੂੰ ਵਿਸ਼ਾਲ ਅਰਥ ਦੇਣ ਲਈ ਮਜਬੂਰ ਕਰ ਦਿੰਦੀ ਹੈ। ਇਸ ਤਰ੍ਹਾਂ ਵਨੀਤਾ ਦੀ ਕਵਿਤਾ ਵੀ ਅੰਤ ਅਤੇ ਪਾਠਕ ਦੀ ਕਚਹਿਰੀ ਵਿੱਚ ਪ੍ਰਸ਼ਨ ਛੱਡਦੀ ਹੈ।

ਉਨ੍ਹਾਂ ਤਾਂ ਬੁੱਧ ਦੇ ਬੁੱਤ ਛੇਕੇ ਸਨ

ਤੋੜੇ ਸਨ

ਮਲੀਆਮੇਟ ਕੀਤੇ ਸਨ

ਭਲਾਂ ਬੁੱਧ ਵੀ ਕਦੇ

ਟੁੱਟਦੇ ਹਨ?

ਤਿੜਦੇ ਹਨ?

ਮਲੀਆਮੇਟ ਹੁੰਦੇ ਹਨ? ( ਕਾਲ ਪਹਿਰ ਘੜੀਆਂ, ਪੰਨਾ-147)

ਵਨੀਤਾ ਦੇ ਕਾਵਿ ਦੀ ਔਰਤ ਇੱਕ ਚੇਤਨ ਔਰਤ ਹੈ ਜੋ ਪਰੰਪਰਾਵਾਦੀ ਦੀਆਂ ਹੱਥ ਘੜੀਆਂ ਤੋਂ ਇਨਕਾਰੀ ਹੋ ਕੇ ਆਪਣੇ ਸਵੈ ਨੂੰ ਪਛਾਨਣ ਦੀ ਕੋਸ਼ਿਸ਼ ਕਰਦੀ ਹੈ ਭਾਵ ਆਪਣੀ ਹੋਂਦ ਵੱਲ ਵਧਣ ਦੀ ਕੋਸ਼ਿਸ਼ ਕਰਦੀ ਹੈ।

ਤੂੰ ਆਪਣੇ ਨਹੁੰ ਕਿਉਂ ਖੁਰਚ ਰਹੀ ਹੈ?

ਮੈਂ ਆਪਣੀ ਨਹੁੰਆਂ ਤੋਂ ਸੰਸਕ੍ਰਿਤੀ ਦੀ ਪਾਲਿਸ਼ ਖੁਰਚ ਰਹੀ ਹਾਂ

ਤਾਂ ਜੋ ਉਹ ਮੇਰੇ ਨੌਹਾਂ ਚੋਂ

ਮੇਰੇ ਅਸਲੀ ਖੂਨ ਦਾ ਰੰਗ ਵੇਖ ਸਕੇ। (ਬੋਲ-ਅਲਾਪ, ਪੰਨਾ-17)

ਵਨੀਤਾ ਆਪਣੇ ਕਾਵਿ ਰਾਹੀਂ ਔਰਤ ਦੇ ਬਹੁ-ਦਿਸ਼ਾਵੀ, ਬਹੁ- ਭਾਂਤੀ ਸੰਘਰਸ਼ ਨੂੰ ਵੀ ਬਿਆਨ ਕਰਦੀ ਹੈ। ਉਹ ਆਪਣੇ ਕਾਵਿ ਰਾਹੀਂ ਔਰਤ ਮਰਦ ਵਿਚਕਾਰ ਸੰਵਾਦ ਰਚਾਉਂਦੀ ਹੈ ਜਿਸ ਵਿੱਚ ਮਰਦ ਦੀ ਮਰਦਾਨਗੀ ਸੋਚ ਤੋਂ ਔਰਤ ਹੋਂਦ ਨੂੰ ਅਜਾਦ ਕਰਵਾਉਣ ਵੱਲ ਆਪਣੀ ਕਲਮ ਵਧਾਉਂਦੀ ਹੈ।

ਸੱਸੀਏ ਨੀ ਅਜੇ ਤੂੰ

ਕਿੰਨੇ ਥਲੀ ਹੈ ਲੰਘਣਾ

ਪੁੰਨੂ ਪੁੰਨੂ ਕੂਕੇਦੀਏ ਨੀ

ਕਿੰਨੇ ਭਵਜਲ ਤਰਨਾ? (ਕਾਲ ਪਹਿਰ ਘੜੀਆਂ, ਪੰਨਾ-100)

ਉਪਰੋਕਤ ਸਾਰੀ ਚਰਚਾ ਕਰਨ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਉਤਰ ਆਧੁਨਿਕਤਾ ਕਾਲ ਵਿੱਚ ਗਿਆਨ ਵਿਗਿਆਨ ਦੇ ਖੇਤਰ ਵਿੱਚ ਬਹੁਤ ਵਾਧਾ ਹੋਇਆ। ਇਸ ਗਿਆਨ ਵਿਗਿਆਨ ਦੇ ਵਾਧੇ ਨਾਲ ਨਵੀਂ ਤਕਨੀਕ ਪੈਦਾ ਹੋਈ। ਇਸੇ ਤਕਨੀਕ ਨੇ ਔਰਤ ਨੂੰ ਆਤਮ ਨਿਰਭਰ ਹੋਣ ਵੱਲ ਵਧਾਇਆ ਅਤੇ ਸਮਾਜਿਕ ਖੇਤਰ ਵਿੱਚ ਪੈਰ ਪਸਾਰਨੇ ਸ਼ੁਰੂ ਹੋ ਗਏ। ਇਸੇ ਲੜੀ ਵਿੱਚ ਔਰਤ ਸਾਹਿਤ, ਪੜ੍ਹਨ, ਰਚਨ ਲੱਗ ਪਈ। ਵਨੀਤਾ ਦੀ ਕਵਿਤਾ ਵੀ ਉਪਰੋਕਤ ਔਰਤ ਹਾਜ਼ਰ ਹੈ। ਉਹ ਸਾਹਿਤ, ਪੜ੍ਹਨ, ਰਚਨ ਦੇ ਨਾਲ-ਨਾਲ ਆਪਣੀ ਹੋਂਦ ਬਰਕਰਾਰ ਰੱਖਣ ਲਈ ਇਤਿਹਾਸਿਕ, ਮਿਥਿਹਾਸਿਕ, ਸੱਭਿਆਚਾਰ ਤੇ ਰਾਜਨੀਤਿਕ ਮੁੱਲਾਂ ਦੀ ਪਛਾਣ ਵੀ ਕਰਵਾਉਂਦੀ ਹੈ। ਵਨੀਤਾ ਕਾਵਿ ਦੀ ਵਿਲੱਖਣਤਾ ਹੈ ਕਿ ਉਹ ਨਾਰੀ ਦੀ ਹੋਂਦ ਨੂੰ ਬੜੇ ਭਾਵਪੂਰਵ ਤੇ ਬੁਲੰਦ ਆਵਾਜ਼ ਨਾਲ ਪੇਸ਼ ਕਰਦੀ ਹੈ। ਉਸ ਦਾ ਕਾਵਿ ਸਫਰ "ਵਿਚਾਰੀ" ਔਰਤ ਤੋਂ "ਆਜ਼ਾਦ" ਔਰਤ ਤੱਕ ਦਾ ਹੈ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP:85-93

**ਹਵਾਲੇ**


1. ਵਨੀਤਾ, ਉਤਰ-ਆਧੁਨਿਕਤਾ ਅਤੇ ਕਵਿਤਾ, ਸ਼ਿਲਾਲੇਖ, ਦਿੱਲੀ,1998, ਪੰਨਾ -17
2. ਗੁਰਭਗਤ ਸਿੰਘ, ਉਤਰਆਧੁਨਿਕਤਾਵਾਦ, ਮਦਾਨ ਪਬਲੀਕੇਸ਼ਨ, ਪਟਿਆਲਾ, ਮਿਤੀਹੀਣ, ਪੰਨਾ 6 ਤੋਂ ਉਧਰਿਤ,
3. ਵਿਸਥਾਰ ਲਈ ਦੇਖੋ ਉਹੀ, ਪੰਨਾ-7
4. ਰਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ,ਪੰਜਾਬੀ ਅਕਾਦਮੀ, ਦਿੱਲੀ,2006,ਪੰਨਾ-2013
5. ਉਹੀ,ਪੰਨਾ-214
6. ਉਹੀ, ਪੰਨਾ-214
7. ਵਨੀਤਾ,ਉਹੀ, ਪੰਨਾ-95
8. ਡਾ. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ-ਸਮਕਾਲੀ ਸੰਦਰਭ,  ਚੇਤਨਾ ਪ੍ਰਕਾਸ਼ਨ ਲੁਧਿਆਣਾ,2006
9. ਪੰਨਾ-19
10. .ਉਹੀ, ਪੰਨਾ-23-24
11. ਉਹੀ, ਪੰਨਾ-11

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 94-102

# ਉੱਤਰ ਆਧੁਨਿਕਤਾ,ਸਿੱਖ ਸਿਧਾਂਤ ਅਤੇ ਪੰਜਾਬੀ ਸਭਿਆਚਾਰ

**ਡਾ. ਮਨਿੰਦਰ ਕੌਰ**
**ਸਹਾਇਕ ਪ੍ਰੋਫੈਸਰ ਪੰਜਾਬੀ,**
**ਯੂਨੀਵਰਸਿਟੀ ਕਾਲਜ, ਘਨੌਰ।**

ਪੰਜਾਬੀ ਸਭਿਆਚਾਰ, ਜਨ ਜੀਵਨ, ਇਤਿਹਾਸ, ਸਾਹਿਤ ਅਤੇ ਚੇਤਨਾ ਦੇ ਵਿਕਾਸ ਤੇ ਪੁਨਰ ਝਾਤ ਮਾਰੀ ਜਾਵੇ ਤਾਂ ਇਸਦੇ ਕੁੱਝ ਪੜਾਅ ਨਿਸਚਿਤ ਕੀਤੇ ਜਾ ਸਕਦੇ ਹਨ, ਜੋ ਕਿ ਆਦਿ ਕਾਲੀਨ,ਮੱਧ ਕਾਲੀਨ ਅਤੇ ਆਧੁਨਿਕ ਹਨ। ਇਨਾਂ ਦੀ ਨਿਰਤਰਤਾ ਵਿੱਚ ਉਤਰ ਆਧੁਨਿਕਤਾ ਨੂੰ ਵੀ ਰੱਖਿਆ ਜਾ ਸਕਦਾ ਹੈ।ਕੇਵਲ ਸ਼ਾਬਦਿਕ ਅਰਥਾਂ ਨੂੰ ਵਾਚਿਆਂ ਉਤਰ ਆਧੁਨਿਕਤਾ, ਆਧੁਨਿਕਤਾ ਤੋਂ ਬਾਅਦ ਵਾਲੀ ਸਥਿਤੀ ਲਗਦੀ ਹੈ।ਮਾਈਕ ਫੀਦਰਸਟੋਨ ਵਰਗੇ ਵਿਦਵਾਨਾਂ ਨੇ ਵੀ ਉਤਰ ਆਧੁਨਿਕਤਾ ਨੂੰ ਆਧੁਨਿਕਤਾ ਤੋਂ ਬਾਅਦ ਦਾ ਪੜਾਅ ਮਨਦਿਆਂ ਇਹਨਾਂ ਵਿੱਚ ਨਿਰੰਤਰਤਾ ਅਤੇ ਬ੍ਰੇਕ ਦੀ ਸਥਿਤੀ ਨੂੰ ਸਵੀਕਾਰਿਆ ਹੈ। ਪਰ ਪੰਜਾਬ ਦੇ ਸੰਬੰਧ ਵਿਚ ਇਤਿਹਾਸਕ ਤੌਰ ਤੇ ਉਤਰ ਆਧੁਨਿਕਤਾ ਪੰਜਾਬੀ ਬੋਧ ਦਾ ਭਾਗ ਕਦੋਂ ਬਣਦੀ ਹੈ ਅਤੇ ਪੂਰਨ ਰੂਪ ਵਿੱਚ ਜਾਂ ਅਸ਼ਿੰਕ ਰੂਪ ਵਿੱਚ ਬਣਦੀ ਹੈ? ਇਨਾਂ ਪ੍ਰਸ਼ਨਾਂ ਦਾ ਉਤਰ ਪੰਜਾਬੀ ਮਾਨਸਿਕਤਾ, ਸਮਾਜ ਅਤੇ ਸਭਿਆਚਾਰ ਵਿਚ ਨਿਹਿਤ ਹੈ।ਉਤਰ ਆਧੁਨਿਕਤਾਵਾਦ ਸਾਹਿਤ ਸਿਧਾਂਤ ਅਤੇ ਅਧਿਐਨ ਵਿਧੀ ਸਮਕਾਲ ਵਿਚ ਸਾਹਿਤ ਅਲੋਚਨਾ ਵਿਚ ਮੱਹਤਵਪੂਰਨ ਸਥਾਨ ਰੱਖਦੀ ਹੈ ਅਤੇ ਉਨਾਂ ਪ੍ਰਸੰਗਾਂ ਅਤੇ ਕਲਾਤਮਕ ਜੁਗਤਾਂ ਨੂੰ ਮਹੱਤਤਾ ਦਿੰਦੀ ਹੈ ਜੋ ਬਹੁਦਿਸ਼ਾਵੀ ਸੰਬੰਧਾ ਰਾਂਹੀ ਪੇਸ਼ ਹੁੰਦੇ ਲੋਕ ਮਨ ਦੀਆਂ ਅਸਮਾਨਤਾਵਾਂ ਨੂੰ ਮਹਤਵਪੂਰਨ ਸਿੱਧ ਕਰਨ ਵੱਲ ਅਗਰਸਰ ਹੁੰਦੀਆਂ ਹਨ। "ਆਧੁਨਿਕਤਾਵਾਦ ਤੇ ਉਤਰ-ਆਧੁਨਿਕਤਾਵਾਦ ਸਭਿਆਚਾਰ ਤੇ ਗਿਆਨ ਸ਼ਾਸਤਰੀ ਸੰਕਲਪ ਹਨ।ਸਭਿਆਚਾਰਕ ਪ੍ਰਵਰਗ ਦੇ ਤੌਰ ਤੇ ਇਹ ਰੋਜਮਰ੍ਹਾ ਜਿੰਦਗੀ ਦੇ ਅਨੁਭਵਾਂ ਤੇ ਕਲਾਤਮਕ ਸ਼ੈਲੀਆਂ/ਲਹਿਰਾਂ ਨਾਲ ਸੰਬੰਧਿਤਹਨ। ਦਾਰਸਨਿਕ ਅਤੇ ਗਿਆਨ ਸ਼ਾਸਤਰੀ ਜੁੱਟ ਵਜੋਂ ਆਧੁਨਿਕਤਾਵਾਦ ਵਿਗਿਆਨਕ ਤਾਰਕਿਕਤਾ,ਵਿਸ਼ਵਵਿਆਪੀ ਸੱਚ,ਖੁਦਮੁਖਤਾਰ ਆਤਮ ,ਰੇਖਕੀ ਪ੍ਰਗਤੀ ਆਦਿ ਐਨਲਾਈਟਮੈਂਟ ਧਾਰਾਵਾਂ ਨਾਲ ਜੁੜਿਆ ਹੋਇਆ ਹੈ।ਉਤਰ ਆਧੁਨਿਕ ਦਰਸ਼ਨ ਇਹਨਾਂ ਪ੍ਰਵਰਗਾਂ ਦੀ ਤਿੱਖੀ ਪੜਚੋਲ ਤੇ ਨਿਸ਼ੇਠ 'ਚੋ ਸਰੂਪ ਗ੍ਰਹਿਣ ਕਰਦਾ ਹੈ। ਉਤਰ ਆਧੁਨਿਕ ਚਿੰਤਨ ਉਨਾਂ ਸਾਰੇ ਚਿੰਤਨ ਪ੍ਰਬੰਧਾਂ ਨੂੰ ਰੱਦ ਕਰਦਾ ਹੈ ਜੋ ਸਰਬਵਿਆਪਕ ਤੇ ਅੰਤਿਮਪੱਖੀ ਵਿਆਖਿਆਵਾਂ ਪੇਸ਼ ਕਰਨ ਦੇ ਦਾਅਵੇ ਜਤਾਉਂਦੇ ਹਨ।ਉਤਰ ਆਧੁਨਿਕਤਾਵਾਦ ਤੱਤਵਾਦ ਅਤੇ ਤਰਕਵਾਦ ਦਾ ਵਿਰੋਧੀ ਹੈ"।[1]

ਉਤਰ ਆਧੁਨਿਕਤਾ ਆਧੁਨਿਕਤਾ ਪ੍ਰਤੀ ਆਲੋਚਨਾਤਮਕ ਹੁੰਗਾਰੇ ਦੀ ਸਥਿਤੀ ਹੈ।ਆਧੁਨਿਕਤਾ ਵਿਗਿਆਨਿਕ ਵਿਕਾਸ, ਤਰਕ ਅਤੇ ਮਸ਼ੀਨ ਤੋਂ ਉਪਜੀ ਹੈ।ਇਸਦੇ ਬਾਵਜੂਦ ਉਤਰ ਆਧੁਨਿਕਤਾ ਤਕਨੀਕ, ਸੂਚਨਾ, ਕੰਪਿਊਟਰੀ ਗਿਆਨ ਦੇ ਆਧਾਰ ਤੇ ਪੈਦਾ ਹੋਇਆ ਵਰਤਾਰਾ ਹੈ, ਜਿਸ ਸਦਕਾਂ ਅਜੋਕੇ ਸਭਿਆਚਾਰਕ, ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਪ੍ਰਬੰਧ ਬਦਲ ਗਏ ਹਨ। ਇਸ ਤਰਾਂ ਦੀ ਸਥਿਤੀ ਵਿਚ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਨਵੇ ਪਾਸਾਰ

ਮਿਲਦੇ ਹਨ, ਜੀਵਨ ਦੇ ਭਿੰਨ ਭਿੰਨ ਸੱਚ ਅਤੇ ਸਰੋਕਾਰ ਸਾਹਮਣੇ ਆਉਦੇ ਹਨ ਅਤੇ ਮਨੁਖੀ ਕਦਰਾਂ ਕੀਮਤਾਂ ਅਤੇ ਧਾਰਮਿਕ ਦਰਸ਼ਨ ਨਵੇਂ ਰੂਪਾਂ ਵਿਚ ਪਰਿਭਾਸ਼ਤ ਹੋਣ ਲਗਦਾ ਹੈ। ਉਤਰ ਆਧੁਨਿਕਤਾ ਅਤੇ ਧਰਮ ਨੂੰ ਇਕਠਿਆਂ ਕਰਕੇ ਉਨਾਂ ਦੇ ਪਰਸਪਰ ਸੰਬੰਧਾ ਬਾਰੇ ਅਧਿਐਨ ਕੀਤਾ ਜਾ ਸਕਦਾ ਹੈ। ਧਰਮ ਸ਼ਾਸਤਰ ਦੀ ਵਿਆਖਿਆ ਲਈ ਤਿੰਨ ਕੇਦਰੀ ਧੁਰੇ-ਰੱਬ ਦੀ ਹੋਂਦ, ਸਦਾਚਾਰਕਤਾ ਅਤੇ ਸਭਿਆਚਾਰ ਨੂੰ ਵਿਚਾਰਿਆ ਜਾ ਸਕਦਾ ਹੈ। ਰੱਬ ਕਿਸੇ ਵੀ ਧਰਮ ਦਾ ਕੇਂਦਰੀ ਧੁਰਾ ਹੈ ਜਿਸ ਦੀ ਭਾਲ ਵਿਚ ਮਨੁਖੀ ਆਤਮਾ ਅਗਰਸਰ ਹੁੰਦੀ ਹੈ। ਮਨੁਖੀ ਆਤਮਾ ਦੇ ਜਗਤ ਵਿਚ ਨਿਵਾਸ ਮੌਕੇ ਉਸ ਨੂੰ ਕੁਝ ਸਦਾਚਾਰਕ ਨਿਯਮ ਸਿਖਾਏ ਜਾਂਦੇ ਹਨ, ਜੋ ਸੰਬੰਧਿਤ ਧਰਮ ਦਾ ਧਾਰਮਿਕ ਗ੍ਰੰਥ ਅਤੇ ਆਗੂ ਦਸਦੇ ਹਨ। ਇਨਾਂ ਸਦਾਚਾਰਕ ਨਿਯਮਾ ਨੂੰ ਅਪਣਾ ਕੇ ਇੱਕ ਨਵੀ ਜੀਵਨ ਜਾਂਚ ਸਾਹਮਣੇ ਆਉਂਦੀ ਹੈ ਜੋ ਸਭਿਆਚਾਰ ਦਾ ਨਿਰਮਾਣ ਕਰਦੀ ਹੈ। ਰੱਬ ਦੀ ਹੋਂਦ ਦਾ ਸਵਾਲ ਆਧੁਨਿਕ ਵਿਗਿਆਨ ਅਤੇ ਤਰਕ ਤੇ ਪੂਰਾ ਨਹੀ ਉਤਰਦਾ।ਰੱਬ ਦੀ ਅਸਲੀਅਤ ਜਾਨਣ ਲਈ ਅੰਤਰੀਵੀ ਚੇਤਨਤਾ, ਅਨੁਭਵ ਅਤੇ ਸੰਵੇਦਨਸ਼ੀਲ ਦ੍ਰਿਸ਼ਟੀ ਦੀ ਲੋੜ ਹੈ। ਧਰਮ ਦੀ ਸਦੀਵੀ ਅਤੇ ਵਿਸ਼ਵ ਵਿਆਪੀ ਪ੍ਰਾਸੰਗਿਕਤਾ ਪਛਾਨਣ ਲਈ ਅਤੇ ਇਸਦੇ ਵਿਸ਼ਲੇਸ਼ਣ ਅਤੇ ਅਧਿਐਨ ਲਈ ਇਸਦੇ ਅਨੁਭਵੀ ਗਿਆਨ, ਸਦਾਚਾਰਕ ਨਿਯਮਾ, ਅਤੇ ਸਭਿਆਚਾਰ ਨੂੰ ਉਤਰ ਆਧੁਨਿਕਤਾ ਦੇ ਸੰਦਰਭ ਵਿਚ ਰੱਖਕੇ ਦੇਖਿਆ ਜਾ ਸਕਦਾ ਹੈ ਅਤੇ ਇਸਦੇ ਬਹੁ-ਵਿਧਾਈ ਪਾਸਾਰਾਂ ਤੱਕ ਪਹੁਚਿਆ ਜਾ ਸਕਦਾ ਹੈ। ਧਰਮ ਦੇ ਉਪਰੋਕਤ ਤਿੰਨਾਂ ਪਾਸਾਰਾਂ ਨੂੰ ਉਤਰ ਆਧੁਨਿਕਤਾ ਦੇ ਫਰੇਮ ਰਾਂਹੀ ਮਾਨਵ ਸ਼ਾਸਤਰੀ ਦ੍ਰਿਸਟੀ ਤੋਂ ਸਮਝਿਆ ਜਾ ਸਕਦਾ ਹੈ। ਇਸ ਖੋਜ ਪੱਤਰ ਵਿਚ ਪੰਜਾਬੀ ਸਭਿਆਚਾਰ ਵਿਚ ਗਹਿਨ ਉਨਾ ਤੱਤਾ/ਵਿਸ਼ੇਸਤਾਵਾਂ ਦੀ ਉਤਰ ਆਧੁਨਿਕ ਦ੍ਰਿਸਟੀ ਤੋਂ ਪੜਚੋਲ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਜੋ ਪੰਜਾਬੀ ਸਭਿਆਚਾਰ ਅੰਦਰ ਸਿੱਖ ਗੁਰੂ ਸਹਿਬਾਨਾ ਦੇ ਵਿਸ਼ੇਸ਼ ਯਤਨਾਂ ਸਦਕਾਂ, ਸਿੱਖੀ ਸਿਧਾਤਾਂ ਸਦਕਾਂ ਅਤੇ ਗੁਰਬਾਣੀ ਦੇ ਪ੍ਰਭਾਵ ਸਦਕਾਂ ਪੈਦਾ ਹੋਏ। ਇਸ ਤੋਂ ਇਲਾਵਾ ਮੱਧਕਾਲੀਨ ਪੰਜਾਬ ਵਿਚ ਉਸਰੇ ਧਾਰਮਿਕ, ਰਾਜਨੀਤਿਕ, ਸਮਾਜਿਕ ,ਆਰਥਿਕ ਤੇ ਸਭਿਆਚਾਰਕ ਪ੍ਰਬੰਧ ਪ੍ਰਤੀ ਸਿੱਖ ਗੁਰੂ ਸਹਿਬਾਨਾ ਦੇ ਪ੍ਰਤੀਕਿਰਿਆ ਮੂਲਕ ਸੰਦੇਸ਼ ਅਤੇ ਉਸ ਸੰਦੇਸ਼ ਸਦਕਾ ਪੰਜਾਬੀ ਸਭਿਆਚਾਰ ਵਿਚ ਸੰਮਿਲਤ ਹੋਈਆਂ ਨਵੀਆ ਕਦਰਾਂ-ਕੀਮਤਾਂ ਜੋ ਅੱਜ ਪੰਜਾਬੀ ਜਵਿਨ ਦਾ ਅਨਿਖੜ ਅੰਗ ਬਣ ਗਈਆਂ ਹਨ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ।

ਸਭਿਆਚਾਰ ਅਤਿ ਰੌਚਕ, ਵਿਸ਼ਵ ਵਿਆਪੀ ਅਤੇ ਸਹਿਜ ਮਨੁੱਖੀ ਸਿਰਜਨਾ ਹੈ ਜਿਸ ਦੀ ਨਿਰਮਾਣਕਾਰੀ ਵਿਚ ਭੁਗੋਲਿਕ ਹਾਲਾਤ ਅਹਿਮ ਭੂਮਿਕਾ ਨਿਭਾਉਦੇ ਹਨ। ਸਭਿਆਚਾਰ ਵਿਚ ਪਰਿਵਰਤਨ ਆਉਣਾ ਵੀ ਇੱਕ ਸਦੀਵੀ ਸਚਾਈ ਹੈ। ਪੰਜਾਬੀ ਸਭਿਆਚਾਰ ਨੇ ਆਪਣੇ ਆਰੰਭ ਤੋਂ ਆਧੁਨਿਕ ਸਮੇ ਤੱਕ ਅਨੇਕਾਂ ਪਰਿਵਰਤਨਾਂ ਨਾਲ ਆਪਣਾ ਸਰੂਪ ਉਘਾੜਿਆ ਹੈ। ਕਾਲਕ੍ਰਮਿਕ ਦ੍ਰਿਸ਼ਟੀ ਤੋਂ ਪੰਜਾਬੀ ਸਭਿਆਚਾਰ ਨੂੰ ਪਹਿਲਾਂ-ਪਹਿਲ ਦ੍ਰਾਵਿੜ ਲੋਕਾਂ ਨੇ ਗੁੜ੍ਹਤੀ ਦਿੱਤੀ, ਪੰਜਾਬੀ ਸਭਿਆਚਾਰ ਅਤੇ ਸਮਾਜਿਕਤਾ ਦਾ ਮੁੱਖ ਧੁਰਾ ਖੇਤੀ ਦਾ ਕਿੱਤਾ ਦ੍ਰਾਵਿੜ ਲੋਕਾਂ ਦੀ ਹੀ ਦੇਣ ਹੈ।ਦ੍ਰਾਵਿੜ ਲੋਕਾ ਤੋਂ ਬਾਅਦ ਆਰਿਆ ਲੋਕਾਂ ਨੇ ਪੰਜਾਬੀ ਸਭਿਆਚਾਰ ਦਾ ਮੂੰਹ-ਮੱਥਾ ਸਵਾਰਿਆ। "ਆਰੀਆ ਲੋਕਾਂ ਨੇ ਪੰਜਾਬ ਵਿਚ ਇੱਕ ਅਜਿਹੀ ਸੰਸ਼ਕ੍ਰਿਤੀ ਸਥਾਪਿਤ ਕੀਤੀ ਜਿਸ ਨੇ ਕੇਂਦਰੀ ਰਾਜ-ਸੱਤਾ ਦੇ ਅਧੀਨ ਵਰਣ-ਆਸ਼ਰਮ,

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 94-102

ਧਰਮ ਦੇ ਨਿਯਮਾਂ ਦੇ ਅਨੁਸਾਰ ਸਮਾਜ ਦੇ ਵਿਭਿੰਨ ਸਮੂਹਾਂ ਨੂੰ ਸੰਗਠਿਤ ਕੀਤਾ। ਆਰੀਅਨ ਦੁਆਰਾ ਸਥਾਪਿਤ ਕੇਂਦਰੀ ਰਾਜਸੱਤਾ ਹੌਲੀ-ਹੌਲੀ ਏਸ਼ੀਆਈ ਸਾਮੰਤਵਾਦ ਦਾ ਰੂਪ ਧਾਰਨ ਕਰਦੀ ਗਈ ਅਤੇ ਵਰਣ ਆਸ਼ਰਮ, ਧਰਮ, ਜਾਤ-ਪਾਤੀ ਦਰਜਾਬੰਦੀ ਵਿਚ ਤਬਦੀਲ ਹੁੰਦਾ ਗਿਆ। ਪੰਜਾਬ ਦੇ ਆਦਿ ਕਬੀਲੇ ਇਸ ਅਵਸਥਾ ਦਾ ਅੰਗ ਬਣਦੇ ਗਏ।ਇਉਂ ਇਹ ਪ੍ਰਣਾਲੀ ਸੰਯੁਕਤ ਪੰਜਾਬੀ ਸੰਸਕ੍ਰਿਤੀ ਦਾ ਬੁਨਿਆਦੀ ਆਧਾਰ ਹੋ ਨਿਬੜੀ।"[2] ਆਰੀਅਨ ਲੋਕਾਂ ਤੋਂ ਬਾਅਦ ਪੰਜਾਬੀ ਸਭਿਆਚਾਰ ਦਾ ਵਾਹ ਮੁੱਖ ਤੌਰ ਤੇ ਸ਼ਾਮੀ ਸਭਿਆਚਾਰ ਨਾਲ ਪਿਆ ਜਿਸ ਨੇ ਪੰਜਾਬੀ ਸਭਿਆਚਾਰ ਨੂੰ ਕਈ ਤਰੀਕਿਆ ਨਾਲ ਪ੍ਰਭਾਵਿਤ ਕੀਤਾ। ਸ਼ਾਮੀ ਸਭਿਆਚਾਰ ਆਰੀਅਨ ਸਭਿਆਚਾਰ ਨਾਲੋਂ ਮੂਲ ਰੂਪ ਵਿਚ ਵੱਖਰਾ ਸਭਿਆਚਾਰ ਸੀ। ਇਨਾਂ ਲੋਕਾਂ ਦਾ ਧਰਮ ਆਰੀਆ ਲੋਕਾਂ ਦੇ ਬਹੁਦੇਵਤਾਵਾਦ, ਬੁੱਤ ਪੂਜਾ ਅਤੇ ਜਾਤ ਪ੍ਰਣਾਲੀ ਦਾ ਵਿਰੋਧੀ ਸੀ। ਸ਼ਾਮੀ ਸਭਿਆਚਾਰ ਨੇ ਪੰਜਾਬੀ ਲੋਕਾਂ ਦੇ ਰਹਿਣ-ਸਹਿਣ, ਪਹਿਰਾਵੇ, ਖਾਣ-ਪੀਣ, ਭਵਨ-ਕਲਾ, ਸ਼ਾਹਿਤ ਅਤੇ ਕਲਾਵਾਂ ਤੇ ਸਦੀਵੀ ਛਾਪ ਛੱਡੀ। ਸੂਫੀਵਾਦ ਨੇ ਇਸਲਾਮ ਦੀ ਕੱਟੜਤਾ ਦੀਆਂ ਤੰਦਾਂ ਢਿੱਲੀਆਂ ਕਰਕੇ ਪੰਜਾਬ ਦੇ ਜਨਸਧਾਰਨ ਵਿਚ ਲੋਕਪ੍ਰਿਯਤਾ ਹਾਸਿਲ ਕੀਤੀ। "ਆਰਿਆ ਲੋਕਾਂ ਦੇ ਆਉਣ ਤੋਂ ਲੈ ਕੇ ਅੰਗਰੇਜ਼ਾਂ ਦੇ ਕਬਜਾਂ ਜਮਾਉਣ ਤੱਕ ਯੂਨਾਨੀ, ਕੁਸ਼ਕ, ਹੂਨ, ਮੰਗੋਲ,  ਤੁਰਕ, ਪਠਾਣ ਆਦਿ ਬਾਹਰਲੀਆ ਨਸਲਾਂ ਅਤੇ ਜਾਤੀਆ ਦੇ ਲੋਕ ਸਮੇ-ਸਮੇ ਪੰਜਾਬ ਵਿਚ ਵਸਦੇ ਰਹੇ ਹਨ।"[3] ਇਹ ਲੋਕ ਨਿਰਸੰਦੇਹ ਹੀ ਪੰਜਾਬੀ ਸਭਿਆਚਾਰ ਦੇ ਨਿਰਮਾਣ ਵਿਚ ਆਪਣਾ ਯੋਗਦਾਨ ਪਾਉਦੇ ਰਹੇ ਹਨ। ਪੰਜਾਬੀ ਸਭਿਆਚਾਰ ਦੇ ਨਕਸ਼  ਤਰਾਂਸ਼ਣ ਵਿਚ ਪੰਜਾਬ ਦੀ ਧਰਤੀ ਤੇ ਉਪਜੇ ਸਿੱਖ ਧਰਮ ਦਾ ਅਹਿਮ ਯੋਗਦਾਨ ਰਿਹਾ ਹੈ।

ਸਿੱਖ ਧਰਮ ਅਤੇ ਗੁਰਮਤਿ ਦਾ ਸਦਾਚਾਰਕ ਪ੍ਰਬੰਧ, ਜੀਵਨ ਆਦਰਸ਼  ਅਤੇ ਸਭਿਆਂਚਾਰਕ ਬੁਣਤ ਹੋਰਨਾਂ ਧਰਮਾਂ ਤੋਂ ਵੱਖਰੀ ਹੈ। ਸਿੱਖ ਮਤ ਦੇ ਆਰੰਭ ਨਾਲ ਗੁਰੁ ਨਾਨਕ ਦੇਵ ਜੀ ਨੇ ਪਰੰਪਰਿਕ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਪ੍ਰਬੰਧ ਨੂੰ ਨਕਾਰਦਿਆਂ ਇਕ ਸਮਾਨਾਂਤਰ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਪ੍ਰਬੰਧ ਪੇਸ਼ ਕੀਤਾ। ਜਿਸ ਨਾਲ ਪਰੰਪਰਿਕ ਮਹਾਬ੍ਰਿਤਾਂਤਾ ਦੀ ਅਲੋਚਨਾ, ਸਿਰਜਣਾਤਮਕਤਾ ਅਤੇ ਵਿਚਾਰਧਾਰਕ ਸਿਰਜਨਾ ਦਾ ਕਾਰਜ ਆਰੰਭ ਹੋਇਆ ਜੋ ਕਿ ਉਤਰ ਆਧੁਨਿਕਤਾ ਦੀ ਵਿਸ਼ੇਸ਼ਤਾ ਹੈ। ਡਾ. ਆਤਮ ਰੰਧਾਵਾ ਅਨੁਸਾਰ "ਸਮਾਨਾਤਰਤਾ ਉਤਰ ਆਧੁਨਿਕਤਾ ਦਾ ਪ੍ਰਮੁੱਖ ਪਛਾਣ ਚਿੰਨ ਹੈ।"[4] ਉਤਰ ਆਧੁਨਿਕਤਾ ਦੀ ਇਹ ਸਥਿਤੀ ਸਿੱਖ ਸਿਧਾਂਤ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੋਈ। ਧਰਮ ਸ਼ਾਸਤਰ ਦੇ ਪ੍ਰਸੰਗ ਵਿਚ ਸਿੱਖ ਧਰਮ ਅਤੇ ਇਸ ਤੋਂ ਪਹਿਲੇ ਧਰਮਾਂ ਵਿਚ ਦਾਰਸ਼ਨਿਕ ਤੌਰ ਤੇ ਬਹੁਤ ਭਿੰਨਤਾਂਵਾਂ ਹਨ। ਸਿੱਖ ਧਰਮ ਵਿਚ ਰੱਬ ਬਾਰੇ, ਜੀਵਨ ਆਦਰਸ਼ ਬਾਰੇ, ਅਸੀਮ ਕੁਦਰਤ ਅਤੇ ਬ੍ਰਹਿਮੰਡ ਬਾਰੇ, ਮੁਕਤੀ ਬਾਰੇ ਅਤੇ ਜੀਵਨ ਦੀ ਸਦਾਚਾਰਕਤਾ ਬਾਰੇ ਅਸਲੋਂ ਨਵੇਂ ਵਿਚਾਰ ਹਨ, ਜੋ ਸਿੱਖ ਧਰਮ ਨੂੰ ਪਰੰਪਰਾਵਾਦੀ ਹੱਦਾ ਤੋਂ ਪਾਰ ਲਿਜਾ ਕੇ ਇਸ ਨੂੰ ਵਿਚਾਰਧਾਰਕ ਤੌਰ ਤੇ ਉਤਰ ਆਧੁਨਿਕਤਾ ਦੀਆ ਹੱਦਾਂ ਵਿਚ ਪ੍ਰਵੇਸ਼ ਕਰਵਾਉਦੇਂ ਹਨ। ਸਿੱਖ ਧਰਮ ਦੀ ਇਹ ਨਵੀਂ ਵਿਚਾਰਧਾਰਾ ਹੀ ਨਵੀਆਂ ਕਦਰਾਂ ਕੀਮਤਾਂ ਨੂੰ ਪੈਦਾ ਕਰਕੇ ਨਵਾਂ ਸਭਿਆਚਾਰ ਪੈਦਾ ਕਰਨ ਦੇ ਸਮਰਥ ਹੁੰਦੀ ਹੈ।

ਸਿੱਖ ਗੁਰੂ ਸਹਿਬਾਨ ਅਤੇ ਗੁਰਬਾਣੀ ਦੁਆਰਾ ਮਨੁੱਖ ਨੂੰ ਦਿੱਤੀ ਗਈ ਸੇਧ ਸਦਕਾਂ ਪੰਜਾਬੀ ਸਭਿਆਚਾਰ ਅਤੇ ਜੀਵਨ ਜਾਂਚ ਵਿਚ ਅਨੇਕਾਂ ਹਾਂ ਪੱਖੀ ਪਰਿਵਰਤਨ ਆਏ ਅਤੇ ਇਹ ਸੇਧ ਸਾਰਥਕ ਤੌਰ ਤੇ ਸਭਿਆਚਾਰਕ ਅਤੇ ਸਮਾਜਿਕ ਜੀਵਨ ਦੀ ਅਧਾਰਸ਼ਿਲਾ ਬਣੀ ਜਿਸ ਦੇ ਫਲਸਰੂਪ ਪੰਜਾਬੀਅਤ ਦਾ ਸਰੂਪ ਉਘੜਿਆ। ਸਿੱਖ ਗੁਰੂ ਸਹਿਬਾਨ ਨੇ ਆਪਣੀ ਵਿਚਾਰਧਾਰਾ ਗੁਰਬਾਣੀ ਦੇ ਰੂਪ ਵਿਚ ਪ੍ਰਗਟ ਕੀਤੀ। ਗੁਰਬਾਣੀ ਤੋਂ ਅਰਥ ਹਨ ਗੁਰੂ ਸਹਿਬਾਨ ਦੁਆਰਾ ਉਚਰਿਤ ਬਾਣੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਵਿਚ ਪ੍ਰਕਾਸ਼ਿਤ ਕਰਕੇ ਗੁਰੂ ਗ੍ਰੰਥ ਸਹਿਬ ਦਾ ਨਾਂ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆ ਤੋਂ ਇਲਾਵਾ 15 ਭਗਤਾਂ, 11 ਭੱਟ ਕਵੀਆਂ ਅਤੇ ਚਾਰ ਸਿੱਖਾਂ ਦੀ ਬਾਣੀ ਵੀ ਦਰਜ ਹੈ ਪਰ ਗੁਰੂ ਗ੍ਰਥ ਸਾਹਿਬ ਵਿਚ ਦਰਜ ਸਾਰੀ ਬਾਣੀ ਗੁਰਬਾਣੀ ਦਾ ਦਰਜਾ ਰੱਖਦੀ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਵੇਲੇ ਹਰ ਉਸ ਬਾਣੀ ਨੂੰ ਇਸ ਵਿਚ ਸ਼ਾਮਿਲ ਕੀਤਾ ਜਿਸ ਨਾਲ ਮਨੁਖਤਾ ਦਾ ਅਧਿਆਤਮਕ ਅਤੇ ਸਮਾਜਿਕ ਕਲਿਆਣ ਸੰਭਵ ਸੀ ਜੋ ਮਨੁੱਖ ਨੂੰ ਮਨੁੱਖ ਨਾਲ ਅਤੇ ਮਨੁੱਖ ਨੂੰ ਪਰਮਾਤਮਾਂ ਨਾਲ ਜੋੜਦੀ ਸੀ ਅਤੇ ਅਜਿਹੀ ਬਾਣੀ ਦੇ ਸੰਕਲਨ ਵਿਚ ਗੁਰੂ ਸਾਹਿਬ ਨੇ ਬਾਣੀਕਾਰਾਂ ਦੀ ਜਾਤ, ਧਰਮ ਜਾਂ ਵਰਗ ਦਾ ਵਿਤਕਰਾ ਨਹੀ ਕੀਤਾ। ਉਤਰ ਆਧੁਨਿਕ ਦ੍ਰਿਸ਼ਟੀ ਬਹੁ-ਪਰਤੀ ਸੰਕਲਪਾਂ ਨੂੰ ਪੇਸ਼ ਕਰਕੇ ਵਿਚਾਰਧਾਰਕ ਚੇਤਨਾ ਉਘਾੜਦੀ ਹੈ ਅਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਵੇਲੇ ਇਸ ਨੂੰ ਉਤਰ ਆਧੁਨਿਕ ਆਯਾਮ ਦਿੱਤੇ। "ਗੁਰੁ ਅਰਜਨ ਦੇਵ ਜੀ ਨੇ ਗੁਰੁ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਸਹੀ ਅਰਥਾਂ ਵਿਚ ਇੱਕ ਮਹਾਨ ਕਾਰਨਾਮਾ ਸੰਰਜਾਮ ਦਿੱਤਾ ਹੈ। ਇੱਕ ਪਾਸੇ ਇਹ ਨਾਂ-ਧਰੀਕ ਗੁਰੂਆਂ ਵੱਲੋਂ ਰਚੀ ਗਈ ਬਾਣੀ ਦੇ ਰਲੇ ਤੋਂ ਬਚਾ ਕੇ ਰੱਖਣ ਦਾ ਵੱਡਮੁਲਾ ਯਤਨ ਸੀ ਅਤੇ ਦੂਜੇ ਪਾਸੇ ਇਸ ਗ੍ਰੰਥ ਵਿਚ ਪੰਜਾਬ ਦੀ ਪੰਜ ਸੌ ਵਰਿਆਂ ਦੀ ਸੰਸਕ੍ਰਿਤੀ ਦਾ ਆਤਮਿਕ ਇਤਿਹਾਸ ਹੈ ਅਤੇ ਤੀਜੇ ਆਦਿ ਗ੍ਰੰਥ ਪੰਜਾਬੀਆ ਦਾ ਸਾਝਾ ਸਭਿਆਚਾਰਕ ਅਤੇ ਸਮਾਜਿਕ ਵਿਰਸਾ ਵੀ ਹੈ"।[5] ਉਤਰ ਆਧੁਨਿਕ ਦੌਰ ਵਿਚ ਸਿੱਖ ਸਿਧਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਪੰਜਾਬੀ ਸਭਿਆਚਾਰ ਤੋਂ ਇਲਾਵਾ ਅੰਤਰ ਸਭਿਆਚਾਰਕ ਸਾਂਝ ਪੇਸ਼ ਕਰਨ ਦੇ ਸਮਰੱਥ ਵੀ ਹੈ। ਸਿੱਖ ਸਿਧਾਂਤ ਵਿਚ 'ਸਰਬੱਤ ਦੇ ਭਲੇ' ਦੀ ਕਾਮਨਾ ਕੀਤੀ ਗਈ ਹੈ ਜਿਸ ਨੂੰ ਉਤਰ ਆਧੁਨਿਕਤਾ ਦ੍ਰਿਸਟੀ ਰਾਂਹੀ ਦਿੱਤੇ ਬਹੁ-ਪਰਤੀ ਸੰਕਲਪਾਂ ਨੂੰ ਪੇਸ਼ ਕਰਕੇ ਵਿਚਾਰਧਾਰਕ ਚੇਤਨਾ ਰਾਂਹੀ ਵਿਸ਼ਵੀਕਰਨ ਦੇ ਦੌਰ ਵਿਚ ਵਿਸ਼ਵਵਿਆਪੀ ਸਾਂਝ ਪੈਦਾ ਕੀਤੀ ਜਾ ਸਕਦੀ ਹੈ।

ਸਿੱਖ ਗੁਰੂ ਸਾਹਿਬਾਨ ਦਾ ਉਦੇਸ਼ ਲੋਕ ਜੀਵਨ ਵਿਚ ਪਰਿਵਰਤਨ ਲਿਆਉਣਾ ਸੀ ਇਸ ਕਰਕੇ ਲੋਕ ਜੀਵਨ ਉਤੇ ਬਾਣੀ ਦੇ ਪ੍ਰਭਾਵ ਨੂੰ ਪ੍ਰਤੱਖ ਕਰਨ ਲਈ ਗੁਰੂ ਸਹਿਬਾਨ ਨੇ ਲੋਕ ਕਾਵਿ ਰੂਪਾਂ ਵਿਚ ਬਾਣੀ ਦੀ ਰਚਨਾਂ ਕੀਤੀ ਤਾਂ ਜੋ ਸਧਾਰਨ ਲੋਕਾਂ ਨੂੰ ਬਾਣੀ ਸਮਝ ਆ ਸਕੇ। "ਗੁਰੂ ਸਹਿਬਾਨ ਨੇ ਬਾਣੀ ਰਚਨਾਂ ਕਰਦਿਆ ਹੋਇਆ ਰਾਗਾਂ ਦੇ ਨਾਲ ਨਾਲ ਲੋਕ ਕਾਵਿ ਰੁਪਾਂ ਨੂੰ ਵੀ ਆਪਣੀ ਰਚਨਾਂ ਦਾ ਹਿੱਸਾ ਬਣਾਇਆ ਤਾਂ ਕਿ ਇਹ ਬਾਣੀ ਸਧਾਰਨ ਲੋਕਾਂ ਨੂੰ ਵੀ ਸਮਝ ਆ ਸਕੇ। ਇਹੀ ਕਾਰਨ ਹੈ ਕਿ ਵਾਰ ਕਾਵਿ ਰੂਪ ਵਿਚ ਵੀ ਗੁਰਬਾਣੀ ਦੀ ਰਚਨਾਂ ਮਿਲਦੀ ਹੈ।"[6] ਗੁਰੂ ਸਹਿਬਾਨ ਤੋਂ ਪਹਿਲਾਂ ਸੰਗੀਤ ਭਗਤੀ ਅਤੇ ਮਨੋਰੰਜਨ ਤੱਕ ਸੀਮਤ ਸੀ। ਪਰੰਤੂ ਗੁਰੁ ਸਹਿਬਾਨ ਵੱਲੋਂ ਪਹਿਲੀ ਵਾਰ ਸੰਗੀਤ ਮਨੁੱਖੀ ਭਾਵਨਾਵਾਂ ਨੂੰ ਸੇਧ ਦੇਣ ਲਈ ਵਰਤਿਆ ਗਿਆ ਜੋ ਗੁਰੂ ਸਹਿਬਾਨ ਦੀ ਉਤਰ ਆਧੁਨਿਕ ਸੋਚ ਦੀ

ਗਵਾਹੀ ਭਰਦਾ ਹੈ, ਕਿਉਕਿ ਸੰਗੀਤ ਸਰੋਤਿਆਂ ਦੇ ਮਨਾ ਉਤੇ ਜਾਦੁਈ ਅਸਰ ਕਰਦਾ ਹੈ। ਗੁਰਬਾਣੀ ਦੀ ਰਚਨਾ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਇਨਾਂ ਮੂਲ ਅਸੂਲਾਂ ਨੂੰ ਪ੍ਰਚਾਰਨ ਦਾ ਕੰਮ ਗੁਰੂ ਸਹਿਬਾਨ ਅਤੇ ਗੁਰੂ ਘਰ ਦੇ ਸਿੱਖ ਵੀ ਕਰਦੇ ਸਨ।ਗੁਰੁ ਸਹਿਬਾਨ ਨੇ ਚੇਤੰਨ ਤੌਰ ਤੇ ਆਪਣੇ ਸਮਾਜਿਕ ਅਤੇ ਅਧਿਆਤਮਕ ਅਨੁਭਵ ਨੂੰ ਲੋਕ ਹਿਤਕਾਰੀ ਸੰਦਰਭਾ ਵਿਚ ਪੇਸ਼ ਕੀਤਾ। ਗੁਰਬਾਣੀ ਅਤੇ ਸਿੱਖ ਸਿਧਾਂਤਾ ਦੇ ਪ੍ਰਭਾਵ ਅਧੀਨ ਮੱਧਕਾਲ ਵਿਚ ਇੱਕ ਅਜਿਹੀ ਚੇਤਨਾਂ ਉਤਪਨ ਹੋਈ ਜਿਸ ਨੇ ਪੰਜਾਬੀ ਸਭਿਆਚਾਰ ਅਤੇ ਸਮਾਜਿਕਤਾ ਦਾ ਮੁਹਾਂਦਰਾ ਹੀ ਬਦਲ ਦਿਤਾ। ਪੰਜਾਬੀ ਸਭਿਆਚਾਰ ਅਤੇ ਸਮਾਜਿਕਤਾ ਵਿਚ ਜੋ ਬੁਰਾ ਸੀ ਗੁਰੂ ਸਹਿਬਾਨ ਨੇ ਉਸਦਾ ਖੰਡਨ ਕੀਤਾ ਅਤੇ ਉਸਦੀ ਥਾਂ ਨਵੀਆ ਕਦਰਾਂ ਕੀਮਤਾਂ ਅਪਣਾਏ ਜਾਣ ਤੇ ਜੋਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀਆ ਕਈ ਬੁਨਿਆਦੀ ਸਿਖਿਆਵਾਂ ਦਿੱਤੀਆ ਜਿੰਨਾਂ ਵਿਚੋ ਮੁਢਲੀ ਸਿੱਖਿਆ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਦੀ ਹੈ।ਇਸ ਬੁਨੀਆਦੀ ਕਦਰ ਨੇ ਪੰਜਾਬੀਅਤ ਨੂੰ ਸਭਿਆਚਾਰਕ ਪੱਧਰ ਤੇ ਨਵੀ ਰੂਹ ਬਖਸ਼ੀ ਅਤੇ ਪੰਜਾਬੀ ਸਭਿਆਚਾਰ ਦਾ ਆਧਾਰ ਹੋ ਨਿਬੜੀ। ਸਿੱਖ ਗੁਰੂ ਸਹਿਬਾਨ ਦਾ ਕਿਰਤ ਕਰੋ ਦਾ ਉਪਦੇਸ਼ ਪੰਜਾਬੀ ਸਭਿਆਚਾਰ ਦਾ ਮੂਲ ਸਿਧਾਤ ਹੋ ਨਿਬੜਿਆ। ਚੇਤਨਾ ਅਤੇ ਅਨੁਭਵ ਉਤਰ ਆਧੁਨਿਕਤਾ ਦੇ ਪ੍ਰਮੁਖ ਲੱਛਣ ਹੁੰਦੇ ਹਨ, ਗੁਰੁ ਸਹਿਬਾਨ ਨੇ ਆਪਣੇ ਅਨੁਭਵ ਵਿਚੋ ਨਵੀ ਚੇਤਨਾ ਦਾ ਵਿਕਾਸ ਕਰਕੇ ਉਸਨੂ ਪੰਜਾਬੀ ਸਭਿਆਚਾਰ ਦਾ ਆਧਾਰ ਬਣਾਇਆ।

ਮੱਧਕਾਲ ਵਿਚ ਭਾਰਤੀ ਦਰਸ਼ਨ ਅਤੇ ਧਾਰਮਿਕਤਾ ਦਾ ਮੂਲ ਆਸਾ ਮੁਕਤੀ ਦਾ ਸੰਕਲਪ ਸੀ ਜਿਸ ਨੂੰ ਪਾਉਣ ਲਈ ਲੋਕਾਂ ਵਿਚ ਪਰਿਵਾਰ ਅਤੇ ਸਮਾਜ ਨੂੰ ਤਿਆਗ ਕੇ ਸਨਿਆਸ ਲੈਣ, ਜੋਗ ਲੈਣ ਅਤੇ ਭਿਕਸ਼ੂ ਬਨਣ ਦੀਆ ਰੁਚੀਆਂ ਵੱਧ ਰਹੀਆ ਸਨ।ਇਹ ਰੁਚੀਆ ਸਭਿਆਚਾਰ, ਸਮਾਜ ਅਤੇ ਪਰਿਵਾਰ ਵਿਰੋਧੀ ਸਨ। ਸਨਿਆਸੀ ਜੋਗੀ ਅਤੇ ਭਿਕਸ਼ੂ ਆਪਣਾ ਪੇਟ ਭਰਨ ਲਈ ਦਾਨ ਜਾ ਭੀਖ ਉਤੇ ਨਿਰਭਰ ਸਨ। ਇਹ ਆਪਣੇ ਜੀਵਨ ਦਾ ਨਿਸ਼ਾਨਾਂ ਪ੍ਰਮਾਤਮਾਂ ਦੀ ਪ੍ਰਾਪਤੀ ਮੰਨਦੇ ਸਨ ਅਤੇ ਇਸ ਦੀ ਪੂਰਤੀ ਲਈ ਦਿਨ ਰਾਤ ਸਾਧਨਾਂ ਕਰਦੇ ਅਤੇ ਵਿਹਲੇ ਹੀ ਜੀਵਨ ਬਤੀਤ ਕਰਦੇ ਸਨ। ਗੁਰਬਾਣੀ ਵਿਚ ਅਜਿਹੇ ਜੋਗੀਆਂ ਅਤੇ ਸਨਿਆਸੀਆ ਦੇ ਭੀਖ ਮੰਗ ਕੇ ਗੁਜਾਰਾ ਕਰਨ ਦੇ ਕੰਮ ਨੂੰ ਨਿਰਲਜਤਾ ਦਸਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅਤਿੰਮ ਸਾਲਾਂ ਵਿਚ ਕਰਤਾਰਪੁਰ ਵਿਖੇ ਖੇਤੀ ਕਰਕੇ ਹੱਥੀਂ ਕਿਰਤ ਕਰਨ ਦੀ ਮਿਸਾਲ ਪੈਦਾ ਕੀਤੀ ਜਿੰਨਾ ਦੇ ਪ੍ਰਭਾਵ ਸਦਕਾਂ ਪੰਜਾਬੀ ਲੋਕਾਂ ਅੰਦਰ ਕਿਰਤ ਕਰਨ ਦਾ ਜਜਬਾ ਪੈਦਾ ਹੋਇਆ, ਮੰਗ ਕੇ ਖਾਣ ਪ੍ਰਤੀ ਨਫਰਤ ਪੈਦਾ ਹੋਈ,ਕਾਮੇ ਅਤੇ ਕਿਰਤੀ ਲੋਕ ਪੰਜਾਬੀਆਂ ਦੇ ਆਦਰਸ਼ ਬਣੇ, ਪੰਜਾਬੀ ਸਭਿਆਚਾਰ ਇੱਕ ਕਿਰਤੀ ਸਭਿਆਚਾਰ ਵਜੋਂ ਉਭਰਿਆ, ਸਮਾਜਿਕ ਅਤੇ ਸਭਿਆਚਾਰਕ ਤੌਰ ਤੇ ਹਾਸ਼ੀਏ ਤੇ ਧੱਕੇ ਹੋਏ ਲੋਕ ਕਿਰਤ ਦੇ ਆਸਰੇ ਮੁਖ ਧਾਰਾ ਵਿਚ ਸ਼ਾਮਿਲ ਹੋਏ ਅਤੇ ਵਿਹਲੜਾਂ ਨੂੰ ਕਾਂਟਵੀ ਨਜਰ ਨਾਲ਼ ਦੇਖਿਆਂ ਜਾਣ ਲੱਗਾ।

ਜੋਗੀ ਬੈਸਿ ਰਹਹੁ ਦੁਬਿਧਾ ਦੁਖ ਭਾਗੈ।
ਘਰਿ ਘਰਿ ਮਾਗਤ ਲਾਜ ਨ ਲਾਗੈ।[7]

ਗੁਰੂ ਸਹਿਬਾਨ ਦੀ ਬਾਣੀ ਵਿਚ ਆਰਥਿਕਤਾ ਸੰਬੰਧੀ ਚੇਤਨਾ, ਸਰਬੱਤ ਦੇ ਭਲੇ ਨੂੰ ਧਿਆਂਨ ਵਿਚ ਰੱਖਕੇ ਨਿਜੀ ਆਰਥਿਕ ਖੁਸ਼ਹਾਲੀ ਲਈ ਕੀਤੇ ਗਏ ਸੰਕੇਤ ਅਤੇ ਯਤਨ ਮਾਨਵਵਾਦੀ ਹਨ ਅਤੇ ਸਮਾਜ ਦੇ ਹਿਤਾ ਵਿਚ ਭੁਗਤਦੇ ਹਨ। ਗੁਰੂ ਸਹਿਬਾਨ ਦੀ ਸੋਚ ਦਾ ਉਤਰ ਆਧੁਨਿਕ ਪਰਿਪੇਖ ਸਪਸ਼ਟ ਤੌਰ ਤੇ ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਛਕਣਾ ਅਜਿਹੇ ਸਿਧਾਤਿਕ ਬੋਧ ਹਨ ਜਿਹੜੇ ਸਮਾਜਿਕ ਆਰਥਿਕ ਅਤੇ ਸਭਿਆਚਾਰਕ ਵਿਕਾਸ ਵੱਲ ਚੇਤਨ ਤੌਰ ਤੇ ਅਗਰਸਰ ਹਨ। ਗੁਰੂਕਾਲ ਤੋਂ ਪਹਿਲਾਂ ਹਿਦੂਸਤਾਨੀ ਧਾਰਮਿਕ ਪ੍ਰੰਪਰਾਵਾਂ ਵਿਚ ਧਰਮ ਨੂੰ ਇੱਕ ਵਿਅਕਤੀਗਤ ਉਦੇਸ਼ ਮੰਨਿਆ ਜਾਂਦਾ ਸੀ। ਧਰਮ ਨੂੰ ਜਦੋਂ ਤੱਕ ਵਿਅਕਤੀਗਤ ਉਦੇਸ਼ ਮੰਨਿਆ ਜਾਦਾਂ ਹੈ ਤਾਂ ਇਹ ਸਮਾਜ ਉਸਾਰੀ ਅਤੇ ਸਭਿਆਚਾਰਕ ਬੁਣਤ ਵਿਚ ਲੋੜੀਂਦਾ ਯੋਗਦਾਨ ਨਹੀ ਪਾ ਸਕਦਾ ਕਿਉਂਕਿ ਲੋਕ ਸਮੂਹ ਆਪਣੀਆ ਸਮਾਜਿਕ ਅਤੇ ਸਭਿਆਚਾਰਕ ਜ਼ਿੰਮੇਵਾਰੀਆ ਛੱਡ ਕੇ ਵਿਅਕਤੀਗਤ ਤੌਰ ਤੇ ਪ੍ਰਮਾਤਮਾਂ ਮਿਲਾਪ ਲਈ ਕਾਰਜ ਕਰਦਾ ਹੈ ਇਸ ਤਰਾਂ ਦੇ ਕਾਰਜ ਕੀਤਿਆਂ ਲੋਕ ਇੱਕ ਦੁਜੇ ਨਾਲ ਸਭਿਆਚਾਰਕ ਸਾਂਝ ਕਾਇਮ ਨਹੀ ਕਰ ਸਕਦੇ। ਜਿਸ ਦੇ ਸਿੱਟੇ ਵਜੋਂ ਉਹ ਆਪਣੇ ਆਪ ਨੂੰ ਦੁਜਿਆ ਨਾਲੋਂ ਉੱਤਮ ਸਮਝ ਕੇ ਦੁਜਿਆ ਪ੍ਰਤੀ ਨਫਰਤ ਦੀ ਭਾਵਨਾਂ ਪਾਲਦੇ ਹਨ। ਜਦੋਂ ਕਿਸੇ ਸਭਿਆਚਾਰ ਦੇ ਧਰਮ ਵਿਚ ਸਦਾਚਾਰਕ ਕੀਮਤਾ ਹੇਠਲੇ ਸਤਰ ਤੇ ਆ ਜਾਂਦੀਆਂ ਹਨ,ਤਾਂ ਧਰਮ ਆਪਣੀਆਂ ਮਾਨਵ ਹਿੱਤਕਾਰੀ ਕੀਮਤਾਂ ਗੁਆ ਲੈਦਾਂ ਹੈ। ਗੁਰੂ ਸਹਿਬਾਨ ਦੀ ਉਤਰ ਆਧੁਨਿਕ ਸੋਚ ਇਸ ਨਿਘਰਦੀ ਹਾਲਤ ਨੂੰ ਸਾਰਥਕਤਾ ਦੇ ਨਵੇਂ ਪਾਸਾਰਾਂ ਨਾਲ ਜੋੜ ਕੇ ਪੁਨਰ-ਸੁਰਜੀਤ ਕਰਨ ਦਾ ਸਫਲ ਉਪਰਾਲਾ ਕਰਦੀ ਹੈ। ਗੁਰੂ ਸਹਿਬਾਨ ਦੀ ਬਾਣੀ ਧਰਮ ਦੀ ਗੁਆਚ ਰਹੀ ਸਮਾਜਿਕ ਸਦਾਚਾਰਕ ਸਾਰਥਕਤਾ ਨੂੰ ਪੁਨਰ ਸਥਾਪਿਤ ਕਰਨ ਲਈ ਯਤਨਸ਼ੀਲ ਹੈ। ਸਿੱਖ ਗੁਰੁ ਸਹਿਬਾਨ ਦੇ ਨਾਮ ਜਪਣ ਅਤੇ ਵੰਡ ਕੇ ਛਕਣ ਦੇ ਸਿਧਾਂਤ ਨੇ ਧਰਮ ਨੂੰ ਸਮੂਹਿਕ ਬਣਾਉਣ ਦਾ ਕਾਰਜ ਕੀਤਾ। ਇਸ ਕਾਰਜ ਦੀ ਸਮਾਜਿਕ ਅਤੇ ਸਭਿਆਚਾਰਕ ਵਿਹਾਰਕਤਾ ਲਈ ਗੁਰੁ ਸਹਿਬਾਨ ਨੇ ਅੱਗੋਂ ਸੰਗਤ ਅਤੇ ਲੰਗਰ ਦੇ ਦੋ ਹੋਰ ਸ਼ਕਤੀਸ਼ਾਲੀ ਸੰਕਲਪ ਪੈਦਾ ਕੀਤੇ ਜਿੰਨਾ ਧਰਮ ਨੂੰ ਸਮੂਹਿਕ ਬਣਾਇਆ ਅਤੇ ਲੋਕ ਸਮਾਜਿਕ ਅਤੇ ਸਭਿਆਚਾਰਕ ਤੌਰ ਤੇ ਨੇੜੇ ਆਉਣ ਲੱਗੇ। ਗੁਰੂ ਸਹਿਬਾਨ ਨੇ ਨਾਮ ਜਪਣ ਲਈ ਵਿਅਕਤੀਗਤ ਦੀ ਥਾਂ ਸਮੂਹਿਕ ਸਰੋਕਾਰਾਂ ਨਾਲ ਲੋਕਾਂ ਦੀ ਜਾਣ ਪਹਿਚਾਣ ਕਰਵਾਈ। ਇੱਕਲਿਆ ਭਗਤੀ ਕਰਨ ਦੀ ਥਾਂ ਸਮੂਹਿਕ ਤੌਰ ਤੇ ਭਗਤੀ ਕਰਨ ਲਈ ਲੋਕਾਂ ਨੂੰ ਸੰਗਤ ਵਿਚ ਜੁੜਨ ਦਾ ਉਪਦੇਸ਼ ਦਿੱਤਾ। ਸਿੱਖ ਸੰਗਤ ਦੇ ਦਰਵਾਜੇ ਹਰ ਲਿੰਗ, ਉਮਰ, ਜਾਤ ਵਰਣ ਅਤੇ ਧਰਮ ਦੇ ਲੋਕਾਂ ਲਈ ਖੋਲੇ ਗਏ। ਸਿੱਖ ਧਰਮ ਵਿਚ ਸੰਗਤ ਨੂੰ ਗੁਰੁ ਨਾਲੋਂ ਉਤਮ ਸਥਾਨ ਦਿੱਤਾ ਗਿਆ। "ਆਤਮਿਕ ਉਨਤੀ, ਸਮਾਜਿਕ ਤੱਰਕੀ ਤੇ ਸਾਂਝੇ ਕੌਮੀ ਜੀਵਨ ਦੀ ਉਸਾਰੀ ਲਈ ਸੰਗਤ ਦਾ ਉਤਮ ਦਰਜਾ ਤੇ ਖਾਸ ਰੋਲ ਹੈ। ਸਿੱਖ ਧਰਮ ਨੇ ਰੋਜਾਨਾਂ ਸਤਿਸੰਗਤ ਕਰਨ ਦਾ ਨੇਮ ਬਣਾ ਕੇ ਸਮੁਚੇ ਤੌਰ ਤੇ ਹਰ ਪਖੋਂ ਆਚਰਣ ਦੀ ਉਸਾਰੀ ਦਾ ਖਿਆਲ ਦਿੱਤਾ ਅਤੇ ਇੱਕ ਦੂਜੇ ਵਿਚ ਸਾਝੀਵਾਲਤਾ ਅਤੇ ਸਮਾਨਤਾ ਦੀ ਭਾਵਨਾ ਉਜਾਗਰ ਕੀਤੀ।"[8] ਜਦੋਂ ਸੰਗਤ ਅਤੇ ਲੰਗਰ ਦੀ ਪੰਰਪਰਾਂ ਸਭਿਆਚਾਰਕ ਤੌਰ ਤੇ ਪ੍ਰਚਲਿਤ ਹੋ ਗਈ ਤਾਂ ਸਦੀਆਂ ਤੋਂ ਸਮਾਜ ਵਿਚ ਚੱਲ ਰਹੀਆ ਜਾਤ, ਵਰਗ, ਵਰਣ, ਉਚ ਨੀਚ ਦੀਆ ਸਭ ਕੱਟੜਤਾਵਾਂ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚੋ ਢਿੱਲੀਆ ਪੈ ਗਈਆ। ਇਸ ਤਰ੍ਹਾਂ ਗੁਰੂ ਸਹਿਬਾਨ ਨੇ ਸਰਬ ਸਾਂਝੇ ਸਮਾਜ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 94-102

ਦੀ ਸਥਾਪਨਾ ਕਰਨ ਦਾ ਕਾਮਯਾਬ ਯਤਨ ਕੀਤਾ। ਸਰਬਸਾਂਝੀਵਾਲਤਾ ਦੇ ਵਿਚਾਰ ਨੂੰ ਸਭਿਆਚਾਰਕ ਪੱਧਰ ਤੇ ਅਮਲੀ ਰੂਪ ਦਿੱਤਾ।

ਬਿਸਰਿ ਗਈ ਸਭ ਤਾਤਿ ਪਰਾਈ।
ਜਬ ਤੇ ਸਾਧ ਸੰਗਤ ਮੋਹਿ ਪਾਈ। ਰਹਾਉ।
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕੋ ਬਨ ਆਈ।[9]
ਸਭਿ ਮਹਿ ਜੋਤਿ ਜੋਤਿ ਹੈ ਸੋਈ
ਤਿਸ ਕੈ ਚਾਨਣ ਸਭ ਮਹਿ ਚਾਨਣ ਹੋਇ।[10]

ਗੁਰੂ ਸਹਿਬਾਨ ਵੱਲੋਂ ਗੁਰਬਾਣੀ ਵਿਚ ਉਚਾਰਿਆ ਗਿਆ 'ਸੱਚ' ਅਤੇ 'ਗਿਆਨ' ਪੁਰਵਲੇ ਧਰਮਾਂ ਉਤੇ ਕਾਬਜ ਧਾਰਮਿਕ ਆਗੂਆਂ ਦੇ ਸੱਚ ਅਤੇ ਗਿਆਨ ਤੋਂ ਬਿਲਕੁਲ ਵੱਖਰਾ ਸੀ, ਜੋ ਸ਼ਾਸ਼ਕ ਵਰਗ ਅਤੇ ਪੁਜਾਰੀ ਵਰਗ ਦੇ ਦੰਭ ਨੂੰ ਉਜਾਗਰ ਕਰਦਾ ਹੋਇਆ ਲੋਕ ਦਮਨ ਵਿਰੁਧ ਸੱਚ ਦੀ ਆਵਾਜ ਬੁਲੰਦ ਕਰਦਾ ਹੈ।ਗੁਰਬਾਣੀ ਦਾ ਸੱਚ ਲੋਕ ਕਲਿਆਣ ਲਈ ਲੋਕਾਂ ਅਗੇ ਪੇਸ਼ ਕੀਤਾ ਗਿਆ ਹੈ। ਗੁਰੂ ਸਹਿਬਾਨ ਦੀ ਸਮਾਜਿਕ ਚੇਤਨਾ ਹੀ ਉਨਾ ਦੀ ਉਤਰ ਆਧੁਨਿਕ ਸੋਚ ਦੀ ਲਖਾਇਕ ਹੈ। ਗੁਰੂ ਸਹਿਬਾਨ ਦੀ ਵਿਚਾਰਧਾਰਾ ਮਨੁਖੀ ਚੇਤਨਾ ਦੀ ਵਿਚਾਰਧਾਰਾ ਹੈ ਜੋ ਮਨੁਖੀ ਆਜਾਦੀ,ਸਮਾਨਤਾ ਅਤੇ ਸਨਮਾਨ ਪੈਦਾ ਕਰਨ ਲਈ ਅਗਰਸਰ ਹੈ। ਇਸ ਤਰਾਂ ਇਹ ਵਿਚਾਰਧਾਰਾ ਉਤਰ ਆਧੁਨਿਕਤਾਵਾਦ ਦੀ ਉਤਰ ਸਥਿਤੀ ਦੇ ਸੰਕਲਪ ਦੀ ਲਖਾਇਕ ਹੈ। ਮੱਧਕਾਲੀਨ ਸਮੇ ਵਿਚ ਔਰਤ ਵੀ ਅਸਿਧੇ ਤੌਰ ਤੇ ਉਪਰੋਕਤ ਸਮਾਜ, ਪਰਿਵਾਰ ਅਤੇ ਸਭਿਆਚਾਰ ਵਿਰੋਧੀ ਰੁਚੀਆਂ ਦਾ ਸ਼ਿਕਾਰ ਹੋ ਰਹੀ ਸੀ। ਕਿਉਂਕਿ ਪਰਿਵਾਰ ਦੀ ਹੋਂਦ ਔਰਤ ਨਾਲ ਜੁੜੀ ਹੋਈ ਸੀ ਇਸ ਕਰਕੇ ਪਰਿਵਾਰ ਅਤੇ ਸਮਾਜ ਪ੍ਰਤੀ ਤਿਆਗ ਦੀ ਭਾਵਨਾ ਨੂੰ ਪ੍ਰਬਲ ਕਰਨ ਲਈ ਔਰਤ ਨੂੰ ਨੀਵੇ ਦਰਜੇ ਦਾ ਪ੍ਰਾਣੀ, ਬਾਘਨ, ਪ੍ਰਮਾਤਮਾਂ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟ ਅਤੇ ਆਤਮਾ ਦਾ ਨਾਸ਼ ਕਰਨ ਵਾਲੀ ਕਹਿ ਕੇ ਪ੍ਰਚਾਰਿਆ ਜਾਂਦਾ ਸੀ। ਪੰਜਾਬ ਦੇ ਨਾਥ ਜੋਗੀ ਕਾਵਿ ਵਿਚ ਇਸ ਦੇ ਪ੍ਰਤੱਖ ਉਦਾਹਰਨ ਦੇਖੇ ਜਾ ਸਕਦੇ ਹਨ।ਗੁਰਬਾਣੀ ਅਤੇ ਸਿੱਖੀ ਦੇ ਕਿਰਤ ਕਰੋ ਦੇ ਉਪਦੇਸ਼ ਨਾਲ ਲੋਕ ਸਮੂਹ ਨੂੰ ਗ੍ਰਿਹਸਥ ਵਿਚ ਰਹਿ ਕੇ ਹੱਥੀਂ ਕਿਰਤ ਕਰਕੇ ਪਰਿਵਾਰ ਨੂੰ ਪਾਲਣਾ ਸਿਖਾਇਆ ਗਿਆ ਜਿਸ ਤਹਿਤ ਸਮਾਜ ਵਿਚ ਕਿਰਤ ਸਭਿਆਚਾਰ ਪੈਦਾ ਹੋਣ ਦੇ ਨਾਲ-ਨਾਲ ਔਰਤ ਪ੍ਰਤੀ ਮਰਦ ਦੀ ਲਾਪਰਵਾਹੀ ਅਤੇ ਨਫਰਤ ਘੱਟ ਗਈ। ਗ੍ਰਿਹਸਥ ਅਤੇ ਪਰਿਵਾਰ ਨੂੰ ਚਲਾਉਣ ਲਈ ਔਰਤ ਦੀ ਲੋੜ ਸੀ ਪਰ ਸਮਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਔਰਤ ਦੇ ਸਹਿਯੋਗ ਦੀ ਵੀ ਲੋੜ ਸੀ ਜਿਸ ਸਦਕਾ ਔਰਤ ਦਾ ਪੰਜਾਬੀ ਸਭਿਆਚਾਰ ਵਿਚ ਸਥਾਨ ਕੁਝ ਸੰਤੋਖਜਨਕ ਬਣ ਗਿਆ। ਗੁਰਬਾਣੀ ਵਿਚ ਔਰਤਾਂ ਦੇ ਹੋ ਰਹੇ ਨਿਰਾਦਰ ਵਿਰੁਧ ਆਵਾਜ ਉਠਾਈ ਗਈ, ਇਸ ਦੇ ਨਾਲ ਧਾਰਮਿਕ ਕਿਰਿਆਵਾਂ, ਸੰਗਤ, ਲੰਗਰ, ਕੀਰਤਨ ਆਦਿ ਵਿਚ ਔਰਤਾਂ ਨੂੰ ਸ਼ਾਮਿਲ ਹੋਣ ਦੀ ਆਗਿਆ ਦਿੱਤੀ ਗਈ। ਤੀਜੇ ਗੁਰੂ ਸਹਿਬਾਨ ਨੇ ਔਰਤਾਂ ਦੇ ਪਰਦਾ ਕਰਕੇ ਸੰਗਤ ਵਿਚ ਸ਼ਾਮਿਲ ਹੋਣ ਦੀ ਮਨਾਹੀ ਕਰ ਦਿੱਤੀ, ਸਤੀ ਪ੍ਰਥਾ ਰੋਕਣ ਦੇ

ਆਦੇਸ਼ ਦਿੱਤੇ ਅਤੇ ਧਰਮ ਪ੍ਰਚਾਰ ਦਾ ਕੰਮ ਔਰਤਾ ਨੂੰ ਵੀ ਸੋਪਿਆਂ। ਇਸ ਸਭ ਕੁਝ ਨਾਲ ਸਦੀਆਂ ਪੁਰਾਣੇ ਸਭਿਆਚਾਰ ਵਿੱਚ ਪਹਿਲੀ ਵਾਰ ਔਰਤਾ ਵਿੱਚ ਸਵੈ ਵਿਸ਼ਵਾਸ਼ ਜਾਗਿਆ।

ਭਾਸ਼ਾ ਕਿਸੇ ਵੀ ਸਭਿਆਚਾਰ ਦਾ ਅਤਿ ਲੋੜੀਦਾ ਵਰਤਾਰਾ ਹੁਦੀ ਹੈ ਭਾਸ਼ਾ ਰਾਂਹੀ ਹੀ ਕੋਈ ਸਭਿਆਚਾਰ ਸਾਕਾਰ ਰੂਪ ਵਿਚ ਪ੍ਰਗਟ ਹੁੰਦਾ ਹੈ ਅਤੇ ਮੱਧਕਾਲ ਵਿੱਚ ਪੰਜਾਬੀ ਸਭਿਆਚਾਰ ਦੀ ਭਾਸ਼ਾ ਪੰਜਾਬੀ ਦੇ ਵਿਕਾਸ ਅਤੇ ਇਸ ਦੇ ਸਰੂਪ ਨੂੰ ਉਭਾਰਨ ਵਿੱਚ ਸਿੱਖ ਗੁਰੁ ਸਹਿਬਾਨ ਅਤੇ ਗੁਰਬਾਣੀ ਦਾ ਉਚੇਚਾ ਯੋਗਦਾਨ ਹੈ।ਸਿੱਖ ਧਰਮ ਦੇ ਆਰੰਭ ਦੇ ਨਾਲ-ਨਾਲ ਹੀ ਭਾਰਤ ਉੱਤੇ ਮੁਗਲ ਕਾਬਜ ਹੋਏ। ਸਦੀਆਂ ਤੋਂ ਚੱਲੇ ਆ ਰਹੇ ਪੰਜਾਬੀ ਸਭਿਆਚਾਰ ਲਈ ਮੁਗਲ ਸਭਿਆਚਾਰ ਅਤੇ ਉਨਾ ਦੀ ਭਾਸ਼ਾ ਓਪਰੇ ਸਨ। ਸ਼ਕਤੀਸਾਲੀ ਅਤੇ ਸੱਤਾਧਾਰੀ ਹੋਣ ਦੇ ਨਾਲ-ਨਾਲ ਮੁਗਲ ਹਿੰਦੂ ਸੰਸ਼ਕ੍ਰਿਤੀ ਦੇ ਵਿਰੋਧੀ ਸਨ ਅਤੇ ਸਿੱਧੇ ਜਾ ਅਸਿੱਧੇ ਤੌਰ ਤੇ ਇਸ ਨੂੰ ਬਦਲਣਾ ਚਾਹੁਦੇ ਸਨ। ਸਭਿਆਚਾਰ ਨੂੰ ਬਦਲਣ ਲਈ ਪਹਿਲਾ ਹਮਲਾ ਭਾਸ਼ਾ ਤੇ ਕੀਤਾ ਜਾਂਦਾ ਹੈ ਕਿਉਕਿ ਭਾਸ਼ਾ ਰਾਹੀ ਹੀ ਇਕ ਸਭਿਆਚਾਰ ਨੂੰ ਦੂਜੇ ਉਤੇ ਪ੍ਰਭਾਵੀ ਬਣਾਇਆ ਜਾ ਸਕਦਾ ਹੈ। ਭਾਸ਼ਾ ਸਭਿਆਚਾਰ ਨੂੰ ਪ੍ਰੰਪਰਾ ਰਾਹੀ ਅੱਗੇ ਤੋਰਦੀ ਹੈ ਪਰ ਜੇਕਰ ਭਾਸ਼ਾ ਬਦਲ ਦਿੱਤੀ ਜਾਵੇ ਤਾਂ ਸਭਿਆਚਾਰ ਦਾ ਪ੍ਰਵਾਹ ਰੁਕ ਜਾਦਾ ਹੈ। ਸਭਿਆਚਾਰ ਵਿੱਚ ਨਵੀ ਭਾਸ਼ਾ ਲਾਗੂ ਕਰਕੇ ਇਸ ਪ੍ਰਵਾਹ ਨੂੰ ਬਦਲਿਆਂ ਵੀ ਜਾ ਸਕਦਾ ਹੈ ਪਰ ਸਿੱਖ ਧਰਮ ਦੇ ਆਰੰਭ ਤੋਂ ਹੀ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਭਾਸ਼ਾਈ ਹਮਲੇ ਪ੍ਰਤੀ ਸੁਚੇਤ ਸਨ। 'ਘਰ ਘਰ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ' 11 ਅਤੇ 'ਖਤ੍ਰੀਆਂ ਤੇ ਧਰਮ ਛੋਡਿਆਂ ਮਲੇਛ ਭਾਖਿਆਂ ਗਹੀ'[12] ਜਿਹੀਆਂ ਉਕਤੀਆਂ ਤੋਂ ਇਹ ਸਪਸ਼ਟ ਹੋ ਜਾਦਾ ਹੈ ਕਿ ਗੁਰੂ ਸਹਿਬਾਨ ਨੇ ਬਾਣੀ ਰਾਹੀ ਲੋਕ ਸਮੂਹ ਵਿੱਚ ਆਪਣੀ ਭਾਸ਼ਾ ਪ੍ਰਤੀ ਲਗਾਅ ਦੀ ਭਾਵਨਾ ਪੈਦਾ ਕੀਤੀ। ਇਸ ਤੋਂ ਇਲਾਵਾ ਗੁਰੂ ਸਹਿਬਾਨ ਨੇ ਗੁਰਮੁਖੀ ਲਿਪੀ ਨੂੰ ਇੱਕਤਰ ਕਰਕੇ ਸੁਚੱਜਾ ਤੇ ਆਧੁਨਿਕ ਰੂਪ ਦਿੱਤਾ, ਗੁਰਬਾਣੀ ਦਾ ਮਾਧਿਅਮ ਲੋਕ ਭਾਸ਼ਾ ਪੰਜਾਬੀ ਨੂੰ ਬਣਾਇਆ, ਭਾਸ਼ਾ ਦਾ ਸਭ ਤੋਂ ਅਨਮੋਲ ਅਤੇ ਮਹੱਤਵਪੂਰਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਪੰਜਾਬੀ ਭਾਸ਼ਾ ਨੂੰ ਦਿੱਤਾ ਜਿਸ ਦੇ ਫਲਸਰੂਪ ਮੱਧਕਾਲ ਵਿੱਚ ਪੰਜਾਬੀ ਭਾਸ਼ਾ ਦਾ ਸਰੂਪ ਨਿਸਚਿਤ ਹੋਇਆ। ਗੁਰੁਬਾਣੀ ਤੋਂ ਪ੍ਰਭਾਵ ਗ੍ਰਹਿਣ ਕਰਕੇ ਵਿਭਿੰਨ ਤਰ੍ਹਾਂ ਦੇ ਸਾਹਿਤ ਦੀ ਰਚਨਾ ਪੰਜਾਬੀ ਭਾਸ਼ਾ ਵਿੱਚ ਹੋਣ ਲੱਗੀ। ਪੰਜਾਬੀ ਭਾਸ਼ਾ ਸਾਹਿਤਕ ਤੌਰ ਤੇ ਪਕਿਆਈ ਅਤੇ ਅਮੀਰੀ ਗ੍ਰਹਿਣ ਕਰ ਗਈ ਜਿਸ ਸਦਕਾ ਅਜੋਕੇ ਸਮੇ ਵਿੱਚ ਪੰਜਾਬੀ ਇਕ ਸਨਮਾਨਯੋਗ ਭਾਸ਼ਾ ਵਜੋ ਜਾਣੀ ਜਾਦੀ ਹੈ।ਗੁਰੁ ਸਹਿਬਾਨ ਦੀ ਭਾਸ਼ਾ ਬਾਰੇ ਸੋਚ ਸਭਿਆਚਾਰਕ ਸਾਰਥਕਤਾ ਨਾਲ ਭਰਪੂਰ ਹੈ। ਇਹ ਕਾਰਜ ਗੁਰੂ ਸਹਿਬਾਨ ਦੀ ਤੱਤਕਾਲੀਨ ਸਭਿਆਚਾਰਕ ਪ੍ਰਸੰਗ ਵਿਚ ਨਵੀ ਭਾਸ਼ਾਈ ਸੰਰਚਨਾਤਮਕ ਸਥਾਪਨਾਂ ਅਤੇ ਉਤਰ ਆਧੁਨਿਕ ਸੋਚ ਦੇ ਅਨੁਸਾਰੀ ਹੋਣ ਦਾ ਲਖਾਇਕ ਹੈ।

ਸਮੂਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਿੱਖ ਗੁਰੁ ਸਹਿਬਾਨ ਅਤੇ ਉਨਾ ਦੁਆਰਾ ਰਚਿਤ ਗੁਰਬਾਣੀ ਨੇ ਪੰਜਾਬੀ ਸਭਿਆਚਾਰ ਦੇ ਹਰ ਉਸ ਪੱਖ ਨੂੰ ਪ੍ਰਭਾਵਿਤ ਕੀਤਾ ਜਿਸ ਵਿਚ ਵਿਕਾਰ ਆ ਚੁੱਕੇ ਸਨ। ਪੁਰਾਣੀਆਂ ਸਮਾ ਵਿਹਾ ਗਈਆਂ ਕਦਰਾਂ ਕੀਮਤਾਂ ਦੀ ਥਾਂ ਨਵੀਆਂ ਕਦਰਾਂ ਕੀਮਤਾਂ ਪੈਦਾ ਕਰਕੇ ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਨੂੰ ਇੱਕ ਸਨਮਾਨਜਨਕ ਸਰੂਪ ਦਿੱਤਾ। ਗੁਰੁ ਸਹਿਬਾਨ ਦੀ ਬਾਣੀ ਨੇ ਮੱਧਕਾਲੀਨ ਪੰਜਾਬੀ ਸਮਾਜ ਨੂੰ ਸਮਾਜਿਕ,

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 94-102

ਸਭਿਆਚਾਰਕ ਅਤੇ ਆਰਥਿਕ ਯਥਾਰਥ ਨੂੰ ਪੇਸ਼ ਕਰਕੇ ਉਤਰ ਆਧੁਨਿਕ ਦ੍ਰਿਸ਼ਟੀ ਦੇ ਅਨੁਸਾਰੀ ਅਤੇ ਨਵੀਆਂ ਨਰੋਈਆਂ ਲੀਹਾਂ ਉਤੇ ਉਸਾਰਨ ਲਈ ਮਾਨਵ ਹਿੱਤਕਾਰੀ ਵਿਸ਼ਵ ਦ੍ਰਿਸ਼ਟੀ ਜਾਂ ਉਤਰ ਆਧੁਨਿਕ ਦ੍ਰਿਸ਼ਟੀ ਪ੍ਰਦਾਨ ਕੀਤੀ।

**ਹਵਾਲੇ**

1. ਡਾ. ਜਸਵਿੰਦਰ ਸਿੰਘ ਸੈਣੀ, (ਸੰਪਾ), ਪੱਛਮੀ ਕਾਵਿ ਸਿਧਾਂਤ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨਵਿਰਸਿਟੀ ਪਟਿਆਲਾ, ਪੰਨਾ 172
2. ਡਾ.ਟੀ.ਆਰ. ਵਿਨੋਦ, ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ, ਲੋਕਗੀਤ ਪਰਕਾਸ਼ਨ ਸਰਹਿੰਦ, 1990, ਪੰਨਾ 59-60
3. ਡਾ. ਬਲਬੀਰ ਸਿੰਘ ਪੂਨੀ, ਪੰਜਾਬੀ ਲੋਕਯਾਨ ਅਤੇ ਸਭਿਆਚਾਰ, ਪੰਜਾਬੀ ਰਾਈਟਰਜ ਕੋ ਆਪਰੇਟਿਵ ਸੁਸਾਇਟੀ, ਲੁਧਿਆਣਾ, 1987, ਪੰਨਾ 165
4. ਡਾ. ਆਤਮ ਰੰਧਾਵਾ, ਉਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ, ਪੰਨਾ 34
5. ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਭਾਗ ਦੂਜਾ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨਵਿਰਸਿਟੀ ਪਟਿਆਲਾ, ਪੰਨਾ-105
6. ਖੋਜ ਪੱਤਰ-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਵਾਰਾਂ ਦਾ ਸਮਾਜ ਸਭਿਆਚਾਰਕ ਅਧਿਐਨ, ਕੁਲਦੀਪ ਸਿੰਘ,ਪੰਜਾਬੀ ਦੁਨੀਆ, ਅਪ੍ਰੈਲ 2011, ਪੰਨਾ 52
7. ਗੁਰੂ ਗ੍ਰੰਥ ਸਾਹਿਬ, ਪੰਨਾ 803
8. ਸਿੱਖ ਧਰਮ ਵਿੱਚ ਸੰਗਤ ਦਾ ਸੰਕਲਪ, ਪ੍ਰਿਸੀਪਲ ਪ੍ਰਕਾਸ਼ ਸਿੰਘ,ਸੰਗਤ ਵਿਸੇਸ਼ ਅੰਕ, ਨਾਨਕ ਪ੍ਰਕਾਸ਼ ਪ੍ਰੱਤਿਕਾ, ਪੰਨਾ 31
9. ਗੁਰੂ ਗ੍ਰੰਥ ਸਾਹਿਬ, ਪੰਨਾ 1299
10. ਗੁਰੂ ਗ੍ਰੰਥ ਸਾਹਿਬ, ਪੰਨਾ 633
11. ਗੁਰੂ ਗ੍ਰੰਥ ਸਾਹਿਬ, ਪੰਨਾ 633
12. ਗੁਰੂ ਗ੍ਰੰਥ ਸਾਹਿਬ, ਪੰਨਾ 119

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 103-115

# ਸਮਕਾਲੀ ਨਾਰੀ ਕਾਵਿ ਵਿਚ ਧਾਰਮਿਕ, ਰਾਜਨੀਤਿਕ ਅਤੇ ਸਮਾਜ-ਸਭਿਆਚਾਰਕ ਬਿੰਬਕਾਰੀ ਰੂਪਾਂਤਰਨ: ਇਕ ਵਿਸ਼ਲੇਸ਼ਣ

**ਡਾ.ਰੁਪਿੰਦਰ ਕੌਰ**
**ਸਹਾਇਕ ਪ੍ਰੋਫੈਸਰ, ਪੰਜਾਬੀ,**
**ਪਬਲਿਕ ਕਾਲਜ ਸਮਾਣਾ।**

ਸਮਕਾਲੀ ਨਾਰੀ ਕਾਵਿ ਉੱਤਰ-ਆਧੁਨਿਕ ਦੌਰ ਵਿਚ ਵਿਭਿੰਨ ਬਿੰਬਕਾਰੀ ਰੂਪਾਂਤਰਨ ਪ੍ਰਤੀ ਸੰਵੇਦਨਸ਼ੀਲ ਹੈ। ਇਸ ਬਿੰਬਕਾਰੀ ਰੂਪਾਂਤਰਨ ਦੇ ਬਹੁਕੋਣੇ ਤੇ ਬਹੁਪਰਤੀ ਪਾਸਾਰਾਂ ਦੀ ਥਾਹ ਪਾਉਣ ਵੱਲ ਉਸਨੇ ਧਿਆਨ ਦਿੱਤਾ ਹੈ। ਸਮਕਾਲੀ ਦੌਰ ਵਿਚ ਤਕਨੀਕ ਅਤੇ ਮੀਡੀਏ ਦੇ ਅਸਰ ਕਰਕੇ ਨਾਰੀ ਮਾਨਸਿਕ ਦ੍ਰਿਸ਼ਟੀ ਤੇ ਪ੍ਰਭਾਵ ਜ਼ਰੂਰ ਪਿਆ ਹੈ, ਜਿਸ ਨੇ ਪੂੰਜੀਵਾਦੀ ਪਦਾਰਥਕ ਸੋਚ ਨੂੰ ਭਾਰੂ ਬਣਾ ਕੇ ਉਭਾਰਿਆ ਹੈ। ਪੂੰਜੀਵਾਦੀ ਪਦਾਰਥਕ ਦ੍ਰਿਸ਼ਟੀ ਤੋਂ ਹਰੇਕ ਵਸਤੂ ਦੀ ਵਿਆਖਿਆ ਸਮਝ ਕੇ ਸਾਹਿਤ ਵਿਚ ਭਾਰੀ ਤਬਦੀਲੀ ਲਿਆਂਦੀ ਗਈ ਹੈ। ਭਾਵੇਂ ਜ਼ਜਬਾਤ, ਭਾਵ ਤੇ ਵੇਗ ਕਵਿਤਾ ਦਾ ਰਚਿਤ ਗੁਣ ਤਸਲੀਮ ਕੀਤੇ ਜਾਂਦੇ ਹਨ, ਪਰ ਪੂੰਜੀਵਾਦੀ ਪਦਾਰਥਕ ਕੀਮਤਾਂ ਨੇ ਤਰਕ ਦੀ ਅਹਿਮੀਅਤ ਨੂੰ ਹੋਰ ਵਧੇਰੇ ਬਲ ਦਿੱਤਾ ਹੈ। ਪੂੰਜੀਵਾਦੀ ਪਦਾਰਥਕ ਸਾਧਨਾਂ ਦੇ ਸੰਗ੍ਰਹਿਣ ਦੀ ਦੌੜ ਕਰਕੇ ਮਾਨਸਿਕ ਸੰਵੇਦਨਾ ਸਕੂਨ ਅਤੇ ਮਾਨਵੀ ਕਦਰਾਂ-ਕੀਮਤਾਂ ਤੋਂ ਵੰਚਿਤ ਕਰ ਰਹੀ ਹੈ। ਭਾਵੇਂ ਵਿਸ਼ਵ ਪੱਧਰੀ ਸੂਝ-ਬੂਝ ਨਾਲ ਸਮਕਾਲੀ ਨਾਰੀ ਕਾਵਿ ਦੀ ਸਿਰਜਣਾ ਵਿਚ ਨਵੀਆਂ ਕਦਰਾਂ-ਕੀਮਤਾਂ ਦੀ ਪੈਰਵੀ ਸਦਕਾ ਨਵੇਂ ਬਿੰਬ ਪੈਟਰਨ ਉਜਾਗਰ ਹੁੰਦੇ ਹਨ, ਜਿਹੜੇ ਪੂਰਵਲੇ ਮਾਪਦੰਡਾ ਨੂੰ ਉਲੰਘ ਕੇ ਨਵੇਂ ਆਯਾਮ ਸਿਰਜਣ ਵੱਲ ਰੁਚਿਤ ਹਨ। ਰੂਪਾਂਤਰਨ ਕੇਵਲ ਅਰਥ ਬਦਲਾਵ ਨਹੀਂ, ਸਗੋਂ ਇਸ ਪ੍ਰਕਿਰਿਆ ਵਿਚ ਪੂਰਵਲੇ ਨਾਲ ਸੰਵਾਦ ਵਿਚੋਂ ਕੁਝ ਸਾਰਥਿਕ ਸਿਰਜਣ ਦਾ ਉੱਦਮ ਹੈ। ਸਮਕਾਲੀ ਨਾਰੀ ਕਾਵਿ ਵਿਚਲੇ ਸਿਰਜੇ ਬਿੰਬ ਉੱਤਰ-ਆਧੁਨਿਕ ਦੌਰ ਦੇ ਵਾਹਕ ਤਾਂ ਬਣਦੇ ਹਨ, ਪਰ ਪੂਰਵਲੇ ਬਿੰਬ ਪੈਟਰਨਾਂ ਨੂੰ ਰੱਦ ਨਹੀਂ ਕਰਦੇ ਸਗੋਂ ਉਸਦੇ ਅਗਲੇਰੇ ਪੜਾਅ ਦੀ ਅਗਵਾਈ ਕਰਦੇ ਨਜ਼ਰ ਆਉਂਦੇ ਹਨ। ਇਹ ਅਗਵਾਈ ਹੀ ਸਮਕਾਲੀ ਨਾਰੀ ਕਾਵਿ ਨੂੰ ਸਦੀਵੀਂ ਜੀਵੰਤ ਰੱਖਣ ਦਾ ਉਪਰਾਲਾ ਕਰਦੀ ਹੈ। ਸੋ, ਖੋਜ-ਪੱਤਰ ਦੇ ਦਾਇਰੇ ਨੂੰ ਧਿਆਨ ਵਿਚ ਰੱਖਦੇ ਹੋਏ ਸਮਕਾਲੀ ਨਾਰੀ ਕਾਵਿ ਵਿਚ ਬਿੰਬਕਾਰੀ ਰੂਪਾਂਤਰਨ ਨੂੰ ਧਾਰਮਿਕ, ਰਾਜਨੀਤਿਕ ਅਤੇ ਸਮਾਜ-ਸਭਿਆਚਾਰਕ ਪੱਖ ਤੋਂ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

1. **ਧਾਰਮਿਕ ਬਿੰਬਕਾਰੀ ਰੂਪਾਂਤਰਣ**: ਧਰਮ ਮੁੱਦਤਾਂ ਤੋਂ ਮਨੁੱਖੀ ਆਤਮਾ ਦੇ ਕੇਂਦਰ ਵਜੋਂ ਸਥਾਪਿਤ ਰਿਹਾ ਹੈ। ਪੰਜਾਬੀ ਕਵਿਤਾ ਵਿਚ ਭਾਰਤੀ ਧਾਰਮਿਕ ਪ੍ਰੰਪਰਾ ਦੇ ਕੇਂਦਰ ਹਿੰਦੂ ਧਰਮ ਵਿਚਲੇ ਮਿਥਿਹਾਸਕ ਹਵਾਲਿਆਂ ਨੂੰ ਨਾਰੀ ਨੇ ਚੁਣੌਤੀ ਦੇ ਰੂਪ ਵਿੰਚ ਸਵੀਕਾਰ ਕੀਤਾ ਹੈ। ਇਸਦੇ ਸਮਵਿੱਥ ਹੀ ਸਿੱਖ ਧਰਮ ਵਿੱਚ ਔਰਤ ਦੇ ਸਾਕਾਰਤਮਕ ਰਵਈਏ ਤੋਂ ਸੇਧ ਅਤੇ ਬਲ ਪ੍ਰਾਪਤ ਕਰਕੇ ਸਮੁੱਚੇ ਪੰਜਾਬੀ ਨਾਰੀ ਕਾਵਿ ਵਿਚ ਹਿੰਦੂ ਧਰਮ ਦੇ ਔਰਤ ਪ੍ਰਤਿ ਨਿਖੇਧਮੁਖੀ ਰਵੱਈਏ ਜਾਂ ਸਿੱਖ ਧਰਮ ਔਰਤ ਪ੍ਰਤਿ ਮੂਲ ਰਵੱਈਏ ਨੂੰ ਨਾਰੀ ਕਾਵਿ ਨੇ ਤਿੱਖੀ ਸੁਰ ਵਿਚ ਅਲਾਪਿਆ। ਬ੍ਰਾਹਮਣੀ ਵਿਵਸਥਾ ਨੇ ਸਮਾਜਿਕ ਭੇਦਭਾਵ ਉਤਪੰਨ ਕਰਨ ਲਈ ਅਤੇ ਕਿਸਮਤਵਾਦੀ

Volume: 11, March 2025 ISSN: 2394-0980
PP: 103-115

ਸਿਧਾਂਤ ਦੇ ਵਿਸਥਾਰ ਲਈ ਧਰਮ ਅਤੇ ਰੱਬ ਵਰਗੇ ਸੰਕਲਪ ਘੜੇ ਹਨ। ਜਾਤੀ-ਪ੍ਰਬੰਧ ਵੀ ਰੱਬ ਦੀ ਰਜ਼ਾ ਦੇ ਨਿਯਮ ਉੱਪਰ ਸਦੀਆਂ ਤੋਂ ਜੀਵਿਤ ਹੈ। ਔਰਤਤਵ ਦੀ ਬੇਬਸਤਾ ਅਤੇ ਹੋਣੀ ਦਾ ਨਿਯਮ ਵੀ ਧਰਮ ਆਸਰੇ ਖੜ੍ਹਾ ਹੈ। ਔਰਤ ਉਸ ਧਰਮ ਅਤੇ ਰੱਬ ਤੋਂ ਸੁਚੇਤ ਹੋ ਚੁੱਕੀ ਹੈ, ਜਿਸਦੀ ਉਸਦੇ ਜੀਵਨ ਵਿੱਚ ਕੋਈ ਸਕਾਰਾਤਮਕ ਭੂਮਿਕਾ ਹੀ ਨਹੀਂ। ਇਸ ਲਈ ਕਵਿੱਤਰੀ ਧਾਰਮਿਕ ਰੂਪਾਂਤਰਨ ਨੂੰ ਉਭਾਰਦੀ ਹੋਈ ਆਖਦੀ ਹੈ :

"ਚੀਰ ਕੇ ਹਨ੍ਹੇਰੇ ਦੀਆਂ ਤਹਿਆਂ
ਰੱਦ ਕਰ ਕੇ
ਮਨੂੰ ਸਮ੍ਰਿਤੀ ਦੇ ਉਪਦੇਸ਼
ਅਣਸੁਣੀ ਕਰ ਕੇ
ਅਖੌਤੀ ਧਰਮਾਂ ਦੀ ਹਾਹਾਕਾਰ
ਦੂਰ ਕਰ
ਆਪਣੇ ਤੇ ਮੇਰੇ ਵਿਚਕਾਰੋਂ
ਇਹ ਸਦੀਆਂ ਦੀ ਗਰਦ ਗੁਬਾਰ
ਹਟਾ ਦੇ
ਇਹ ਮੈਲੀ ਮਰਿਯਾਦਾ ਦੀ ਧੁੰਦ"[1]

ਮਰਦ ਦੁਆਰਾ ਸਥਾਪਿਤ ਸਦਾਚਾਰ ਨੂੰ ਧਰਮ, ਰੱਬ ਅਤੇ ਮਰਿਆਦਾ ਦੀ ਪੁੱਠ ਦਿੱਤੀ ਜਾਂਦੀ ਹੈ। ਨਾਰੀ ਲਈ ਕਠੋਰ ਵਰਜਣਾਵਾਂ ਨੂੰ ਸਦਾਚਾਰ ਦੇ ਰੂਪ ਵਿਚ ਧਰਮ ਅਤੇ ਰੱਬੀ-ਵਿਧਾਨ ਦੀ ਲੈਜਟੀਮੇਸੀ (Legitimacy) ਦਿੱਤੀ ਜਾਂਦੀ ਹੈ। ਕਰਮ-ਸਿਧਾਂਤ ਅਤੇ ਆਵਾਗੌਣ ਦੇ ਵਿਸ਼ਵਾਸ ਨੇ ਮਨੁੱਖ-ਮਨੁੱਖ ਵਿਚਕਾਰ ਵੰਡੀਆਂ ਨੂੰ ਹੋਰ ਪੱਕਾ ਕੀਤਾ ਹੈ। ਧਾਰਮਿਕ ਢਾਂਚੇ ਅਧੀਨ ਰੱਬ ਸਿਰਫ਼ ਇੱਕ ਛੜਯੰਤਰ ਹੈ। ਸਿਰਫ਼ ਇਕ ਸੁਚੇਤ ਪ੍ਰਾਣੀ ਹੀ ਵਿਸ਼ਵਾਸ ਦੇ ਚੱਕਰਵਿਯੂ ਵਿੱਚੋਂ ਨਿਕਲ ਸਕਦਾ ਹੈ। ਪੰਜਾਬੀ ਨਾਰੀ ਕਵਿੱਤਰੀ ਇਸ ਧਾਰਮਿਕ ਛਲ ਤੋਂ ਸੁਚੇਤ ਹੈ। ਉਹ ਕਹਿੰਦੀ ਹੈ ਕਿ:

"ਇਹ ਹਨੇਰ ਗਰਦ ਗੁਬਾਰ ਹੈ
ਮੇਰੇ ਰਾਹ 'ਚ ਉੱਚੀ ਦੀਵਾਰ ਹੈ
ਮੈਂ ਕਦੇ ਕਬੂਲ ਨਾ ਕਰ ਸਕਾਂ
ਤੇਰੇ ਫ਼ਲਸਫ਼ੇ, ਤੇਰੇ ਗਿਆਨ ਨੂੰ"[2]

ਇਸ ਤਰ੍ਹਾਂ ਸਮਕਾਲੀ ਨਾਰੀ ਕਾਵਿ ਵਿਚ ਧਾਰਮਿਕ ਰੂਪਾਂਤਰਨ ਪੱਖ ਤੋਂ ਸੁਚੇਤ ਵਰਤੋਂ ਦੀ ਤਾਰਕਿਕ ਵਿਆਖਿਆ ਅਤੇ ਮਨੁੱਖੀ ਕਦਰਾਂ ਕੀਮਤਾਂ ਦੇ ਰਹਿਬਰ ਹੋਣ ਦੀ ਜ਼ਿੰਮੇਵਾਰੀ ਵੱਲ ਅਹਿਸਾਸ ਪ੍ਰਤਿ ਧਰਮ ਨੂੰ ਸੰਬੋਧਨੀ ਸ਼ੈਲੀ ਦੇ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 103-115

ਰੂਪ ਵਜੋਂ ਪੇਸ਼ ਕੀਤਾ ਹੈ। ਅਜਿਹੇ ਚਿੰਤਨੀ ਪ੍ਰਸੰਗਾਂ ਨੂੰ ਬਾਰੀਕੀ ਨਾਲ ਵਾਚਿਆ ਧਰਮ ਪ੍ਰਤਿ ਨਾਰੀ ਦੀ ਪਹੁੰਚ ਦ੍ਰਿਸ਼ਟੀ ਦਾ ਅੰਦਾਜਾ ਲਾਇਆ ਜਾ ਸਕਦਾ ਹੈ। ਨਾਰੀ ਕਾਵਿ ਵਿਚਲੇ ਸਪਸ਼ਟ ਪ੍ਰਸੰਗ ਅਜੋਕੇ ਧਾਰਮਿਕ ਆਗੂਆਂ ਦਾ ਪਾਜ ਉਧੇੜਦੇ ਹਨ। ਧਰਮ ਦੇ ਠੇਕੇਦਾਰਾਂ ਲਈ ਵੰਗਾਰ ਖੜੀ ਕਰਦੇ ਹਨ। ਧਰਮ ਦੇ ਨਾਂ ਤੇ ਹੋ ਰਹੇ ਪਾਖੰਡਵਾਦ, ਵਹਿਮ ਭਰਮ ਜਾਤ-ਪਾਤ ਦੇ ਕੁਰੱਖਤ ਰਵੱਈਏ ਦੀ ਨਾਰੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਿਆਂ ਕੀਤੀ ਹੈ। ਅਜੋਕੇ ਵਿਗਿਆਨਕ ਯੁੱਗ ਵਿਚ ਧਰਮ ਪ੍ਰਤਿ ਇਨਸਾਨ ਦੀ ਆਸਥਾ ਦਾ ਕਮਜ਼ੋਰ ਪੈ ਜਾਣਾ ਕੋਈ ਹੈਰਾਨੀ ਜਨਕ ਖੁਲਾਸਾ ਨਹੀਂ, ਸਗੋਂ ਆਮ ਗੱਲ ਹੈ, ਪਰ ਸਦੀਆਂ ਤੋਂ ਧਾਰਮਿਕ ਪ੍ਰੰਪਰਾਵਾਂ ਦਾ ਨਾਰੀ ਜਾਤੀ ਪ੍ਰਤਿ ਵਿਰੋਧੀ ਰਵੱਈਆ ਸਮਕਾਲ ਵਿਚ ਨਾਰੀ ਨੂੰ ਧਾਰਮਿਕ ਤਾਰਕਿਕ ਨਸਲ ਰਾਹੀ ਪੁਨਰ ਵਿਆਖਿਆ ਲਈ ਪ੍ਰੇਰਦਾ ਹੈ। ਇਸੇ ਲਈ ਹਿੰਦੂ ਮਿਥਿਹਾਸ ਦੇ ਕਈ ਪ੍ਰਸੰਗਿਕ ਬਿੰਬਾਂ ਰਾਹੀ ਬੇਬਾਕੀ ਸਹਿਤ ਸੰਵਾਦ ਰਚਾ ਕੇ ਉਹਨਾਂ ਦੀ ਅਜੋਕੀ ਅਹਿਮੀਅਤ ਨੂੰ ਨਿਰਮੂਲ ਸਿੱਧ ਕੀਤਾ ਗਿਆ ਹੈ।

ਸਿੱਖ ਧਰਮ ਦੀ ਮਾਨਮੱਤੀ ਰਵਾਇਤ ਨੇ ਵਿਸ਼ਵ ਪੱਧਰ ਤੇ ਆਪਣੀ ਗਹਿਰੀ ਛਾਪ ਛੱਡੀ ਹੈ। ਗੁਰੂ ਸਾਹਿਬਾਨ ਦੁਆਰਾ ਨਾਰੀ ਦੇ ਰੁਤਬੇ ਨੂੰ ਬੁਲੰਦ ਕਰਕੇ ਮੱਧਕਾਲੀ ਸਮਾਜ ਵਿੱਚ ਨਾਰੀ ਦੀ ਹੋ ਰਹੀ ਦੁਰਦਸ਼ਾ ਦਾ ਸਖ਼ਤ ਸ਼ਬਦਾਂ ਵਿਚ ਖੰਡਨ ਕੀਤਾ ਹੈ। ਸਿੱਖ ਧਰਮ ਵਿੱਚ ਕਈ ਅਜਿਹੇ ਔਰਤ ਕਿਰਦਾਰਾਂ ਨੂੰ ਬੁਲੰਦੀ ਹਾਸਿਲ ਹੈ। ਜਿਸ ਨਾਲ ਗੌਰਵਮਈ ਇਤਿਹਾਸ ਬਰਾਬਰੀ ਦਾ ਸੰਦੇਸ਼ ਸਿਰਜਦਾ ਹੈ। ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ ਮਾਤਾ ਗੁਜਰੀ, ਮਾਈ ਭਾਗੋ ਅਜਿਹੇ ਬੁਲੰਦ ਇਸਤਰੀ ਕਿਰਦਾਰ ਹਨ। ਮਨਜੀਤ ਇੰਦਰਾ ਆਪਣੇ ਅਨੁਭਵਾਂ ਦੁਆਰਾ ਅਜੋਕੇ ਦੌਰ ਵਿਚਕਾਰ ਚਲ ਰਹੀਆਂ ਮਨੁੱਖ ਵਿਰੋਧੀ ਧਾਰਮਿਕ ਪਾਖੰਡਵਾਦੀ ਨੀਤੀਆਂ ਉਤੇ ਚੋਟ ਕਰਦੀ ਹੈ। ਉਹ ਆਪਣੀ ਰੋਹ ਵਿਦਰੋਹ ਨਾਂ ਦੀ ਕਵਿਤਾ ਵਿੱਚ ਧਰਮਾਂ ਦੇ ਨਾਂ ਉਤੇ ਫੈਲਾਏ ਪਾਖੰਡਵਾਦ ਅਤੇ ਇਸਦੇ ਬਾਹਰੀ ਰੂਪ ਕਾਰਨ ਆਮ ਮਨੁੱਖ ਨੂੰ ਹੋ ਰਹੀ ਪਰੇਸ਼ਾਨੀ ਦੀ ਵੇਦਨਾ ਨੂੰ ਸੜਕਾਂ ਕਿਨਾਰੇ, ਗਲੀ ਗਲੀ ਨੁਕੜ ਲਗੀਆਂ ਛਬੀਲਾਂ ਦੇ ਹਵਾਲੇ ਨਾਲ ਪੇਸ਼ ਕਰਦੀ ਹੈ। ਉਸਨੇ ਸਾਧਾਂ ਦੇ ਰੂਪਾਂ ਵਿਚ ਠੱਗੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ੀ ਰਾਜਨੀਤਿਕ ਨੇਤਾਵਾਂ ਨੂੰ ਹੀ ਦਾਇਰੇ ਵਿਚ ਖੜਾ ਹੀ ਨਹੀਂ ਕੀਤਾ, ਸਗੋਂ ਧਾਰਮਿਕ ਸਮਾਗਮਾਂ ਦੇ ਨਾਂ ਲੋਕਾਂ ਦੀ ਪ੍ਰੇਸ਼ਾਨ ਕਰਨ ਵਾਲੀ ਟਰੈਫਿਕ ਨੂੰ ਵੀ ਸ਼ਾਮਿਲ ਕੀਤਾ ਹੈ। ਜਿਹੜੇ ਇਤਿਹਾਸ ਵਿਚ ਆਪਦੀ ਡੂੰਘੀ ਛਾਪ ਛੱਡਦੇ ਹਨ। ਅਜਿਹੇ ਕਿਰਦਾਰਾਂ ਨੂੰ ਚਿਤਰ ਕੇ ਨਾਰੀ ਨੇ ਆਪਣੀ ਸਮਰੱਥਾ ਦੇ ਮੇਚ ਦਾ ਬਿੰਬ ਵਿਧਾਨ ਸਿਰਜਿਆ ਹੈ। ਸਮਕਾਲੀ ਕਰੂਰ ਸਥਿਤੀਆਂ-ਪ੍ਰਸਥਿਤੀਆਂ ਨਾਰੀ ਦੇ ਸੰਵੇਦਨਸ਼ੀਲ ਬਿੰਬ ਧੁੰਦਲੇ ਪਣ ਦੇ ਅਹਿਸਾਸ ਵਿਚ ਜੀਉਣ ਲਈ ਮਜਬੂਰ ਕਰਦੇ ਹਨ। ਨਾਰੀ ਚੇਤਨਾ ਇਹਨਾਂ ਸਥਿਤੀਆਂ-ਪ੍ਰਸਥਿਤੀਆਂ ਤੋਂ ਨਿਜਾਤ ਪਾਉਣ ਲਈ ਅਤੇ ਇਹਨਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਨੁਕਤਿਆਂ ਦੀ ਪਛਾਣ ਕਰਨ ਲਈ ਗੁਰਬਾਣੀ ਵਿਚਲੀਆਂ ਤੁਕਾਂ ਦਾ ਆਸਰਾ ਲੈਂਦੀ ਹੈ। ਮਰਦਾਵੀ ਸਮਾਜ ਵਿਚ ਪੱਸਰੀ ਹੈਂਕੜਬਾਜ਼ੀ ਦੇ ਫੋਕੇ ਤਲਿਸਮ ਨੂੰ ਰੂਹਾਨੀ ਪੰਕਤੀਆਂ ਦੁਆਰਾ ਵਿਅੰਗਆਤਮਕ ਛੋਹਾਂ ਰਾਹੀਂ ਨਵੇਂ ਕਲਾਤਮਕ ਪੈਟਰਨ ਸਿਰਜਦਾ ਨਾਰੀ ਕਾਵਿ ਅਨੂਠੇ ਬਿੰਬਾਂ ਦੀ ਤਰਜਮਾਨੀ ਕਰਦਾ ਹੈ। ਧਾਰਮਿਕ ਪ੍ਰਰੰਪਰਾ ਵਿਚ ਪਏ ਫੋਕਟ ਕਰਮ ਕਾਂਡ ਤੇ ਵਿਸ਼ਵਾਸ ਜਿਹੜੇ ਨਾਰੀ ਦੀ ਹੋਂਦ ਨੂੰ ਕਿਸਮਤ, ਨਸੀਬ, ਪੂਰਵਲੇ ਕਰਮਾਂ ਦੇ ਬਲਬੂਤੇ ਪਰਿਭਾਸ਼ਿਤ ਕਰਨ ਵਿੱਚ ਯਕੀਨ ਰੱਖਦੇ ਹਨ। ਨਾਰੀ ਕਾਵਿ ਇਹਨਾਂ ਫੋਕਟ ਰੂੜ੍ਹੀਆਂ ਦਾ ਵਿਭੰਜਨ ਕਰਦੀ ਹੋਈ ਅਜਿਹੇ ਧਾਰਮਿਕ ਪ੍ਰਬੰਧ ਉਤੇ ਚੋਟ ਕਰਦੀ ਹੈ। ਇਸ ਜੀਵਨ ਬਿਰਤੀ ਨਾਲ ਸਾਡੀਆਂ ਕਦਰਾਂ-ਕੀਮਤਾਂ ਵਿਚ ਭਾਰੀ ਪਰਿਵਰਤਨ ਵਾਪਰਿਆ ਹੈ। ਅਸੀਂ ਪੁਰਾਣੀਆਂ ਕੀਮਤਾਂ ਨੂੰ ਵਿਸਾਰ ਬੈਠੇ ਹਾਂ ਤੇ ਨਵੀਆਂ ਨੂੰ ਪੂਰੀ ਤਰ੍ਹਾਂ ਅਜੇ ਅਪਨਾ ਨਹੀਂ ਸਕੇ। ਅਜੋਕੇ ਦੌਰ ਵਿਚ

ਹਰੇਕ ਮਨੁੱਖ ਖੰਡਿਤ ਬਿਰਤੀ ਵਾਲਾ ਹੈ। ਹਰ ਮਨੁੱਖ ਅੰਤਰ ਮੁੱਖੀ ਹੋ ਕੇ ਇਕੱਲਤਾ ਵਿਚ ਜੀਉਣ ਲੱਗ ਪਿਆ ਹੈ। ਮਨੁੱਖ ਧਾਰਮਿਕ ਫਲਸਫ਼ੇ ਅਤੇ ਵਿਗਿਆਨਕ ਤਰਕ ਕਾਰਨ ਦਵੰਦ ਵਿਚ ਲਟਕ ਰਿਹਾ ਹੈ। ਪੁਰਾਣੀਆਂ ਬਣਤਰਾਂ (Structures) ਟੁੱਟ ਰਹੀਆਂ ਹਨ। ਮਨੁੱਖ ਆਪਣੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਤੋਂ ਭੱਜਦਾ ਹੋਇਆ ਹੰਭ ਗਿਆ ਹੈ। ਆਦਮੀ ਨੂੰ ਲਗਭਗ ਇਹ ਪਤਾ ਲਗ ਗਿਆ ਹੈ ਕਿ ਇਹ ਰੱਬੀ ਹੋਣੀ ਨਹੀਂ ਹੈ, ਸਮਾਜਕ ਤੇ ਰਾਜਸੀ ਬਣਤਰ ਦਾ ਹਿੱਸਾ ਹੈ। ਇਸ ਦਹਾਕੇ ਵਿਚ ਕਾਮ ਤੇ ਪ੍ਰੇਮ-ਸਬੰਧ ਵੀ ਬਦਲ ਰਹੇ ਹਨ। ਵਿਆਹ ਪ੍ਰਬੰਧ ਦੇ ਆਧਾਰਿਤ ਅਸੂਲ ਭੰਗ ਹੋ ਚੁੱਕੇ ਹਨ। ਮਰਯਾਦਾ ਨਾਲੋਂ ਸਵੈ ਤ੍ਰਿਪਤੀ ਨੂੰ ਪਹਿਲ ਦਿਤੀ ਜਾ ਰਹੀ ਹੈ। ਇਸ ਤਰ੍ਹਾਂ ਮਨੁੱਖ ਨਵੀਆਂ ਮੁਸੀਬਤਾਂ ਵਿਚ ਫਸ ਰਿਹਾ ਹੈ। ਬੱਚੇ ਆਪਣੀਆਂ ਨੈਤਿਕ ਕਦਰਾਂ ਕੀਮਤਾਂ ਨਾਲੋਂ ਸਵੈ ਆਨੰਦ ਵਿਚ ਤਬਦੀਲ ਹੋ ਰਹੇ ਹਨ। ਇਸ ਤਰਾਂ ਪੰਜਾਬ ਵਿਚਲੇ ਪਰਿਵਾਰ ਜੋ ਇਕ ਵਿਹੜੇ ਵਿਚ ਮੰਜੇ ਡਾਹ ਕੇ ਸੌਂਦੇ ਸਨ ਉਹ ਹੁਣ ਆਪਣੇ ਆਪਣੇ ਬੈੱਡ ਰੂਮ ਤੇ ਲੈਪ ਟੌਪ ਜਾਂ ਮੋਬਾਇਲ ਤਕ ਸੀਮਿਤ ਹੋ ਗਏ ਹਨ। ਬੱਚੇ ਆਪਣੇ ਮਾਂ ਬਾਪ ਨਾਲੋਂ ਦੋਸਤਾਂ ਮਿੱਤਰਾਂ ਨੂੰ ਪਹਿਲ ਦੇ ਰਹੇ ਹਨ। ਹਰ ਮਨੁੱਖ ਦੇ ਆਪਣੇ ਰਸਤੇ ਹਨ। ਇਕੋ ਘਰ ਵਿਚ ਪਤੀ ਪਤਨੀ ਅਤੇ ਬੱਚਿਆਂ ਦੀ ਹਉਮੈ ਟਕਰਾ ਰਹੀ ਹੈ। ਧਰਮ ਪ੍ਰਤਿ ਰਵਾਇਤੀ ਸੋਚ ਵਿਚ ਫ਼ਰਕ ਆਉਣਾ ਆਧੁਨਿਕ ਤਾਰਕਿਕ ਯੁੱਗ ਵਿਚ ਸੁਭਾਵਿਕ ਜਿਹੀ ਗੱਲ ਹੈ। ਇਸੇ ਸੋਚ ਤੇ ਸਮਝ ਦਾ ਅਗਲਾ ਪੜਾਅ ਕਾਵਿ ਸੂਝ ਜ਼ਰੀਏ ਰੱਬ ਨਾਲ ਸ਼ੰਵਾਦ ਰਚਾਉਂਦਾ ਹੈ ਤੇ ਸਵਰਗ ਤੇ ਅਖੌਤੀ ਸੰਕਲਪ ਨੂੰ ਢਹਿ ਢੇਰੀ ਕਰਦਾ ਹੈ। ਜਿਵੇਂ ਕਿ ਕਵਿੱਤਰੀ ਧਾਰਮਿਕ ਰੂਪਾਂਤਰਨ ਨੂੰ ਉਭਾਰਦੀ ਹੋਈ ਕਹਿੰਦੀ ਹੈ ਕਿ:

"ਅਖੀਰ ਜਦੋਂ ਮੈਂ
ਸਵਰਗ ਵਿਚ
ਆਪਣੇ ਰੱਬ ਕੋਲ ਪੁੱਜੀ
ਤਾਂ ਆਵਾਜ਼ ਆਈ
ਪਰਾਈਆਂ ਕਦੇ ਆਪਣੀਆਂ ਹੋਈਆਂ
ਇਹ ਗੁਣ
ਮੇਰਾ ਸਵਰਗ ਚਾਟੇ ਢਹਿ ਗਿਆ
ਜੋ ਰੱਬ ਸੀ ਉਹ ਘਰ ਗਿਆ।"[3]

ਇਸ ਤਰ੍ਹਾਂ ਅਖੌਤੀ ਧਾਰਮਿਕ ਚਿੰਨਾਂ ਦਾ ਵਿਖਾਵਾ ਅਤੇ ਫੋਕਟ ਦੇ ਕਰਮ ਕਾਂਡ ਅਜੋਕੇ ਦੌਰ ਵਿਚ ਧਰਮ ਦੇ ਬਾਹਰੀ ਸਰੂਪ ਨੂੰ ਉਭਾਰਦੇ ਹਨ। ਧਰਮ ਮੰਦਰਾਂ, ਮੜੀਆਂ, ਮਸਜਿਦਾਂ ਵਿੱਚ ਜਾਣ ਅਤੇ ਫੈਸਨ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਧਰਮ ਨੂੰ ਅੰਦਰੂਨੀ ਤੌਰ ਤੇ ਮੰਨਣ ਵਾਲੇ ਨੂੰ ਨਾਸਤਕ ਦਾ ਦਰਜਾ ਦਿੱਤਾ ਜਾਂਦਾ ਹੈ। ਇਥੇ ਬਾਹਰੀ ਚਿੰਨਾਂ ਦੇ ਰੂਪ ਵਿਚ ਮੌਜੂਦ ਮੰਦਿਰ, ਮਸਜਿਦ ਜਾਂ ਮਾੜੀ ਨੂੰ ਹੀ ਧਰਮ ਸਵੀਕਾਰ ਕੀਤਾ ਜਾਂਦਾ ਹੈ। ਧਰਮ ਦਾ ਇਹ ਵਿਖੰਡਿਤ ਅਤੇ ਵਿਰਚਿਤ ਰੂਪ ਨਾਰੀ ਕਾਵਿ ਦੀ ਖ਼ਾਸ ਵਿਸ਼ੇਸ਼ਤਾ ਬਣਕੇ ਉਭਰਦਾ ਹੈ, ਪਰ ਨਾਰੀ ਕਾਵਿ ਜਿੱਥੇ ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਦੇ ਰੂਪ ਵਿਚ ਆਪਣੇ ਪ੍ਰਭੂ/ਪ੍ਰੀਤਮ ਵਿਚ ਅਭੇਦ ਹੋਣ ਦੀ ਅਵਸਥਾ ਵਾਲਾ ਹੈ, ਉੱਥੇ ਇਹ ਨਾਰੀ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 103-115

ਕਾਵਿ ਰੂਪਾਂਤਰਿਤ ਹੋ ਕੇ ਮਰਦਾਵੀਂ ਹਉਮੈ ਜਾਂ ਆਪਣੇ ਮਹਿਬੂਬ/ਦੋਸਤ/ਪ੍ਰੇਮੀ ਨਾਲ ਸੰਵਾਦ ਰਚਾ ਕੇ ਵੱਖਰੇ-ਵੱਖਰੇ ਬਿੰਬਾਂ ਦੁਆਰਾ ਵਿਸ਼ੇਸ਼ ਪ੍ਰਕਿਰਿਆ ਨੂੰ ਉਭਾਰਦਾ ਹੈ। ਜਿਵੇਂ ਕਿ ਮਨਜੀਤ ਇੰਦਰਾ ਕਹਿੰਦੀ ਹੈ ਕਿ:

"ਦਿਲਬਰ ਨੇ ਗਲ ਵਹੀਆਂ ਬਾਹਾਂ
ਕੱਚੜਾ ਹਿੱਕ ਨਾਲ ਲਾ ਕੇ।
ਬਾਹਾਂ ਦੇ ਗਲ ਲੱਗੀਆਂ ਵੰਗਾਂ
ਚੰਚਲ ਪ੍ਰੀਤ ਜਗਾ ਕੇ।
ਕਰਨ ਚੱਲੀ ਦੀਦਾਰ ਯਾਰ ਦਾ
ਸੰਘ ਪਾਣੀ ਵਿਚ ਪਾ ਕੇ।
ਗੀਤ ਮੇਰੇ ਹੁੰਗਾਰਾ ਭਰਦੇ
ਨੈਣੀਂ ਨੈਣ ਝੁਕਾ ਕੇ।"[4]

ਉਪਰੋਕਤ ਰੂਪ ਵਿਚ ਇਹ ਮੰਨ ਸਕਦੇ ਹਾਂ ਕਿ ਸਮਕਾਲੀ ਨਾਰੀ ਕਾਵਿ ਵਿਚ ਧਾਰਮਿਕ ਰੂਪਾਂਤਰਨ ਦੁਆਰਾ ਇਸ਼ਕ ਮਹਿਜ਼ ਰੂਹ ਦਾ ਤਸੱਵਰ ਨਹੀਂ ਬਣਦਾ, ਸਗੋਂ ਸਮਕਾਲੀਨ ਸਥਿਤੀਆਂ-ਪ੍ਰਸਥਿਤੀਆਂ ਵਿਚ ਮੁਹੱਬਤ ਦੇ ਬਦਲ ਰਹੇ ਪ੍ਰਵਚਨ ਰਾਹੀਂ ਇਕ ਕਰੂਰ ਯਥਾਰਥ ਵਿਚੋਂ ਪ੍ਰਗਟ ਹੁੰਦਾ ਹੈ। ਜਿਵੇਂ ਕਿ ਸਮਕਾਲੀ ਕਵਿੱਤਰੀਆਂ ਸਮਕਾਲੀਨ ਸਥਿਤੀਆਂ-ਪ੍ਰਸਥਿਤੀਆਂ ਵਿਚ ਸੂਫੀਆਂ ਵਰਗੇ ਇਸ਼ਕ ਮਜਾਜ਼ੀ ਦੇ ਰੁਮਾਂਟਿਕ ਅਤੇ ਆਦਰਸ਼ਵਾਦੀ ਸੰਕਲਪ ਤੋਂ ਮੁਨਕਰ ਹਨ। ਸੂਫੀਆਂ ਦੀ ਸ਼ਬਦਾਵਲੀ ਰਾਹੀਂ ਉਹ ਪਿਆਰ ਦੇ ਇਸ ਤਸੱਵਰ ਨੂੰ ਅਚੇਤ ਪੱਧਰ ਉੱਪਰ ਗ੍ਰਹਿਣ ਕਰਦੀਆਂ ਹਨ। ਨਾਰੀ ਕਾਵਿ ਵੱਖਰੇ-ਵੱਖਰੇ ਬਿੰਬਾਂਵਲੀ ਦ੍ਰਿਸ਼ਟੀਕੋਣ ਤੋਂ ਇਸ਼ਕ ਨੂੰ ਜਿਸਮਾਂ ਦੇ ਜਸ਼ਨ ਰਾਹੀਂ ਰੂਪਾਂਤਰਿਤ ਕਰਦੀਆਂ ਨਜ਼ਰ ਆਉਂਦਾ ਹੈ। ਨਾਰੀ ਕਾਵਿ ਵਿਚ ਧਾਰਮਿਕ ਰੂਪਾਂਤਰਨ ਕਵਿੱਤਰੀਆਂ ਦੀਆਂ ਕਵਿਤਾਵਾਂ ਵਿਚ ਬਿਰਹਾ ਅਜਿਹੀ ਨਾਰ ਦੇ ਰੂਪ ਵਿਚ ਪ੍ਰਤੀਬਿੰਬਤ ਹੁੰਦਾ ਹੈ, ਜਿਹੜੀ ਆਪਣੇ ਮਹਿਬੂਬ ਤੋਂ ਬਿਨਾਂ ਸੱਖਣੀ ਮਹਿਸੂਸ ਕਰਦੀ ਹੈ।

**2. ਰਾਜਨੀਤਿਕ ਬਿੰਬਕਾਰੀ ਰੂਪਾਂਤਰਣ:** ਸਮਕਾਲੀ ਨਾਰੀ ਕਾਵਿ ਰਾਜਨੀਤਿਕ ਢਾਂਚੇ ਵਿਚਲੇ ਸਾਜਿਸੀ ਖੱਪੇ ਦੀ ਗਲ ਵੀ ਕਰਦਾ ਹੈ। ਜਿਵੇਂ ਕਿ ਭ੍ਰਿਸ਼ਟਾਚਾਰ, ਨਿੱਜੀ ਹਿੱਤ, ਸਵਾਰਥ ਆਦਿ ਰਾਜਨੀਤੀ ਨੂੰ ਉਜਾਗਰ ਕਰਨ ਤੇ ਸਥਾਪਿਤ ਕਰਨ ਵਿਚ ਵਿਸ਼ੇਸ਼ ਧਿਰ ਬਣ ਕੇ ਆਪਣੀ ਭੂਮਿਕਾ ਨਿਭਾਉਂਦੀ ਹੈ। ਇਹ ਧਿਰ ਆਪਣੀ ਹੋਂਦ ਨੂੰ ਬਣਾਈ ਰੱਖਣ ਦੇ ਮਨਸੂਬਿਆਂ ਨੂੰ ਸਮਝਦੀ ਹੋਈ ਸੱਤਾਧਾਰੀ ਕਾਨੂੰਨ ਅਤੇ ਧਰਮ ਪ੍ਰਚਾਰ ਦੇ ਝੂਠੇ ਪ੍ਰਪੰਚ, ਵਾਅਦੇ ਆਦਿ ਕਰਦੀ ਨਜ਼ਰ ਆਉਂਦੀ ਹੈ। ਸੋ, ਸਮਕਾਲੀ ਨਾਰੀ ਕਾਵਿ ਵੱਖ-ਵੱਖ ਬਿੰਬਾਂ ਰਾਹੀਂ ਰਾਜਨੀਤੀ ਦਾ ਰੂਪਾਂਤਰਨ ਰੂਪ ਚਿਤਰਦਾ ਹੈ। ਸਮਕਾਲੀ ਨਾਰੀ ਕਾਵਿ ਵਿਚਲੇ ਰੂਪਾਂਤਰਿਤ ਰਾਜਨੀਤਿਕ ਬਿੰਬ ਅੱਜ ਦੇ ਭ੍ਰਿਸ਼ਟ ਹੋ ਚੁਕੇ ਪ੍ਰਬੰਧਮਈ ਵਿਅੰਗ ਦਾ ਰੂਪਾਂਤਰਨ ਹਨ ਜੋ ਮਨੁੱਖ ਦੀ ਤਰੱਕੀ ਦਾ ਵਾਅਦਾ ਕਰਦੇ ਹਨ, ਪਰ ਅਸਲ ਵਿਚ ਮਨੁੱਖ ਦੀਆਂ ਮੁੱਢਲੀਆ ਜਰੂਰਤਾਂ ਵੀ ਪੂਰੀਆ ਨਹੀਂ ਕਰ ਪਾਉਂਦੇ। ਅਜਿਹੇ ਨੇਤਾਵਾਂ ਦੁਆਰਾ ਲਾਏ ਝੂਠੇ ਲਾਰਿਆਂ ਦੀ ਉਡੀਕ

ਕਰਨ ਤੋਂ ਬਿਨਾ ਆਮ ਜਨਤਾ ਕੋਲ ਕੁਝ ਬਚਦਾ ਵੀ ਨਹੀਂ। ਇਨ੍ਹਾਂ ਸਮੱਸਿਆਵਾਂ ਨੂੰ ਵੀ ਨਾਰੀ ਕਾਵਿ ਨੇ ਬਿਆਨ ਕੀਤਾ ਹੈ। ਇਸ ਸਬੰਧੀ ਡਾ. ਰਵਿੰਦਰ ਸਿੰਘ ਰਵੀ ਨੇ ਵੀ ਲਿਖਿਆ ਹੈ ਕਿ:

"ਇਹ ਮੌਜੂਦਾ ਪ੍ਰਬੰਧ ਅਖੌਤੀ ਜਮਹੂਰੀਅਤ ਦੀ ਉਭਰਵੀਂ ਸਿਫ਼ਤ ਹੈ ਕਿ ਇਹ ਹਰ ਬਾਲਗ ਸ਼ਖ਼ਸ ਨੂੰ ਮਿਲੇ ਵੋਟ ਅਧਿਕਾਰ ਨੂੰ ਵਿਸ਼ੇਸ਼ ਤੌਰ 'ਤੇ ਉਭਾਰਦਾ ਹੈ। ਹਕੀਕਤ ਇਹ ਹੈ ਕਿ ਬਿਨਾਂ ਤਾਕਤ ਅਤੇ ਧਨ ਦੇ ਕਮਜ਼ੋਰ ਹੱਥਾਂ ਵਿਚ ਵੋਟ ਕੋਈ ਤਾਕਤ ਨਹੀਂ ਬਣਦੀ। ਉਨ੍ਹਾਂ ਦੀ ਸੁਤੰਤਰ ਰਾਏ ਨੂੰ ਪ੍ਰਗਟ ਕਰਨ ਦਾ ਸਾਧਨ ਨਹੀਂ ਬਣ ਸਕਦੀ, ਸਗੋਂ ਉਨ੍ਹਾਂ ਦੀਆਂ ਮਜਬੂਰੀਆਂ ਦਾ ਬਿੰਬ ਹੋ ਨਿਬੜਦੀ ਹੈ। ਇਸ ਪ੍ਰਕਾਰ- ਇਸ ਕਾਵਿ ਨੇ ਬੁਰਜੁਆ ਵਿਵਸਥਾ ਦੇ ਯਤਨ ਉਨ੍ਹਾਂ ਰਾਜਸੀ ਸੰਕਲਪਾਂ ਜਿਨ੍ਹਾਂ ਨੂੰ ਇਸ ਵਿਵਸਥਾ ਨੂੰ ਅੰਤਿਮ ਸੱਚ ਸਥਾਪਿਤ ਕਰਨ ਲਈ ਯਤਨ ਕੀਤੇ ਨੂੰ ਕੇਵਲ ਖੋਖਲੇ ਸਿੱਧ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਸੰਕਲਪਾਂ ਦੇ ਉਲਟ ਸੱਚ ਨੂੰ ਪੇਸ਼ ਕੀਤਾ ਹੈ ਅਤੇ ਬੁਰਜੁਆ ਵਿਵਸਥਾ ਨੂੰ ਤਕੜੀ ਵਿਚਾਰਧਾਰਕ ਚੁਣੌਤੀ ਦਿੱਤੀ ਹੈ।"[5] ਇਸ ਤਰ੍ਹਾਂ ਆਪਣੇ ਹੱਕਾਂ ਲਈ ਜੂਝਦਾ ਸਮਕਾਲੀ ਨਾਰੀ ਕਾਵਿ ਹਾਲੇ ਵੀ ਰਾਜਨੀਤਿਕ ਸਥਾਪਿਤੀ ਲਈ ਜਮੀਨ ਤਲਾਸ਼ ਰਿਹਾ ਹੈ। ਵੱਡੇ ਪੱਧਰ ਤੇ ਨਾਰੀ ਜਾਤੀ ਦਾ ਰਾਜਨੀਤਿਕ ਖਿੇਰ ਵਿਚ ਨਾ ਮਾਤਰ ਦਖਲ ਸਮਕਾਲੀ ਨਾਰੀ ਕਾਵਿ ਦੇ ਰਾਜਨੀਤਿਕ ਰੂਪਾਂਤਰਨ ਨੂੰ ਉਭਾਰਦਾ ਹੈ। ਫੇਰ ਵੀ ਸੁਚੇਤ ਰੂਪ ਵਿਚ ਨਾਰੀ ਕਾਵਿ ਰਾਜਨੀਤਿਕ ਕਾਰਨਾਂ ਕਰਕੇ ਸਮਾਜ ਵਿਚ ਹੁੰਦੀ ਦੁਰਦਸ਼ਾ ਅਤੇ ਨੇਤਾਵਾਂ ਦੀਆ ਝੂਠੀਆਂ ਚਾਲਾਂ ਨੂੰ ਭਰਵੇਂ ਰੂਪ ਵਿਚ ਨੰਗਿਆ ਕਰਦਾ ਹੈ। ਪਰਵਾਸ ਧਾਰਨ ਕਰ ਚੁੱਕੀਆਂ ਸਮਕਾਲੀ ਪੰਜਾਬੀ ਨਾਰੀ ਕਵਿਤਰੀਆਂ ਨੇ ਭਾਰਤੀ ਰਾਜਨੀਤੀ, ਕਾਨੂੰਨ ਵਿਵਸਥਾ ਅਤੇ ਨਿਆਂ ਪ੍ਰਣਾਲੀ ਨੂੰ ਪੱਛਮੀ ਰਾਜਨੀਤਿਕ ਪ੍ਰਬੰਧਾਂ ਨਾਲ ਤੁਲਨਾ ਕੇ ਵੇਖਦਿਆਂ ਭਾਰਤੀ ਨਿਜ਼ਾਮ ਦੇ ਨਾਕਾਰਤਮਕ ਪੱਖਾਂ ਨੂੰ ਉਜਾਗਰ ਕੀਤਾ ਹੈ। ਲੋਕਤੰਤਰ ਦਾ ਘਾਣ ਕਰ ਰਹੀਆਂ ਸ਼ਕਤੀਆਂ ਜੋ ਤਾਨਾਸ਼ਾਹੀ ਰਵੱਈਏ ਅਪਣਾ ਕੇ ਲੋਕਤੰਤਰ ਵਰਗੀ ਮਿੱਥ ਦੀ ਸਿਰਜਣਾ ਕਰਦੀਆਂ ਹਨ ਤੇ ਕਰੜਾ ਵਿਅੰਗ ਕੀਤਾ ਹੈ। ਕਾਨੂੰਨ, ਨਿਆਂ ਸਿਰਫ ਸ਼ਬਦ ਬਣ ਕੇ ਕਿਤਾਬਾਂ ਵਿਚ ਰਹਿ ਗਿਆ ਹੈ। ਵਿਵਹਾਰਕ ਤੌਰ ਤੇ ਇਹਨਾਂ ਦਾ ਕੋਈ ਅਰਥ ਨਹੀ ਰਿਹਾ। ਨੇਤਾਵਾਂ ਦੁਆਰਾ ਪੈਦਾ ਕੀਤੀ ਗਈ ਅਜਿਹੀ ਦੁਰਦਸ਼ਾ ਦਾ ਚਿਤਰਨ ਨਾਰੀ ਕਾਵਿ ਵਿਚ ਸਹਿਜੇ ਹੀ ਹੋਇਆ ਹੈ। ਸੁਖਵਿੰਦਰ ਅੰਮ੍ਰਿਤ ਬਹੁਤ ਹੀ ਸੋਹਣੇ ਸ਼ਬਦਾਂ ਵਿਚ ਰਾਜਨੀਤਿਕ ਰੂਪਾਂਤਰਨ ਦਾ ਮੁਹਾਂਦਰਾ ਸਿਆਸੀ ਲੋਕਾਂ ਦੀ ਗੰਧਲੀ ਨੀਤੀ ਤੋਂ ਵੱਖਰੇ-ਵੱਖਰੇ ਬਿੰਬਾਂ ਦੁਆਰਾ ਉਭਾਰਦੀ ਹੋਈ ਕਹਿੰਦੀ ਹੈ ਕਿ:

"ਇੰਨ੍ਹਾਂ ਸੁੱਤਿਆਂ ਮਲਾਹਾਂ ਨੂੰ ਉਦੋਂ ਹੀ ਜਾਗ ਆਉਂਦੀ ਹੈ।
ਜਦੋਂ ਵੱਜੀਆਂ ਚਟਾਨਾਂ ਵਿਚ ਜਾ ਕੇ ਕਿਸ਼ਤੀਆਂ ਇਕ ਦਿਨ।"[6]

ਪੰਜਾਬ ਦੀ ਭੂਮੀ ਨੂੰ ਰਾਜਨੀਤਿਕ ਪੱਛੜੇਪਣ ਤੋਂ ਵਾਚਣ ਦੀ ਚੇਸ਼ਟਾ ਅਧੀਨ ਨਾਰੀ ਕਾਵਿ ਪੰਜਾਬ ਵਿਚ ਹੋਏ ਰਾਜਸੀ ਘਮਸਾਨ ਦੀ ਵਿਆਖਿਆ ਕਰਨ ਵੱਲ ਵੀ ਪ੍ਰੇਰਤ ਹੁੰਦੀ ਹੈ। ਸੁਰਜੀਤ ਸਖੀ ਰਾਜਨੀਤੀ ਦੇ ਰੂਪਾਂਤਰਨ ਨੂੰ ਸੂਖਮ ਵਿਅੰਗਮਈ ਬਿੰਬ ਦੁਆਰਾ ਉਭਾਰਦੀ ਹੈ। ਉਹ ਸਿਆਸਤਦਾਨ ਨੂੰ ਸੰਭਲ ਲਈ ਪ੍ਰੇਰਨਾ ਦਿੰਦੀ ਹੈ। ਉਹ ਸਿਆਸੀ ਲੀਡਰਾਂ ਨੂੰ ਕਥਨੀ ਤੇ ਕਰਨੀ ਵਿਚਲੇ ਆਏ ਅੰਤਰ ਬਾਰੇ ਜਾਣੂ ਕਰਵਾਉਂਦੀ ਹੋਈ ਕਹਿੰਦੀ ਹੈ ਕਿ:

"ਚਮਨ ਵਿਚ ਹਰ ਕਿਸੇ ਦੇ ਹੱਥ ਵਿਚ ਕਲੀਆਂ ਦੇ ਗਜਰੇ ਨੇ
ਬੜਾ ਚਰਚਾ ਸੀ ਇੱਥੇ ਫੁੱਲ ਤੋੜਨ ਦੀ ਮਨਾਹੀ ਦਾ।"[7]

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 103-115

ਭਾਰਤ ਦੀ ਰਾਜਸੀ ਜਮਾਤ ਦਾ ਪੰਜਾਬ ਨਾਲ ਸੰਬੰਧ ਅਤੇ ਪੰਜਾਬ ਦੀਆਂ ਰਾਜਨੀਤਿਕ ਧਿਰਾਂ ਦਾ ਆਪਸ ਵਿਚ ਵਿਰੋਧ ਤੇ ਖੰਡਿਤ ਸਵਰੂਪ ਨਾਰੀ ਕਾਵਿ ਦੀ ਅਭਿਵਿਅਕਤੀ ਦਾ ਹਿੱਸਾ ਬਣਕੇ ਉਭਰਦਾ ਹੈ। ਰਾਜਨੀਤੀ ਵਿਚ ਨਿੱਤ ਨਵੇਂ ਦਾਅ ਪੇਚ ਖੇਡਣ ਅਤੇ ਨਿੱਜੀ ਹਿੱਤਾਂ ਨੂੰ ਪ੍ਰਮੁੱਖਤਾ ਦੇਣ ਵਾਲੀਆਂ ਸਖਸ਼ੀਅਤਾਂ ਨੇ ਇਸ ਨੂੰ ਹੋਰ ਵੀ ਗੰਧਲਾ ਕਰ ਦਿੱਤਾ ਹੈ। ਅਜੋਕੇ ਦੌਰ ਵਿਚ ਰਾਜਨੀਤੀ ਨੂੰ ਕੇਵਲ ਮੁਨਾਫੇ ਅਤੇ ਨਿੱਜੀ ਲਾਭਾਂ ਤੱਕ ਮਹਿਦੂਦ ਕਰ ਦੇਣ ਨਾਲ ਇਸ ਵਿਚੋਂ ਮਨੁੱਖਤਾ ਦੀ ਸੇਵਾ ਵਾਲੇ ਤੱਤ ਖਾਰਜ ਹੋ ਗਏ ਹਨ। ਦਿਲ ਦੇ ਸਫੇ ਤੇ ਕਾਵਿ ਸੰਗ੍ਰਹਿ ਵਿਚ ਅਜਿਹੇ ਅਹਿਸਾਸਾਂ ਦੀ ਤਰਜਮਾਨੀ ਕਰਦੇ ਬਿੰਬ ਸਮਕਾਲੀ ਨਾਰੀ ਕਾਵਿ ਵਿਚ ਰਾਜਨੀਤਿਕ ਰੂਪਾਂਤਰਨ ਨੂੰ ਸਪੱਸ਼ਟ ਰੂਪ ਵਿਚ ਉਭਾਰਦੇ ਹਨ। ਜਿਵੇਂ ਕਿ:

"ਵਿਚ ਰਾਜਨੀਤੀ ਦਾਉ-ਪੇਚ ਖੇਡ ਕੇ
ਅਕਲ ਬੜੀ ਸ਼ੈਤਾਨ ਹੋ ਗਈ
ਗੁੰਡੇ, ਕਾਤਿਲ, ਚੋਰ ਉੱਚਕੇ ਹੀ ਆਮਦ
ਹੁਣ ਤਾ ਇਸ ਵਿਚ ਆਮ ਹੋ ਗਈ
ਨਫਾ ਨੁਕਸਾਨ ਦੇਖ ਦਲ ਬਦਲਣ
ਪਾਰਟੀ ਨਾ ਹੋਈ ਦੁਕਾਨ ਹੋ ਗਈ।"[8]

ਇਸ ਤਰ੍ਹਾਂ ਰਾਜਨੀਤਿਕ ਧਿਰਾਂ ਵਿਚੋਂ ਕਿਸੇ ਇੱਕ ਧਿਰ ਦਾ ਸੱਤਾ ਵਿਚ ਪ੍ਰਵੇਸ਼ ਹੋ ਜਾਣ ਤੋਂ ਬਾਅਦ ਸਮੁੱਚੇ ਆਰਥਿਕ ਵਸੀਲਿਆਂ ਤੇ ਕਬਜ਼ਾ ਕਰਕੇ ਕਿਰਸਾਨੀ ਆਦਿ ਦੀ ਕੀਤੀ ਲੁੱਟ-ਖਸੁੱਟ ਅਤੇ ਗਲਤ ਨੀਤੀਆਂ ਰਾਹੀਂ ਆਰਥਿਕ ਸੰਕਟ ਪੈਦਾ ਕਰਨ ਨੂੰ ਪ੍ਰਤੀਕਾਤਮਕ ਬਿੰਬਾਂ ਰਾਹੀਂ ਪੁਨਰ ਸਿਰਜਣ ਕੀਤਾ ਗਿਆ ਹੈ। ਅਨੂ ਬਾਲਾ ਵੀ ਰਾਜਨੀਤਿਕ ਰੂਪਾਂਤਰਨ ਤੋਂ ਸਿਆਸੀ ਨੇਤਾਵਾਂ ਨੂੰ ਵੰਗਾਰਦੀ ਹੋਈ ਚੇਤੰਨ ਕਰਦੀ ਹੈ ਕਿ ਇੰਨ੍ਹਾਂ ਮਜ਼ਲੂਮ ਲੋਕਾਂ ਨੂੰ ਤੁਸੀਂ ਦਬਲ-ਕੁਚਲ ਕੇ ਰੱਖਦੇ ਹੋ, ਇਕ ਨਾ ਇਕ ਦਿਨ ਇਹ ਤੁਹਾਡੇ ਮਹਿਲਾਂ ਦੇ ਦਰਵਾਜਿਆਂ ਤੱਕ ਪਹੁੰਚ ਹੀ ਜਾਣਗੇ। ਸੋ, ਵੱਖ-ਵੱਖ ਬਿੰਬਾਂ ਦੀ ਵਰਤੋਂ ਕਰਦੀ ਹੋਈ ਵਿਦਰੋਹੀ ਸੁਰ ਵਜੋਂ ਸੁਖਵਿੰਦਰ ਅੰਮ੍ਰਿਤ ਕਹਿੰਦੀ ਹੈ ਕਿ:

"ਕਿਤੇ ਚੱਲਿਆ ਹੈ ਮਜ਼ਲੂਮਾਂ ਤੇ ਆਰਾ ਹੁਕਮਰਾਨਾ ਦਾ
ਚਲਾ ਆਇਆ ਜੋ ਮਹਿਲਾਂ ਤੀਕ ਛੁੰਡ ਬਲਦੇ ਮਕਾਨਾਂ ਦਾ।"[9]

**3. ਸਮਾਜ-ਸਭਿਆਚਾਰਕ ਬਿੰਬਕਾਰੀ ਰੂਪਾਂਤਰਣ:** ਪੰਜਾਬੀ ਸਮਾਜ-ਸੱਭਿਆਚਾਰ ਦੀ ਅਮੀਰ ਵਿਰਾਸਤ ਦਾ ਰਾਜ ਲੰਬੇ ਸੰਘਰਸ਼ਦਾ ਨਤੀਜਾ ਹੈ। ਬੇਸ਼ਕ ਵਿਸ਼ਵੀਕਰਨ ਦੇ ਦੌਰ ਨਾਲ ਕਿਸੇ ਖ਼ਾਸ ਸਮਾਜ-ਸੱਭਿਆਚਾਰਕ ਦੀ ਥਾਂ ਮਿਸ਼ਰਿਤ/ਬਹੁ-ਸੱਭਿਆਚਾਰਕ ਵਰਤ-ਵਰਤਾਰੇ ਨੇ ਮਨੁੱਖੀ ਮਨ ਵਿਚ ਘਰ ਕੀਤਾ ਹੈ। ਪਰ ਸਥਾਨਕ/ਖੇਤਰੀ ਸਮਾਜ-ਸੱਭਿਆਚਾਰ ਦੀ ਮੌਲਿਕਤਾ ਦਾ ਉਥੋਂ ਦੀ ਮਨੁੱਖੀ ਜੀਵਨ ਸ਼ੈਲੀ ਨਾਲ ਅਟੁੱਟ ਰਿਸ਼ਤਾ ਹੈ। ਇਹ ਰਿਸ਼ਤਾ ਲਹੂ ਮਾਸ ਵਿਚ ਰਚੇ ਸਾਂਝ ਦੇ ਅਹਿਸਾਸ ਅਤੇ ਸਥਾਨਿਕ ਸਮਾਜ-ਸੱਭਿਆਚਾਰ ਦੀ ਮੌਲਿਕਤਾ ਨੂੰ ਹਮੇਸ਼ਾ ਕਾਇਮ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਮਾਜ-ਸੱਭਿਆਚਾਰ ਨਿਰੰਤਰ ਪਰਿਵਰਤਨਸ਼ੀਲ ਤੇ ਸੰਜੀਵ ਰੂਪ ਵਿਚ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 103-115

ਰਹਿਣ ਵਾਲਾ ਅਜਿਹਾ ਵਿਵਹਾਰਿਕ ਵਰਤ-ਵਰਤਾਰਾ ਹੈ, ਜਿਸ ਦੀ ਜਿੰਦਜਾਨ ਸਾਹਿਤ ਸਿਰਜਣਾ ਦੀਆਂ ਵੱਖ-ਵੱਖ ਵਿਧਾਵਾਂ ਵਿਚ ਹੁੰਦੀ ਹੈ। ਜਿਵੇਂ ਕਿ ਪੰਜਾਬੀ ਸਮਾਜ-ਸੱਭਿਆਚਾਰ ਦੇ ਅਨੇਕਾਂ ਅੰਸ਼ਾਂ ਨੂੰ ਸਮਕਾਲੀ ਨਾਰੀ ਕਾਵਿ ਨੇ ਆਪਣੀ ਕਾਵਿਕ ਅਭਿਵਿਅਕਤੀ ਲਈ ਪ੍ਰਯੋਗ ਕਰਕੇ ਇਸਦਾ ਸਾਰਥਿਕ ਰੂਪਾਂਤਰਣ ਕਰਕੇ ਆਪਣੇ ਅਗਾਹ ਵਧੂ ਖਿਆਲਾਂ ਦਾ ਪ੍ਰਗਟਾਵਾ ਕੀਤਾ ਹੈ। ਸਮਾਜ-ਸੱਭਿਆਚਾਰ ਵਿਚ ਪਸਰੀ ਲੋਕ ਸ਼ਬਦਾਵਲੀ ਦਾ ਅਜੋਕੀਆਂ ਸਥਿਤੀਆਂ ਦੇ ਅਨੁਕੂਲ ਪ੍ਰਯੋਗ, ਵਿਸ਼ਵ ਪੱਧਰ ਤੇ ਪੰਜਾਬੀ ਨਾਰੀ ਕਾਵਿ ਦੀ ਪਛਾਣ ਅਤੇ ਇਸਦਾ ਬਹੁ ਦਿਸ਼ਾਵੀ ਚਿੰਤਨ ਨਾਰੀ ਸੰਵੇਦਨਾ ਦਾ ਹੀ ਪ੍ਰਤਿ ਫਲ ਹੈ। ਵਿਸ਼ਵ ਪੱਧਰ ਤੇ ਪ੍ਰਚੰਡ ਵਰਤਾਰਿਆਂ ਦੀ ਟੋਹ ਦਾ ਸੂਚਕ ਸਮਾਜ-ਸੱਭਿਆਚਾਰਕ ਪਹਿਲੂਆਂ ਦਾ ਰੂਪਾਂਤਰਣ ਨਾਰੀ ਕਾਵਿ ਵਿਚ ਵੱਖਰੇ-ਵੱਖਰੇ ਬਿੰਬਾਂ ਦੀ ਵਰਤੋਂ ਦੁਆਰਾ ਉਭਰਦਾ ਦਿਖਾਈ ਦਿੰਦਾ ਹੈ। ਬਦਲ ਰਹੇ ਸੰਸਾਰ ਦੇ ਸੰਕਲਪ ਨੇ ਵਿਸ਼ਵ ਵਿਚ ਮੌਜੂਦ ਸਾਰੇ ਸੱਭਿਆਚਾਰਕ ਵਰਤਾਰਿਆਂ ਨੂੰ ਪ੍ਰਭਾਵਿਤ ਕੀਤਾ ਹੈ। ਹਰ ਧਰਾਤਲ ਦੇ ਸਮਾਜ-ਸੱਭਿਆਚਾਰ ਵਿਚ ਤਬਦੀਲੀਆਂ ਦਾ ਦੌਰ ਤੇਜ਼ੀ ਵਲ ਵਧ ਰਿਹਾ ਹੈ ਅਜਿਹੇ ਮੌਕੇ ਪੰਜਾਬੀ ਲੋਕ ਜੀਵਨ ਵੀ ਸਮਕਾਲੀ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ: ''ਸਭਿਆਚਾਰਕ ਰੂਪਾਂਤਰਣ ਵਿਚ ਇਕ ਵਰਣਨਯੋਗ ਪਹਿਲੂ ਇਹ ਹੈ ਕਿ ਆਧੁਨਿਕ ਯੁੱਗ ਵਿਚ ਇਸ ਅਮਲ ਦਾ ਮੂਲ ਸੋਮਾ ਗਤੀਕਾਰ ਅੰਦਰੂਨੀ ਸਹਿਜ ਵਿਕਾਸ ਨਾਲੋਂ ਵੱਧ ਬਹਿਰੂਨੀ ਰਾਜਸੀ ਸ਼ਕਤੀਆਂ, ਆਰਥਿਕ ਪਰਿਸਥਿਤੀਆਂ, ਵਿਗਿਆਨਕ ਲੱਭਤਾਂ, ਤਕਨੀਕੀ ਉਨਤੀ ਤੇ ਸਭਿਆਚਾਰਕ ਹਮਲੇ ਹੈ।''[10]

ਸਮਕਾਲੀ ਨਾਰੀ ਕਾਵਿ ਪਾਰੰਪਰਕ ਬਿੰਬਾਂ ਨੂੰ ਤੋੜਦਾ ਹੋਇਆ ਵਰਤਮਾਨ ਸਮਾਜ-ਸਭਿਆਚਾਰਕ ਵਰਤ-ਵਿਵਹਾਰਿਕ ਸਰੋਕਾਰਾਂ ਨੂੰ ਵੱਖਰੇ=ਵੱਖਰੇ ਬਿੰਬਾਂ ਤੋਂ ਰੂਪਾਂਤਰਨ ਵਜੋਂ ਉਭਾਰਦਾ ਹੈ। ਉੱਤਰ-ਨਾਰੀਵਾਦੀ ਸੰਕਲਪ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਹ ਸਮਾਜ-ਸਭਿਆਚਾਰ ਉੱਤਰ-ਨਾਰੀਵਾਦ ਰਾਹੀਂ ਸਮੇਂ ਦੀ ਹਕੀਕਤ ਦੇ ਅਰਥਾਂ ਤੋਂ ਜਾਣੂ ਕਰਵਾਉਂਦਾ ਹੈ। ਇਸ ਤਰਾਂ ਸਮਕਾਲੀ ਨਾਰੀ ਕਾਵਿ ਪੁਰਾਤਨ ਪੰਜਾਬੀ ਸਮਾਜ-ਸਭਿਆਚਾਰ ਦੇ ਬਦਲਾਅ ਨੂੰ ਪੇਸ਼ ਕਰਦਾ ਹੈ। ਜਿਸ ਵਿਚ ਛੋਟਾ ਬੱਚਾ ਜੋ ਅੱਜ ਵੀਹਵੀਂ ਸਦੀ ਦੇ ਅਖੀਰਲੇ ਤਿੰਨ ਦਹਾਕਿਆਂ ਵਿਚ ਸਵੇਰੇ ਦੁੱਧ ਲੱਸੀ ਦੀ ਮੰਗ ਕਰਦਾ ਸੀ। ਪਰ ਹੁਣ ਦੇ ਉਤਰ-ਆਧੁਨਿਕ ਸਮੇਂ ਦਾ ਬੱਚਾ ਦਵਾਈ ਨਾਲ ਨਾਸ਼ਤਾ ਕਰਦਾ ਹੈ। ਅਜੋਕਾ ਮਨੁੱਖ ਇਸ ਮਾਹੌਲ ਵਿਚ ਵਿਚਰਿਆਂ ਕੇਵਲ ਆਪਣੀਆਂ ਸਮਾਜ-ਸੱਭਿਆਚਾਰਕ ਨੈਤਿਕ ਕਦਰਾਂ-ਕੀਮਤਾਂ ਤੋਂ ਵਿਹੂਣਾ ਨਹੀਂ ਹੋਇਆ, ਸਗੋਂ ਪੰਜਾਬੀ ਸਮਾਜ-ਸਭਿਆਚਾਰਕ ਵਰਤ-ਵਰਤਾਰੇ ਤੋਂ ਵੀ ਵਿਰਵਾ ਹੋ ਗਿਆ ਹੈ। ਜਗਦੀਪ ਕੋਰ ਅਹੂਜਾ ਵਰਗੀਆਂ ਕਵਿਤਰੀਆਂ ਸਮਾਜ-ਸੱਭਿਆਚਾਰਕ ਮਾਹੌਲ ਨੂੰ ਅੱਜ ਵੀ ਆਵਾਜ਼ ਮਾਰਦੀਆ ਹਨ। ਜਿਵੇਂ ਕਿ:

"ਸੁੰਞੀ ਪਈ ਹੈ ਅੱਜ ਕਿਉ
ਪਿੰਡ ਦੇ ਬੋਹੜ ਬਾਬੇ
ਪਾਉਣੀ ਭੁਲ ਗਏ ਕੱਥ ਕਿਉਂ
ਦਾਦੀ ਕੀ ਸੁਣਾਏ ਬਾਤ ਵੇ
ਟੀ.ਵੀ ਦੇ ਸਿਰਹਾਣੇ ਬੀਤ ਦੀ
ਬੱਚਿਆਂ ਦੀ ਅੱਧੀ ਰਾਤ ਵੇ।"[11]

ਇਸ ਤਰ੍ਹਾਂ ਸਮਕਾਲੀ ਨਾਰੀ ਕਾਵਿ ਨਵੇਂ-ਨਵੇਂ ਬਿੰਬਾਂ ਰਾਹੀਂ ਸਮਾਜ-ਸਭਿਆਚਾਰ ਰੂਪਾਂਤਰਨ ਦੀ ਤਲਾਸ਼ ਵਿਚ ਹੈ। ਇਸ ਕਾਵਿ ਵਿਚ ਲਘੂ ਮਨੁੱਖ ਦੀ ਟੁੱਟਦੀ ਮਾਨਸਿਕਤਾ ਨੂੰ ਪੇਸ਼ ਕੀਤਾ ਜਾਂਦਾ ਹੈ। ਇਸ ਸੰਸਾਰੀ ਕਰਵਟ ਵਿਚ ਕਵਿਤਾ ਨੇ ਵੀ ਆਪਣੇ ਰਵੱਈਏ ਨੂੰ ਬਦਲਿਆ ਹੈ। ਜੋ ਕਵਿਤਾ ਰੱਬੀ ਸੰਕਲਪਾਂ ਅਤੇ ਪ੍ਰੇਮ ਸੰਬੰਧਾਂ ਦੀ ਵਲਗਣ ਵਿਚ ਸੀ ਉਹ ਕਵਿਤਾ ਹੁਣ ਸਾਇੰਸ ਅਤੇ ਤਕਨਾਲੋਜੀ ਨਾਲ ਜੁੜ ਗਈ ਹੈ। ਵਿਗਿਆਨਕ ਖੋਜਾਂ ਨੇ ਭਾਰਤੀ ਵਿਰਸੇ ਅਤੇ ਸੰਸਕ੍ਰਿਤੀਆਂ ਉੱਪਰ ਪ੍ਰਸ਼ਨ ਚਿੰਨ੍ਹ ਲਾਏ ਹਨ। ਜਾਗਰੂਕ ਕਵੀ ਵੀ ਵਰਤਮਾਨ ਸਥਿਤੀਆਂ-ਪਰਿਸਥਿਤੀਆ ਦਾ ਜਾਇਜ਼ਾ ਲੈ ਕੇ ਭਵਿੱਖ ਮਈ ਸਰੋਕਾਰਾਂ ਨਾਲ ਸਾਂਝ ਸਥਾਪਿਤ ਕਰਦਾ ਹੈ। ਸਮਕਾਲੀ ਨਾਰੀ ਕਾਵਿ ਚਿੰਤਨ ਵੀ ਪਾਪੂਲਰ ਸਮਾਜ-ਸਭਿਆਚਾਰ ਤਕਨਾਲੋਜੀ ਨਾਲ ਸਾਂਝ ਸਥਾਪਿਤ ਕਰਦੇ ਹਨ। ਉਹਨਾਂ ਅਨੁਸਾਰ ਵੀ ਖੋਜ ਸਾਮਗ੍ਰੀ ਵਿਚ ਵੀ ਬਹੁਤ ਵੱਡਾ ਅੰਤਰ ਵਾਪਰਿਆ ਹੈ। ਵਨੀਤਾ ਵੀ ਆਪਣੇ ਕਾਵਿ ਵਿਚ ਸਮਕਾਲੀ ਸਮਾਜ-ਸਭਿਆਚਾਰ ਤਬਦੀਲੀ ਨੂੰ ਪੰਜਾਬੀ ਕਵਿਤਾ ਵਿਚ ਵੱਖ-ਵੱਖ ਬਿੰਬਾਂ ਰਾਹੀਂ ਪੇਸ਼ ਕਰਦੀ ਹੈ। ਜਿਵੇਂ ਕਿ:

"ਇਕੀਵੀਂ ਸਦੀ 'ਚ
ਮਨੁੱਖ ਅੰਡੇ 'ਚ ਪੈਦਾ ਹੋਣਗੇ
ਅੰਡਾ ਫੁੱਟੇਗਾ
ਮਨੁੱਖ ਨਿਕਲੇਗਾ
ਮਨੁੱਖ ਖੇਤਾਂ ਵਿਚ
ਬੀਜਾਂ ਵਾਂਗ ਬੀਜੇ ਜਾਣਗੇ ਤੇ ਉਗਣਗੇ
................. ਲੋਕ ਵਿਰਸਾ ਅੰਡੇ ਫੋੜ ਫੋੜ ਵੇਖੇਗਾ
ਮਨੁੱਖ ਨੂੰ ਲੱਭੇਗਾ
ਇਕੀਵੀਂ ਸਦੀ ਦਾ ਚੂਜ਼ਾ
ਵਿਰਸੇ ਦੀ ਪਹਿਚਾਨ ਤੇ ਹੱਸੇਗਾ
ਤੇ ਆਖਗੇ
ਕੀ ਲੱਭਦੇ ਹੋ ਸਰ?
ਕੀ ਅੰਡੇ ਆਲੂ ਲਗਦੇ ਜੇ?[12]

ਇਸ ਤਰ੍ਹਾਂ ਆਧੁਨਿਕ ਤਕਨੀਕ ਨੇ ਸਮਾਜ-ਸੱਭਿਆਚਾਰਕ ਰਵਾਇਤੀ ਵਿਰਸੇ ਨੂੰ ਖਾ ਲਿਆ ਹੈ। ਇਨਸਾਨ ਦਾ ਆਲਾ ਦੁਆਲਾ ਰਹਿਣ-ਸਹਿਣ, ਖਾਣ-ਪੀਣ, ਪਹਿਨਣ ਸਭ ਕੁਝ ਬਦਲ ਚੁੱਕਾ ਹੈ। ਸਮਕਾਲੀ ਨਾਰੀ ਕਾਵਿ ਪਰੰਪਰਾ ਨੂੰ ਤੋੜ ਕੇ ਨਵੇਂ ਨਵੇਂ ਬਿੰਬ ਰਾਹੀਂ ਵਰਤਮਾਨ ਸਥਿਤੀਆਂ-ਪਰਿਸਥਿਤੀਆਂ ਨੂੰ ਜ਼ਾਹਿਰ ਕਰਦੀ ਹੋਈ ਸਮਾਜ-ਸਭਿਆਚਾਰਕ ਰੂਪਾਂਤਰਨ ਤੋਂ ਮਨੁੱਖ ਦੀ ਮਾਨਸਿਕ ਸਥਿਤੀ-ਪ੍ਰਸਥਿਤੀ ਨੂੰ ਬਿਆਨਦੀ ਹੈ। ਸਾਡਾ ਲੋਕ ਵਿਰਸਾ ਇਸ ਸ਼ਾਨ ਤੇ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 103-115

ਸਮਾਜ-ਸੱਭਿਆਚਾਰ ਦੇ ਜੀਵੰਤ ਤੱਤਾਂ ਦੇ ਰੂਪ ਵਿਚ ਵਿਚਰਦਾ ਇਸ ਦੀ ਮੌਲਿਕਤਾ ਅਤੇ ਖੂਬੀ ਦੀ ਹਮੇਸ਼ਾ ਗਵਾਹੀ ਭਰਦਾ ਰਿਹਾ ਹੈ, ਪਰ ਸਮਕਾਲੀ ਦੌਰ ਵਿਚ ਜੋ ਇਸਦਾ ਬਦਲ ਪ੍ਰਾਪਤ ਹੈ। ਉਸਨੇ ਮਾਨਵੀ ਸੰਵੇਦਨਾ ਨੂੰ ਅਤੀਤ ਵੱਲ ਝਾਕਨ ਲਈ ਮਜ਼ਬੂਰ ਕੀਤਾ ਹੈ।, ਉਹ ਨਿਰੱਛਲਤਾ, ਅਹਿਸਾਸ ਮਈ ਤੇ ਆਪੇ ਉਸਦੀ ਚਾਵਾਂ ਭਰੀ ਜ਼ਿੰਦਗੀ ਦੇ ਮੁਕਾਬਲੇ ਹੁਣ ਦੀ ਜੀਵਨ ਸ਼ੈਲੀ ਨੀਰਸ ਰੁੱਖੀ ਤੇ ਬੇ-ਰਸ ਹੈ

"ਹੁਣ ਤਾਂ ਇਸ ਖੂਹ ਦੀ ਮੌਣ ਤੇ
ਕੋਈ ਕੁੰਡਾ ਨਹੀਂ ਖੜਕਦਾ
ਹੁਣ ਤਾਂ ਇਹ ਦੇ ਉਪਰ ਕੋਈ ਦੀਵਾ ਨਹੀਂ ਧਰਦਾ
ਹੁਣ ਤਾਂ ..........।"[13]

"ਖੂਹਾਂ ਉਤੇ ਡੋਲ ਨਾ ਖੜਕਣ
ਖੂਹ ਨਾ ਭਰ ਤੇ
ਮਿੱਟੀ ਬਣ ਗਏ।"[14]

ਉਪਰੋਕਤ ਕਵਿਤਾਵਾਂ ਵਿਚ ਪੰਜਾਬੀ ਸਮਾਜ-ਸੱਭਿਆਚਾਰ ਦੀ ਬਦਲਦੀ ਨੁਹਾਰ ਬਾਰੇ ਗੱਲ ਹੋਈ ਹੈ। ਸਮਾਜ-ਸੱਭਿਆਚਾਰਕ ਬਿੰਬਾਂ ਜਿਵੇਂ ਦਾਦੀ ਦੀਆਂ ਬਾਤਾਂ, ਕਬੂਤਰ, ਹੱਥ ਚਿੱਠੀ ਪਾਉਣਾਂ, ਸੁਹਾਗਣਾਂ ਦੇ ਸ਼ਗਨ ਦੇ ਹਵਾਲੇ ਨਾਲ ਅਤੇ ਬਦਲ ਰਹੇ ਰੁਝਾਨਾਂ ਜਿਵੇ ਟੀ.ਵੀ ਦਾ ਪ੍ਰਚਲਨ, ਫੋਨਾਂ ਦੀ ਵਰਤੋਂ ਆਦਿ ਤੱਥਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਸੰਵੇਦਨਸ਼ੀਲ ਪ੍ਰਵਿਰਤੀ ਤੋਂ ਪਰੰਪਕ ਸਮਾਜ-ਸੱਭਿਆਚਾਰ ਦੇ ਗੁੰਮ ਹੋ ਰਹੇ ਵਰਤ-ਵਰਤਾਰਿਆਂ ਦੇ ਪਛਾਣ ਚਿੰਨ੍ਹਾਂ ਦੀ ਪੀੜ ਨੂੰ ਵਿਆਕਤ ਕੀਤਾ ਗਿਆ ਹੈ। ਪੰਜਾਬੀ ਸਮਾਜ ਵਿਚ ਆਏ ਬਦਲਾਵਾਂ ਨੇ ਇਸਦੇ ਵੱਖ-ਵੱਖ ਖੇਤਰਾਂ ਤੇ ਆਪਣਾ ਅਸਰ ਪਾ ਕੇ ਸਮਾਜ ਦੀ ਨਵੇਂ ਸਿਰਿਉਂ ਵਿਉਂਤਬੰਦੀ ਕੀਤੀ ਹੈ। ਸਮਕਾਲੀ ਸਮੇਂ ਵਿੱਚ ਸਮਾਜ-ਸੱਭਿਆਚਾਰ ਵਿਚ ਗਤੀਸ਼ੀਲ ਮਾਨਵੀ ਹੋਂਦ ਸੰਯੁਕਤ ਵਰਤ-ਵਰਤਾਰਿਆਂ ਨੂੰ ਸੰਬੰਧਿਤ ਹੁੰਦੀ ਹੈ। ਸਥਾਨਕ ਜਾਂ ਵਿਅਕਤੀਗਤ ਪਛਾਣਾਂ ਦੀ ਥਾਂ ਜਮਾਤੀ ਪਛਾਣ ਅਜੋਕੇ ਵਪਾਰ ਅਤੇ ਮੰਡੀ ਦੀ ਦੇਣ ਹੈ, ਪਰ ਨਾਲ ਹੀ ਵਿਆਹ ਲਈ ਸੱਤ ਸੁਹਾਗਣਾਂ ਦੇ ਸ਼ਗਨ ਕਰਨ ਦੀ ਥਾਂ ਪਾਰਲਰਾਂ ਨੇ ਲੈ ਲੈਈ, ਖੇਡਣ-ਮੱਲਣ, ਇਕੱਠ, ਮੇਲੇ, ਤਿੰਞਣ, ਵਿਆਹ ਆਦਿ ਪੇਂਡੂ ਸਮਾਜ-ਸਭਿਆਚਾਰ ਦੀ ਭਾਈਚਾਰਕ ਸਾਂਝ ਦਾ ਟੁੱਟਣਾ, ਸਾਡੇ ਟੁੱਟ ਰਹੇ ਸੰਬੰਧਾਂ ਦੀ ਗਵਾਹੀ ਭਰਦੇ ਹਨ। ਅਜੋਕੇ ਯੁੱਗ ਵਿਚ ਇਨ੍ਹਾਂ ਦੀਆਂ ਸੁਘੜਦੀਆਂ ਅਤੇ ਅਲੋਪ ਹੁੰਦੀਆਂ ਵੰਨਗੀਆਂ ਦਾ ਫ਼ਿਕਰ ਨਵੇਂ ਵਰਤੇ ਗਏ ਬਿੰਬਾਂ ਰਾਹੀਂ ਸਪੱਸ਼ਟ ਹੁੰਦਾ ਹੈ। ਲੋਕਧਾਰਾ ਵਿਚ ਸਿਰਜੇ ਗਏ ਵਿਸ਼ਵਾਸ਼ਾਂ ਪ੍ਰਤਿ ਪੰਜਾਬੀ ਸਮਾਜ-ਸਭਿਆਚਾਰ ਦੇ ਅਰਥਾਂ ਵਿਚ ਵੀ ਫਰਕ ਆਇਆ ਹੈ। ਲੋਕਧਾਰਾ ਨੂੰ ਵਿਗਿਆਨਿਕ ਢੰਗ ਨਾਲ ਸਮਝਣ ਦੀ ਪ੍ਰਵਿਰਤੀ ਨੇ ਇਨ੍ਹਾਂ ਦੀ ਮਾਨਤਾ ਨੂੰ ਘਟਾਇਆ ਹੈ। ਸਮਕਾਲੀ ਪੰਜਾਬੀ ਨਾਰੀ ਕਾਵਿ ਵਿਚ ਇਸ ਪ੍ਰਤਿ ਵੱਖਰੀ ਪਹੁੰਚ ਨੇ ਨਵੇਂ ਬਿੰਬਾਂ ਰਾਹੀਂ ਮਾਨਵਤਾ ਵਿਚਲੇ ਸਜੀਵ ਅਹਿਸਾਸਾਂ ਨੂੰ ਰੂਪਾਂਤਰਨ ਵਜੋਂ ਸਾਕਾਰ ਕੀਤਾ ਹੈ। ਜਿਵੇਂ ਕਿ:

"ਟੁਟਦੇ ਤਾਰੇ ਨੂੰ ਦੇਖ

Volume: 11, March 2025 ISSN: 2394-0980
PP: 103-115

ਮਾਂ ਨੇ ਕਿਹਾ ਥੁੱਕ ਦੇ, ਟੁਟਦਾ ਤਾਰਾ ਵੇਖਣ ਮਾੜਾ ਹੁੰਦੇ

ਸਹੇਲੀ ਨੇ ਕਿਹਾ

ਅੱਖਾਂ ਬੰਦ ਕਰ ਕੁਝ ਮੰਗ ਲੈ

ਟੁੱਟ ਦਾ ਤਾਰਾ ਦੇਖ, ਜੇ ਕੁਝ ਮੰਗੀਏ ਤਾਂ ਪੂਰਾ ਹੁੰਦੈ

ਅੰਬਰ ਨੇ ਕਿਹਾ

ਜਦੋਂ ਮੈਂ ਹਉਕਾ ਭਰਦੈ

ਤਾਂ ਮੇਰੀਆ ਅੱਖਾਂ ਦਾ ਅੱਥਰੂ ਤਾਰਾ ਟੁੱਟ ਜਾਂਦੇ

ਮੈਂ ਥੁੱਕਿਆ

ਅੱਖਾਂ ਬੰਦ ਕੀਤੀਆਂ ਤੇ ਮੰਗਿਆ

ਕਿ ਅੰਬਰ ਨੂੰ ਕਦੇ ਹਉਕਾ ਨਾ ਭਰਨਾ ਪਵੇ।“[16]

ਇਸ ਵਿਚ ਨਾਰੀ ਮਨ ਅੰਦਰਲੇ ਤਿੜਕੇ ਅਹਿਸਾਸਾਂ ਦੀ ਵੇਦਨਾ ਨੂੰ ਪ੍ਰਗਟਾਉਣ ਲਈ ਬ੍ਰਹਿਮੰਡ ਦੀ ਚੇਤਨਾ ਪ੍ਰਤਿ ਕਿਆਸੇ ਅਹਿਸਾਸਾਂ ਰਾਹੀਂ ਨਾਰੀ ਮਨੋਸੰਵੇਦਨਾ ਦਾ ਇਜ਼ਹਾਰ ਮੌਲਿਕ ਬਿੰਬਾਂ ਦੀ ਪੇਸ਼ਕਾਰੀ ਰਾਹੀਂ ਰੂਪਾਂਤਰਨ ਵਜੋਂ ਸਪੱਸ਼ਟ ਉਭਰਦਾ ਹੈ। ਸਮਾਜ-ਸਭਿਆਚਾਰ ਵਿਚ ਔਰਤ ਨੇ ਆਪਣੀ ਹੋਂਦ ਨੂੰ ਦਰਸਾਉਣ ਲਈ ਰਵਾਇਤੀ ਬਿੰਬਾਂ ਦੀ ਤੋੜ ਕੇ ਨਵੇਂ ਸਿਰੇ ਤੋਂ ਪੇਸ਼ਕਾਰੀ ਕੀਤੀ ਹੈ। ਇਸ ਵਿਚ ਕਾਵਿ ਦੀ ਖੂਬਸੂਰਤੀ ਅਤੇ ਸੁਹਜ ਰੂਪਾਂਤਰਨ ਵਜੋਂ ਝਲਕਦਾ ਦਿਖਾਈ ਦਿੰਦਾ ਹੈ:

“ਮੈ ਕੁੜੀ ਹੁਣ ਚਿੜੀ ਨਹੀਂ ਹਾਂ, ਜੋ ਹਰ ਵੇਲੇ ਤ੍ਰਹਿੰਦੀ ਰਹੇ।

ਕਾਵਾਂ ਤੋਂ ਬਾਜਾਂ ਤੋਂ, ਸ਼ਹਿ-ਸ਼ਹਿ ਬਹਿੰਦੀ

ਮੇਰੇ ਧਰਮੀ ਬਾਬਲ! ਤੂੰ ਮੈਨੂੰ ਕਿਸੇ ਪੁਰਾਣੇ ਜਿਹੇ ਜਹਾਜ

ਨਾ ਬਿਠਾਇਆ ਕਰ

ਤੇ ਪਿੰਡਾਂ ਦੇ ਲਾਲਚ ਐਵੇਂ ਕਿਸੇ ਬੁੱਢੜੇ ਦਾ ਲੜ ਨਾ ਲਾਇਆ ਕਰ।“[17]

ਆਧੁਨਿਕ ਯੁੱਗ ਦੀਆਂ ਤਬਦੀਲੀਆਂ ਨੇ ਰੋਜ਼ਾਨਾਮਈ ਜ਼ਿੰਦਗੀ ਵਿਚ ਵੱਡੇ ਬਦਲਾਅ ਕੀਤੇ ਹਨ, ਪਰ ਆਮ ਬੱਚਿਆਂ ਦੇ ਸਮਾਜ-ਸਭਿਆਚਾਰ ਵਿਚ ਵਿਚਰਨ ਦੇ ਪੂਰਵਲੇ ਸਮੀਕਰਨ ਬਿਲਕੁਲ ਬਦਲ ਗਏ ਹਨ। ਜਿਵੇਂ ਕਿ:

“ਸਕੂਲਾਂ ਤੋਂ ਆਉਂਦੇ

ਟਿਊਸ਼ਨਾ ਤੇ ਜਾਂਦੇ

ਹੋਮ ਵਰਕ ਮੁਕਾਉਂਦੇ

ਚਾਕਲੇਟ ਖਾਂਦੇ

ਟੀ.ਵੀ ਤੇ ਕਾਰਟੂਨ ਦੇਖਦੇ

ਇੰਟਰਨੈੱਟ ਤੇ ਖੇਡਦੇ

ਰੁਕਾਵਟਾਂ ਫਲਾਈ ਉਵਰਾਂ ਭਰੀਆਂ

ਉਮਰੋਂ ਵੱਡੀਆ ਖੇਡਾਂ

ਸਮਰੱਥ ਬਣਦੇ ..................।"[18]

ਉਪਰੋਕਤ ਰੂਪ ਵਿਚ ਇਹ ਕਹਿ ਸਕਦੇ ਹਾਂ ਕਿ ਸਮਕਾਲੀ ਨਾਰੀ ਕਾਵਿ ਵਿਚ ਧਾਰਮਕਿ, ਰਾਜਨੀਤਿਕ ਅਤੇ ਸਮਾਜ-ਸਭਿਆਚਾਰਕ ਬਿੰਬਕਾਰੀ ਰੂਪਾਂਤਰਨ ਮਨੁੱਖੀ ਮਨ ਤੋਂ ਲੈ ਕੇ ਦੇਹ ਤੱਕ ਵਾਪਰਿਆ ਵਿਚਾਰਧਾਰਕ ਪਹੁੰਚ ਤੋਂ ਮੁਖ਼ਾਤਿਬ ਹੀ ਨਹੀਂ ਹੁੰਦਾ, ਸਗੋਂ ਮਨੁੱਖੀ ਮੁਕਤੀ ਲਈ ਵਿਚਾਰਧਾਰਕ ਸੰਘਰਸ਼ ਵੀ ਕਰਦਾ ਹੈ। ਇਹ ਸੰਘਰਸ਼ ਸਟੇਟ, ਕਾਰਪੋਰੇਟਸ, ਪੂੰਜੀਵਾਦ, ਰਾਸ਼ਟਰਵਾਦ ਤੇ ਉੱਤਰ ਆਧੁਨਿਕਵਾਦ ਸਿਧਾਂਤਕ ਪੱਖਾਂ ਨਾਲ ਵੀ ਸੰਬੰਧ ਰੱਖਦਾ ਹੈ। ਇਸ ਤਰ੍ਹਾਂ ਸਮਕਾਲੀ ਨਾਰੀ ਕਾਵਿ ਧਾਰਮਿਕ ਪਾਖੰਡ, ਸਮਾਜ-ਸਭਿਆਚਾਰਕ ਜੀਵਨ ਸ਼ੈਲੀ, ਰਾਜਨੀਤਿਕ ਬੁਰਾਈਆਂ ਨੂੰ ਚੇਤਨ ਰੂਪ ਵਿਚ ਰੂਪਾਂਤਰਨ ਵਜੋਂ ਉਭਾਰ ਰਿਹਾ ਹੈ। ਆਸ ਕੀਤੀ ਜਾਂਦੀ ਹੈ ਕਿ ਸਮਕਾਲੀ ਨਾਰੀ ਕਾਵਿ ਆਪਣੀਆਂ ਸਥਿਤੀਆਂ-ਪ੍ਰਸਥਿਤੀਆਂ ਬਾਰੇ ਰੂਪਾਂਤਰਨ ਵਜੋਂ ਚੇਤਨਤਾ ਦੇ ਮਿਆਰ ਹੋਰ ਸਥਾਪਤ ਕਰੇਗਾ।

**ਹਵਾਲੇ**

1. ਸੁਖਵਿੰਦਰ ਅੰਮ੍ਰਿਤ, ਕਣੀਆਂ, ਪੰਨਾ-43
2. ਉਹੀ, ਹਜ਼ਾਰ ਰੰਗਾਂ ਦੀ ਲਾਟ, ਪੰਨਾ-57
3. ਅਰਤਿੰਦਰ ਸੰਧੂ, ਕਦੇ ਕਦਾਈਂ, ਪੰਨਾ 36
4. ਮਨਜੀਤ ਇੰਦਰਾ, ਅੰਤਹਕਰਣ, ਪੰਨਾ-17
5. ਰਵਿੰਦਰ ਸਿੰਘ ਰਵੀ, ਵਿਰਸਾ ਤੇ ਵਰਤਮਾਨ, ਪੰਨਾ-121
6. ਸੁਖਵਿੰਦਰ ਅੰਮ੍ਰਿਤ, ਹਜ਼ਾਰਾ ਰੰਗਾਂ ਦੀ ਲਾਟ, ਪੰਨਾ-11
7. ਸੁਰਜੀਤ ਸਖੀ, ਮੈਂ ਸਿਕੰਦਰ ਨਹੀਂ, ਪੰਨਾ-24
8. ਦਲਜੀਤ ਕੌਰ ਦਾਊ, ਧਰਤ ਕਲੇਜੇ ਪੀੜ, ਪੰਨਾ-59
9. ਅਨੂਬਾਲਾ, ਕਿਰਨਾ ਦਾ ਝੁਰਮਟ, ਪੰਨਾ-67
10. ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ-64
11. ਜਗਦੀਪ ਕੌਰ ਅਹੂਜਾ, ਕਾਨੀ ਕਸਕ, ਪੰਨਾ-41

12. ਵਨੀਤਾ, ਮੰਦਰ ਸਪਤਕ, ਪੰਨਾ-42
13. ਪਾਲ ਕੌਰ, ਸਵੀਕਾਰ ਤੋਂ ਬਾਦ, ਪੰਨਾ-58
14. ਦਲਜੀਤ ਕੌਰ ਦਾਊ, ਧਰਤ ਕਲੇਜੇ ਪੀੜ, ਪੰਨਾ-22
15. ਉਹੀ,
16. ਉਹੀ,
17. ਉਹੀ, ਪੰਨਾ-101

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 116-121

# ਮੀਡੀਆ ਦੀ ਭਾਸ਼ਾ: ਉੱਤਰ ਆਧੁਨਿਕ ਪਰਿਪੇਖ

**ਡਾ. ਗੁਰਪ੍ਰੀਤ ਕੌਰ**
**ਅਸਿਸਟੈਂਟ ਪ੍ਰੋਫੈਸਰ, ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ,**
**ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ**

## ਭੂਮਿਕਾ

ਇਹ ਪੇਪਰ ਉੱਤਰ-ਆਧੁਨਿਕਤਾ ਦਾ ਆਧੁਨਿਕ ਮੀਡੀਆ ਪ੍ਰਥਾਵਾਂ, ਸੁੰਦਰਤਾ ਅਤੇ ਸਮੱਗਰੀ ਉਤਪਾਦਨ 'ਤੇ ਹੋਣ ਵਾਲੇ ਪ੍ਰਭਾਵ ਦੀ ਪੜਤਾਲ ਕਰਦਾ ਹੈ। ਇਸ ਵਿੱਚ ਹਾਈਪਰਰੀਅਲਟੀ ਅਤੇ ਸੱਭਿਆਚਾਰਕ ਹੱਦਾਂ ਦੇ ਮਿਟਣ ਵਰਗੇ ਸੰਕਲਪਾਂ 'ਤੇ ਜ਼ੋਰ ਦਿੱਤਾ ਗਿਆ ਹੈ। ਪੋਸਟ-ਟ੍ਰਥ ਯੁੱਗ ਵਿੱਚ ਦਰਸ਼ਕ ਕਿਸ ਤਰ੍ਹਾਂ ਅਰਥ ਦੀ ਵਿਆਖਿਆ ਕਰਦੇ ਹਨ, ਇਹ ਵੀ ਵਿਸ਼ਲੇਸ਼ਣ ਦਾ ਕੇਂਦਰ ਹੈ। ਉੱਤਰ ਆਧੁਨਿਕਤਾ ਦੇ ਦੌਰ ਵਿੱਚ ਭਾਸ਼ਾ ਦੀ ਬਣਤਰ, ਅਭਿਵਿਅਕਤੀ ਅਤੇ ਸਥਿਤੀ ਵਿੱਚ ਮਹੱਤਵਪੂਰਣ ਬਦਲਾਅ ਆਏ ਹਨ, ਪਹਿਲਾਂ ਜਿੱਥੇ ਇਕ ਮਿਆਰੀ ਪੰਜਾਬੀ ਦੀ ਗੱਲ ਹੁੰਦੀ ਸੀ, ਹੁਣ ਵੱਖ-ਵੱਖ ਬੋਲੀ ਰੂਪਾਂ ਨੂੰ ਵੀ ਮਾਣਤਾ ਮਿਲ ਰਹੀ ਹੈ। ਭਾਸ਼ਾ ਹੁਣ ਸਿਰਫ਼ ਸਿੱਖਿਆ ਜਾਂ ਰਚਨਾ ਦੀ ਨਹੀਂ, ਸਗੋਂ ਆਤਮ-ਪਛਾਣ ਦੀ ਵੀ ਨਿਸ਼ਾਨੀ ਬਣੀ ਹੈ ਖਾਸ ਕਰਕੇ ਪਰਵਾਸੀ ਸੰਦਰਭ ਵਿੱਚ। ਉੱਤਰ ਆਧੁਨਿਕ ਦੌਰ ਵਿੱਚ ਭਾਸ਼ਾ ਇੱਕ ਨਿਰੰਤਰ ਸੰਘਰਸ਼ ਵਿੱਚ ਹੈ ਪੰਜਾਬੀ ਦੀ ਮੂਲਤਾ ਤੇ ਅੰਗਰੇਜ਼ੀ ਹੇਜਮਾਨੀ ਵਿਚਕਾਰ ਹੈ ਪਰ ਇਹ ਸੰਘਰਸ਼ ਇੱਕ ਨਵੀਂ ਮਿਲਾਪੀ ਭਾਸ਼ਾ ਪੈਦਾ ਕਰਦਾ ਹੈ ਜੋ ਹਾਈਬ੍ਰਿਡ ਤੇ ਕੋਡ-ਮਿਕਸਡ ਹੁੰਦੀ ਹੈ। ਪੰਜਾਬੀ ਹੁਣ ਇੰਟਰਨੈਟ, ਯੂਟਿਊਬ, ਬਲੌਗ ਅਤੇ ਸਮਾਜਿਕ ਮੀਡੀਆ ਰਾਹੀਂ ਨਵੇਂ ਰੂਪਾਂ ਵਿਚ ਆ ਰਹੀ ਹੈ। ਇੱਥੇ ਗੱਲਬਾਤ ਦੀ ਨਵੀ ਸ਼ੈਲੀ ਪੰਜਾਬੀ ਦੀ ਭਾਗੀਦਾਰੀ ਕਰ ਰਹੀ ਹੈ। 20ਵੀਂ ਸਦੀ ਦੇ ਅੰਤਲੇ ਹਿੱਸੇ ਵਿੱਚ ਉਭਰਿਆ ਪੋਸਟਮੌਡਰਨਿਜ਼ਮ ਇੱਕ ਜਟਿਲ ਤੇ ਵਖਰੇ-ਵਖਰਾ ਦ੍ਰਿਸ਼ਟੀਕੋਣ ਹੈ ਜੋ ਮੌਡਰਨਿਜ਼ਮ ਦੇ ਆਦਰਸ਼ਾਂ ਨੂੰ ਚੁਣੌਤੀ ਦਿੰਦਾ ਹੈ। ਮੀਡੀਆ ਅਧਿਐਨ ਵਿੱਚ, ਇਹ ਤਟਸਥਤਾ, ਲਕੀਰਵਾਦ ਅਤੇ ਹਕੀਕਤ ਦੀ ਥਾਂ ਗੁੰਝਲਦਾਰਤਾ, ਆਤਮ-ਸੰਬੰਧਤਾ ਅਤੇ ਅੰਤਰ-ਪਾਠਕਤਾ ਨੂੰ ਪ੍ਰਮੁੱਖ ਬਣਾਉਂਦਾ ਹੈ। ਮੀਡੀਆ, ਜੋ ਸੱਭਿਆਚਾਰ ਦਾ ਉਤਪਾਦ ਅਤੇ ਪ੍ਰਸਾਰਕ ਦੋਵਾਂ ਹੈ, ਨੇ ਨਾ ਸਿਰਫ ਪੋਸਟਮੌਡਰਨ ਸੰਵੇਦਨਾਵਾਂ ਨੂੰ ਦਰਸਾਇਆ ਹੈ, ਸਗੋਂ ਉਨ੍ਹਾਂ ਦੀ ਆਕਾਰ-ਰਚਨਾ ਵਿੱਚ ਵੀ ਯੋਗਦਾਨ ਪਾਇਆ ਹੈ। ਉੱਤਰ-ਆਧੁਨਿਕਤਾ ਇੱਕ ਬਹੁਪੱਖੀ ਬੌਧਿਕ ਵਾਦ ਹੈ ਜੋ 20ਵੀਂ ਸਦੀ ਦੇ ਮੱਧ ਵਿੱਚ ਆਧੁਨਿਕਤਾ ਦੀਆਂ ਧਾਰਨਾਵਾਂ ਅਤੇ ਕਦਰਾਂ-ਕੀਮਤਾਂ ਦੇ ਵਿਰੁੱਧ ਪ੍ਰਤੀਕਿਰਿਆ ਵਜੋਂ ਉਭਰਿਆ ਸੀ । ਇਹ ਸਿਰਫ਼ ਇੱਕ ਇਤਿਹਾਸਕ ਦੌਰ ਨਹੀਂ ਹੈ ਸਗੋਂ ਮਹਾਂ-ਬਿਰਤਾਂਤਾਂ, ਬਾਹਰਮੁਖੀ ਸੱਚਾਈਆਂ ਅਤੇ ਵਿਸ਼ਵਵਿਆਪੀ ਤਰਕ ਪ੍ਰਤੀ ਸੰਦੇਹ ਦੁਆਰਾ ਚਿੰਨ੍ਹਤ ਇੱਕ ਆਲੋਚਨਾਤਮਕ ਰੁਖ਼ ਹੈ। ਜੀਨ-ਫ੍ਰਾਂਸੋਆ ਲਿਓਤਾਰਦ ਨੇ ਉੱਤਰ-ਆਧੁਨਿਕਤਾ ਨੂੰ "ਲਘੂ-ਬਿਰਤਾਂਤਾ ਪ੍ਰਤੀ ਅਵਿਸ਼ਵਾਸ" ਵਜੋਂ ਪਰਿਭਾਸ਼ਿਤ ਕੀਤਾ, ਜੋ ਕਿ ਇਤਿਹਾਸ, ਸੱਭਿਆਚਾਰ, ਜਾਂ ਪਛਾਣ ਦੀਆਂ ਵਿਆਪਕ ਵਿਆਖਿਆਵਾਂ ਪ੍ਰਤੀ ਸੰਦੇਹ ਦਾ ਹਵਾਲਾ ਦਿੰਦਾ ਹੈ ਜਿਸ 'ਤੇ ਆਧੁਨਿਕਤਾ ਅਕਸਰ ਨਿਰਭਰ ਕਰਦੀ ਸੀ, ਇਕਸੁਰਤਾ ਅਤੇ ਸਥਿਰਤਾ ਦੀ ਭਾਲ ਕਰਨ ਦੀ ਬਜਾਏ, ਉੱਤਰ-ਆਧੁਨਿਕਤਾ ਖੰਡਨ, ਬਹੁਲਤਾ ਅਤੇ ਅਸਪਸ਼ਟਤਾ ਨੂੰ ਅਪਣਾਉਂਦਾ ਹੈ। ਪੰਜਾਬੀ ਚਿੰਤਕ ਡਾ. ਜਗਬੀਰ ਸਿੰਘ ਨੇ 'ਉਤਰ-ਆਧੁਨਿਕਤਾਵਾਦ' ਨੂੰ ਆਧੁਨਿਕਤਾਵਾਦ ਦੀ ਪੂਰਬ ਸਥਿਤੀ ਦੇ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 116-121

ਸੰਦਰਭ ਵਿੱਚ ਰੱਖ ਕੇ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ: ਆਧੁਨਿਕਵਾਦ ਦਾ ਜਨਮ 18ਵੀਂ ਸਦੀ ਈਸਵੀ ਦੇ ਪਿਛਲੇ ਅੱਧ ਵਿੱਚ ਯੂਰਪ ਦੀ ਸੁਪ੍ਰਸਿੱਧ ਜਾਗ੍ਰਿਤੀ ਲਹਿਰ( Enlightenment movement) ਦੇ ਸਿੱਟੇ ਵਜੋਂ ਹੋਇਆ ਮੰਨਿਆ ਜਾਂਦਾ ਹੈ। ਇਸ ਲਹਿਰ ਨੇ ਤਰਕਹੀਣ ਅਤੇ ਵਿਵੇਕ ਦੀ ਸਰਦਾਰੀ ਸਥਾਪਿਤ ਕਰਦਿਆਂ ਮਨੁੱਖ ਨੂੰ ਤਰਕਹੀਣ ਰਸਮਾਂ-ਰੀਤਾਂ, ਵਹਿਮਾਂ-ਭਰਮਾਂ ਅਤੇ ਅਗਿਆਨ ਦੇ ਹਨੇਰੇ ਵਿੱਚੋਂ ਕੱਢਣ ਦਾ ਉਪਰਾਲਾ ਕੀਤਾ। ਇਸ ਸਮੁੱਚੇ ਉਪਰਾਲੇ ਨੂੰ ਇੱਕ ਤਰ੍ਹਾਂ ਦੀ ਮੁਕਤੀ ਯੋਜਨਾ (Emancipatory project) ਵੀ ਮੰਨਿਆ ਜਾ ਸਕਦਾ ਹੈ ।..... ਉਤਰ-ਆਧੁਨਿਕਵਾਦੀ ਚਿੰਤਨ ਨੇ ਆਧੁਨਿਕਵਾਦ ਦੇ ਸਿਧਾਂਤਕ ਪਿਛੋਕੜ ਵਿੱਚ ਕੰਮ ਕਰ ਰਹੇ ਇਸੇ ਜਾਗ੍ਰਿਤੀ ਪ੍ਰੋਜੈਕਟ ਦੇ ਵਿਰੋਧ ਵਿੱਚ ਆਪਣੇ ਪ੍ਰਵਚਨ ਦੀ ਉਸਾਰੀ ਕੀਤੀ ਹੈ। ਇਸਨੇ ਨਿਰੋਲ ਤਰਕ ਨੂੰ ਹੀ ਗਿਆਨ ਦਾ ਇੱਕੋ ਇੱਕ ਵਸੀਲਾ ਨਾ ਮੰਨਦਿਆਂ ਸੂਝ ਅਤੇ ਸਮਝ ਦੇ ਅਨੇਕਾਂ, ਵਿਭਿੰਨ,ਬਦਲਵੇਂ ਅਤੇ ਸਮਾਨੰਤਰ ਸੰਗਠਨਾਂ ਦੀ ਹੋਂਦ ਨੂੰ ਪ੍ਰਵਾਨਗੀ ਦੇਣ ਦਾ ਯਤਨ ਕੀਤਾ ਹੈ।....ਗਿਆਨਖੇਤਰ ਵਿੱਚ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਨ ਵਾਲੀ ਇਸ ਸੋਚ ਨੂੰ ਵਿਕਸਿਤ ਕਰਨ ਵਿੱਚ ਯਾਂ ਬੌਦ੍ਰੀਲਾਰਦ, ਯੱਕ ਦੇਰੀਦਾ, ਮਿਸ਼ੇਲ ਫ਼ੂਕੋ ਅਤੇ ਲਿਉਤਾਰਦ ਵਰਗੇ ਸਮਕਾਲੀ ਚਿੰਤਕਾਂ ਦਾ ਨਾਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ।

**ਹਾਈਪਰਰੀਅਲਟੀ:** ਜੀਨ ਬੋਦਰੀਆਰ ਅਨੁਸਾਰ, ਰੀਐਲਿਟੀ ਟੀਵੀ ਜਾਂ ਸੋਸ਼ਲ ਮੀਡੀਆ ਪ੍ਰੋਫਾਈਲ ਵਾਂਗ ਨਕਲਾਂ ਅਸਲਤ ਅਤੇ ਕਲਪਨਾ ਵਿਚਕਾਰ ਦੀ ਰੇਖਾ ਨੂੰ ਮਿਟਾ ਦਿੰਦੀਆਂ ਹਨ।

**ਅੰਤਰਪਾਠਕਤਾ ਅਤੇ ਪੈਸਟਿਸ਼:** ਪੋਸਟਮੌਡਰਨ ਮੀਡੀਆ ਪੁਰਾਣੀਆਂ ਸ਼ੈਲੀਆਂ ਨੂੰ ਪੁਨਰਵਰਤਿਤ ਕਰਦੀਆਂ ਹਨ ਜਾਂ ਉਨ੍ਹਾਂ ਦੀ ਪੈਰੋਡੀ ਕਰਦੀਆਂ ਹਨ। ਉਦਾਹਰਨ ਵਜੋਂ, Quentin Tarantino ਦੀਆਂ ਫਿਲਮਾਂ। ਕਹਾਣੀਆਂ ਅਕਸਰ ਗੈਰ-ਲਕੀਰਵਾਦੀ ਹੋਦੀਆਂ ਹਨ, ਜਿਸ ਵਿੱਚ multi-platform convergence ਅਤੇ user-generated content ਸ਼ਾਮਲ ਹੁੰਦੇ ਹਨ।

**ਆਤਮ-ਚਿੰਤਨਸ਼ੀਲਤਾ (Self-reflexivity):** ਫਿਲਮਾਂ ਅਤੇ ਡੌਕੂਮੈਂਟਰੀਆਂ ਆਪਣੇ ਆਪ ਦੀ ਬਣਾਵਟੀਤਾ 'ਤੇ ਧਿਆਨ ਦਿੰਦੀਆਂ ਹਨ।

**ਸਵੈ-ਜਾਗਰੂਕਤਾ (Self-awareness):** ਫਿਲਮਾਂ ਵਿਚ ਕਈ ਵਾਰੀ ਸਵੈ-ਚੇਤਨਤਾ ਦਿਖਾਈ ਜਾਂਦੀ ਹੈ—ਜਿਵੇਂ "Murder 101" (1991), ਜਿਸ ਵਿਚ ਕਹਾਣੀ, ਕਿਰਦਾਰ ਅਤੇ ਕਲਪਨਾ ਦੀਆਂ ਰੀਤਾਂ ਨਾਲ ਖੇਡ ਕੀਤੀ ਜਾਂਦੀ ਹੈ।

## ਇੱਕ ਸਿਧਾਂਤਕ ਦਰਿਸ਼ਟੀਕੋਣ

**ਸ਼ੁਰੂਆਤੀ ਮਾਡਲ (ਪ੍ਰਚਾਰ ਪ੍ਰਭਾਵ ਵਧੇਰੇ):** ਮੀਡੀਆ ਨੂੰ ਇੱਕ ਸ਼ਕਤੀਸ਼ਾਲੀ ਹਥਿਆਰ ਮੰਨਿਆ ਗਿਆ ਜੋ ਆਮ ਜਨਤਾ ਨੂੰ ਪ੍ਰਭਾਵਿਤ ਕਰ ਸਕਦਾ ਸੀ। ਫਰੈਂਕਫੁਰਟ ਸਕੂਲ ਦੇ ਵਿਦਵਾਨਾਂ (Adorno ਆਦਿ) ਨੇ ਇਹ ਮੰਨਿਆ ਕਿ ਦਰਸ਼ਕ ਪੈਸਿਵ ਹੋਂਦੇ ਹਨ।

**ਸੀਮਿਤ ਪ੍ਰਭਾਵਾ ਅਤੇ ਸਰਗਰਮ ਦਰਸ਼ਕ (1940 ਤੋਂ ਬਾਅਦ):** Lazarsfeld ਨੇ "two-step flow" ਮਾਡਲ ਪੇਸ਼ ਕੀਤਾ। Merton ਨੇ ਦਰਸਾਇਆ ਕਿ ਦਰਸ਼ਕ ਆਪਣੇ ਲਾਭ ਲਈ ਮੀਡੀਆ ਦੀ ਵਰਤੋਂ ਕਰਦੇ ਹਨ। "Uses and

Gratifications" ਸਿਧਾਂਤ ਦੇ ਅਨੁਸਾਰ ਦਰਸ਼ਕ diversion, personal identity, ਅਤੇ ਸਮਾਜਿਕ ਸੰਬੰਧ ਲਈ ਮੀਡੀਆ ਵਰਤਦੇ ਹਨ।

**ਨਵੇਂ ਸਿਧਾਂਤ:** Fiske, de Certeau, Morley ਆਦਿ ਨੇ ਦਰਸ਼ਕਾਂ ਨੂੰ ਆਤਮ-ਵਿਆਖਿਆਕਾਰ, ਨਿਰਣਾਇਕ ਅਤੇ ਤਬਦੀਲੀ ਲਿਆਉਣ ਵਾਲੇ ਵਿਅਕਤੀ ਵਜੋਂ ਵੇਖਿਆ। Cultivation Theory ਅਤੇ Agenda-setting Theory ਨੇ ਮੀਡੀਆ ਦੀ ਅਹੰਕਾਰਮਈ ਸੰਭਾਵਨਾ ਨੂੰ ਵਿਸ਼ਲੇਸ਼ਣਤਮਕ ਰੂਪ ਦਿੱਤਾ।

ਉੱਤਰ-ਆਧੁਨਿਕਤਾਵਾਦ ਗਿਆਨ, ਪਛਾਣ, ਅਤੇ ਅਰਥ ਦੀਆਂ ਮੂਲ ਧਾਰਨਾਂਵਾ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਰਾਜਨੀਤਿਕ ਸਿਧਾਂਤ ਲਈ ਇਸਦੀ ਪ੍ਰਸੰਗਿਕਤਾ ਇਸਦੇ ਗਿਆਨ-ਵਿਗਿਆਨਕ ਸੰਦੇਹ (epistemological skepticism), ਸੱਤਾ-ਵਿਗਿਆਨਕ ਬਹੁਵਾਦ (ontological pluralism), ਅਤੇ ਵਿਧੀ-ਵਿਗਿਆਨਕ ਵਿਖੰਡਨ (methodological fragmentation) ਵਿੱਚ ਹੈ। ਉੱਤਰ-ਆਧੁਨਿਕਤਾਵਾਦ ਕੋਈ ਨਵਾਂ ਮਹਾਨ ਸਿਧਾਂਤ ਪੇਸ਼ ਨਹੀਂ ਕਰਦਾ, ਸਗੋਂ ਇਹ ਸਿਧਾਂਤਕ ਨਿਮਰਤਾ (theoretical modesty), ਦ੍ਰਿਸ਼ਟੀਕੋਣਾਂ ਦੀ ਬਹੁਲਤਾ, ਅਤੇ ਰਵਾਇਤੀ ਰਾਜਨੀਤਿਕ ਵਿਚਾਰਾਂ ਦੁਆਰਾ ਅਕਸਰ ਬਾਹਰ ਕੀਤੇ ਗਏ ਅਤੇ ਹਾਸ਼ੀਏ 'ਤੇ ਪਏ ਲੋਕਾਂ ਦੀਆਂ ਆਵਾਜ਼ਾਂ ਵੱਲ ਧਿਆਨ ਦੇਣ 'ਤੇ ਜ਼ੋਰ ਦਿੰਦਾ ਹੈ। ਉੱਤਰ-ਆਧੁਨਿਕਤਾਵਾਦ ਦੀਆਂ ਜੜ੍ਹਾਂ ਨੂੰ ਫਿਲਾਸਫੀ ਦੀ ਮਹਾਂਦੀਪੀ ਪਰੰਪਰਾ, ਖਾਸ ਕਰਕੇ ਉੱਤਰ-ਸੰਰਚਨਾਵਾਦ (post-structuralism), ਵਿੱਚ ਲੱਭਿਆ ਜਾ ਸਕਦਾ ਹੈ, ਜੋ 1960 ਅਤੇ 1970 ਦੇ ਦਹਾਕੇ ਵਿੱਚ ਫਰਾਂਸ ਵਿੱਚ ਉਭਰਿਆ। ਮਿਸ਼ੇਲ ਫੂਕੋ (MICHEL FOUCAULT), ਜੈਕ ਡੈਰੀਡਾ (JACQUES DERRIDA), ਅਤੇ ਰੋਲਾਂ ਬਾਰਥਸ (ROLAND BARTHES) ਵਰਗੇ ਚਿੰਤਕਾਂ ਨੇ ਭਾਸ਼ਾ, ਪਛਾਣ ਅਤੇ ਰਾਜਨੀਤੀ ਵਿੱਚ ਜ਼ਰੂਰੀ ਧਾਰਨਾਵਾਂ ਨੂੰ ਚੁਣੌਤੀ ਦੇਣ ਲਈ ਆਧਾਰ ਤਿਆਰ ਕੀਤਾ। ਉੱਤਰ-ਸੰਰਚਨਾਵਾਦ, ਸੰਰਚਨਾਵਾਦ (structuralism) ਦੇ ਉਲਟ, ਇਸ ਧਾਰਨਾ ਨੂੰ ਰੱਦ ਕਰਦਾ ਹੈ ਕਿ ਡੂੰਘੀਆਂ, ਅੰਦਰੂਨੀ ਸੰਰਚਨਾਵਾਂ ਅਰਥ ਨਿਰਧਾਰਤ ਕਰਦੀਆਂ ਹਨ ਸਗੋ ਇਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਅਰਥ ਅੰਤਰ, ਅਨਿਸ਼ਚਿਤਤਾ (contingency), ਅਤੇ ਸਮਾਜਿਕ ਅਭਿਆਸਾਂ ਦੇ ਸਬੰਧਾਂ ਦੁਆਰਾ ਪੈਦਾ ਹੁੰਦੇ ਹਨ। ਉੱਤਰ-ਸੰਰਚਨਾਵਾਦ ਦੇ ਮੁੱਖ ਵਿਚਾਰ ਨਿਰਮਾਣ-ਖੰਡਨ (deconstruction), ਅੰਤਰ-ਪਾਠਕਤਾ (intertextuality), ਅਤੇ ਵਿਚਾਰ-ਵਟਾਂਦਰਾ (discourse) ਉੱਤਰ-ਆਧੁਨਿਕ ਰਾਜਨੀਤਿਕ ਸਿਧਾਂਤ ਨੂੰ ਰੂਪ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਪੱਤਰਕਾਰਤਾ ਅਤੇ ਖ਼ਬਰਾਂ ਉੱਤੇ ਪ੍ਰਭਾਵ:** ਪੋਸਟਮੌਡਰਨਿਜ਼ਮ ਨੇ ਪੱਤਰਕਾਰਤਾ ਦੀ ਤਟਸਥਤਾ ਉੱਤੇ ਭਰੋਸਾ ਘਟਾਇਆ ਹੈ। "Fake News", infotainment, ਅਤੇ post-truth politics ਨੇ ਹਕੀਕਤ ਅਤੇ ਵਿਅੰਗ ਵਿਚਕਾਰ ਦੀ ਰੇਖਾ ਨੂੰ ਮਿਟਾ ਦਿੱਤਾ ਹੈ।

**ਵਿਗਿਆਪਨ ਅਤੇ ਉਪਭੋਗਤਾ ਸੰਸਕ੍ਰਿਤੀ:** ਨੌਜਵਾਨ ਦਰਸ਼ਕਾਂ ਨੂੰ lifestyle ਅਤੇ ਸੰਕੇਤਕ ਅਰਥ ਵੇਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। Nike ਅਤੇ Apple ਵਰਗੇ ਬ੍ਰਾਂਡ ਅਸਲੀ ਉਤਪਾਦ ਤੋਂ ਵੱਧ ਸੰਕੇਤਕ ਪ੍ਰਤੀਕ ਬਣ ਗਏ ਹਨ।

**ਡਿਜੀਟਲ ਮੀਡੀਆ ਅਤੇ ਪੋਸਟਮੌਡਰਨ ਅਵਸਥਾ**

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 116-121

**ਸੋਸ਼ਲ ਮੀਡੀਆ**: ਸੋਸ਼ਲ ਮੀਡੀਆ ਨੇ ਵਿਸ਼ਵੀਕਰਨ ਦੇ ਦੌਰ ਵਿੱਚ ਇੱਕ ਨਵੀਂ ਸਥਿਤੀ ਨੂੰ ਪੈਦਾ ਕੀਤਾ ਹੈ ਸੋਸ਼ਲ ਮੀਡੀਆ ਹਰ ਚੀਜ਼ ਨੂੰ ਪ੍ਰਭਾਵਿਤ ਕਰਦਾ ਹੈ। ਦੁਨੀਆਂ ਭਰ ਦੇ ਰਿਸ਼ਤੇ ਨਾਤੇ ਪ੍ਰਬੰਧ, ਨਵੀਆਂ ਖ਼ਬਰਾਂ ਦੀ ਉਡੀਕ, ਬ੍ਰਾਂਡ ਕਲਚਰ, ਕਾਰੋਬਾਰ ਅਤੇ ਸਾਰੀਆਂ ਸਮਾਜਿਕ ਚੀਜ਼ਾਂ ਦਾ ਲੇਖਾ ਜੋਖਾ ਸੋਸ਼ਲ ਨੈੱਟਵਰਕ ਤੇ ਉਪਲੱਬਧ ਹੈ ਤੇ ਲੋਕ ਇਸ ਨੈੱਟਵਰਕ ਅਧੀਨ ਫੇਸਬੁੱਕ, ਟਵਿੱਟਰ ਅਤੇ ਹੋਰ ਕਈ ਤਰ੍ਹਾਂ ਦੇ ਵੈੱਬ ਪੋਰਟਲ ਦੀ ਵਰਤੋਂ ਕਰਕੇ ਸੋਸ਼ਲ ਮੀਡੀਆ ਵਿੱਚ ਜੁੜੇ ਹੋਏ ਹਨ। ਜਦੋਂ ਅਸੀਂ ਗੱਲ ਸੋਸ਼ਲ ਮੀਡੀਆ ਦੀ ਕਰਦੇ ਹਾਂ ਤਾਂ ਬਹੁਤ ਸਾਰੀਆਂ ਕੰਪਨੀਆਂ ਇਸ ਮਾਧਿਅਮ ਦੀ ਵਰਤੋਂ ਕਰਕੇ ਆਪਣੇ ਕਾਰੋਬਾਰ ਨੂੰ ਲੋਕਾਂ ਤੱਕ ਪਹੁੰਚਾ ਰਹੀਆਂ ਹਨ ਅਤੇ ਆਕਰਸ਼ਿਤ ਕਰ ਰਹੀਆਂ ਹਨ। ਸਮਾਜ ਵਿੱਚ ਸੋਸ਼ਲ ਮੀਡੀਆ ਅੱਜ ਲੋਕਾਂ ਦੀ ਜ਼ਰੂਰਤ ਬਣ ਚੁੱਕਾ ਹੈ। ਹਰੇਕ ਵਿਅਕਤੀ ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ ਵਿੱਚ ਜੁੜਦਾ ਹੈ ਤੇ ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਦਾ ਹੋਇਆ ਆਪਣੇ ਆਪ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ । ਸੋਸ਼ਲ ਮੀਡੀਆ ਵਿੱਚ ਫੇਸਬੁੱਕ ਸਭ ਤੋਂ ਵੱਧ ਪ੍ਰਭਾਵਸ਼ਾਲੀ ਤਰੀਕਾ ਹੈ ਜੋ ਲੋਕਾਂ ਵਿੱਚ ਨੈਟਵਰਕ ਦਾ ਕੰਮ ਕਰਦਾ ਹੈ 2004 ਵਿੱਚ ਇਸ ਦੀ ਸ਼ੁਰੂਆਤ ਹੋਈ। ਪੂਰੇ ਵਿਸ਼ਵ ਵਿੱਚ ਅਰਬਾਂ ਲੋਕ ਫੇਸਬੁੱਕ ਉੱਤੇ ਆਪਣਾ ਪ੍ਰੋਫਾਈਲ ਬਣਾ ਕੇ ਸੋਸ਼ਲ ਮੀਡੀਆ ਵਿੱਚ ਸਰਗਰਮ ਭੂਮਿਕਾ ਨਿਭਾਅ ਰਹੇ ਹਨ। ਸੋਸ਼ਲ ਮੀਡੀਆ ਵਿੱਚ ਲੋਕਾਂ ਦੀ ਦਿਲਚਸਪੀ ਵਧ ਰਹੀ ਹੈ ਪਰ ਨਾਲ ਹੀ ਲੋਕਾਂ ਦੀ ਭਾਸ਼ਾ ਵੀ ਸੋਸ਼ਲ ਮੀਡੀਆ ਦੀ ਤਰ੍ਹਾਂ ਬਦਲ ਰਹੀ ਹੈ। ਜਿੰਨੀ ਕਾਹਲੀ ਨਾਲ ਸੋਸ਼ਲ ਨੈੱਟਵਰਕ ਬਦਲ ਰਿਹਾ ਹੈ ਓਨੀ ਕਾਹਲੀ ਨਾਲ ਹੀ ਸਾਡੀ ਭਾਸ਼ਾ ਬਦਲ ਰਹੀ ਹੈ ਕਿਉਂਕਿ ਅਸੀਂ ਜੋ ਵੀ ਸੋਸ਼ਲ ਸਾਈਟ ਤੋਂ ਸਿੱਖਦੇ ਹਾਂ ਉਹੀ ਸਾਡੇ ਜੀਵਨ ਸ਼ੈਲੀ ਦਾ ਹਿੱਸਾ ਬਣਦਾ ਜਾ ਰਿਹਾ ਹੈ। ਭਾਸ਼ਾ ਸਾਡੇ ਸੰਚਾਰ ਵਿੱਚੋਂ ਨਿਕਲਦੀ ਹੈ ਪਰ ਸਮਾਰਟਫੋਨ ਕੰਪਿਊਟਰ ਅਤੇ ਹੋਰ ਤਕਨੀਕਾਂ ਨੇ ਭਾਸ਼ਾ ਨੂੰ ਸੀਮਤ ਕਰ ਦਿੱਤਾ ਹੈ ਅਸੀਂ ਤਕਨਾਲੋਜੀ ਦੀ ਭਾਸ਼ਾ ਸਿੱਖ ਰਹੇ ਹਾਂ ਪਰ ਨਾਲ ਹੀ ਅਸੀਂ ਆਪਣੀ ਮਾਤ ਭਾਸ਼ਾ ਜਾਂ ਟਕਸਾਲੀ ਭਾਸ਼ਾ ਤੋਂ ਦੂਰ ਵੀ ਹੁੰਦੇ ਜਾ ਰਹੇ ਹਾਂ । ਭਾਸ਼ਾ ਵਿਅਕਤੀਗਤ ਹੁੰਦੀ ਹੋਈ ਸਮਾਜਿਕ ਰੂਪ ਤਾਂ ਹੀ ਪ੍ਰਵਾਨ ਕਰਦੀ ਹੈ ਜਦੋਂ ਸਾਡੇ ਵਿੱਚ ਬੋਲ ਚਾਲ ਜਾਂ ਆਦਾਨ ਪ੍ਰਦਾਨ ਹੁੰਦਾ ਹੈ, ਪਰ ਸੋਸ਼ਲ ਮੀਡੀਆ ਨੇ ਸਾਨੂੰ ਇਕਹਿਰੇ ਕਰਕੇ ਰੱਖ ਦਿੱਤਾ ਹੈ। ਮਨੁੱਖ ਸਮਾਜ ਵਿੱਚੋਂ ਭਾਸਾ ਸਿੱਖਦਾ ਹੈ। ਜਿਸ ਸਮਾਜ ਵਿੱਚ ਮਨੁੱਖ ਰਹਿੰਦਾ ਹੈ ਉਥੋਂ ਦੀ ਭਾਸ਼ਾ ਸੁੱਤੇ ਸਿੱਧ ਉਹ ਸਿੱਖ ਲੈਂਦਾ ਹੈ ਪਰ ਆਧੁਨਿਕ ਸਮੇਂ ਵਿੱਚ ਇੰਟਰਨੈੱਟ ਦੀ ਮਦਦ ਨਾਲ ਮਨੁੱਖ ਵਿਸ਼ਵ ਤੱਕ ਤਾਂ ਜੁੜ ਚੁੱਕਾ ਹੈ ਪਰ ਉਸ ਦੀ ਕਿਸੇ ਖ਼ਾਸ ਭਾਸ਼ਾ ਉੱਤੇ ਪ੍ਰਪੱਕਤਾ ਘਟ ਰਹੀ ਹੈ। ਇਹੀ ਵੱਡਾ ਕਾਰਨ ਸੋਸ਼ਲ ਮੀਡੀਆ ਦੁਨੀਆਂ ਭਰ ਦੀ ਜਾਣਕਾਰੀ ਦਿੰਦਾ ਹੋਇਆ ਵੀ ਕਿਸੇ ਇੱਕ ਭਾਸ਼ਾ ਬਾਰੇ ਚੰਗੀ ਤਰ੍ਹਾਂ ਪਰਪੱਖਤਾ ਪ੍ਰਦਾਨ ਨਹੀਂ ਸਕਦਾ ਹੈ ਅਤੇ ਭਾਸ਼ਾ ਦੇ ਨਜ਼ਰੀਏ ਤੋਂ ਇਹ ਪੱਖ ਬਹੁਤ ਅਹਿਮ ਹੈ । ਇੱਕ ਅੰਕੜੇ ਅਨੁਸਾਰ ਜੇ ਫੇਸਬੁੱਕ ਦਾ ਇੱਕ ਆਪਣਾ ਸੁਤੰਤਰ ਦੇਸ਼ ਹੋਵੇ ਤਾਂ ਇਹ ਚੀਨ ਅਤੇ ਭਾਰਤ ਤੋਂ ਬਾਅਦ ਸਭ ਤੋਂ ਵੱਧ ਆਬਾਦੀ ਵਾਲਾ ਤੀਜਾ ਵੱਡਾ ਦੇਸ਼ ਹੋਵੇਗਾ ਵਿਸ਼ਵੀਕਰਨ ਦੇ ਦੌਰ ਵਿੱਚ ਭਾਸ਼ਾਵਾਂ ਵਿੱਚ ਇਸ ਤਰ੍ਹਾਂ ਦਾ ਬਦਲਾਅ ਸਭ ਤੋਂ ਅਹਿਮ ਮੁੱਦਾ ਹੈ।

ਮੀਡੀਆ ਭਾਸ਼ਾਵਾਂ ਲਈ ਇੱਕ ਸੰਚਾਰ ਦਾ ਕੰਮ ਕਰ ਰਿਹਾ ਹੈ। ਦੁਨੀਆਂ ਭਰ ਵਿੱਚ ਅੰਗਰੇਜ਼ੀ ਤਰੱਕੀ ਕਰ ਰਹੀ ਹੈ ਕਿਉਂਕਿ ਸੋਸ਼ਲ ਸਾਈਟ ਉੱਪਰ ਅੰਗਰੇਜ਼ੀ ਭਾਸ਼ਾ ਦਾ ਗਲਬਾ ਅਜੇ ਵੀ ਕਾਇਮ ਹੈ ਸੋਸ਼ਲ ਸਾਈਟ ਜਿੱਥੇ ਪੂਰੇ ਵਿਸ਼ਵ ਨੂੰ ਆਪਸ ਵਿੱਚ ਜੋੜ ਰਹੀਆਂ ਹਨ ਪਰ ਨਾਲ ਹੀ ਅਸੀਂ ਇਹ ਵੀ ਭੁੱਲ ਜਾਂਦੇ ਹਾਂ ਕਿ ਇੱਕ ਘਰ ਵਿੱਚ ਪੂਰੇ ਪਰਿਵਾਰ ਦੇ ਮੈਂਬਰ ਵਿਸ਼ਵ ਨਾਲ ਤਾਂ ਜੁੜ ਰਹੇ ਹਨ ਪਰ ਪਰਿਵਾਰਕ ਤੌਰ ਤੇ ਇੱਕ ਦੂਜੇ ਤੋਂ ਦੂਰ ਹੋ ਰਹੇ ਹਨ। ਉਹ ਤਕਨੀਕੀ ਯੁੱਗ ਵਿੱਚ ਆਪਣੇ ਆਪ ਵਿੱਚ ਵਿਅਸਤ ਹੋ ਗਏ ਹਨ। ਭਾਸ਼ਾ ਆਪਣੇ ਟਕਸਾਲੀ ਰੂਪ ਨਾਲੋਂ ਹੱਟ ਕੇ ਕਿਤੇ ਕਿਤੇ

ਸਲੈਂਗ ਭਾਸ਼ਾ ਵਜੋਂ ਵਰਤੀ ਜਾ ਰਹੀ ਹੈ ਅਸੀਂ ਭਾਸ਼ਾ ਅਤੇ ਮੀਡੀਆ ਦੇ ਸੰਬੰਧ ਤੋਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਮੀਡੀਆ ਦੇ ਪ੍ਰਭਾਵ ਸਦਕਾ ਜੀਵਨ ਜਗਤ ਵਿਚ ਬਹੁਤ ਕੁਝ ਬਦਲਾਅ ਹੋ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਇਲੈਕਟ੍ਰਾਨਿਕ ਮੀਡੀਆ ਨੇ ਕੁਝ ਵਿਸਫੋਟਕ ਖੁਲਾਸੇ ਕੀਤੇ ਹਨ। ਮੀਡੀਆ ਦੁਆਰਾ ਸੰਚਾਰਿਤ ਹੋ ਰਹੀ ਜੀਵਨ ਦ੍ਰਿਸ਼ਟੀ ਨੇ ਦਿਖਾਵੇ ਅਤੇ ਮੰਡੀ ਸੱਭਿਆਚਾਰ ਜਾਂ ਖਪਤ ਸਭਿਆਚਾਰ ਦੀ ਪੇਸ਼ਕਾਰੀ ਕੀਤੀ ਹੈ। ਅੱਜ ਦੇ ਜੀਵਨ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ ਜਿਵੇਂ ਆਧੁਨਿਕ ਸਥਿਤੀ ਵਿਚ ਵਿਆਹ ਦੀਆਂ ਰਸਮਾਂ ਵਿਚ ਹੋ ਰਿਹਾ ਆਧੁਨੀਕੀਕਰਨ ਹੈ। ਜੋ ਸਿਰਫ ਡੀ.ਜੇ ਕਲਚਰ ਤਕ ਹੀ ਸੀਮਤ ਹੋ ਗਿਆ ਹੈ । ਅੱਜ ਤੇ ਸਮੇਂ ਵਿਚ ਮੀਡੀਆ ਵਿਅਕਤੀਆਂ ਦੀਆਂ ਜਰੂਰਤਾਂ ਵਿਚੋ ਸਭ ਤੋ ਵੱਡੀ ਜਰੂਰਤ ਬਣਦਾ ਜਾ ਰਿਹਾ ਹੈ। ਮੀਡੀਆ ਇਕ ਪਾਸੇ ਪਰਜਾਤੰਤਰ ਅਤੇ ਦੂਜੇ ਪਾਸੇ ਆਮ ਲੋਕਾਂ ਨਾਲ ਜੁੜ ਕੇ ਮਾਧੀਅਮ ਦਾ ਕੰਮ ਕਰ ਰਿਹਾ ਹੈ। ਰਾਜਨੀਤੀ ਵਿਚ ਇਸ ਦੀ ਸ਼ਮੂਲੀਅਤ ਅਜ ਏਨੀ ਸ਼ਕਤੀਸ਼ਾਲੀ ਹੋ ਚੁੱਕੀ ਹੈ ਕਿ ਰਾਤੋਂ-ਰਾਤ ਰਾਜਨੀਤਿਕ ਤੋਰ ਤੇ ਵਿਅਕਤੀ ਦਾ ਪ੍ਰਭਾਵ ਘੱਟਦਾ ਤੇ ਵੱਧਦਾ ਨਜਰ ਆਉਦਾ ਹੈ। ਅੱਜ ਦੇ ਆਧੁਨਿਕ ਯੁੱਗ ਵਿਚ ਮੀਡੀਆ ਭਾਂਵੇ ਲੋਕਾਂ ਦੀ ਪ੍ਰਤੀਨਿਧਤਾਂ ਤਾਂ ਕਰ ਰਿਹਾ ਹੈ, ਪਰ ਸਾਰੇ ਲੋਕਾਂ ਦੀ ਸਮੱਸਿਆਵਾਂ ਦਾ ਨਿਪਟਾਰਾ ਸ਼ਾਇਦ ਇਸਦੇ ਮਾਧਿਅਮ ਰਾਹੀਂ ਨਹੀ ਹੋ ਰਿਹਾ ਹੈ। ਅੱਜ ਸਥਿਤੀ ਅਜਿਹੀ ਹੈ ਕਿ ਅਸੀਂ ਭਾਂਵੇ ਮੀਡੀਆ ਦੀ ਸਾਰਥਕਤਾ ਬਾਰੇ ਟਿੱਪਣੀ ਕਰਦੇ ਹਾਂ ਪਰ ਇਸ ਤੋ ਬਿਨਾ ਗੁਜਾਰਾ ਵੀ ਨਹੀ ਹੈ। ਅੱਜ ਦੇ ਸਮੇਂ ਵਿਚ ਸੱਚ ਅਤੇ ਝੂਠ ਦੇ ਫੈਸਲੇ ਲਈ ਮੀਡੀਆ ਅਹਿਮ ਭੂਮਿਕਾ ਨਿਭਾ ਰਿਹਾ ਹੈ। ਅਸੀਂ ਮੀਡੀਆ ਨੂੰ ਭਾਸ਼ਾ ਦੇ ਆਧਾਰ ਤੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਸ਼ਾ ਕੇਵਲ ਸੰਚਾਰ ਦਾ ਮਾਧਿਅਮ ਹੀ ਨਹੀ ਸਗੋ ਇਸ ਵਿੱਚ ਸਾਡੇ ਜੀਵਨ ਦੀਆਂ ਅਹਿਮ ਸ਼ੈਲੀਆਂ ਵੀ ਜੁੜੀਆਂ ਹਨ। ਮੀਡੀਆ ਵਿਚ ਵਰਤੀ ਜਾਂਦੀ ਭਾਸ਼ਾ ਦੀ ਬਦਲਵੀਂ ਦ੍ਰਿਸ਼ਟੀ ਬਹੁਤ ਹੀ ਖ਼ਤਰਨਾਕ ਸਿੱਧ ਹੋ ਸਕਦੀ ਹੈ।ਮੀਡੀਆ ਦੀ ਭਾਸ਼ਾ ਅਸਲ ਵਿੱਚ ਸੱਤਾ ਦੀ ਭਾਸ਼ਾ ਜਿਆਦਾ ਨਜਰ ਆਉਦੀਂ ਹੈ। ਪੋਸਟਮੌਡਰਨਿਜ਼ਮ ਅਕਸਰ ਰੈਲੇਟਿਵਿਜ਼ਮ, ਨਿਹਿਲਿਜ਼ਮ ਅਤੇ ਸੰਸਕ੍ਰਿਤਿਕ ਅਸਥਿਰਤਾ ਦਾ ਕਾਰਨ ਬਣਦਾ ਹੈ। ਸੱਚ ਦੀ ਗੈਰਹਾਜ਼ਰੀ ਨਾਲ ਮੈਨਿਪੂਲੇਸ਼ਨ, Misinformation ਅਤੇ ਰਾਜਨੀਤਿਕ ਬੇਪਰਵਾਹੀ ਵਧਦੀ ਹੈ।

**ਨਿਸ਼ਕਰਸ਼**

ਪੋਸਟਮੌਡਰਨਿਜ਼ਮ ਨੇ ਮੀਡੀਆ ਨੂੰ ਤਬਦੀਲ ਕਰ ਦਿੱਤਾ ਹੈ। ਇਹ ਸਿਰਜਣਾਤਮਕ ਆਜ਼ਾਦੀ ਲਈ ਮੌਕੇ ਤਿਆਰ ਕਰਦਾ ਹੈ, ਪਰ ਨਾਲ ਹੀ ਨੈਤਿਕ ਅਤੇ ਗਿਆਨਤਮਕ ਚੁਣੌਤੀਆਂ ਵੀ ਲਿਆਉਂਦਾ ਹੈ। ਮੀਡੀਆ ਵਿਦਵਾਨਾਂ ਅਤੇ ਅਧਿਆਪਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਮੀਡੀਆ ਸਾਵਧਾਨੀ, ਨਾਗਰਿਕ ਚਿੰਤਨ ਅਤੇ ਆਲੋਚਨਾਤਮਕ ਵਿਅਖਿਆ ਨੂੰ ਉਤਸ਼ਾਹਿਤ ਕਰਨ। ਭਾਸ਼ਾ ਕਿਸੇ ਵੀ ਸਭਿਆਚਾਰ ਦਾ ਅਤਿ ਲੋੜੀਦਾ ਵਰਤਾਰਾ ਹੁਦੀ ਹੈ ਭਾਸ਼ਾ ਰਾਂਹੀ ਹੀ ਕੋਈ ਸਭਿਆਚਾਰ ਸਾਕਾਰ ਰੂਪ ਵਿਚ ਪ੍ਰਗਟ ਹੁੰਦਾ ਹੈ ਅਤੇ ਮੱਧਕਾਲ ਵਿੱਚ ਪੰਜਾਬੀ ਸਭਿਆਚਾਰ ਦੀ ਭਾਸ਼ਾ ਪੰਜਾਬੀ ਦੇ ਵਿਕਾਸ ਅਤੇ ਇਸ ਦੇ ਸਰੂਪ ਨੂੰ ਉਭਾਰਨ ਵਿੱਚ ਸਿੱਖ ਗੁਰੂ ਸਹਿਬਾਨ ਅਤੇ ਗੁਰਬਾਣੀ ਦਾ ਉਚੇਚਾ ਯੋਗਦਾਨ ਹੈ। ਸਿੱਖ ਧਰਮ ਦੇ ਆਰੰਭ ਦੇ ਨਾਲ-ਨਾਲ ਹੀ ਭਾਰਤ ਉੱਤੇ ਮੁਗਲ ਕਾਬਜ ਹੋਏ। ਸਦੀਆਂ ਤੋਂ ਚੱਲੇ ਆ ਰਹੇ ਪੰਜਾਬੀ ਸਭਿਆਚਾਰ ਲਈ ਮੁਗਲ ਸਭਿਆਚਾਰ ਅਤੇ ਉਨਾ ਦੀ ਭਾਸ਼ਾ ਓਪਰੇ ਸਨ। ਸ਼ਕਤੀਸਾਲੀ ਅਤੇ ਸੱਤਾਧਾਰੀ ਹੋਣ ਦੇ ਨਾਲ-ਨਾਲ ਮੁਗਲ ਹਿੰਦੂ ਸੰਸ਼ਕ੍ਰਿਤੀ ਦੇ ਵਿਰੋਧੀ ਸਨ ਅਤੇ ਸਿੱਧੇ ਜਾ ਅਸਿੱਧੇ ਤੌਰ ਤੇ ਇਸ ਨੂੰ ਬਦਲਣਾ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 116-121

ਚਾਹੁਦੇ ਸਨ। ਸਭਿਆਚਾਰ ਨੂੰ ਬਦਲਣ ਲਈ ਪਹਿਲਾ ਹਮਲਾ ਭਾਸ਼ਾ ਤੇ ਕੀਤਾ ਜਾਂਦਾ ਹੈ ਕਿਉਕਿ ਭਾਸ਼ਾ ਰਾਹੀ ਹੀ ਇਕ ਸਭਿਆਚਾਰ ਨੂੰ ਦੂਜੇ ਉਤੇ ਪ੍ਰਭਾਵੀ ਬਣਾਇਆ ਜਾ ਸਕਦਾ ਹੈ। ਭਾਸ਼ਾ ਸਭਿਆਚਾਰ ਨੂੰ ਪ੍ਰੰਪਰਾ ਰਾਹੀ ਅੱਗੇ ਤੋਰਦੀ ਹੈ ਪਰ ਜੇਕਰ ਭਾਸ਼ਾ ਬਦਲ ਦਿੱਤੀ ਜਾਵੇ ਤਾਂ ਸਭਿਆਚਾਰ ਦਾ ਪ੍ਰਵਾਹ ਰੁਕ ਜਾਦਾ ਹੈ। ਸਭਿਆਚਾਰ ਵਿੱਚ ਨਵੀ ਭਾਸ਼ਾ ਲਾਗੂ ਕਰਕੇ ਇਸ ਪ੍ਰਵਾਹ ਨੂੰ ਬਦਲਿਆਂ ਵੀ ਜਾ ਸਕਦਾ ਹੈ। ਸੈਮੂਅਲਜ਼ ਦਾ ਆਟੋਮੌਡਰਨਿਟੀ ਸੰਕਲਪ ਇਹ ਦਰਸਾਉਂਦਾ ਹੈ ਕਿ ਵਿਅਕਤੀਕਤ ਆਜ਼ਾਦੀ, Automation ਅਤੇ ਡਿਜੀਟਲ ਅਸਥਾਵਾਂ ਵਿਚਕਾਰ ਇੱਕ ਵਿਅਕਤੀ ਕਿਵੇਂ ਆਪਣੀ ਪਛਾਣ ਬਣਾਉਂਦਾ ਹੈ। ਪਰ ਇਹ ਆਜ਼ਾਦੀ ਕਈ ਵਾਰ ਸਿਰਫ਼ ਆਤਮ-ਪੁਸ਼ਟੀ ਅਤੇ ਡਿਜੀਟਲ ਸੁਪਨਿਆਂ ਤੱਕ ਸੀਮਤ ਰਹਿ ਜਾਂਦੀ ਹੈ।

**ਹਵਾਲੇ**

1. Baudrillard, J. (1994). Simulacra and Simulation. University of Michigan Press.
2. Lyotard, J-F. (1984). The Postmodern Condition: A Report on Knowledge. Manchester University Press.
3. Kellner, D. (1995). Media Culture: Cultural Studies, Identity and Politics Between the Modern and the Postmodern. Routledge.
4. Jameson, F. (1991). Postmodernism, or, The Cultural Logic of Late Capitalism. Duke University Press.
5. Jenkins, H. (2006). Convergence Culture: Where Old and New Media Collide. NYU Press.
6. Eagleton, Terry, (1996) The illusions of Postmodernism, USA: Blackwell Publishing.
7. Samuels, R. (2010). New media, cultural studies and critical theory after postmodernism. Automodernity from Zizek to Laclau. New York: Palgrave Macmillan, pp. 12; 15; 21; 71
8. Putnam, R. (2000). Bowling alone: The collapse and revival of American community. New York: Simon & Schuster.
9. Postman, N. (1985). Amusing ourselves to death: Public discourse in the age of show business. New York: Penguin Books.

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 122-127

# ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ ਆਸਾ ਦੀ ਵਾਰ : ਉੱਤਰ ਆਧੁਨਿਕ ਪਰਿਪੇਖ

ਡਾ. ਸਰਬਜੀਤ ਕੌਰ
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ।

**ਜਾਣ-ਪਹਿਚਾਣ**

ਪਰੰਪਰਿਕ ਸਮਾਜ ਦੇ ਵਿਰੋਧ ਵਜੋਂ ਆਧੁਨਿਕਤਾ ਦਾ ਸੰਕਲਪ ਹੋਂਦ ਵਿੱਚ ਆਇਆ ਅਤੇ ਆਧੁਨਿਕਤਾ ਦੇ ਵਿਰੋਧ ਵਜੋਂ ਉੱਤਰ ਆਧੁਨਿਕਤਾ ਦਾ ਸੰਕਲਪ ਹੋਂਦ ਵਿੱਚ ਆਇਆ । ਹੱਥਲੇ ਖੋਜ ਪਰਚੇ ਵਿੱਚ ਸੰਖੇਪ ਵਿੱਚ ਉੱਤਰ ਆਧੁਨਿਕਤਾ ਸ਼ਬਦ ਬਾਰੇ ਚਰਚਾ ਕੀਤੀ ਜਾਵੇਗੀ ਉਪਰੰਤ ਜਗਤ ਤਾਰਨਹਾਰ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਦਾ ਅਧਿਐਨ ਉੱਤਰ ਆਧੁਨਿਕਤਾ ਦੇ ਸੰਦਰਭ ਵਿੱਚ ਸਮਝਣ ਦੀ ਕੋਸ਼ਿਸ਼ ਮਾਤਰ ਕਰਾਂਗੇ ।

**ਮੁੱਢਲੇ ਸ਼ਬਦ:** ਉੱਤਰ ਆਧੁਨਿਕਤਾ, ਸ੍ਰੀ ਗੁਰੂ ਨਾਨਕ ਦੇਵ ਜੀ ,ਆਸਾ ਦੀ ਵਾਰ,ਸੰਤ ਸੁਭਾਅ,ਰੱਬੀ ਨਿਯਮ, ਬ੍ਰਹਿਮੰਡ ,ਧਰਮ ਦਾ ਪ੍ਰਵਚਨ

ਉੱਤਰ -ਆਧੁਨਿਕਤਾ ਅੰਗਰੇਜੀ ਦੇ ਸ਼ਬਦ **POST MODERNISM** ਦਾ ਸਮਾਨਾਰਥੀ ਸ਼ਬਦ ਹੈ । 20ਵੀਂ ਸਦੀ ਵਿੱਚ ਲਗਭਗ 1947 ਵਿੱਚ ਅਰਨਾਲਡ ਟਾਇਨਬੀ ਨੇ ਆਪਣੀ **ਕਿਤਾਬ A STUDY OF HISTORY** ਵਿੱਚ ਉਤਰ ਆਧੁਨਿਕਤਾ ਸ਼ਬਦ ਦੀ ਵਿਚਾਰ ਚਰਚਾ ਕੀਤੀ। ਤਕਰੀਬਨ 1960 ਦੇ ਕਰੀਬ ਉੱਤਰ ਆਧੁਨਿਕਤਾ ਨੇ ਸਾਹਿਤ ਤੇ ਕਲਾ ਦੇ ਖੇਤਰ ਵਿੱਚ ਆਪਣੇ ਪੈਰ ਜਮਾ ਲਏ । ਇਸ ਸ਼ਬਦ ਦੀ ਸਭ ਤੋਂ ਪਹਿਲਾਂ ਵਧੇਰੇ ਵਰਤੋਂ ਫਰਾਂਸ ਵਿੱਚ ਡੇਨੀਅਲ ਬੈੱਲ ,ਬੋਦਰੀਲਾ ,ਲਿਓਤਾਰ ਨੇ ਉਤਰ ਆਧੁਨਿਕਤਾ ਨੂੰ ਇਕ ਨਵੇਂ ਸਿਧਾਂਤ ਦੇ ਰੂਪ ਵਿੱਚ ਪੇਸ਼ ਕੀਤਾ। ਉਤਰ ਆਧੁਨਿਕਤਾ ਦੇ ਖੇਤਰ ਵਿੱਚ ਸਭ ਤੋਂ ਵੱਧ ਪ੍ਰਸਿੱਧੀ ਮਿਸ਼ੇਲ ਫੂਕੋ ਨੂੰ ਮਿਲੀ। ਫੂਕੋ ਦਾ ਉੱਤਰ ਆਧੁਨਿਕ ਪ੍ਰਤੀ ਮੁੱਖ ਵਿਚਾਰ ਮੁਕਤੀ ਬਾਰੇ ਹੈ। ਫੂਕੋ ਅਨੁਸਾਰ ਮੁਕਤੀ ਕੇਵਲ ਮਨ ਦੀ ਹੀ ਨਹੀਂ ਸਗੋਂ ਦੇਹ ਦੀ ਵੀ ਜਰੂਰੀ ਹੈ। ਜਿਸ ਤਰਾਂ ਆਧੁਨਿਕਤਾ ਵਿਗਿਆਨ , ਮਸ਼ੀਨੀਕਰਨ ਅਤੇ ਤਰਕ ਦੀ ਪੈਦਾਵਰ ਹੈ ਉਥੇ ਉਤਰ ਆਧੁਨਿਕਤਾ ਵਰਤਾਰਾ ਤਕਨਾਲੋਜੀ, ਸੂਚਨਾ ਤੇ ਅਧਾਰਿਤ ਹੈ । ਉਤਰ ਆਧੁਨਿਕਤਾ ਬਾਰੇ **MATS ALVESSON** ਦੱਸਦਾ ਹੈ ਕਿ , ਸਮਾਜ ਦਾ ਵਿਚਾਰ ਵਿਸ਼ਾਲ ਵਿਖੰਡਿਤ ਸਭਿਆਚਾਰ ਉਦੇਸ਼ ਦੁਆਰਾ ਚਰਿਤਰਗਤ ਹੁੰਦਾ ਹੈ ,ਇਸ ਵਿੱਚ ਸ਼ੰਕਾਵਾਂ ਮਾਨਵੀ ਸੰਵੇਦਨਾਵਾਂ ਦਾ ਮੂਲ ਬਣਦੀਆਂ ਹਨ ,ਇਸੇ ਕਰਕੇ ਉੱਤਰ ਆਧੁਨਿਕ ਸਮਾਜ ਦ੍ਰਿੜ ਵਿਸ਼ਵਾਸ਼,ਵਸਤੂਗਤਤਾ ਅਤੇ ਆਧੁਨਿਕਤਾ ਦੇ ਵਿਕਾਸਵਾਦੀ ਉਦੇਸ਼ ਦੇ ਵਿਰੁੱਧ ਹੁੰਦਾ ਹੋਇਆ ਇਸ ਨੂੰ ਰੱਦ ਕਰਦਾ ਹੈ ।1 ਉੱਤਰ ਆਧੁਨਿਕਤਾ ਸੰਬੰਧੀ ਸੈਮੂਅਲ ਬਕਟ,ਡੈਲਿਨ ਥੋਮਸ,ਗ੍ਰਾਹਮ ਗ੍ਰੀਨ,ਡਬਲਿਉ ਐਚ ਆਡਨ ਆਦਿ ਨੇ ਲਿਖਿਆ । ਉੱਤਰ ਆਧੁਨਿਕਤਾ ਨੇ ਆਧੁਨਿਕਤਾ ਦੀ ਆਲੋਚਨਾ ਕੀਤੀ,ਸੰਪੂਰਨਤਾ ,ਸਮੂਹਿਕਤਾ ,ਸੂਖਮਤਾ,ਭਾਵਨਾਵਾਂ ,ਸਥਾਨਿਕਤਾ ਨੂੰ ਨੂੰ ਮਹੱਤਵ ਦਿੱਤਾ ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 122-127

ਸਾਡੇ ਹੱਥਲੇ ਖੋਜ ਪਰਚੇ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਰਚਨਾ ਆਸਾ ਦੀ ਵਾਰ ਦੇ ਉੱਤਰ ਆਧੁਨਿਕ ਪਰਿਪੇਖ ਬਾਰੇ ਵਿਚਾਰ ਚਰਚਾ ਕਰਨਾ ਹੈ। ਆਸਾ ਦੀ ਵਾਰ ਦਾ ਅਧਿਐਨ ਕਰਦਿਆਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੀ ਦਿੱਬ ਦ੍ਰਿਸ਼ਟੀ ਤਤਕਾਲੀ ਇਤਿਹਾਸਕਤਾ ਨਾਲ ਦਾਰਸ਼ਨਿਕਤਾ ਭਰਪੂਰ ਸੰਵਾਦ ਸਿਰਜਦੀ ਹੈ। ਆਸਾ ਦੀ ਵਾਰ ਦੀ ਵਿਚਾਰਧਾਰਾ ਹਿੰਦੂ ਅਤੇ ਇਸਲਾਮ ਦੇ ਮਹਾਂਬਿਰਤਾਂਤਾਂ ਪ੍ਰਤੀ ਅਲਪ ਬਿਰਤਾਂਤ ਰਚਦੀ ਹੋਈ ਕਲਿਆਣਕਾਰੀ ਅਰਥ –ਪ੍ਰਬੰਧਾਂ ਵੱਲ ਝਾਤ ਪਵਾਉਂਦੀ ਹੈ। ਆਸਾ ਦੀ ਵਾਰ ਦੇ ਉੱਤਰ ਆਧੁਨਿਕ ਅਧਿਐਨ ਤੋਂ ਪਹਿਲਾਂ ਆਸਾ ਦੀ ਵਾਰ ਬਾਰੇ ਜਾਣਾਂਗੇ।ਗੁਰੂ ਨਾਨਕ ਦੇਵ ਦੀ ਦੀ ਸਭ ਤੋਂ ਮਹੱਤਵਪੂਰਨ ਵਾਰ ਹੈ ਆਸਾ ਦੀ ਵਾਰ। ਇਸ ਵਾਰ ਦੀਆਂ 24 ਪਉੜੀਆਂ ਤੇ 59 ਸਲੋਕ ਹਨ। ਵਾਰ ਵਿੱਚ ਦਰਜ ਸਲੋਕਾਂ ਵਿਚੋਂ 44 ਸਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ 15 ਗੁਰੂ ਅੰਗਦ ਦੇਵ ਜੀ ਦੇ ਹਨ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਸੋਝੀ ਬਾਰੇ ਬਾਰੇ ਦੱਸਦੇ ਹਨ। ਜੇ ਅਸੀਂ ਉੱਤਰ ਆਧੁਨਿਕ ਦ੍ਰਿਸ਼ਟੀ ਤੋਂ ਵੇਖੀਏ ਤਾਂ **ਆਸਾ ਦੀ ਵਾਰ ਨੂੰ ਟੁੰਡੇ ਅਸਰਾਜੇ ਦੀ ਧੁਨੀ** ਤੇ ਗਾਉਣ ਦਾ ਆਦੇਸ਼ ਹੈ। ਇਹ **ਵਾਰ ਮੱਧਕਾਲ ਦੀਆਂ ਲੋਕ ਰੁਚੀਆਂ** ਨੂੰ ਪ੍ਰੇਰਦੀ ਹੈ। ਉੱਤਰ ਆਧੁਨਿਕ ਦ੍ਰਿਸ਼ਟੀ ਤੋਂ ਇਹ ਮਹੱਤਵਪੂਰਨ ਸੰਕੇਤ ਹੈ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਜੀ ਦੀ ਨੇ ਉਸ ਸਮੇਂ ਦੇ ਸਮਾਜ ਦੀ ਮਹੱਤਵਪੂਰਨ ਪੇਸ਼ਕਾਰੀ ਕੀਤੀ ਹੈ। ਉਸ ਸਮੇਂ **ਦੇ ਸਮਾਜਿਕ ਤੇ ਰਾਜਨੀਤਿਕ ਪ੍ਰਬੰਧ ਦੀ ਦਸ਼ਾ ਨੂੰ ਸਮਾਜ ਦੇ ਵਿੱਚ ਹਾਂ ਮੁੱਖੀ ਪ੍ਰਭਾਵਾਂ** ਸਹਿਤ ਜੋਰਦਾਰ ਸ਼ਬਦਾ ਵਿੱਚ ਪੇਸ਼ ਕੀਤਾ ਹੈ। ਉੱਤਰ ਆਧੁਨਿਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਉਸ ਸਮੇਂ ਜਾਤ –ਪਾਤ,ਕਰਮ ਕਾਂਡ, ਵਰਤ ,ਇਸਤਰੀ ਦੀ ਦੁਰਦਸ਼ਾ ਦੀ ਹਾਲਤ ਜਿਹੇ ਮਾਨਵ ਵਿਰੋਧੀ ਵਰਤਾਰਿਆਂ ਦਾ ਕਰੜੇ ਸ਼ਬਦਾਂ ਵਿੱਚ ਖੰਡਨ ਕੀਤਾ। ਗੁਰੂ ਨਾਨਕ ਦੇਵ ਜੀ ਨੂੰ ਸੰਤ –ਸੁਭਾਅ ,ਮਹਾਂਪੁਰਸ਼ ਕਿਹਾ ਜਾਂਦਾ ਹੈ । ਆਸਾ ਦੀ ਵਾਰ ਵਿੱਚ ਸਾਨੂੰ ਗੁਰੂ ਜੀ ਦੇ ਸੰਤ ਸੁਭਾਅ ਦੇ ਦੀਦਾਰ ਹੁੰਦੇ ਹਨ। **ਸੰਤ ਸੁਭਾਅ** ਵਿਅਕਤੀ ਸੰਬੰਧੀ MARK .C.TAYLOR ਨੇ ਆਪਣੀ ਪੁਸਤਕ SAINTS AND POST MODERNISM ਵਿੱਚ ਸੰਤ ਸੁਭਾਅ ਬਾਰੇ ਇਸ ਤਰਾਂ ਵਿਚਾਰ ਪੇਸ਼ ਕੀਤੇ ਹਨ ,

"ਉਦਾਰਤਾ ਭਰੇ ਸੰਤ –ਸਭਾਵੀ ਮਨੁੱਖਾਂ ਦੇ ਕਾਰਜ ਅਤੇ ਪ੍ਰਵਚਨ,
ਦੁਨਿਆਵੀ ਸਵਾਰਥੀ ਲੋਕਾਂ ਵਿੱਚ , ਫਿਰ ਤੋਂ ਉਹਨਾਂ ਵਿੱਚ ਆਤਮ
ਵਿਸ਼ਵਾਸ਼ ਅਤੇ ਨੈਤਿਕ ਸੰਤੁਲਨ ਕਾਇਮ ਕਰਦਾ ਹੈ।"2

ਗੁਰੂ ਜੀ ਅਨੁਸਾਰ ਸੰਤ ਸੁਭਾਅ ਪਾਉਣ ਲਈ ਗੁਰੂ ਜਾਂ ਮੁਰਸ਼ਦ ਧਾਰਨ ਕਰਨਾ ਪੈਂਦਾ ਹੈ ,ਉਹ ਫਰਮਾਉਂਦੇ ਹਨ ਕਿ :

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ
ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀਵਾਰ "3

ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ **ਰੱਬ ਦੇ ਨਿਯਮਾਂ ਨੂੰ ਸੰਕੇਤਾਂ** ਰਾਹੀਂ ਦਰਸਾਇਆ ਹੈ। ਗੁਰੂ ਨਾਨਕ ਦੇਵ ਜੀ ਵੱਖੋ ਵੱਖਰੇ ਚਿਹਨ ,ਪ੍ਰਤੀਕ ਵਰਤ ਕੇ ਪਰਮਾਤਮਾ ਦੇ ਰੱਬੀ ਅਸੂਲਾਂ ਨੂੰ ਕਲਮਬੱਧ ਕੀਤਾ ਹੈ। ਆਸਾ ਦੀ ਵਾਰ ਦਾ ਇਹ ਸਲੋਕ ਬਹੁ ਆਯਾਮੀ ਪ੍ਰਸੰਗ ਵਿੱਚ ਰੱਖ ਕੇ ਦੇਖ ਸਕਦੇ ਹਾਂ ,

" ਭੈ ਵਿਚਿ ਪਵਣੁ ਵਹੈ ਸਦਵਾਉ

ਭੈ ਵਿਚਿ ਚਲਹਿ ਲਖ ਦਰੀਆਉ

ਭੈ ਵਿਚਿ ਅਗਨਿ ਕਢੈ ਵੇਗਾਰਿ

ਭੈ ਵਿਚਿ ਧਰਤੀ ਦਬੀ ਭਾਰਿ। "4

ਉੱਤਰ ਆਧੁਨਿਕਤਾ ਦੇ ਦੌਰ ਵਿੱਚ **ਸਾਇੰਸ ਨੇ ਭਾਵੇਂ ਬ੍ਰਹਿਮੰਡ ਤੇ ਆਪਣਾ ਪੂਰਨ ਰੂਪ** ਵਿੱਚ ਕਬਜਾ ਜਮਾਂ ਲਿਆ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਮੱਧਕਾਲੀ ਸਮੇਂ ਵਿੱਚ ਹੀ ਆਪਣੀ ਦਿੱਬ ਦ੍ਰਿਸ਼ਟੀ ਨਾਲ ਪੂਰੇ ਬ੍ਰਹਿਮੰਡ ਦਾ ਵਿਸਥਾਰ ਪੇਸ਼ ਕਰ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ ਕਿ,

ਵਿਸਮਾਦੁ ਨਾਦ॥ ਵਿਸਮਾਦੁ ਵੇਦ॥ ਵਿਸਮਾਦੁ ਜੀਅ॥

ਵਿਸਮਾਦੁ ਭੇਦ ॥ ਵਿਸਮਾਦੁ ਰੂਪ॥ ਵਿਸਮਾਦੁ ਰੰਗ ॥

ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ

ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥

ਵਿਸਮਾਦੁ ਸੰਜੋਗ ਵਿਸਮਾਦੁ ਵਿਜੋਗੁ ॥

ਵਿਸਮਾਦੁ ਭੁੱਖ ਵਿਸਮਾਦੁ ਭੋਗੁ॥

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹੁ॥

ਵਿਸਮਾਦੁ ਉਝੜ ਵਿਸਮਾਦੁ ਰਾਹ॥

ਵਿਸਮਾਦੁ ਨੇੜੈ ਵਿਸਮਾਦੁ ਦੂਰ ॥

ਵਿਸਮਾਦੁ ਦੇਖੈ ਹਾਜਰਾ ਹਜੂਰਿ॥ 5

ਕੁਦਰਤ ਸੰਬੰਧੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਕੁਦਰਤ ਨੂੰ **ਬਹੁ ਪਾਸਾਰੀ ਸੰਗਠਨ** ਦੇ ਰੂਪ ਵਿੱਚ ਚਿਤਰਿਆ ਹੈ। ਉੱਤਰ ਆਧੁਨਿਕਤਾ ਦੇ ਸੰਦਰਭ ਵਿੱਚ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੀ ਇਹ ਖਾਸੀਅਤ ਹੈ ਕਿ ਕੁਦਰਤ ਇਕ ਅਜਿਹਾ ਸੰਗਠਨ ਹੈ ਜੋ ਪ੍ਰਭੂ ਦੇ ਹੁਕਮ ਵਿੱਚ ਹੈ ਸਭ ਪਰਮਾਤਮਾ ਦੀ ਰਜਾ ਅਨੁਸਾਰ ਵਾਪਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ **ਚਿਹਨਕ** ਦੇ ਤੌਰ ਤੇ ਕੁਦਰਤ ਸ਼ਬਦ ਦੀ ਵਰਤੋਂ ਕੀਤੀ ਹੈ ਜੋ ਭਾਰਤੀ –ਇਸਲਾਮੀ ਪਰੰਪਰਾ ਭਾਵ ਸਾਂਝੀਵਾਲਤਾ ਨੂੰ ਮੁਖਾਤਿਬ ਹੈ।

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ।

ਕੁਦਰਤਿ ਖਾਣਾ ਪੀਣਾ ਪੈਨਣ ਕੁਦਰਤਿ ਸਰਬ ਪਿਆਰੁ। 6

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 122-127

ਗੁਰੂ ਜੀ ਦਸ ਰਹੇ ਨੇ ਕਿ ਜੋ ਵੀ ਦਿਸ ਰਿਹਾ ਹੈ ਜਾਂ ਜੋ ਕੁਝ ਸੁਣੀ ਜਾ ਰਹੇ ਹਾਂ ਇਹ ਸਭ ਤੇਰੀ ਕਲਾ ਹੈ। ਪਾਤਾਲ ,ਅਕਾਸ ਵਿਚ ਤੇਰੀ ਹੀ ਕੁਦਰਤ ਹੈ। ਗੁਰੂ ਨਾਨਕ ਦੇਵ ਜੀ ਨੇ ਇਥੇ ਕੁਦਰਤ ਲਈ ਵੱਖ –ਵੱਖ ਪ੍ਰਤੀਕ ਵਰਤੇ ਹਨ।

**ਉੱਤਰ ਆਧੁਨਿਕਤਾ ਦ੍ਰਿਸ਼ਟੀ ਤੋਂ ਧਰਮ ਦੇ ਪ੍ਰਵਚਨ ਦੀ ਉਸਾਰੀ** ਸੰਬੰਧੀ ਦ੍ਰਿਸ਼ਟੀ ਵੀ ਆਸਾ ਦੀ ਵਾਰ ਵਿੱਚ ਪੇਸ਼ ਕੀਤੀ ਗਈ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਸਮੇਂ ਸਮਾਜਿਕ ਹਾਲਾਤ ਬਹੁਤ ਮਾੜੇ ਸਨ। ਉਸ ਸਮੇਂ ਕੂੜ ਦਾ ਪਸਾਰਾ ਸੀ ,ਮਨੁੱਖੀ ਮਨ ਦੀ ਫਿਤਰਤ ਲੋਭੀ ,ਹੰਕਾਰੀ ਬਿਰਤੀ ਵਾਲੀ ਹੋ ਗਈ ਸੀ। ਇਹਨਾਂ ਨੂੰ ਸਿੱਧੇ ਰਸਤੇ ਪਾਉਣ ਲਈ ਗੁਰੂ ਜੀ ਨੇ ਇਹਨਾਂ ਲਈ ਚਿਹਨਕੀ ਸ਼ਬਦ ਵਰਤੇ। ਇਸ ਤਰਾਂ ਦੇ ਹਾਲਾਤਾਂ ਨੂੰ ਆਸਾ ਦੀ ਵਾਰ ਵਿੱਚ ਇਸ ਤਰਾਂ ਪੇਸ਼ ਕੀਤਾ ਹੈ।

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ।

ਕਾਮੁ ਨੇਬੁ ਸਦਿ ਪੁਛਿਐ,ਬਹਿ ਬਹਿ ਕਰੇ ਬੀਚਾਰੁ।

ਅੰਧੀ ਰਯਿਤ ਗਿਆਨ ਵਿਹੂਣੀ,ਭਾਹਿ ਭਰੇ ਮੁਰਦਾਰੁ। 7

ਗੁਰੂ ਨਾਨਕ ਦੇਵ ਜੀ ਨੇ **ਪੰਡਤਾਊ ਸੋਚ ,ਬ੍ਰਾਹਮਣਵਾਦੀ ਕਰਮ ਕਾਡਾਂ ਦਾ** ਖੰਡਨ ਕੀਤਾ। ਹੱਕ ਸੱਚ ਦੀ ਕਮਾਈ ਕਰਨ ਤੇ ਪਹਿਰਾ ਦਿਤਾ। ਗੁਰੂ ਨਾਨਕ ਦੇਵ ਜੀ ਅਨੁਸਾਰ ਲੁੱਟਾਂ ਮਾਰਾਂ ਕਰਨ ਵਾਲਿਆਂ ਦਾ ਅੰਤ ਬਹੁਤ ਭਿਆਨਕ ਹੁੰਦਾ ਹੈ ਉਹਨਾਂ ਨੂੰ ਸਜਾ ਜਰੂਰ ਮਿਲਦੀ ਹੈ।

ਜੇ ਮੋਹਾਕਾ ਘਰੁ ਮੁਹੇ,ਘਰੁ ਮੁਹਿ ਪਿਤਰੀ ਦੇਇ।

ਅਗੈ ਵਸਤੁ ਸਿਆਣੀਐ ,ਪਿਤਰੀ ਚੋਰ ਕਰੇਇ।

ਵਡੀਅਹਿ ਹੱਥ ਦਲਾਲ ਕੇ ,ਮੁਸਫ਼ੀ ਏਹ ਕਰੇਹਿ।

ਨਾਨਕ ਅਗੈ ਸੋ ਮਿਲੈ ਜਿ ਖੱਟੇ ਘਾਲੇ ਦੇਇ। 8

ਉੱਤਰ ਆਧੁਨਿਕਤਾ ਦੇ ਸੰਦਰਭ ਵਿੱਚ ਇਹ ਵਿਚਾਰਧਾਰਾ ਮਿਹਨਤ ਦੀ ਕਮਾਈ ਜਾਂ ਖੱਟੀ ਦੇ ਚਿਹਨਾਂ ਨੂੰ ਪੇਸ਼ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਹਰ ਤਰਾਂ ਦੇ **ਸੂਤਕ ਦਾ ਵਿਰੋਧ ਕੀਤਾ। ਉੱਤਰ ਆਧੁਨਿਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਗੁਰੂ ਜੀ ਨੇ ਨਿੱਕੇ -ਨਿੱਕੇ ਚਿਹਨਾਂ ਰਾਹੀਂ ਵੱਡੀ ਚੋਟ ਕੀਤੀ ਹੈ।**

ਜੇਕਰ ਸੂਤਕ ਮੰਨੀਐ ਸਭ ਤੈ ਸੂਤਕ ਹੋਇ।

ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ।

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ।

ਪਹਿਲਾ ਪਾਣੀ ਜੀਉ ਹੈ ,ਜਿਤੁ ਹਰਿਆ ਸਭੁ ਕੋਇ। 9

**ਉੱਤਰ ਆਧੁਨਿਕਤਾ ਦੀ ਇਹ ਖਾਸੀਅਤ ਹੈ ਕਿ ਇਸ ਨੇ ਮਾਨਵਤਾਵਾਦ ਨੂੰ ਵੱਧ ਮਹੱਤਵ ਦਿੱਤਾ।** ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵੀ ਇਸੇ ਸਿਧਾਂਤ ਨੂੰ ਪ੍ਰਗਟਾਉਂਦੀ ਹੈ ,ਅਸਲ ਵਿੱਚ ਗੁਰਬਾਣੀ ਦਾ

ਆਸ਼ਾ ਹੀ ਮਾਨਵਤਾਵਾਦ ਹੈ। ਆਸਾ ਦੀ ਵਾਰ ਵਿੱਚ ਗੁਰੂ ਜੀ ਨੇ ਮੁਸਲਮਾਨਾਂ ਦੀ ਵੀ ਗੱਲ ਕੀਤੀ ਤੇ ਹਿੰਦੂ ਧਰਮ ਦੀ ਵੀ। ਗੁਰੂ ਜੀ ਦੀ ਵਿਚਾਰਧਾਰਾ ਅਨੁਸਾਰ

ਮੁਸਲਮਾਨਾ ਸਿਫਤਿ ਸਰੀਅਤ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥
ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ॥
ਸੂਖਮਿ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ।। 10

ਆਧੁਨਿਕਤਾ ਜਿਥੇ ਯੂਨੀਵਰਸਲ ਸੱਚਾਈ ਨੂੰ ਅਹਿਮ ਮੰਨਦਾ ਸੀ ਉਥੇ **ਉੱਤਰ ਆਧੁਨਿਕਤਾ ਨੇ ਸਮਾਜ ਨੂੰ ਖਾਸ ਮਹੱਤਵ ਦਿੱਤਾ ਹੈ**। ਸਮਾਜ ਬਿਨਾਂ ਮਨੁੱਖ ਦੀ ਕੋਈ ਪ੍ਰਗਤੀ ਨਹੀਂ ਹੋ ਸਕਦੀ। ਸਮਾਜ ਮਾਣ –ਸਨਮਾਨ ਬਣਾਉਣ ਲਈ ਮਨੁੱਖ ਨੂੰ ਨਿਮਰਤਾ ਧਾਰਨ ਕਰਨੀ ਪੈਂਦੀ ਹੈ। ਚੰਗੇ ਗੁਣਾਂ ਦਾ ਧਾਰਨੀ ਬਣਨਾ ਪੈਂਦਾ ਹੈ ,ਇਸ ਸੰਬੰਧੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ :

ਸਿੰਮਲ ਰੁਖੁ ਸਰਾਇਰਾ ਅਤਿ ਦੀਰਘੁ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ ॥
ਸਭ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥ 11

ਉਪਰੋਕਤ ਵਿਚਾਰਧਾਰਾ ਨੂੰ ਜੇ ਅਸੀਂ ਉੱਤਰ ਆਧੁਨਿਕਤਾ ਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸੁਭਾਅ ਨੂੰ **ਚਿਹਨਾਂ ਰਾਹੀਂ ਪ੍ਰਗਟਾਇਆ ਹੈ ਸਿੰਮਲ ਰੁੱਖ ਦਾ ਚਿਹਨ, ਤਰਾਜੂ ਦਾ ਚਿਹਨ ਵਰਤਿਆ ਹੈ।** ਗੁਰੂ ਜੀ ਨੇ ਚਿਹਨਤਮਕ ਪਰਿਪੇਖ ਰਾਹੀਂ ਸਮਝਾਇਆ ਹੈ ਕਿ ਮਨੁੱਖ ਸਿੰਮਲ ਦੇ ਰੁੱਖ ਵਾਂਗ ਜਿੰਨਾ ਮਰਜੀ ਉੱਚਾ ,ਧਨਾਢ ਹੋਵੇ ਪਰ ਜੇ ਉਹਦੇ ਵਿੱਚ ਨਿਮਰਤਾ ਨਹੀਂ ਤਾਂ ਉਸਦਾ ਰੁਤਬਾ ਕਿਸੇ ਕੰਮ ਦਾ ਨਹੀਂ।

**ਸਿੱਟਾ**: ਸੋ ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਆਸਾ ਦੀ ਵਾਰ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਸੰਵੇਦਨਾ ਨਾਲ ਉਸ ਸਮੇਂ ਨਵੀਂ ਸਿਰਜਨਾਤਮਕ ਪ੍ਰਕਿਰਿਆ ਦੀ ਰੁਚੀ ਵਿਕਸਿਤ ਕੀਤੀ। ਗੁਰੂ ਨਾਨਕ ਦੇਵ ਜੀ ਨੇ ਅਜਿਹਾ ਪੈਰਾਡਾਈਮ ਉਸਾਰਿਆ ਕਿ ਦੁਨੀਆ ਲਈ ਉਹ ਇੱਕ ਮਿਸਾਲ ਬਣ ਗਏ। ਉੱਤਰ ਆਧੁਨਿਕਤਾ ਦੀ ਦ੍ਰਿਸ਼ਟੀ ਤੋਂ ਉਹਨਾਂ ਦੀ ਰਚਨਾ ਆਸਾ ਦੀ ਵਾਰ ਜਾਂ ਜਿਸ ਨੂੰ ਗੁਰੂ ਦੀ ਵਾਰ ਕਿਹਾ ਜਾਂਦਾ ਹੈ ਇਕ ਬਹੁ ਦਿਸ਼ਾਵੀ ਪੈਰਾਡਾਈਮ ਉਸਾਰਦੀ ਹੈ। ਇਸ ਵਾਰ ਵਿੱਚ ਨੈਤਿਕਤਾ, ਸਮਾਜਿਕਤਾ ,ਮਨੁੱਖੀ ਕਲਿਆਣਕਾਰੀ ਨੀਤੀਆਂ ਨੂੰ ਵਿਸ਼ਾ ਬਣਾਇਆ ਗਿਆ ਹੈ। ਸੋ ਆਸਾ ਦੀ ਵਾਰ ਗੁਰੂ ਨਾਨਕ ਦੇਵ ਜੀ ਦੀ ਮੱਧਕਾਲ ਵਿੱਚ ਰਚੀ ਅਜਿਹੀ ਵਾਰ ਹੈ ਜੋ ਅਜੋਕੇ ਉੱਤਰ ਆਧੁਨਿਕ ਸਮੇਂ ਵਿੱਚ ਵੀ ਪੂਰੀ ਬਲਸ਼ਾਲੀ ਹੈ।

**ਹਵਾਲੇ**


1. Mats Alveson,Post Modernism And Social Research ,Open University Press,Bucking Philadelopedia,2002,P.21
2. Editha Wyschogrod,Saints And Postmodernism,P. 59
3. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ, 462
4. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ, 464
5. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ,463
6. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ,464
7. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ,472
8. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ,472
9. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ, 472
10. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ, 465-466
11. ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ ਨੰ, 470

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

# ਪੰਜਾਬੀ ਭਾਸ਼ਾ ਅਤੇ ਸਾਹਿਤ : ਉੱਤਰ ਆਧੁਨਿਕਤਾ ਦੇ ਪਰਪੇਖ ਵਿੱਚ

**ਹਰਪ੍ਰੀਤ ਕੁਮਾਰ**
**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ, ਤਲਵੰਡੀ ਸਾਬੋਂ।**

21ਵੀਂ ਸਦੀ ਦਾ ਮਨੁੱਖ ਜਿੱਥੇ ਵਿਗਿਆਨਕ ਚਮਤਕਾਰਕ ਉੱਨਤੀਆਂ ਵੱਲ ਵੱਧ ਰਿਹਾ ਹੈ, ਉਥੇ ਹੀ ਮਨੁੱਖੀ ਚੇਤਨਾ, ਸੰਵੇਦਨਾ ਅਤੇ ਅਸਥਿਰਤਾ ਵਲੱ ਵੀ ਵੱਧ ਰਹਿ ਹੈ। ਆਧੁਨਿਕਤਾ ਨੇ ਜਿੱਥੇ ਮਨੁੱਖ ਨੂੰ ਵਿਗਿਆਨ, ਤਰਕ ਅਤੇ ਲਾਜਿਕ ਨਾਲ ਜੋੜਿਆ, ਉਥੇ ਹੀ ਉੱਤਰ ਆਧੁਨਿਕਤਾ ਨੇ ਮਨੁੱਖੀ ਦੀ ਅਸਥਿਤੀ, ਬਹੁਅਰਥੀਤਾ ਅਤੇ ਸੰਦੇਹਵਾਦ ਦੇ ਰਾਹ ਖੋਲ੍ਹੇ ਹਨ। ਉੱਤਰ ਆਧੁਨਿਕਤਾ (Postmodernism) ਇੱਕ ਅਜਿਹਾ ਵਿਚਾਰ ਹੈ ਜੋ ਆਧੁਨਿਕਤਾ (Modernism) ਦੀ ਸੀਮਾਵਾਂ ਅਤੇ ਪਾਬੰਦੀਆਂ 'ਤੇ ਸਵਾਲ ਖੜਾ ਕਰਦਾ ਹੈ। ਇਤਿਹਾਸ ਦਾ ਅੰਤ' ਸਭ ਤੋਂ ਵੱਧ ਵਾਦ-ਵਿਵਾਦ ਦਾ ਕਾਰਨ ਬਣਿਆ ਹੈ ਇਨਸਾਈਕਲੋਪੀਡੀਆ ਆਫ ਪੋਸਟ ਮਾਡਰਨਿਜ਼ਮ ਵਿਚ ਇਸ ਸੰਕਲਪ ਨੂੰ ਸਪਸ਼ਟ ਕਰਦਿਆਂ ਲਿਖਿਆ ਹੈ ਕਿ 'ਇਤਿਹਾਸ ਦਾ ਅੰਤ,ਇਤਿਹਾਸ ਵੱਡੀਆਂ ਸਮਾਜਿਕ ਤਬਦੀਲੀਆਂ ਦਾ ਵਿਕਾਸ ਰੁਖ ਨਿਰਧਾਰਤ ਕਰਨ ਵਾਲੇ ਵਿਚਾਰਦਾ ਖਾਤਮਾ ਹੈ"।[1]ਜਿੱਥੇ ਆਧੁਨਿਕਤਾ ਵਿਗਿਆਨਕ ਦ੍ਰਿਸ਼ਟਿਕੋਣ, ਤਰਕ ਅਤੇ ਵਿਅਕਤੀਗਤ ਅਹਿਸਾਸ 'ਤੇ ਜ਼ੋਰ ਦਿੰਦਾ ਸੀ, ਉੱਤਰ ਆਧੁਨਿਕਤਾ ਵਿਅਕਤੀਗਤ ਕੇਂਦਰਹੀਨਤਾ ਨੂੰ ਉਭਾਰਦਾ ਹੈ। ਇਹ ਵਿਚਾਰ ਮਨੁੱਖੀ ਅਸਥਿਤੀ, ਭਾਸ਼ਾ ਦੀ ਅਸਥਿਰਤਾ, ਸੱਚ ਦੀ ਸਾਰਥਕਤਾ ਅਤੇ ਸੱਭਿਆਚਾਰਿਕ ਬਹੁਆਯਾਮ ਨੂੰ ਉਜਾਗਰ ਕਰਦਾ ਹੈ। ਜਦੋਂ ਅਸੀਂ ਇਸ ਸੰਦੇਸ਼ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਵਿੱਚ ਲਾਗੂ ਕਰਦੇ ਹਾ ਤਾਂ ਸਾਨੂੰ ਵਿਖਾਈ ਦਿੰਦਾ ਹੈ ਕਿ ਪੰਜਾਬੀ ਸਾਹਿਤ ਵੀ ਹੁਣ ਪਰੰਪਰਾਵਾਂ ਤੋਂ ਹਟ ਕੇ ਨਵੀਂ ਦਿਸ਼ਾਵਾਂ ਵੱਲ ਵਧ ਰਿਹਾ ਹੈ। ਪੁਰਾਣੇ ਮੌਡਲ-ਜਿਵੇਂ ਕਿ ਰਿਅਲਿਜ਼ਮ, ਪ੍ਰਗਤਿਵਾਦ ਜਾਂ ਰੁਮਾਸਵਾਦ ਹੁਣ ਵਿਸ਼ਵਾਸਯੋਗ ਅਭਿਵਿਅਕਤੀ ਦੇ ਢਾਂਚੇ ਨਹੀਂ ਰਹੇ। ਨਵੇਂ ਲੇਖਕ ਆਪਣੇ ਲਿਖਣ ਵਿੱਚ ਵਿਅੰਗ, ਵਿਖੰਡਨ, ਆਤਮ-ਸੰਦੇਹ ਅਤੇ ਨਵੀਂ ਪਹਿਚਾਣ ਦੀ ਖੋਜ ਕਰ ਰਹੇ ਹਨ। ਫਰੈਡਰਿਕ ਜੈਮਸਨ ਅਨੁਸਾਰ 'ਉਤਰ-ਆਧੁਨਿਕਤਾ ਮਹਾਂ-ਬਿਰਤਾਂਤ ਸ਼ਬਦ ਉਤਰ ਆਧੁਨਿਕ ਯੁੱਗ ਦਾ ਸੰਕਲਪੀ ਸ਼ਬਦ ਹੈ ਜਿਸਦਾ ਪ੍ਰਯੋਗ ਕਿਸੇ ਵੀ ਉਸ ਵਿਚਾਰਧਾਰਾ ਜਾਂ ਵਿਚਾਰ ਪ੍ਰਬੰਧ ਲਈ ਕੀਤਾ ਜਾਂਦਾ ਹੈ ਜੋ ਜ਼ਿੰਦਗੀ ਦੀ ਸਮੁੱਚਤਾ ਵਿਚ ਵਿਆਖਿਆ ਕਰਦੀ ਹੋਵੇ। ਮਹਾਂ-ਬਿਰਤਾਂਤ ਦਾ ਜ਼ਰੂਰੀ ਲੱਛਣ ਇਹ ਹੈ ਕਿ ਇਹ ਆਪਣੇ ਤੋਂ ਇਲਾਵਾ ਹੋਰ ਕਿਸੇ ਵਿਆਖਿਆ ਨੂੰ ਮਾਨਤਾ ਨਹੀਂ ਦਿੰਦਾ ਸਗੋਂ ਦੂਸਰੇ ਬਿਰਤਾਤਾਂ ਨੂੰ ਗਲਤ, ਝੂਠੇ, ਬੇਸਮਝੀ ਦਾ ਨਤੀਜਾ ਸਮਝਦਾ ਹੈ। ਮਹਾਂਬਿਰਤਾਂਤ ਹਰ ਵਰਤਾਰੇ ਦੀ ਅੰਤਿਮ ਅਤੇ ਕੁਲ ਮੁਖੀ ਵਿਆਖਿਆ ਕਰਦਾ ਹੈ।'[2] ਸੀਜ਼ੋ ਆਦਿਮ ਦੇਹੀ ਸੱਚ ਨੂੰ ਆਧੁਨਿਕ ਸੰਸਥਾਵਾਂ ਦੇ ਮਖੌਟੇ ਅਧੀਨ ਲੁਕਾ ਕੇ, ਜਜ਼ਬੇ ਦਾ ਬੀਜ ਬਚਾ ਕੇ ਰਖਦਾ ਹੈ। ਇਹ ਬੀਜ ਕਵਿਤਾ, ਇਸ਼ਕ, ਬਗਾਵਤ, ਜਨੂੰਨ ਵਿਚੋਂ ਫੁਟਦਾ ਹੈ। ਇਸੇ ਕਰਕੇ ਦੇਲਿਊਜ਼ ਅਤੇ ਗਾਅਟਰੀ ਆਪਣੀ ਪੁਸਤਕ ਐਂਟੀ ਉਡੀਪਸ ਵਿਚ ਲਿਖਦੇ ਹਨ 'ਕਾਮਨਾ ਆਪਣੇ ਤੱਤ ਰੂਪ ਵਿਚ ਹੀ ਇਨਕਲਾਬੀ ਹੈ ।"[3]

ਉੱਤਰ ਆਧੁਨਿਕਤਾ ਵਿੱਚ ਕੇਂਦਰ ਦਾ ਟੁੱਟਣਾ, ਸਤਤਾ 'ਤੇ ਪ੍ਰਸ਼ਨਚਿੰਨ੍ਹ ਅਤੇ ਨਿਯਮਾ ਦੀ ਉਲੰਘਣਾ ਜੋ ਸਾਫ਼ ਤੌਰ 'ਤੇ ਸਾਹਿਤ ਵਿੱਚ ਪ੍ਰਗਟ ਹੋ ਰਹੀਆਂ ਹਨ। ਨਾਵਲ, ਕਵਿਤਾ, ਨਾਟਕ ਅਤੇ ਕਹਾਣੀ-all genre-ਇਸ ਵਿਚਾਰਧਾਰਾ ਦੇ

Volume: 11, March 2025 ISSN: 2394-0980
PP: 128-141

ਪ੍ਰਭਾਵ ਹੇਠ ਨਵੀਂ ਬਣਤਰ ਵਿੱਚ ਲਿਖੇ ਜਾ ਰਹੇ ਹਨ। ਕਲਪਨਾ ਅਤੇ ਹਕੀਕਤ ਦੇ ਦਰਮਿਆਨ ਦੀ ਰੇਖਾ ਧੁੰਦਲੀ ਹੋ ਰਹੀ ਹੈ ਸੱਚ ਅਤੇ ਝੂਠ ਕਥਾਨਕ ਬਣ ਚੁੱਕੇ ਹਨ।ਉੱਤਰ ਆਧੁਨਿਕਤਾ ਵਿਸ਼ਵਾਸ ਕਰਦੀ ਹੈ ਕਿ ਕੋਈ ਵੀ 'ਇਕ ਸੱਚ' ਨਹੀਂ ਹੁੰਦਾ-ਸਭ ਕੁਝ ਵਿਅਕਤੀਗਤ, ਸੱਭਿਆਚਾਰਕ ਸੰਦੇਹਯੋਗ ਹੁੰਦਾ ਹੈ। ਇਸੇ ਤਰ੍ਹਾਂ ਪੰਜਾਬੀ ਸਾਹਿਤ ਵਿੱਚ ਵੀ ਇਨਸਾਨੀ ਦੁਖ, ਵੰਡ, ਪਰਵਾਸ, ਆਤਮ-ਪਛਾਣ ਅਤੇ ਨਾਰੀ-ਮੰਨਤਾ ਵਰਗੇ ਵਿਸ਼ੇ ਕੇਂਦਰ ਵਿੱਚ ਆ ਰਹੇ ਹਨ।

**Jean-François Lyotard - The Postmodern Condition: A Report on Knowledge (1979)** Lyotard defines postmodernism as the rejection of grand narratives or met narratives, which historically were used to justify knowledge and power in society. He emphasizes the fragmentation of knowledge and the shift toward smaller, localized narratives. **Page**: (Introduction, Chapter 1)

**Michel Foucault - Discipline and Punish (1975)** Foucault discusses how postmodernism is reflected in the shift from sovereign power to disciplinary power, affecting how society controls and influences individuals. His work on power and knowledge is fundamental in postmodern thought. **Page**: (Chapter 1: "The Body of the Condemned")

**Jean Baudrillard - Simulacra and Simulation (1981)** Baudrillard explores the concept of hyper reality and how postmodern society has become so immersed in simulations (media, advertisements, and technology) that reality itself is no longer distinguishable from its representations. **Page**: (Chapter 1: "The Precession of Simulacra")

**Fredric Jameson - Postmodernism, or, The Cultural Logic of Late Capitalism (1991)** Jameson argues that postmodernism is a cultural dominant of late capitalism, where the past is recoded, history becomes fragmented, and culture turns into a series of superficial signs. **Page**: (Chapter 1: "The Cultural Logic of Late Capitalism")

**Richard Rorty - Philosophy and the Mirror of Nature (1979)** Rorty critiques the idea of objective truth and argues that philosophy should focus on human needs and social practices rather than searching for universal truths. His ideas align with postmodernism's rejection of foundationalism. **Page**: (Chapter 1: "The Mirror of Nature")

ਉੱਤਰ ਆਧੁਨਿਕਤਾ ਸਾਹਿਤ ਆਧੁਨਿਕ ਸਾਹਿਤ ਦੇ ਕੇਵਲ ਵਿਰੋਧ ਵਿੱਚ ਹੀ ਪੈਦਾ ਨਹੀਂ ਹੋਇਆ ਸਗੋਂ ਉਸਦੀ ਕੁੱਖ ਵਿੱਚੋਂ ਹੀ ਪੈਦਾ ਹੋਇਆ ਹੈ। ਇਸ ਨੇ ਆਧੁਨਿਕਤਾ ਦੀ ਵਿਚਾਰਧਾਰਾ ਨੂੰ ਛੱਡਿਆ ਅਤੇ ਸਾਹਿਤ ਨੂੰ ਪੁਨਰ ਪ੍ਰਭਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲੇ ਇਹ ਕੰਮ ਅਚੇਤ ਰੂਪ ਵਿੱਚ ਆਧੁਨਿਕਤਾ ਦੇ ਨਾਮ ਥੱਲੇ ਕੁਝ ਸਿਰਜਨਸ਼ੀਲ ਲੇਖਕਾਂ ਵੱਲੋਂ ਸ਼ੁਰੂ ਕੀਤਾ ਗਿਆ ਪਰ ਹੌਲੀ ਹੌਲੀ ਇੱਕ ਲਹਿਰ ਬਣ ਗਈ ਅਤੇ ਸਿਧਾਂਤਕ ਰੂਪ ਧਾਰਨ ਕਰ ਲਿਆ। ਵਿਸ਼ਵ ਪੱਧਰ ਤੇ ਆਧੁਨਿਕ ਸਾਹਿਤ ਅਤੇ ਉੱਤਰ ਆਧੁਨਿਕ ਸਾਹਿਤ ਵਿੱਚ ਸਿਰਜਨਾਤਮਕ ਤਬਦੀਲੀਆਂ ਵੱਖ-ਵੱਖ ਭੂਗੋਲਿਕ ਖਿੱਤਿਆਂ ਭਾਸ਼ਾਵਾਂ ਅਤੇ ਸਾਹਿਤਕ ਰੂਪਾਂ ਦੀ ਕਾਲ ਵੰਡ ਅਧੀਨ ਵਾਪਰੀਆਂ ਹਨ। ਆਧੁਨਿਕ ਵਿਚਾਰਧਾਰਾ ਦਾ ਜਿਆਦਾ ਜ਼ੋਰ ਇਸ ਗੱਲ ਉੱਪਰ ਹੈ ਕਿ ਸਾਹਿਤਿਕ ਕਿਰਤ ਵਿੱਚ ਸਪਸ਼ਟ ਕੀ ਦਿਸਦਾ ਹੈ। ਵਿਅਕਤੀਗਤ ਜਾਂ ਪ੍ਰਭਾਵ ਦੇ ਲੱਛਣ ਦਿਸਦੇ ਹਨ। ਇਸ ਸੋਚਣੀ ਵਿੱਚੋਂ ਹੀ ਚੇਤਨਾ ਪ੍ਰਵਾਹ ਦੀ ਸ਼ੈਲੀ ਦਾ ਜਨਮ ਹੋਇਆ ਜਿਸ ਨੇ ਸਾਹਿਤਕ ਬਿਰਤਾਂਤ ਨੂੰ ਵਸਤੂ ਮੁਖਤਾ ਛੱਡਣ ਤੇ ਸਰਬ ਵਿਆਪਕਤਾ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿੱਤਾ।

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

ਪੰਜਾਬੀ ਭਾਸ਼ਾ ਸਿਰਫ਼ ਇਕ ਭਾਸ਼ਾਈ ਪ੍ਰਣਾਲੀ ਹੀ ਨਹੀਂ ਬਲਕਿ ਇੱਕ ਸੰਸਕ੍ਰਿਤਿਕ, ਇਤਿਹਾਸਕ ਅਤੇ ਸਮਾਜਿਕ ਪਹਿਚਾਣ ਵੀ ਹੈ। ਇਹ ਭਾਸ਼ਾ ਹਜ਼ਾਰਾਂ ਸਾਲਾਂ ਦੀ ਯਾਤਰਾ ਕਰਦਿਆਂ ਅੱਜ ਉੱਥੇ ਪਹੁੰਚੀ ਹੈ ਜਿੱਥੇ ਉਹ ਆਪਣੇ ਅਸਤਿਤਵ ਨੂੰ ਸਮਝਣ, ਪਰਖਣ ਅਤੇ ਨਵੇਂ ਸੰਦਰਭਾਂ ਵਿੱਚ ਪ੍ਰਗਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉੱਤਰ ਆਧੁਨਿਕਤਾ ਦੇ ਦੌਰ ਵਿੱਚ ਇਹ ਯਾਤਰਾ ਹੋਰ ਵੀ ਜ਼ਿਆਦਾ ਅਰਥਪੂਰਨ ਬਣ ਜਾਂਦੀ ਹੈ ਕਿਉਂਕਿ ਭਾਸ਼ਾ ਹੁਣ ਸਿਰਫ਼ ਸੰਚਾਰ ਦਾ ਸਾਧਨ ਨਹੀਂ ਰਹੀ, ਉਹ ਪਛਾਣ, ਰਾਜਨੀਤੀ ਅਤੇ ਚੇਤਨਾ ਦਾ ਮਾਧਿਅਮ ਬਣ ਗਈ ਹੈ।

**ਪੰਜਾਬੀ ਭਾਸ਼ਾ** ਦੀ ਜੜ੍ਹਾਂ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਵਿੱਚ ਮਿਲਦੀਆਂ ਹਨ। ਇਨ੍ਹਾਂ ਭਾਸ਼ਾਵਾਂ ਦੀ ਲਹਿਰਾਂ ਦੇ ਪ੍ਰਭਾਵ ਹੇਠ ਪੰਜਾਬੀ ਨੇ ਆਪਣਾ ਆਕਾਰ ਘੜਿਆ। ਪਹਿਲਾਂ ਇਹ ਸੂਫੀ ਅਤੇ ਸੰਤ ਕਵਿਤਾ ਵਿੱਚ ਇੱਕ ਲੋਕ ਭਾਸ਼ਾ ਵਜੋਂ ਉਭਰੀ, ਜਿਥੇ ਬਾਬਾ ਫਰੀਦ ਦੀ ਬਾਣੀ ਨੇ ਇਸ ਭਾਸ਼ਾ ਨੂੰ ਗੰਭੀਰਤਾ, ਸੰਵੇਦਨਾ ਅਤੇ ਆਤਮਕਤਾ ਦਿੱਤੀ। ਬਾਬਾ ਫਰੀਦ ਦੀ ਪੰਜਾਬੀ ਸਾਦੀ, ਪ੍ਰਯੋਗਿਕ ਅਤੇ ਲੋਕ-ਅਨੁਭਵਾਂ ਨਾਲ ਭਰਪੂਰ ਸੀ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਬਾਣੀ ਨੇ ਪੰਜਾਬੀ ਭਾਸ਼ਾ ਨੂੰ ਇਕ ਧਾਰਮਿਕ, ਆਧਿਆਤਮਿਕ ਅਤੇ ਕਵਿਤਾਤਮਕ ਮਾਣਤਾ ਦਿੱਤੀ। ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਦੀ ਸਥਾਪਨਾ ਨੇ ਭਾਸ਼ਾ ਨੂੰ ਇਕ ਠੋਸ ਲਿੱਪੀਕਤ ਆਕਾਰ ਦਿੱਤਾ। ਇਸ ਲਿੱਪੀ ਨੇ ਸਿੱਖ ਧਰਮ ਦੇ ਨਾਲ-ਨਾਲ ਪੰਜਾਬੀ ਭਾਸ਼ਾ ਨੂੰ ਸੰਸਥਾਗਤ ਅਤੇ ਲੇਖ-ਪਾਠ ਦੀ ਦਿਸ਼ਾ ਵਿੱਚ ਮਜ਼ਬੂਤ ਕੀਤਾ।

**ਪੰਜਾਬੀ ਭਾਸ਼ਾ ਲੋਕਧਾਰਾ** ਦੀ ਭਾਸ਼ਾ ਰਹੀ ਹੈ। ਹੀਰ ਰਾਂਝਾ (ਵਾਰਿਸ ਸ਼ਾਹ), ਸੁਹਣੀ ਮਹਿਵਾਲ, ਮਿਰਜ਼ਾ ਸਾਹਿਬਾਂ ਅਤੇ ਸੱਸੀ ਪੁਨੂ ਦੇ ਕਥਾ-ਚਰਿਤਰਾਂ ਨੇ ਭਾਸ਼ਾ ਨੂੰ ਲੋਕਿਕਤਾ, ਵਿਅਕਤੀਗਤਤਾ, ਪ੍ਰੇਮ ਅਤੇ ਬਿਰਹਾ ਦੀ ਭਾਵਨਾਤਮਕ ਉਚਾਈ ਦਿੱਤੀ। ਇਹ ਰਚਨਾਵਾਂ ਸਿਰਫ਼ ਕਵਿਤਾ ਨਹੀਂ ਸਗੋਂ ਸਮਾਜਕ-ਸੱਭਿਆਚਾਰਕ ਦਸਤਾਵੇਜ਼ ਵੀ ਹਨ। ਇਨ੍ਹਾਂ ਵਿੱਚ ਭਾਸ਼ਾ ਜਿੱਥੇ ਰੁਦਨ ਕਰਦੀ ਹੈ, ਉੱਥੇ ਹੀ ਰੋਮਾਂਚਿਤ ਵੀ ਹੁੰਦੀ ਹੈ।

20ਵੀਂ ਸਦੀ ਦੀ ਸ਼ੁਰੂਆਤ ਨਾਲ ਹੀ ਪੰਜਾਬੀ ਭਾਸ਼ਾ ਨੇ ਅਧਿਕਾਰਕ, ਪ੍ਰਿੰਟ ਅਤੇ ਅਕਾਦਮਿਕ ਪੱਧਰ 'ਤੇ ਆਪਣੀ ਮੌਜੂਦਗੀ ਦਰਜ ਕਰਵਾਉਣੀ ਸ਼ੁਰੂ ਕੀਤੀ। ਚੰਗੀ ਕਵਿਤਾ, ਕਹਾਣੀ ਅਤੇ ਨਾਵਲ ਲਿਖੇ ਜਾਣ ਲੱਗੇ। ਭਾਈ ਵੀਰ ਸਿੰਘ, ਨਾਨਕ ਸਿੰਘ, ਅਜੀਤ ਕੌਰ ਅਤੇ ਅਮ੍ਰਿਤਾ ਪ੍ਰੀਤਮ ਵਰਗੇ ਲੇਖਿਕਾਂ ਨੇ ਪੰਜਾਬੀ ਨੂੰ ਨਵੀਂ ਦਿਸਾ ਦਿੱਤੀ। ਭਾਸ਼ਾ ਨੇ ਰੋਮਾਂਟਿਕਤਾ, ਪ੍ਰਗਤਿਵਾਦ, ਨਾਰੀ ਚੇਤਨਾ ਅਤੇ ਮਨੋਵਿਗਿਆਨਕ ਪਾਸੇ ਵਧਣਾ ਸ਼ੁਰੂ ਕੀਤਾ।

**ਉੱਤਰ ਆਧੁਨਿਕਤਾ ਦੇ ਸੰਕਲਪ** :

1. **ਸੱਚਾਈ ਦੇ ਸੰਦੇਹ**: ਉੱਤਰ ਆਧੁਨਿਕਤਾ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਸੱਚਾਈ ਕਦੇ ਵੀ ਪੂਰੀ ਤਰ੍ਹਾਂ ਉਪਲਬਧ ਨਹੀਂ ਹੋ ਸਕਦੀ ਅਤੇ ਸਿੱਧੇ ਤੌਰ 'ਤੇ ਕੋਈ ਸਚਾਈ ਨਹੀਂ ਹੁੰਦੀ। ਇਸਦੇ ਬਦਲੇ, ਸੱਚਾਈ ਸਿਰਫ਼ ਵਿਅਕਤਿਗਤ ਤਜਰਬਿਆਂ, ਸਾਂਸਕ੍ਰਿਤਿਕ ਪ੍ਰਸੰਗਾਂ ਅਤੇ ਸਮਾਜਿਕ ਮੰਨਤਾਂ ਤੇ ਨਿਰਭਰ ਕਰਦੀ ਹੈ।
2. **ਬਹੁਤਵਾਦਤਾ (Pluralism)**: ਉੱਤਰ ਆਧੁਨਿਕਤਾ ਦਾ ਇੱਕ ਮੁੱਖ ਸਿਧਾਂਤ ਹੈ ਕਿ ਜਗਤ ਵਿੱਚ ਕਈ ਸੱਚਾਈਆਂ ਅਤੇ ਅਨੁਭਵ ਹੋ ਸਕਦੀਆ ਹਨ। ਹਰ ਵਿਅਕਤੀ ਅਤੇ ਸਮਾਜ ਦੀ ਆਪਣੀ ਪਛਾਣ ਅਤੇ ਸਮਝ

Volume: 11, March 2025 ISSN: 2394-0980
PP: 128-141

ਹੋ ਸਕਦੀ ਹੈ, ਜੋ ਇਕ ਦੂਜੇ ਤੋਂ ਵੱਖਰੀ ਹੋਵੇਗੀ। ਇਸ ਲਈ ਕੋਈ ਇੱਕ ਸੱਚਾਈ ਨਹੀਂ ਹੈ, ਸੱਚਾਈ ਹਾਲਾਤਾਂ ਅਤੇ ਪਹੁੰਚਾਂ ਅਨੁਸਾਰ ਹੁੰਦੀ ਹੈ।

3. **ਰਵਾਇਤੀ ਸਿਸਟਮਾਂ ਅਤੇ ਥਿਓਰੀਜ਼ ਦਾ ਖਿਲਾਫ਼**: ਉੱਤਰ ਆਧੁਨਿਕਤਾ ਰਵਾਇਤੀ ਸਿਆਸੀ, ਧਾਰਮਿਕ ਅਤੇ ਸਮਾਜਿਕ ਥਿਓਰੀਆਂ ਦੇ ਪ੍ਰਤੀ ਸੰਦੇਹ ਅਤੇ ਵਿਰੋਧ ਪੇਸ਼ ਕਰਦੀ ਹੈ। ਇਸ ਵਿੱਚ ਸਿਧਾਂਤਿਕ ਅਤੇ ਵਿਧੀਆਂ ਨੂੰ ਪ੍ਰਸ਼ਨ ਕੀਤਾ ਜਾਂਦਾ ਹੈ ਜੋ ਆਧੁਨਿਕ ਸਮਾਜ ਵਿੱਚ ਸਭ ਤੋਂ ਜ਼ਿਆਦਾ ਮਾਨਤਾ ਪ੍ਰਾਪਤ ਸੀ।
4. **ਇੰਟਰਟੈਕਸਟੁਆਲਿਟੀ (Intertextuality)**: ਇਹ ਖਿਆਲ ਦੱਸਦਾ ਹੈ ਕਿ ਕਿਸੇ ਵੀ ਟੈਕਸਟ ਨੂੰ ਸਮਝਣ ਲਈ ਸਿਰਫ਼ ਉਸੇ ਟੈਕਸਟ ਦੀ ਪੜਚੋਲ ਕਰਨਾ ਹੀ ਕਾਫੀ ਨਹੀਂ, ਬਲਕਿ ਉਸਦੇ ਬਾਹਰ ਵੀ ਕਈ ਹੋਰ ਟੈਕਸਟਾਂ, ਦਸਤਾਵੇਜ਼ਾਂ ਜਾਂ ਸੰਦਰਭਾਂ ਨੂੰ ਵੀ ਖੋਜਣਾ ਜਰੂਰੀਹੈ। ਉੱਤਰ ਆਧੁਨਿਕ ਕਲਾ ਅਤੇ ਸਾਹਿਤ ਵਿੱਚ ਇਹ ਤੱਤ ਖਾਸ ਤੌਰ 'ਤੇ ਮਹੱਤਵਪੂਰਨ ਹੈ।
5. **ਵਿਸ਼ਵਾਸ ਨਾ ਕਰਨਾ ਅਤੇ ਵਿਸ਼ਲੇਸ਼ਣ (Skepticism and Deconstruction)**: ਉੱਤਰ ਆਧੁਨਿਕਤਾ ਪੁਰਾਣੀ ਸਿਸਟਮਾਂ ਅਤੇ ਰਵਾਇਤਾਂ ਨੂੰ ਵਿਸ਼ਲੇਸ਼ਿਤ ਕਰਦੀ ਹੈ ਅਤੇ ਇਹ ਮੰਨਦੀ ਹੈ ਕਿ ਕਿਸੇ ਵੀ ਸਮਾਜਿਕ, ਸਿਆਸੀ ਜਾਂ ਸਾਂਸਕ੍ਰਿਤਿਕ ਧਾਰਨਾ ਦੀ ਅਸਲੀਅਤ ਨੂੰ ਪਹਿਚਾਣ ਚਾਹੀਦਾ ਹੈ। ਇਸ ਦੇ ਨਾਲ ਉੱਤਰ ਆਧੁਨਿਕਤਾ ਵਿੱਚ ਪੁਰਾਣੇ ਸਿੱਧਾਂਤਾਂ ਦੇ ਜ਼ਰੂਰੀ ਵਿਚਾਰਾਂ ਨੂੰ ਸਮਝ ਕੇ ਉਸਦੇ ਤਹਿਤ ਲੁਕੀ ਜਾਂ ਛੁਪਾਈ ਗਈ ਅਸਲ ਸੱਚਾਈ ਨੂੰ ਕਾਬੂ ਕਰਨ ਦਾ ਕੰਮ ਕੀਤਾ ਜਾਂਦਾ ਹੈ।
6. **ਕਲਾ ਅਤੇ ਸਾਹਿਤ ਵਿੱਚ ਨਵਾਂ ਦ੍ਰਿਸ਼ਟਿਕੋਣ**: ਉੱਤਰ ਆਧੁਨਿਕਤਾ ਕਲਾ ਅਤੇ ਸਾਹਿਤ ਵਿੱਚ ਵੀ ਨਵੇਂ ਪੱਖ ਪੇਸ਼ ਕਰਦੀ ਹੈ। ਉਦਾਹਰਨ ਵਜੋਂ, ਪੋਸਟਮੋਡਰਨ ਲਿਟਰੇਚਰ ਅਤੇ ਕਲਾ ਵਿੱਚ ਕਈ ਸਮਾਜਿਕ, ਮਨੋਵਿਗਿਆਨਿਕ ਅਤੇ ਤਕਨੀਕੀ ਮਾਨਦੰਡਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਜੋ ਪੁਰਾਣੀ ਧਾਰਣਾ ਨੂੰ ਚੁਣੌਤੀ ਦਿੰਦਾ ਹੈ। ਇਸਨੂੰ ਵਿਸ਼ਲੇਸ਼ਣ ਅਤੇ ਚਿੰਤਨ ਦੇ ਨਵੇਂ ਰੂਪਾਂ ਵਿੱਚ ਲਿਆਦਾ ਜਾਂਦਾ ਹੈ।

ਉੱਤਰ ਆਧੁਨਿਕਤਾ ਵਿਚ ਪਾਰੰਪਰੀ ਥਿਓਰੀਜ਼ ਅਤੇ ਰੁਚੀਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਅਕਸਰ ਇੱਕ ਰੂਪ, ਇੱਕ ਧਾਰਨਾ ਜਾਂ ਇੱਕ ਦ੍ਰਿਸ਼ਟਿਕੋਣ ਦੀ ਹਲਚਲ ਨੂੰ ਪ੍ਰਭਾਵਿਤ ਕਰਦੇ ਹਨ। ਇਸ ਨਾਲ ਖੁਲ੍ਹਾ ਦਿਲ ਅਤੇ ਵਿਵਿਧਤਾ ਦਾ ਰਾਹ ਖੁਲਦਾ ਹੈ।ਉੱਤਰ ਆਧੁਨਿਕਤਾ ਦੇ ਸੰਕਲਪ ਵਿੱਚ ਸਾਰਥਕ ਸੰਦੇਹ, ਬਹੁਤਵਾਦਤਾ ਅਤੇ ਸੰਸਕ੍ਰਿਤਿਕ ਸਿਸਟਮਾਂ ਦੇ ਪ੍ਰਤੀ ਵਿਰੋਧ ਦਾ ਅਹਿਮ ਭਾਗ ਹੈ। ਇਹ ਸਮਾਜ, ਕਲਾ, ਸਾਹਿਤ ਅਤੇ ਦਾਰਸ਼ਨਿਕ ਵਿਚਾਰਧਾਰਾ ਵਿੱਚ ਇੱਕ ਨਵੀਂ ਪਿਛੋਕੜ ਅਤੇ ਵਿਸ਼ਲੇਸ਼ਣ ਪੇਸ਼ ਕਰਦਾ ਹੈ, ਜਿਸ ਵਿੱਚ ਸੱਚਾਈ ਨੂੰ ਇਕ ਕਾਫੀ ਗੁੰਝਲਦਾਰ ਅਤੇ ਇਨਸਾਨੀ ਅਨੁਭਵ ਵਜੋਂ ਸਮਝਿਆ ਜਾਂਦਾ ਹੈ।

**ਭਾਸ਼ਾ ਵਿੱਚ ਉੱਤਰ ਆਧੁਨਿਕ ਬਦਲਾਅ**

ਉੱਤਰ ਆਧੁਨਿਕਤਾ ਦੇ ਦੌਰ ਵਿੱਚ ਭਾਸ਼ਾ ਦੀ ਬਣਤਰ, ਅਭਿਵਿਅਕਤੀ ਅਤੇ ਸਥਿਤੀ ਵਿੱਚ ਮਹੱਤਵਪੂਰਣ ਬਦਲਾਅ ਆਏ ਹਨ:

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

- **ਭਾਸ਼ਾ ਦੀ ਕੇਂਦਰਹੀਨਤਾ**: ਪਹਿਲਾਂ ਜਿੱਥੇ ਇਕ ਮਿਆਰੀ ਪੰਜਾਬੀ ਦੀ ਗੱਲ ਹੁੰਦੀ ਸੀ, ਹੁਣ ਵੱਖ-ਵੱਖ ਬੋਲੀ ਰੂਪਾਂ (ਮਾਝੀ, ਦੋਆਬੀ, ਮਲਵਈ, ਪੋਠੋਹਾਰੀ ਆਦਿ) ਨੂੰ ਵੀ ਮਾਣਤਾ ਮਿਲ ਰਹੀ ਹੈ।
- **ਭਾਸ਼ਾ ਅਤੇ ਪਛਾਣ**: ਭਾਸ਼ਾ ਹੁਣ ਸਿਰਫ਼ ਸਿੱਖਿਆ ਜਾਂ ਰਚਨਾ ਦੀ ਨਹੀਂ, ਸਗੋਂ ਆਤਮ-ਪਛਾਣ ਦੀ ਵੀ ਨਿਸ਼ਾਨੀ ਬਣੀ ਹੈ ਖਾਸ ਕਰਕੇ ਪਰਵਾਸੀ ਸੰਦਰਭ ਵਿੱਚ।
- **ਅੰਗਰੇਜ਼ੀ ਅਤੇ ਹਿੰਦੀ ਦਾ ਪ੍ਰਭਾਵ**: ਉੱਤਰ ਆਧੁਨਿਕ ਦੌਰ ਵਿੱਚ ਭਾਸ਼ਾ ਇੱਕ ਨਿਰੰਤਰ ਸੰਘਰਸ਼ ਵਿੱਚ ਹੈ ਪੰਜਾਬੀ ਦੀ ਮੂਲਤਾ ਤੇ ਅੰਗਰੇਜ਼ੀ ਹੇਜਮਾਨੀ ਵਿਚਕਾਰ ਹੈ। ਪਰ ਇਹ ਸੰਘਰਸ਼ ਇੱਕ ਨਵੀਂ ਮਿਲਾਪੀ ਭਾਸ਼ਾ ਪੈਦਾ ਕਰਦਾ ਹੈ ਜੋ ਹਾਈਬ੍ਰਿਡ ਤੇ ਕੋਡ-ਮਿਕਸਡ ਹੁੰਦੀ ਹੈ।
- **ਡਿਜੀਟਲ ਭਾਸ਼ਾ ਅਤੇ ਸਮਾਜਿਕ ਮੀਡੀਆ**: ਪੰਜਾਬੀ ਹੁਣ ਇੰਟਰਨੈਟ, ਯੂਟਿਊਬ, ਬਲੌਗ ਅਤੇ ਸਮਾਜਿਕ ਮੀਡੀਆ ਰਾਹੀਂ ਨਵੇਂ ਰੂਪਾਂ ਵਿਚ ਆ ਰਹੀ ਹੈ। ਇੱਥੇ ਗੱਲਬਾਤ ਦੀ ਨਵੀ ਸ਼ੈਲੀ ਪੰਜਾਬੀ ਦੀ ਭਾਗੀਦਾਰੀ ਕਰ ਰਹੀ ਹੈ।

### ਉੱਤਰ ਆਧੁਨਿਕ ਤੇ ਪੰਜਾਬੀ ਸਾਹਿਤ ਦਾ ਇਤਿਹਾਸ

ਪੰਜਾਬੀ ਸਾਹਿਤ ਦਾ ਇਤਿਹਾਸ ਕੇਵਲ ਲਿਖਤੀ ਰਚਨਾਵਾਂ ਦੀ ਲੜੀ ਨਹੀਂ, ਬਲਕਿ ਇੱਕ ਸੰਸਕ੍ਰਿਤਿਕ ਚੇਤਨਾ, ਲੋਕ ਅਨੁਭਵ ਅਤੇ ਆਤਮਿਕ ਉਤਸ਼ਾਹ ਦਾ ਪ੍ਰਗਟਾਵਾ ਹੈ। ਇਸ ਦਾ ਵਿਕਾਸ ਸਦੀਆਂ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਪੱਧਰਾਂ 'ਤੇ ਹੋਇਆ ਹੈ। ਇਤਿਹਾਸ ਲੇਖਣ ਵਿਚ ਤੱਥਾਂ ਨਾਲੋਂ ਤੱਥਾਂ ਦੀ ਵਿਆਖਿਆ ਵਧੇਰੇ ਮਹੱਤਵ ਰਖਦੀ ਇੰਜ ਉਸ ਨੇ ਇਤਿਹਾਸ ਦੀ ਵਸਤੂਮੁਖਤਾ ਨੂੰ ਮਾਨਸਿਕ ਸੰਕਲਪਨਾ ਤਕ ਸੀਮਤ ਕਰ ਦਿੱਤਾ।'ਹੇਡਨ ਵਾਈਟ ਦੀਆਂ ਧਾਰਨਾਵਾਂ ਨੇ ਇਤਿਹਾਸ ਤੋਂ ਬਾਹਰਮੁਖਤਾ ਹੀ ਨਹੀਂ ਖੋਹੀ ਸਗੋਂ ਉਸਨੂੰ ਮਾਨਵੀ ਘਾੜਤ ਬਣਾ ਕੇ ਉਸ ਦਾ ਬਾਹਰਮੁਖੀ ਸਚਾਈ ਬਾਰੇ ਕੀਤਾ ਜਾਂਦਾ ਦਾਅਵਾ ਸ਼ੱਕੀ ਬਣਾ ਦਿੱਤਾ । ਇੰਜ ਇਤਿਹਾਸ ਦਾ ਉਚ ਦੁਮਾਲੜਾ ਰੁਤਬਾ ਖੁੱਸ ਗਿਆ । ਇਤਿਹਾਸ ਉਪਰ ਇਸ ਹਮਲੇ ਨੇ ਇਤਿਹਾਸ ਪ੍ਰਤੀ ਸਾਡੀ ਸਮਝ ਨੂੰ ਬਦਲ ਦਿੱਤਾ ਕਿ ਇਤਿਹਾਸ ਲੇਖਣ ਤੱਥਾਂ ਦੀ ਨਿਰਪੱਖ ਚੋਣ ਨਹੀਂ ਹੁੰਦੀ ਸਗੋਂ ਵਿਚਾਰਧਾਰਕ ਲੋੜ ਅਨੁਸਾਰ ਤੱਥਾਂ ਦੀ ਖੋਜ ਹੁੰਦੀ ਹੈ । ਤੱਥ ਨਿਰਪੇਖ ਬੀਤੇ ਭੌਤਿਕ ਯਥਾਰਥ ਵਿਚ ਨਹੀਂ ਪਏ ਹੁੰਦੇ ਸਗੋਂ ਸਮਕਾਲ ਅੰਦਰ ਬੀਤੇ ਵਿਚੋਂ ਘੜੇ ਜਾਂਦੇ ਹਨ । ਇੰਜ ਇਤਿਹਾਸ ਮਾਸੂਮ ਨਾ ਰਿਹਾ ਸਗੋਂ ਵਿਚਾਰਧਾਰਕ ਹਥਿਆਰ ਬਣ ਗਿਆ ਅਤੇ ਹੋਰ ਮਾਨਵੀ ਪ੍ਰਵਚਨਾ ਵਾਂਗ ਇਕ ਪ੍ਰਵਚਨ ।"[4] ਹਰ ਯੁੱਗ ਵਿੱਚ ਇਹ ਸਾਹਿਤ ਆਪਣੇ ਸਮੇਂ ਦੀ ਆਵਾਜ਼ ਬਣਿਆ ਹੈ। ਪੰਜਾਬੀ ਸਾਹਿਤ ਦੀ ਸਭ ਤੋਂ ਪੁਰਾਣੀ ਲਿਖਤੀ ਰਚਨਾ ਸ਼ੇਖ ਫਰੀਦ ਦੀ ਮੰਨੀ ਜਾਂਦੀ ਹੈ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਸੰਗ੍ਰਹਿਤ ਕੀਤੀ ਗਈ ਹੈ। ਇਸ ਦੌਰ ਦੇ ਸਾਹਿਤ ਵਿੱਚ ਧਾਰਮਿਕਤਾ, ਆਤਮ-ਵਿਵੇਕ, ਸਮਾਜਿਕ ਚਿਤੰਨ ਅਤੇ ਰੂਹਾਨੀ ਉੱਚਾਈ ਨੂੰ ਮੁੱਖ ਥਾਂ ਮਿਲੀ। ਸੂਫੀ ਕਵਿਤਾ ਨੇ ਵੀ ਲੋਕ ਭਾਸ਼ਾ 'ਚ ਰੱਬ ਨਾਲ ਮਿਲਾਪ, ਵਿਛੋੜਾ ਅਤੇ ਇਨਸਾਨੀ ਮੁਹੱਬਤ ਨੂੰ ਵਿਅਕਤ ਕੀਤਾ। ਇਸ ਦੌਰ ਵਿੱਚ ਪੰਜਾਬੀ ਕਾਵਿ ਦਾ ਰੁਝਾਨ **ਲੋਕ ਕਥਾਵਾਂ ਅਤੇ ਪ੍ਰੇਮ ਗਾਥਾਵਾਂ** ਵੱਲ ਹੋਇਆ। ਵਾਰਿਸ ਸ਼ਾਹ ਦੀ "ਹੀਰ" ਇਸ ਯੁੱਗ ਦੀ ਸਭ ਤੋਂ ਉੱਚਕੋਟੀ ਦੀ ਰਚਨਾ ਮੰਨੀ ਜਾਂਦੀ ਹੈ। ਇਸ ਸਾਹਿਤ ਰਾਹੀਂ ਨਾ ਸਿਰਫ਼ ਪ੍ਰੇਮ ਦੀ ਭਾਵਨਾ ਪੇਸ਼ ਕੀਤੀ ਗਈ ਸਗੋਂ ਸਮਾਜਕ ਵਿਧਾਨਾਂ, ਜਾਤ-ਪਾਤ ਅਤੇ ਮਰਦ-ਪਰਧਾਨ ਮਾਨਵ-ਵਿਰੋਧਤਾਂ ਨੂੰ ਵੀ

ਚੁਣੌਤੀ ਦਿੱਤੀ ਗਈ। ਗੁਰੂ ਸਾਹਿਬਾਨਾਂ ਦੀ ਬਾਣੀ, ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਸੰਗ੍ਰਹਿਤ ਹੈ ਨੇ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਦਿੱਤੀ। ਇਹ ਰਚਨਾਵਾਂ ਨਾ ਸਿਰਫ਼ ਆਧਿਆਤਮਿਕ ਹਨ ਸਗੋਂ ਸਮਾਜਿਕ ਨਿਆਂ, ਔਰਤਾਂ ਦੇ ਅਧਿਕਾਰ, ਰੂਹਾਨੀ ਸਮਾਨਤਾ ਅਤੇ ਮਾਨਵਤਾ ਦੇ ਉਚੇ ਸਿਧਾਂਤਾਂ ਦੀ ਵਕਾਲਤ ਕਰਦੀਆਂ ਹਨ। ਗੁਰਬਾਣੀ ਨੇ ਪੰਜਾਬੀ ਭਾਸ਼ਾ ਨੂੰ ਲਿਖਤ, ਸ਼ੈਲੀ ਅਤੇ ਅਰਥ ਦੀ ਦ੍ਰਿਸ਼ਟੀ ਤੋਂ ਸੰਪੰਨ ਬਣਾਇਆ। ਅੰਗਰੇਜ਼ੀ ਰਾਜ ਦੇ ਦੌਰ ਵਿੱਚ ਪੰਜਾਬੀ ਸਾਹਿਤ ਨੇ ਇਕ ਨਵੀਂ ਦਿਸ਼ਾ ਫੜੀ। ਇਥੇ ਭਾਈ ਵੀਰ ਸਿੰਘ, ਨਾਨਕ ਸਿੰਘ, ਪਿੰਗਲਵਾੜਾ ਦੇ ਭਗਤ ਪੂਰਨ ਸਿੰਘ ਅਤੇ ਬਲਵੰਤ ਗਰਗੀ ਵਰਗੇ ਲੇਖਕਾ ਨੇ ਸਾਹਿਤ ਨੂੰ ਰੋਮਾਂਟਿਕਤਾ, ਜਾਗਰੂਕਤਾ ਅਤੇ ਨੈਤਿਕਤਾ ਨਾਲ ਭਰ ਦਿੰਦੇ ਹਨ।

**ਭਾਈ ਵੀਰ ਸਿੰਘ** ਦੀ ਰਚਨਾਵਾਂ "ਸੁੰਦਰੀ" ਅਤੇ **ਨਾਨਕ ਸਿੰਘ** ਦੇ ਨਾਵਲ ਆਮ ਲੋਕਾਂ ਦੀ ਜੀਵਨ ਰੀਤ, ਸਮਾਜਿਕ ਵਿਵਸਥਾ ਦੇ ਸੰਘਰਸ਼ ਨੂੰ ਰੌਸ਼ਨ ਕਰਦੀਆਂ ਹਨ। ਭਾਰਤ ਦੀ ਆਜ਼ਾਦੀ ਅਤੇ ਵਟਵਾਰੇ ਨੇ ਪੰਜਾਬੀ ਸਾਹਿਤ ਵਿੱਚ ਇੱਕ ਉਥਲ-ਪੁਥਲ ਪੈਦਾ ਕੀਤੀ। ਪ੍ਰਗਤਿਵਾਦੀ ਲੇਖਕਾਂ ਨੇ ਸਮਾਜਿਕ ਅਨਿਆ, ਜਾਤ-ਪਾਤ, ਲਿੰਗ ਭੇਦ ਅਤੇ ਧਾਰਮਿਕ ਸੰਕੁਚਿਤ 'ਤੇ ਆਲੋਚਨਾਤਮਕ ਰੁਖ ਅਖਤਿਆਰ ਕੀਤਾ। ਲੇਖਕ **ਜੱਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ** ਆਦਿ ਮਹੱਤਵਪੂਰਕ ਹਨ। ਇਨ੍ਹਾਂ ਲੇਖਕਾਂ ਨੇ ਕਿਸਾਨ, ਮਜ਼ਦੂਰ, ਨੀਵੀਂ ਜਾਤੀਆਂ ਅਤੇ ਔਰਤਾਂ ਦੇ ਸਵਾਲਾਂ ਨੂੰ ਕੇਂਦਰ ਵਿਚ ਲਿਆ।

**ਅਜੀਤ ਕੌਰ, ਅਮ੍ਰਿਤਾ ਪ੍ਰੀਤਮ, ਦਲੀਪ ਕੌਰ** ਵਰਗੀਆਂ ਲੇਖਿਕਾਵਾਂ ਨੇ ਪੰਜਾਬੀ ਸਾਹਿਤ ਵਿੱਚ ਨਾਰੀ ਦ੍ਰਿਸ਼ਟਿਕੋਣ ਲਿਆ। ਉਨ੍ਹਾਂ ਦੀ ਲਿਖਤ ਵਿਅਕਤੀਗਤ, ਸੰਵੇਦਨਸ਼ੀਲ ਅਤੇ ਸਵੈ-ਅਭਿਵਿਅਕਤੀ ਕੇਦਰਤ ਸੀ। ਅਮ੍ਰਿਤਾ ਦੀ **"ਰਸੀਦੀ ਟਿਕਟ"** ਜਾਂ **"ਪਿੰਜਰ"** ਵਰਗੀਆਂ ਰਚਨਾਵਾਂ ਨੇ ਨਾਰੀ ਪਛਾਣ, ਮਨੋਵਿਗਿਆਨ ਅਤੇ ਆਤਮ-ਸੰਘਰਸ਼ ਨੂੰ ਸਾਹਿਤ ਦਾ ਕੇਂਦਰ ਬਣਾਇਆ। ਉੱਤਰ ਆਧੁਨਿਕ ਪਰਿਪੇਖ ਵਿੱਚ ਪਰਵਾਸੀ ਪੰਜਾਬੀ ਲੇਖਕਾਂ ਅਤੇ ਕੁਝ ਅੰਗਰੇਜ਼ੀ ਲੇਖਕਾਂ ਨੇ ਪੰਜਾਬੀ ਅਨੁਭਵ ਨੂੰ ਵਿਸ਼ਵ ਪੱਧਰ ਤੇ ਰੱਖਿਆ। ਇਹ ਸਾਹਿਤ ਭਾਸ਼ਾ ਦੀ ਪਰਵਾਸੀ ਸਥਿਤੀ, ਪਛਾਣ, ਨਸਲੀਅਤ ਅਤੇ ਦੌਹਰੇ ਕਲਚਰ ਦੀ ਗੁੰਝਲ ਨੂੰ ਉਭਾਰਦਾ ਹੈ।ਅੱਜ ਪੰਜਾਬੀ ਸਾਹਿਤ ਨਿਰੰਤਰ ਵਿਕਾਸਸ਼ੀਲ ਹੈ। ਲੇਖਕ ਪਾਠਕ ਨੂੰ ਸਿਰਫ਼ ਸੂਚਨਾ ਨਹੀਂ ਦਿੰਦੇ, ਉਹ ਪਾਠਕ ਨੂੰ ਰਚਨਾ ਵਿੱਚ ਸ਼ਾਮਿਲ ਕਰਦੇ ਹਨ। ਕਵਿਤਾ ਅਤੇ ਕਹਾਣੀ ਦੀ ਰਚਨਾ ਵਿੱਚ ਵਿਖੰਡਨ, ਉਲਝਣ ਅਤੇ ਅਸਪਸ਼ਟਤਾ ਆਉਂਦੀ ਹੈ ਜੋ ਉੱਤਰ ਆਧੁਨਿਕਤਾ ਦੇ ਵਿਸ਼ੇਸ਼ ਵਿਸ਼ੇ ਹਨ।

### ਉੱਤਰ ਆਧੁਨਿਕਤਾ ਅਤੇ ਸਾਹਿਤ:

ਉੱਤਰ ਆਧੁਨਿਕਤਾ (Postmodernism) ਇੱਕ ਐਸਾ ਬੌਧਿਕ ਅਤੇ ਸਾਹਿਤਕ ਚਰਚਾ ਦਾ ਮੈਦਾਨ ਹੈ ਜੋ ਆਧੁਨਿਕਤਾ (Modernism) ਦੇ ਸਿਧਾਂਤਾਂ, ਢਾਂਚਿਆਂ ਅਤੇ ਮਾਨਤਾਵਾਂ ਨੂੰ ਆਲੋਚਨਾਤਮਕ ਢੰਗ ਨਾਲ ਪੁਨਰ-ਵਿਚਾਰਦਾ ਹੈ। ਇਹ ਇੱਕ ਪ੍ਰਤੀਕ੍ਰਿਆ ਵਜੋਂ ਉਭਰਦਾ ਹੈ ਜਿਸਦਾ ਕੇਂਦਰੀ ਮੰਤਰ ਹੈ-"ਅਸਲੀਅਤ ਇਕ ਨਹੀਂ, ਬਹੁਤ ਹਨ।" ਉੱਤਰ ਆਧੁਨਿਕਤਾ ਵਿੱਚ ਨਿਰਧਾਰਿਤ ਸੱਚਾਈਆਂ, ਨੈਤਿਕ ਮਾਪਦੰਡ ਤੇ 'ਵਿਸ਼ਵਾਸਯੋਗ' ਨਾਇਕਾਂ ਦੇ ਢਾਂਚਿਆਂ ਨੂੰ ਖੰਡਿਤ ਕੀਤਾ ਜਾਂਦਾ ਹੈ। ਉੱਤਰ ਆਧੁਨਿਕਤਾ ਸਿਰਫ਼ ਇੱਕ ਕਲਾਤਮਕ ਲਹਿਰ ਨਹੀਂ ਸਗੋਂ ਸਮਾਜਕ, ਰਾਜਨੀਤਿਕ, ਧਾਰਮਿਕ ਅਤੇ ਦਾਰਸ਼ਨਿਕ ਪਰਿਵਰਤਨ ਦੀ ਪੇਸ਼ਕਸ਼ ਵੀ ਹੈ।

- **ਵਿਖੰਡਨ (Fragmentation):** ਰਚਨਾ ਇੱਕ ਸੰਯੁਕਤ ਢਾਂਚਾ ਨਹੀਂ ਰਹਿੰਦੀ, ਸਗੋਂ ਟੁੱਟੇ ਹੋਏ ਅਨੁਭਵਾਂ ਅਤੇ ਦ੍ਰਿਸ਼ਾਂ ਦਾ ਸੰਕਲਨ ਹੁੰਦੀ ਹੈ।
- **ਅਸਥਿਰ ਪਛਾਣ (Fluid Identity):** ਪਾਤਰ ਸਥਿਰ ਵਿਅਕਤੀ ਨਹੀਂ ਸਗੋਂ ਵੱਖ-ਵੱਖ ਸੰਦਰਭਾਂ ਵਿੱਚ ਰਚੇ ਵਿਅਕਤੀ ਬਣ ਜਾਂਦੇ ਹਨ।
- **ਇਨਟਰਟੈਕਸਟੁਐਲਿਟੀ (Intertextuality):** ਨਵੀਂ ਰਚਨਾ ਪਹਿਲਾਂ ਦੀ ਰਚਨਾ ਨਾਲ ਗੱਲਬਾਤ ਕਰਦੀ ਹੈ। ਨਵੀ ਵਿਆਖਿਆ ਪੁਰਾਣੀ ਰਚਨਾ ਨੂੰ ਨਵੇਂ ਢੰਗ ਨਾਲ ਪੇਸ਼ ਕਰਦੀ ਹੈ।
- **ਪੈਰੋਡੀ ਅਤੇ ਵਿਅੰਗ**: ਉੱਤਰ ਆਧੁਨਿਕ ਰਚਨਾਵਾਂ ਵਿੱਚ ਪੁਰਾਣੀਆਂ ਰਚਨਾਵਾਂ ਦਾ ਵਿਅੰਗ ਜਾਂ ਉਲਟ ਰੂਪ ਮਿਲਦਾ ਹੈ।
- **ਅਸਲੀਅਤ ਤੇ ਸੰਦੇਹ**: ਇਹ ਧਾਰਾ 'ਅਸਲੀਅਤ' ਦੇ ਖਿਆਲ ਉੱਤੇ ਹੀ ਪ੍ਰਸ਼ਨਚਿੰਨ ਲਾ ਦਿੰਦਾ ਹੈ।

  ਕਈ ਵਿਦਵਾਨ ਮੰਨਦੇ ਹਨ ਕਿ ਪੰਜਾਬੀ ਸਾਹਿਤ ਹਾਲੇ ਉੱਤਰ ਆਧੁਨਿਕਤਾ ਵਿੱਚ ਪੂਰੀ ਤਰ੍ਹਾਂ ਨਹੀਂ ਉੱਪੜਿਆ ਪਰ ਕਈ ਹੋਰ ਮੰਨਦੇ ਹਨ ਕਿ ਪੰਜਾਬੀ ਰਚਨਾ-ਧਾਰਾ ਵਿੱਚ ਇਹ ਤੱਤ ਲੁਕੇ ਹੋਏ ਹਨ:

- **ਵਿਖੰਡਿਤ ਕਥਾਵਾਂ**: ਬਲਵੰਤ ਗਰਗੀ ਜਾਂ ਨਿੰਦਰ ਘੁੱਗਆਣਵੀ ਦੀਆਂ ਕਹਾਣੀਆਂ ਵਿੱਚ ਸਮਾਜਿਕ ਪਛਾਣ ਅਤੇ ਪਰਿਵਾਰਿਕ ਢਾਂਚਿਆਂ ਦੀ ਟੁੱਟ ਫੁੱਟ ਵੇਖਣ ਨੂੰ ਮਿਲਦੀ ਹੈ।
- **ਅਸਪਸ਼ਟ ਪਾਤਰ**: ਅਮ੍ਰਿਤਾ ਪ੍ਰੀਤਮ ਦੇ ਨਾਰੀ ਪਾਤਰ 'ਪਿੰਜਰ' ਵਿੱਚ ਕੋਈ ਇੱਕ ਸਥਿਰ ਪਛਾਣ ਨਹੀਂ ਰੱਖਦੇ। ਉਹ ਕਦੇ ਮਾਂ, ਕਦੇ ਪਤੀ ਦੀ ਪਤਨੀ ਤੇ ਕਦੇ ਖੁਦ ਦੀ ਖੋਜ ਕਰਨ ਵਾਲੀ ਨਾਰੀ ਬਣਦੀ ਹੈ।
- **ਪੈਰੋਡੀ ਅਤੇ ਉਲਟ ਚਿੱਤਰ**: ਨਵੇਂ ਨਾਟਕਕਾਰ ਜਿਵੇਂ ਸੁਮੇਰ ਸਿੰਘ ਜਾਂ ਰਣਜੀਤ ਸਿੰਘ ਰੋਮੀ, ਸਾਬਕਾ ਸਿਆਸੀ ਜਾਂ ਧਾਰਮਿਕ ਪਾਤਰਾਂ ਦਾ ਵਿਅੰਗੀ ਰੂਪ ਪੇਸ਼ ਕਰਦੇ ਹਨ।

**3. ਵਿਧਾ-ਵਾਰ ਉੱਤਰ ਆਧੁਨਿਕ**

**(ਕ) ਕਹਾਣੀ**:

ਉੱਤਰ ਆਧੁਨਿਕ ਕਹਾਣੀ ਵਿੱਚ ਰਿਵਾਇਤੀ ਕਥਾ ਢਾਂਚਾ ਟੁੱਟ ਜਾਂਦਾ ਹੈ।

**ਉਦਾਹਰਣ**: ਰੰਧਾਵਾ ਦੀਆਂ ਕਹਾਣੀਆਂ ਵਿੱਚ ਸਮੇਂ ਦੀ ਲਕੀਰ ਸਿੱਧੀ ਨਹੀਂ, ਬਲਕਿ ਚੱਕਰਾਂ ਵਿੱਚ ਘੁੰਮਦੀ ਹੈ।

**(ਖ) ਨਾਵਲ**:

ਨਵੇਂ ਨਾਵਲ, ਜਿਵੇਂ **ਸੁਖਵਿੰਦਰ ਅੰਮ੍ਰਿਤਸਰੀ** ਦੇ ਨਾਵਲ, ਪਾਤਰਾਂ ਦੀ ਸਥਿਰ ਪਛਾਣ ਦੀ ਵਿਰੋਧੀ ਭੂਮਿਕਾ ਲੈਂਦੇ ਹਨ। ਇਨ੍ਹਾਂ ਵਿੱਚ ਜਿੰਦਗੀ ਦਾ ਸੱਚ ਸਿਰਫ਼ ਵੱਖ-ਵੱਖ ਕੋਣਾਂ ਤੋਂ ਉਲਝਣ ਹੀ ਰਹਿ ਜਾਂਦਾ ਹੈ।

**(ਗ) ਕਵਿਤਾ**:

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

ਕਵੀ ਰਵਿੰਦਰ ਰਵੀ, ਸੁਖਵਿੰਦਰ ਲਿਖਣ ਵਾਲੇ ਨਵੇਂ ਕਵੀ ਕਵਿਤਾ ਦੀ ਰੂਪ-ਰਚਨਾ ਵਿੱਚ ਪਰੰਪਰਾ ਦੀ ਵਿਵਸਥਾ ਨੂੰ ਤੋੜ ਕੇ ਨਵੇਂ ਰੂਪ ਲਿਆ ਰਹੇ ਹਨ।

**(ਘ) ਨਾਟਕ:**

ਨਵਾਂ ਪੰਜਾਬੀ ਨਾਟਕ ਮੰਚ-ਭਾਸ਼ਾ, ਰਚਨਾ-ਕਲਾ ਅਤੇ ਵਿਸ਼ੇ ਚੋਣ ਵਿੱਚ ਉੱਤਰ ਆਧੁਨਿਕ ਰੁਝਾਨ ਵੱਲ ਵੱਧਦਾ ਜਾ ਰਿਹਾ ਹੈ ਜਿਥੇ ਦਰਸ਼ਕ ਵੀ ਕਹਾਣੀ ਦੇ ਮਾਧਿਅਮ ਦਾ ਹਿੱਸਾ ਬਣਦਾ ਹੈ। ਉੱਤਰ ਆਧੁਨਿਕ ਸਾਹਿਤ ਪਾਠਕ ਦੀ ਭੂਮਿਕਾ ਨੂੰ ਨਿਰਣਾਇਕ ਮੰਨਦਾ ਹੈ। ਪਾਠਕ ਹੁਣ ਸਿਰਫ਼ ਰਚਨਾ ਦੇ ਰਸਕ ਨਹੀਂ ਸਗੋਂ ਉਸਦੇ ਅਰਥ ਦੇ ਸਿਰਜਕ ਵੀ ਹਨ। ਪੰਜਾਬੀ ਵਿਚ ਨਵੇਂ ਪਾਠਕ ਖਾਸ ਕਰਕੇ ਨੌਜਵਾਨ, ਨਾਰੀ, ਪਰਵਾਸੀ ਅਤੇ ਆਊਟਸਾਈਡਰ ਹੁਣ ਆਪਣੀ ਪਛਾਣ ਦੇ ਰੂਪ ਵਿਚ ਰਚਨਾ ਪੜ੍ਹ ਰਹੇ ਹਨ। ਕਈ ਲੋਕ ਮੰਨਦੇ ਹਨ ਕਿ ਉੱਤਰ ਆਧੁਨਿਕਤਾ ਆਮ ਜਨਤਕ ਪਾਠਕ ਤੋਂ ਦੂਰ ਹੋ ਜਾਂਦੀ ਹੈ। ਇਹ ਰਚਨਾਵਾਂ ਕਈ ਵਾਰੀ ਇਤਨੀ ਬੁੱਧੀਜੀਵੀ ਜਾਂ ਸੰਕੇਤਾਤਮਕ ਹੁੰਦੀਆਂ ਹਨ ਕਿ ਪਾਠਕ ਉਨ੍ਹਾਂ ਨਾਲ ਜੁੜ ਨਹੀਂ ਪਾਂਦਾ। ਪਰ ਇਨ੍ਹਾਂ ਦੇ ਪੱਖ ਵਿੱਚ ਦਲੀਲ ਹੈ ਕਿ ਇਹ ਰਚਨਾ ਪਾਠਕ ਦੀ ਆਜ਼ਾਦੀ, ਸਮਝ ਅਤੇ ਅਨੁਭਵ ਨੂੰ ਮਾਣਤਾ ਦਿੰਦੀ ਹੈ। ਪੰਜਾਬੀ ਸਾਹਿਤ, ਜਿਸ ਦੀ ਜੜ੍ਹਤ ਲੋਕਧਾਰਾ, ਰੂਹਾਨੀਅਤ ਅਤੇ ਵਿਅੰਗ ਵਿੱਚ ਹੈ, ਉੱਤਰ ਆਧੁਨਿਕਤਾ ਦੀਆਂ ਕਈ ਸੰਭਾਵਨਾਵਾਂ ਲਈ ਉਪਜਾਊ ਭੂਮੀ ਹੈ। ਭਾਵੇਂ ਅਜੇ ਪੂਰੀ ਤਰ੍ਹਾਂ ਇਹ ਰੁਝਾਨ ਮੂਲਧਾਰ ਬਣ ਕੇ ਨਹੀਂ ਉਭਰਿਆ ਪਰ ਨਵੀਆਂ ਪੀੜ੍ਹੀਆਂ, ਨਵੇਂ ਵਿਧਾਵਾਂ ਅਤੇ ਨਵੀਆਂ ਸੰਵੇਦਨਾਵਾਂ ਰਾਹੀਂ ਇਹ ਦਿਸ਼ਾ ਹੋਰ ਮਜ਼ਬੂਤ ਹੋ ਰਹੀ ਹੈ।

**ਉੱਤਰ ਆਧੁਨਿਕਤਾ ਵਿੱਚ ਪੰਜਾਬੀ ਨਾਰੀ ਸਾਹਿਤ**

ਉੱਤਰ ਆਧੁਨਿਕਤਾ ਨੇ ਜਿੱਥੇ ਸਮਾਜਕ ਢਾਂਚਿਆਂ, ਸੱਭਿਆਚਾਰਕ ਧਾਰਨਾਵਾਂ ਅਤੇ ਸਾਹਿਤਕ ਰੂਪਾਂ ਨੂੰ ਨਵੀਂ ਨਜ਼ਰ ਦਿੱਤੀ, ਉੱਥੇ ਇਸ ਨੇ ਨਾਰੀ ਲਿਖਤਾਂ ਨੂੰ ਵੀ ਇਕ ਨਵਾਂ ਵਿਸ਼ਵਾਸ, ਨਵੀਂ ਅਵਾਜ਼ ਅਤੇ ਨਵੀਂ ਵਿਅਖਿਆ ਦਿੱਤੀ। ਪੰਜਾਬੀ ਸਾਹਿਤ ਵਿੱਚ ਨਾਰੀ ਆਵਾਜ਼ ਆਹਿਸਤਾ-ਆਹਿਸਤਾ ਮੂਲ ਧਾਰਾ ਦਾ ਹਿੱਸਾ ਬਣੀ ਹੈ। ਉੱਤਰ ਆਧੁਨਿਕ ਦ੍ਰਿਸ਼ਟਿਕੋਣ ਤਹਿਤ ਇਹ ਆਵਾਜ਼ ਹੁਣ ਕੇਵਲ ਵਿਰੋਧ ਜਾਂ ਵਿਅਕਤੀਗਤ ਦੁੱਖ ਤੱਕ ਸੀਮਤ ਨਹੀਂ ਸਗੋਂ ਸਮੂਹ ਨਾਰੀ ਅਨੁਭਵ, ਲਿੰਗ ਪਛਾਣ ਅਤੇ ਸਮਾਜਿਕ ਸਾਂਝ ਦੇ ਸਵਾਲਾਂ ਨੂੰ ਚੁਣੌਤੀ ਦਿੰਦੀ ਹੈ। ਜੇਮਸਨ ਲਿਖਦਾ ਹੈ ਕਿ "ਜੇ ਅਸੀਂ ਵਾਕ ਦੇ ਬੀਤੇ, ਵਰਤਮਾਨ ਅਤੇ ਭਵਿੱਖ ਨੂੰ ਇਕੱਠਾ ਕਰਨ ਵਿਚ ਨਾਕਾਮਯਾਬ ਹੋ ਗਏ ਤਾਂ ਅਸੀਂ ਆਪਣੇ ਜੀਵਨ-ਅਨੁਭਵਾਂ ਜਾਂ ਮਾਨਸਿਕ ਜ਼ਿੰਦਗੀ ਦੇ ਬੀਤੇ, ਵਰਤਮਾਨ ਅਤੇ ਭਵਿੱਖ ਨੂੰ ਇਕੱਠਿਆਂ ਕਰਨ ਵਿਚ ਅਮਰਥ ਹੋ ਜਾਵਾਂਗੇ ਅਤੇ ਇੰਜ ਅਸੀਂ ਇਤਿਹਾਸ ਤੋਂ ਬਿਨਾ ਜ਼ਿੰਦਗੀ ਨੂੰ ਹੀ ਸੰਗਠਿਤ ਕਰਨ ਤੋਂ ਵਾਂਝੇ ਜਾਵਾਂਗੇ ।" ਉਤਰ-ਆਧੁਨਿਕਤਾ ਨੇ ਇਸ ਖਿੰਡੇ-ਪੁੰਡੇ ਆਪੇ ਨੂੰ ਅਲਾਮਤ ਵਜੋਂ ਪਛਾਣਨਾ ਹੈ ਜਾਂ ਇਸ ਨੂੰ ਇਸੇ ਰੂਪ ਵਿਚ ' ਪ੍ਰਵਾਨ ਕਰਕੇ ਇਸ ਦਾ ਜਸ਼ਨ ਮਨਾਉਣਾ ਹੈ, ਇਹ ਮਸਲਾ ਵਿਚਾਰਨ ਵਾਲਾ ਹੈ । ਇਕ ਪਾਸੇ ਤਾਂ ਉਹ ਚਿੰਤਕ ਹਨ ਜੋ ਇਸ ਖਿੰਡਾਅ ਨੂੰ ਇਕ ਅਲਾਮਤ ਵਜੋਂ ਦੇਖਦੇ ਹਨ ਜਿਸਦਾ ਲਾਜ਼ਮੀ ਸਿੱਟਾ ਇਤਿਹਾਸਕ ਚੇਤਨਾ ਦਾ ਖੁੱਸਣਾ ਹੈ ।"[5] ਉੱਤਰ ਆਧੁਨਿਕਤਾ ਨਾਰੀ ਨੂੰ "ਮਰਦ ਦੀ ਵਿਰੋਧੀ" ਜਾਂ "ਬੇਸਹਾਰਾ ਵਿਅਕਤੀ" ਨਹੀਂ ਦਿਖਾਉਂਦੀ, ਬਲਕਿ ਇੱਕ ਐਸਾ ਵਿਅਕਤੀ ਜੋ ਆਪਣੀ ਪਛਾਣ ਦੀ ਰਚਨਾ ਕਰਦੀ ਹੈ, ਕਈ ਵਾਰੀ ਪਿੱਛਲੇ ਤਜਰਬਿਆਂ ਨੂੰ ਤੋੜਦੀ ਹੈ।ਅਜੀਤ ਕੌਰ ਦੀ ਲਿਖਤ "**ਖ਼ਾਮੋਸ਼ ਪੁਲਿਸਟੇਸ਼ਨ**" 'ਚ ਨਾਰੀ ਸਿਰਫ਼ ਪੀੜਤ ਨਹੀਂ, ਸਗੋਂ ਮੌਨ ਦੇ ਰਾਹੀਂ ਆਪਣਾ ਸੰਘਰਸ਼ ਬਿਆਨ ਕਰਦੀ ਹੈ।

**ਦਲੀਪ ਕੌਰ** ਵਰਗੀਆਂ ਲੇਖਿਕਾਵਾਂ ਦੀ ਲਿਖਤ ਉੱਤਰ ਆਧੁਨਿਕ ਨਾਰੀ ਸੰਵੇਦਨਾ ਦੀ ਵਕਾਲਤ ਹੈ, ਜਿਸ ਵਿੱਚ ਪਿਆਰ, ਵਿਛੋੜਾ, ਸਰੀਰ, ਰਿਹਾਈ ਅਤੇ ਰਚਨਾ ਸਭ ਕੁਝ ਇੱਕ-ਦੂਜੇ ਨਾਲ ਜੁੜਿਆ ਹੈ। ਅਮ੍ਰਿਤਾ ਪ੍ਰੀਤਮ ਨੇ ਪਹਿਲੀ ਵਾਰੀ ਨਾਰੀ ਦੇ ਅੰਦਰਲੇ ਸੰਘਰਸ਼, ਮਨੋਵਿਗਿਆਨ ਅਤੇ ਚੁੱਪ ਨੂੰ ਅਵਾਜ਼ ਦਿੱਤੀ। ਉਨ੍ਹਾਂ ਦੀ ਰਚਨਾ "**ਪਿੰਜਰ**" ਉੱਤਰ ਆਧੁਨਿਕ ਦ੍ਰਿਸ਼ਟਿਕੋਣ ਨਾਲ ਵਿਖੰਡਿਤ ਪਛਾਣ, ਨੈਤਿਕਤਾ ਦੇ ਪੁਰਾਣੇ ਮਾਪਦੰਡਾਂ ਦੀ ਆਲੋਚਨਾ ਨਾਰੀ ਦੀ ਨਵੀ ਪਰਿਭਾਸ਼ਾ ਹੈ। "**ਪਿੰਜਰ**" ਦੀ ਨਾਇਕਾ ਦੇ ਕਿਰਦਾਰ ਦੀ ਸਥਿਰ ਪਛਾਣ ਨਹੀਂ ਉਹ ਕਦੇ ਭੋਗਵਿਲਾਸੀ ਲੱਗਦੀ ਹੈ, ਕਦੇ ਸੱਚ ਦੀ ਤਲਾਸ਼ ਕਰਦੀ ਹੋਈ। ਉੱਤਰ ਆਧੁਨਿਕ ਨਾਰੀ ਕਵਿਤਾ ਵਿੱਚ ਲਿੰਗ ਦੀ ਬਾਈਨਰੀ ਵੰਡ ਨੂੰ ਚੁਣੌਤੀ ਦਿੱਤੀ ਜਾਂਦੀ ਹੈ। ਪੁਰਾਣੀ ਮੂਲਤਾਵਾਦੀ ਜ਼ਬਾਨ ਨੂੰ ਉਲਟਾ ਕੇ ਨਵੀਂ ਭਾਵਨਾਤਮਕ ਅਭਿਵਿਅਕਤੀ ਕੀਤੀ ਜਾਂਦੀ ਹੈ। **ਕਮਲਜੀਤ ਬਾਵਾ** ਦੀਆਂ ਕਵਿਤਾਵਾਂ ਵਿੱਚ ਰਸਮਾਂ, ਰਿਵਾਜਾਂ ਅਤੇ ਨਾਰੀ ਸਰੀਰ ਦੇ ਨਾਲ ਹੋਣ ਵਾਲੀ ਘੜੀ-ਘੜੀ ਦੀ ਟਕਰਾਰ ਦਿਖਾਈ ਜਾਂਦੀ ਹੈ। ਉੱਤਰ ਆਧੁਨਿਕ ਨਾਰੀ ਲਿਖਤ ਵਿੱਚ ਭਾਸ਼ਾ ਰਵਾਇਤੀ ਨਹੀਂ ਰਹਿੰਦੀ। ਲੇਖਿਕਾਵਾਂ ਲੰਬੀਆਂ ਲਾਈਨਾਂ ਦੀ ਥਾਂ ਛੋਟੀ, ਟੁੱਟੀ ਹੋਈ ਭਾਸ਼ਾ ਵਰਤਦੀਆਂ ਹਨ। ਇਸ ਭਾਸ਼ਾ ਵਿੱਚ ਅਣਸੁਣੇ ਅਨੁਭਵਾਂ ਦੀ ਗੂੰਜ ਹੁੰਦੀ ਹੈ,ਸਰੀਰ, ਮਨ ਅਤੇ ਸਮਾਜ ਦੀ ਅਣਕਹੀ ਭਾਸ਼ਾ ਹੁੰਦੀ ਹੈ।ਇਹ ਢੰਗ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਉੱਤਰ ਆਧੁਨਿਕਤਾ ਵਿੱਚ ਨਾਰੀ ਨਾ ਸਿਰਫ਼ ਲਿਖਣ ਵਾਲੀ ਹੈ, ਸਗੋਂ ਆਪਣੀ ਲਿਖਤ ਦੀ ਰਚਿਤਾ ਵੀ ਹੈ।

**ਉੱਤਰ ਆਧੁਨਿਕ ਸਾਹਿਤ ਦੀਆਂ ਥੀਮਾਂ**

- **ਪਛਾਣ ਦੀ ਖੋਜ**: ਮੈਂ ਕੌਣ ਹਾਂ? ਇਹ ਸਵਾਲ ਹਰ ਨਾਰੀ ਲਿਖਤ ਦੀ ਜੜ੍ਹ ਹੈ।
- **ਸਰੀਰ ਦੀ ਮੁਕਤੀ**: ਨਾਰੀ ਸਰੀਰ ਨੂੰ ਪਾਪ ਜਾਂ ਲਾਜ ਨਹੀਂ, ਸਗੋਂ ਪਛਾਣ ਅਤੇ ਅਧਿਕਾਰ ਦੇ ਰੂਪ ਵਿੱਚ ਮੰਨਿਆ ਗਿਆ ਹੈ।
- **ਸੰਬੰਧਾਂ ਦੀ ਨਵੀ ਵਿਆਖਿਆ**: ਪਿਆਰ, ਵਿਆਹ, ਮਾਤਾ-ਪਿਤਾ, ਬੱਚੇ ਸਭ ਸੰਬੰਧ ਉਲਟਾ ਕੇ ਦੇਖੇ ਜਾਂਦੇ ਹਨ।
- **ਅਲਗਾਵਪਨ ਅਤੇ ਸਵੈ-ਚਿੰਤਨ**: ਨਾਰੀ ਇਕੱਲੀ ਹੋਣ ਤੋਂ ਨਹੀਂ ਡਰਦੀ ਸਗੋਂ ਉਸਨੂੰ ਆਪਣੇ ਵਿਚਕਾਰ ਡੂੰਘੀ ਝਾਤ ਪਾਉਣ ਦਾ ਮੌਕਾ ਬਣਾਉਂਦੀ ਹੈ।

ਪੰਜਾਬੀ ਪਰਵਾਸੀ ਸਾਹਿਤ ਪਿਛਲੇ ਕੁਝ ਦਹਾਕਿਆਂ ਵਿੱਚ ਇੱਕ ਮਹੱਤਵਪੂਰਨ ਧਾਰਾ ਵਜੋਂ ਉਭਰਿਆ ਹੈ। ਇਹ ਉਹ ਸਾਹਿਤ ਹੈ ਜੋ ਪਿਛੋਕੜ ਰੱਖਦਾ ਹੈ ਪੰਜਾਬੀ ਸੰਸਕਾਰਾਂ ਦਾ, ਪਰ ਦਰਸ਼ਨ ਕਰਦਾ ਹੈ ਵਿਦੇਸ਼ੀ ਜ਼ਮੀਨ ਦੇ ਸਮਾਜਕ, ਸੱਭਿਆਚਾਰਕ, ਰਾਜਨੀਤਿਕ ਅਤੇ ਮਨੋਵਿਗਿਆਨਕ ਤਜਰਬਿਆਂ ਦਾ। ਉੱਤਰ ਆਧੁਨਿਕਤਾ ਦੇ ਪਰਿਪ੍ਰੇਖ ਵਿੱਚ ਇਹ ਸਾਹਿਤ ਵਿਸ਼ੇਸ਼ ਦਿਲਚਸਪੀ ਦਾ ਕੇਂਦਰ ਬਣ ਜਾਂਦਾ ਹੈ ਕਿਉਂਕਿ ਇੱਥੇ ਸਥਿਰਤਾ, ਪਛਾਣ, ਸਾਂਝ ਤੇ ਸੱਚ ਦੀ ਭਾਵਨਾ ਮੁੜ-ਮੁੜ ਪਰਖੀ ਜਾਂਦੀ ਹੈ।ਉੱਤਰ ਆਧੁਨਿਕਤਾ ਅਤੇ ਪਰਵਾਸੀ ਜੀਵਨ ਦੋਵੇਂ ਹੀ:**ਟੁੱਟਨ**,**ਉਲਝਣ**,**ਪਛਾਣ ਦੀ ਸੰਕਟ**,**ਬਹੁਭਾਸ਼ਾਈਤਾ** ਅਤੇ **ਵਿਅਥਾ** ਨਾਲ ਭਰਪੂਰ ਹਨ।ਇਸ ਲਈ ਪਰਵਾਸੀ ਸਾਹਿਤ ਅਕਸਰ ਉੱਤਰ ਆਧੁਨਿਕ ਲਹਿਰ ਦੇ ਤੱਤਾਂ ਨਾਲ ਗੁੰਝਦਾ ਹੈ, ਜਿਥੇ ਨਾਇਕ ਸਥਿਰ ਨਹੀਂ, ਸਹੀ-ਗਲਤ ਦੀ ਰੇਖਾ ਥਰਥਰਾਈ ਹੋਈ ਅਤੇ ਸਮਾਜਿਕ ਢਾਂਚਿਆਂ ਤੇ ਵਿਸ਼ਵਾਸ ਕਟੜ ਹੋ ਚੁੱਕਾ ਹੁੰਦਾ ਹੈ। ਪਰਵਾਸੀ ਸਾਹਿਤ ਵਿੱਚ '**ਮੈਂ ਕੌਣ ਹਾਂ?**' ਇਹ ਸਵਾਲ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

ਇੱਕ ਕੇਂਦਰੀ ਸਥਾਨ ਰੱਖਦਾ ਹੈ। ਵਿਦੇਸ਼ੀ ਜ਼ਮੀਨ ਉੱਤੇ ਰਹਿ ਰਹੇ ਪੰਜਾਬੀਆਂ ਲਈ ਪੁਰਾਣੀ ਸੰਸਕਾਰਿਕ ਪਛਾਣ ਹੌਲੀ-ਹੌਲੀ ਧੁੰਦਲੀ ਹੁੰਦੀ ਜਾਂਦੀ ਹੈ ਅਤੇ ਨਵੀਂ ਪਛਾਣ ਕਦੇ ਨਹੀਂ ਬਣਦੀ, ਇਹ ਦੋਹਾਂ ਵਿਚਕਾਰ ਦੀ ਖਾਲੀ ਥਾਂ ਉੱਤਰ ਆਧੁਨਿਕਤਾ ਦੀ ਭਾਵਨਾ ਨੂੰ ਜਨਮ ਦਿੰਦੀ ਹੈ। ਉੱਤਰ ਆਧੁਨਿਕ ਵਿਚਾਰਧਾਰਾ 'ਸਥਾਨ' ਨੂੰ ਸਥਿਰ ਨਹੀਂ ਮੰਨਦੀ। ਇਨਸਾਨ ਇਕ ਜਗ੍ਹਾ ਤੇ ਲੰਮੇ ਸਮੇਂ ਲਈ ਨਹੀਂ ਟਿਕਦਾ। ਇਹੀ ਅਨੁਭਵ ਪਰਵਾਸੀ ਸਾਹਿਤ ਵਿੱਚ ਆਮ ਹੈ ਜਿੱਥੇ ਪਾਤਰ ਸਿਰਫ਼ ਇਕ ਜਗ੍ਹਾ ਨਹੀਂ, ਸਗੋਂ ਸਾਂਝਾਂ, ਯਾਦਾਂ, ਇਮੋਸ਼ਨ ਤੇ ਪਛਾਣ ਵਿੱਚ ਘੁੰਮ ਰਿਹਾ ਹੁੰਦਾ ਹੈ। **ਪਾਲ ਕੌਰ**, **ਚਰਨਜੀਤ ਚਹਿਲ** ਆਦਿ ਲੇਖਕਾਂ ਦੀਆਂ ਕਹਾਣੀਆਂ ਵਿੱਚ ਪਿੰਡ ਦੀ ਯਾਦ, ਵਿਦੇਸ਼ੀ ਸ਼ਹਿਰ ਦੀ ਅਜਬੀਅਤ ਅਤੇ ਭਾਸ਼ਾ ਦੇ ਸੰਕਟ ਮਿਲਦੇ ਹਨ।

ਪੰਜਾਬੀ ਲੋਕਧਾਰਾ ਜਿਵੇਂ ਕਿ ਲੋਕ-ਗੀਤ, ਕਥਾਵਾਂ, ਵਾਟਾਂ, ਗੱਥਾਵਾਂ, ਧਾਰਮਿਕ ਰਿਵਾਇਤਾਂ ਅਤੇ ਜਨ-ਮੁਖੀ ਰਚਨਾਵਾਂ ਸਦੀਉਂ ਤੋਂ ਪੰਜਾਬੀ ਜੀਵਨ ਦੀ ਮੂਲ ਧੜਕਣ ਰਹੀ ਹੈ। ਇਥੇ ਹਿਊਚਨ ਲਿੰਡਾ ਦੀ ਦ੍ਰਿਸ਼ਟੀ ਠੀਕ ਜਾਪਦੀ ਹੈ ਇਤਿਹਾਸ ਜਾਂ ਇਤਿਹਾਸਕ ਲਿਖਤਾਂ ਨੂੰ ਚੁਣੌਤੀ ਦੇਣਾ ਅਇਤਿਹਾਸਕ ਹੋਣਾ ਨਹੀਂ ਹੈ।" ਅੱਜ ਸਾਡੇ ਸਾਹਮਣੇ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਮਨੁੱਖ ਇਤਿਹਾਸ ਨੂੰ ਕਿਵੇਂ ਜਾਣ ਸਕਦਾ ਹੈ।ਲਿੰਡਾ ਅਨੁਸਾਰ "ਉਤਰ-ਆਧੁਨਿਕਵਾਦੀ ਜਦੋਂ ਇਤਿਹਾਸ ਦੀ ਮਾਨਵਵਾਦੀ ਧਾਰਨਾ ਨੂੰ ਚੈਲਿੰਜ ਕਰਦੇ ਹਨ ਤਾਂ ਉਨ੍ਹਾਂ ਦਾ ਮੰਤਵ ਇਸ ਦੇ ਅੰਦਰ ਛੁਪੀ ਅੰਤਰਮੁਖਤਾ ਦੀ ਧਾਰਨਾ ਨੂੰ ਚੁਣੌਤੀ ਦੇਣਾ ਹੁੰਦਾ ਹੈ ।"[6] ਇਸ ਪ੍ਰਕਾਰ ਉਤਰ-ਆਧੁਨਿਕ ਚਿੰਤਨ ਦੀ ਰੋਸ਼ਨੀ ਵਿਚ ਇਤਿਹਾਸ ਅਤੇ ਇਤਿਹਾਸਕਾਰੀ ਬਾਰੇ ਪੁਨਰ-ਚਿੰਤਨ ਆਰੰਭ ਹੋਇਆ ਹੈ।ਉੱਤਰ ਆਧੁਨਿਕਤਾ ਦੀ ਸੋਚ ਜੋ ਕਿ ਸਥਿਰਤਾ ਨੂੰ ਚੁਣੌਤੀ ਦਿੰਦੀ ਹੈ, ਸੰਸਕ੍ਰਿਤੀ ਨੂੰ ਨਵੀਂ ਰੀਤ ਨਾਲ ਵਿਆਖਿਆ ਕਰਦੀ ਹੈ ਅਤੇ ਗੱਲਾਂ ਦੇ ਇੱਕ ਨਹੀਂ, ਕਈ ਅਰਥ ਦਿੰਦੀ ਹੈ ਇਸ ਨੇ **ਪੰਜਾਬੀ ਲੋਕਧਾਰਾ** ਨੂੰ ਵੀ ਇਕ ਨਵੇਂ ਪਰਿਪੇਖ ਵਿੱਚ ਦੇਖਣ ਦੀ ਲੋੜ ਪੈਦਾ ਕੀਤੀ ਹੈ। ਉੱਤਰ ਆਧੁਨਿਕਤਾ ਦੀ ਦ੍ਰਿਸ਼ਟੀ ਵਿੱਚ ਕੋਈ ਭੀ ਰਚਨਾ "**ਨਿਰਪੱਖ**" ਜਾਂ "**ਵਸਤੂਨਿਸ਼ਠ**" ਨਹੀਂ ਹੁੰਦੀ। ਹਰੇਕ ਕਥਾ, ਹਰੇਕ ਗੀਤ ਦੇ ਪਿੱਛੇ ਸਮਾਜਿਕ ਰੂਪਰੇਖਾ, ਰਚਨਾਤਮਕ ਸੰਕੋਚ ਅਤੇ ਨਿਯਮ ਬੱਧਤਾ ਹੁੰਦੀ ਹੈ। ਜਦ ਉੱਤਰ ਆਧੁਨਿਕ ਨਜ਼ਰੀਏ ਤੋਂ ਲੋਕਧਾਰਾ ਨੂੰ ਵੇਖਦੇ ਹਾਂ ਤਾਂ ਸਾਨੂੰ ਉਸ ਵਿੱਚ ਨਿਰਮਿਤ ਪਹਿਚਾਣਾਂ, ਲਿੰਗਕ ਭੂਮਿਕਾਵਾਂ,ਵਰਗ ਸੰਘਰਸ਼, ਧਾਰਮਿਕ ਅਧਿਕਾਰ ਵਾਲੇ ਸੰਕੇਤ ਦਿੰਦੀ ਹੈ।

ਪੰਜਾਬੀ ਲੋਕਧਾਰਾ ਵਿੱਚ ਔਰਤ ਦੀ ਭੂਮਿਕਾ ਕਈ ਵਾਰੀ ਸੀਮਤ ਅਤੇ ਰਵਾਇਤੀ ਦਿਖਾਈ ਦਿੰਦੀ ਹੈ। ਪਰ ਉੱਤਰ ਆਧੁਨਿਕਤਾ ਰਾਹੀਂ ਅਸੀਂ ਵੇਖ ਸਕਦੇ ਹਾਂ ਕਿ ਇਨ੍ਹਾਂ ਗੀਤਾਂ ਦੇ ਅੰਦਰ ਇਕ ਹੌਲੀ ਹੌਲੀ ਬਗਾਵਤ, ਇਕ ਅੰਦਰੂਨੀ ਸੰਘਰਸ਼ ਅਤੇ ਵਿਵਸਥਾ ਪ੍ਰਤੀ ਚੁਣੌਤੀ ਲੁਕੀ ਹੋਈ ਹੈ।**"ਸੁੰਦਰੀ ਦਾ ਵਿਆਹ"** ਇਸ ਗੀਤ ਵਿੱਚ ਜਿੱਥੇ ਇੱਕ ਪਿਤਾ ਦੀ ਗਰੀਬੀ ਅਤੇ ਲੋੜ ਦਿਖਾਈ ਜਾਂਦੀ ਹੈ, ਓਥੇ ਹੀ ਕੁੜੀ ਦੀ ਚੁੱਪ ਉਸਦੀ ਵਿਅਕਤੀਗਤਾ ਦੀ ਗੂੰਜ ਬਣ ਜਾਂਦੀ ਹੈ।

ਲੋਕ ਕਥਾਵਾਂ ਆਮ ਤੌਰ 'ਤੇ ਨੈਤਿਕਤਾ ਜਾਂ ਸਿੱਖਿਆ ਲਈ ਸੁਣਾਈ ਜਾਂਦੀਆਂ ਹਨ। ਪਰ ਉੱਤਰ ਆਧੁਨਿਕ ਪੜ੍ਹਤ ਅੰਦਰ ਇਹਨਾਂ ਵਿੱਚ ਲੁਕਿਆ ਹੋਇਆ ਅਧਿਕਾਰ ਦਾ ਸੰਘਰਸ਼, ਜਾਤੀ ਭੇਦਭਾਵ ਅਤੇ ਲਿੰਗਕ ਅਨਿਆ ਨੂੰ ਵੀ ਉਜਾਗਰ ਕੀਤਾ ਜਾ ਸਕਦਾ ਹੈ। **ਹੀਰ ਰਾਂਝਾ**: ਰਵਾਇਤੀ ਪੜ੍ਹਤ ਵਿੱਚ ਇਹ ਪ੍ਰੇਮ ਕਹਾਣੀ ਹੈ, ਪਰ ਉੱਤਰ ਆਧੁਨਿਕ ਦਰਸ਼ਨ ਹੇਠਾਂ ਇਹ ਔਰਤ ਦੀ ਅਪਣੀ ਚੋਣ ਲਈ ਲੜਾਈ, ਪਿਤ੍ਰ-ਸੱਤਾਵਾਦ ਦੇ ਵਿਰੁੱਧ ਬਗਾਵਤ ਅਤੇ ਧਾਰਮਿਕ ਦਬਾਵਾਂ ਦਾ ਵਿਸ਼ਲੇਸ਼ਣ ਬਣ ਜਾਂਦੀ ਹੈ। **ਮਿਰਜ਼ਾ ਸਾਹਿਬਾਂ**: ਸਾਹਿਬਾਂ ਦੀ 'ਵਿਸ਼ਵਾਸਘਾਤ' ਨੂੰ ਪੁਰਸ਼ ਅਕਲ ਦੀ ਹਾਰ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

ਦੇ ਤੌਰ ਤੇ ਵੇਖਣ ਦੀ ਥਾਂ, ਇਸ ਨੂੰ ਇੱਕ ਨਾਰੀ ਦੀ ਆਪਣੀ ਸੁਰੱਖਿਆ ਦੀ ਰਣਨੀਤੀ ਵੀ ਸਮਝਿਆ ਜਾ ਸਕਦਾ ਹੈ। ਅੱਜ ਦੇ ਸਮੇਂ ਵਿੱਚ ਪੰਜਾਬੀ ਲੋਕਧਾਰਾ ਨੂੰ ਨਵੇਂ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ -ਫਿਲਮਾਂ, ਥੀਏਟਰ, ਰੈਪ ਜਾਂ ਡੀਜੇ ਮ੍ਯੂਜ਼ਿਕ ਰਾਹੀਂ। ਉੱਤਰ ਆਧੁਨਿਕਤਾ ਇਹ ਸਵਾਲ ਉਠਾਉਂਦੀ ਹੈ ਕਿ ਕੀ ਇਹ ਪੇਸ਼ਕਾਰੀ ਮੂਲ ਰਚਨਾ ਨੂੰ ਸੰਵਾਰ ਰਹੀ ਹੈ ਜਾਂ ਉਸਦੀ ਅਸਲੀਅਤ ਨੂੰ ਮਿਟਾ ਰਹੀ ਹੈ? ਬੋਲੀਵੁੱਡ ਜਾਂ ਪੰਜਾਬੀ ਫਿਲਮਾਂ ਵਿੱਚ ਗੀਤਾਂ ਦੀ ਰੀਮਿਕਸ ਪ੍ਰਥਾ ਅਕਸਰ ਨਾਰੀ ਵਿਅਕਤੀਕਤਾ ਨੂੰ ਉਡਾ ਕੇ ਸਿਰਫ **"ਵਸਤੂ"** ਤੱਕ ਸੀਮਤ ਕਰ ਦਿੰਦੀ ਹੈ।ਰੈਪ ਆਰਟਿਸਟ ਨੇ ਪਰੰਪਰਾਵਾਂ ਨੂੰ ਨਵੀਂ ਬੋਲੀ ਵਿੱਚ ਪੇਸ਼ ਕਰਦੇ ਹਨ ਇਹ ਉੱਤਰ ਆਧੁਨਿਕ ਹਾਈਬ੍ਰਿਡ ਅਭਿਵਿਕਤੀ ਹੈ। ਉੱਤਰ ਆਧੁਨਿਕਤਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਹਿੰਦੀ ਹੈ: **"ਅਰਥ ਲੇਖਕ ਨਹੀਂ, ਪਾਠਕ ਬਣਾਉਂਦਾ ਹੈ"**। ਇਸ ਤਰੀਕੇ ਨਾਲ, ਪੰਜਾਬੀ ਲੋਕਧਾਰਾ ਦੀ ਹਰ ਰਚਨਾ ਆਪਣੇ ਪਾਠਕ ਦੀ ਸੋਚ ਮੁਤਾਬਕ ਨਵੀਂ ਵਿਆਖਿਆ ਦੀ ਪੇਸ਼ਕਸ਼ ਕਰ ਸਕਦੀ ਹੈ। ਇੱਕ **ਹੀਰ ਦਾ ਗੀਤ** ਕਿਸੇ ਲਈ ਰੋਮਾਂਟਿਕ ਹੋ ਸਕਦਾ ਹੈ, ਪਰ ਕਿਸੇ ਹੋਰ ਲਈ ਇੱਕ ਔਰਤ ਦੀ ਸਿਆਸੀ ਹੱਕ-ਮੰਗ ਹੋ ਸਕਦੀ ਹੈ। ਅੱਜ ਦੇ ਸਮੇਂ ਵਿੱਚ ਪੰਜਾਬੀ ਲੋਕਧਾਰਾ ਸਿਰਫ ਪੁਰਾਣੀਆਂ ਰੀਤਾਂ ਦੀ ਸਾਂਭ ਨਹੀਂ, ਸਗੋਂ ਨਵੀਂ ਆਵਾਜ਼, ਨਵੀਂ ਪੜ੍ਹਤ ਅਤੇ ਨਵੀਂ ਰਚਨਾਤਮਕਤਾ ਦੀ ਜਗ੍ਹਾ ਬਣ ਚੁੱਕੀ ਹੈ। ਉੱਤਰ ਆਧੁਨਿਕਤਾ ਇਸ ਨੂੰ ਇੱਕ ਜੀਵੰਤ ਰਚਨਾ,ਸਾਂਝੀ ਯਾਦ ਦਾ ਮਾਧਿਅਮ ਅਤੇ ਵਿਰੋਧ ਦੀ ਭਾਸ਼ਾ ਵਜੋਂ ਸਮਝਦੀ ਹੈ। ਰੋਲਾਂ ਬਾਰਥ ਆਪਣੇ ਮਸ਼ਹੂਰ ਲੇਖ 'ਦ ਡੈਥ ਆਫ ਦੀ ਆਥਰ' ਵਿਚ ਸਾਹਿਤ ਅਧਿਐਨ ਨੂੰ 'ਲਿਖਣ' ਦੇ ਆਮ ਸਿਧਾਂਤ ਨਾਲ ਬਦਲਣ ਦਾ ਸੁਝਾਅ ਦਿੰਦਾ ਹੈ ਜਿਸ ਦਾ ਮੰਤਵ ਪਾਠ ਦੇ ਕਿਸੇ ਅੰਤਮ ਜਾਂ ਲੁਕੇ ਅੰਤ ਤਕ ਸੀਮਤ ਨਾ ਹੋਵੇ ਸਗੋਂ ਇਹ ਅਰਥ ਉਤਪਾਦਨ ਦੀ ਸਮੁੱਚੀ ਪ੍ਰਕਿਰਿਆ ਨੂੰ ਦਰਸਾਵੇ। ਸਾਹਿਤਕ ਕਿਰਤ ਅਤੇ ਪਿਆਜ਼ ਦੇ ਛਿਲਕਿਆਂ ਦਾ ਰੂਪਕ ਇਥੋਂ ਹੀ ਉਗਮਦਾ ਅਤੇ ਅਰਥ ਗ੍ਰਹਿਣ ਕਰਦਾ ਹੈ । ਇਸ ਤਰ੍ਹਾਂ ਲੇਖਕ ਪਾਠਕ ਦੀ ਪਹਿਲ-ਦੂਜ ਬਦਲ ਗਈ । ਰੋਲਾਂ ਬਾਰਥ ਦੀ ਪਾਠਕ ਨੂੰ ਦਿੱਤੀ ਪ੍ਰਮੁੱਖਤਾ ਹੀ ਅੱਗੇ ਜਾ ਕੇ "ਪਾਠਕ ਦੀ ਅਨੁਕਿਰਿਆ ਦੀ ਸਾਹਿਤ ਅਧਿਐਨ ਵਿਧੀ ਵਿਚ ਬਦਲ ਗਈ। "[7] ਪੰਜਾਬੀ ਭਾਸ਼ਾ ਸਿਰਫ਼ ਇਕ ਸੰਚਾਰ ਸਾਧਨ ਨਹੀਂ ਸਗੋਂ ਇੱਕ ਜੀਵੰਤ ਤੇ ਸੰਵੇਦਨਸ਼ੀਲ ਸੰਸਕ੍ਰਿਤਿਕ ਹੈ ਜੋ ਪੰਜਾਬ ਦੇ ਲੋਕਾਂ ਦੇ ਜੀਵਨ, ਇਤਿਹਾਸ ਅਤੇ ਮਨੋਵਿਗਿਆਨ ਨੂੰ ਦਰਸਾਉਂਦੀ ਹੈ। ਉੱਤਰ ਆਧੁਨਿਕਤਾ ਜੋ ਕਿ ਕੇਂਦਰ ਤੋਂ ਹਟਕੇ ਹਾਸਿਏ ਦੀ ਵਕਾਲਤ ਕਰਦੀ ਹੈ, ਪੰਜਾਬੀ ਭਾਸ਼ਾ ਦੇ ਅਦਾਨ-ਪ੍ਰਦਾਨ, ਵਿਆਖਿਆ ਅਤੇ ਰਚਨਾਤਮਕ ਉਪਯੋਗ ਨੂੰ ਇੱਕ ਨਵੇਂ ਰੂਪ ਵਿੱਚ ਪੇਸ਼ ਕਰਦੀ ਹੈ।

ਭਾਸ਼ਾ ਬਾਰੇ ਆਧੁਨਿਕ ਸੋਚ ਅਕਸਰ ਰਾਸ਼ਟਰੀ ਜਾਂ ਗਲੋਬਲ ਕੇਂਦਰਾਂ ਦੀ ਗੱਲ ਕਰਦੀ ਹੈ ਜਿਵੇਂ ਕਿ ਅੰਗਰੇਜ਼ੀ, ਹਿੰਦੀ, ਜਾਂ ਚੀਨੀ। ਉੱਤਰ ਆਧੁਨਿਕ ਨਜ਼ਰੀਏ ਤਹਿਤ ਪੰਜਾਬੀ ਇੱਕ "ਹਾਸੀਏ" ਦੀ ਭਾਸ਼ਾ ਹੈ, ਜੋ ਕੇਂਦਰੀ ਸੱਤਾ, ਰਾਸ਼ਟਰਵਾਦ, ਅਤੇ ਮੂਲਧਾਰਾ ਧਾਰਾਵਾਂ ਤੋਂ ਬਾਹਰ ਖੜੀ ਹੈ। ਪੰਜਾਬੀ ਭਾਸ਼ਾ ਨੂੰ ਭਾਰਤ ਵਿੱਚ "ਗੌਣ" ਅਤੇ ਵਿਦੇਸ਼ ਵਿੱਚ **"ਡਾਇਸਪੋਰਾ ਦੀ ਭਾਸ਼ਾ"** ਮੰਨਿਆ ਜਾਂਦਾ ਹੈ।ਇਹੀ ਹਾਸੀਆ ਇਸਨੂੰ ਨਵੇਂ ਅਨੁਭਵਾਂ, ਵਿਰੋਧੀ ਸੰਵੇਦਨਾਵਾਂ ਅਤੇ ਜਮੀਨ ਨਾਲ ਜੁੜੇ ਵਿਅਕਤੀਗਤ ਅਨੁਭਵਾਂ ਦੀ ਝੰਡੀ ਬਣਾਉਂਦਾ ਹੈ।

**ਉੱਤਰ ਆਧੁਨਿਕਤਾ** ਇਹ ਮੰਨਦੀ ਹੈ ਕਿ ਭਾਸ਼ਾ ਸਿਰਫ ਗੱਲ ਕਰਨ ਦਾ ਸਾਧਨ ਨਹੀਂ, ਸਗੋਂ ਸੱਤਾ, ਪਛਾਣ ਅਤੇ ਵਿਰੋਧ ਦਾ ਮਾਧਿਅਮ ਵੀ ਹੈ। ਪੰਜਾਬੀ ਭਾਸ਼ਾ ਵਿਚ ਵਰਤੀਆਂ ਜਾਣ ਵਾਲੀਆਂ ਗੁੱਸੇ ਭਰੀਆਂ ਜਾਂ ਹਾਸੇ ਰਾਹੀਂ ਪ੍ਰਫੁਲਿਤ ਬੋਲੀਆਂ ਸਭ ਇੱਕ ਸਮਾਜਿਕ ਸੰਘਰਸ਼ ਨੂੰ ਦਰਸਾਉਂਦੀਆਂ ਹਨ। "ਸਾਡੇ ਵਾਂਗੂ ਨਾ ਬਣੀ" ਜਾਂ "ਸੱਚ ਮੂੰਹ ਤੇ ਪਾਉਂਦਾ"

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

ਵਰਗੇ ਬੋਲ ਇਹ ਭਾਸ਼ਾ ਵਿਚ ਵਿਅਕਤ ਹੋਣ ਵਾਲੀ ਵਿਰੋਧੀ ਨਜ਼ਰੀਏ ਦੀ ਚਮਕਦਾਰ ਮਿਸਾਲਾਂ ਹਨ। ਉੱਤਰ ਆਧੁਨਿਕ ਭਾਸ਼ਾ ਦਰਸ਼ਨ ਇੱਕ-ਭਾਸ਼ੀ ਪਹਿਚਾਣ ਦੀ ਥਾਂ **ਬਹੁ-ਭਾਸ਼ੀ ਚੇਤਨਾ** ਦੀ ਗੱਲ ਕਰਦਾ ਹੈ। ਅੱਜ ਦੇ ਸਮੇਂ ਵਿੱਚ ਪੰਜਾਬੀ ਲੋਕ ਖ਼ਾਸ ਕਰਕੇ ਵਿਦੇਸ਼ਾਂ ਵਿੱਚ ਇੱਕੋ ਸਮੇਂ ਵਿੱਚ ਪੰਜਾਬੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਨੂੰ ਵਰਤ ਰਹੇ ਹਨ। ਇਹ ਹਾਈਬ੍ਰਿਡ ਰੂਪ ਭਾਸ਼ਾ ਦੀ ਨਵੀਨਤਾ ਅਤੇ ਵਿਅਕਤ ਕਰਨ ਬਾਰੇ ਦੱਸਦਾ ਹੈ।"ਮੈਂ ਕਲ ਈਮੇਲ ਭੇਜੀ ਸੀ ਤੇ ਫਿਰ Netflix ਵੀ ਵੇਖੀ"ਇਹ ਵਾਕ ਇੱਕ ਸਮਕਾਲੀ ਪੰਜਾਬੀ ਬੋਲਣ ਵਾਲੇ ਦੀ ਨਵੀਨਤਮ ਭਾਸ਼ਾ-ਪ੍ਰਯੋਗਸ਼ੀਲਤਾ ਨੂੰ ਦਰਸਾਉਂਦਾ ਹੈ। ਉੱਤਰ ਆਧੁਨਿਕਤਾ ਮੀਡੀਆ ਦੇ ਵਿਖੰਡਨ, ਸਮਾਂਜਿਕ ਮੀਡੀਆ ਦੀ ਬੇਹੱਦਤਾ ਅਤੇ ਕਥਾ ਦੀ ਟੁਕੜਾ-ਟੁਕੜਾ ਪੇਸ਼ਕਾਰੀ ਵਿੱਚ ਪ੍ਰਗਟ ਹੁੰਦੀ ਹੈ, ਪੰਜਾਬੀ ਭਾਸ਼ਾ ਵੀ ਇਸ ਬਦਲਾਅ ਦਾ ਹਿੱਸਾ ਬਣ ਗਈ ਹੈ। Punjabi memes, Instagram reels, YouTube commentary, WhatsApp ਇਹ ਸਭ ਪੰਜਾਬੀ ਦੇ ਨਵੇਂ ਰੂਪ ਹਨ ਜੋ ਉੱਤਰ ਆਧੁਨਿਕ ਵਿਅੰਗ ਅਤੇ ਵਿਖੰਡਿਤ ਵਿਅਕਤੀਤਵ ਪਛਾਣ ਦੀ ਮਿਸਾਲ ਹਨ। ਉੱਤਰ ਆਧੁਨਿਕਤਾ ਹਮੇਸ਼ਾ ਇਹ ਮੰਨਦੀ ਹੈ ਕਿ ਭਾਸ਼ਾ ਕਦੇ ਪੂਰੀ ਨਹੀਂ ਹੁੰਦੀ। ਪੰਜਾਬੀ ਭਾਸ਼ਾ ਭਾਵੇਂ ਟੁਕੜੇ-ਟੁਕੜੇ ਹੋ ਰਹੀ ਹੈ ਪਰ ਹਰ ਟੁਕੜਾ ਇੱਕ ਨਵੇਂ ਅਨੁਭਵ, ਨਵੇਂ ਅਰਥ ਅਤੇ ਨਵੇਂ ਸੰਘਰਸ਼ ਦੀ ਵਿਆਖਿਆ ਕਰ ਰਿਹਾ ਹੈ। ਇਹੀ ਉਸਦੀ ਤਾਕਤ ਵੀ ਹੈ। ਪੰਜਾਬੀ ਸਾਹਿਤ ਵਿੱਚ ਔਰਤ ਅਕਸਰ ਆਪਣੇ ਅਧਿਕਾਰਾਂ ਦੀ ਖੋਜ ਕਰਦੀ ਦਿਖਾਈ ਦਿੰਦੀ ਹੈ। ਉਹ ਕਿਸੇ ਇਕ ਵਿਸ਼ੇਸ਼ ਦਾਇਰੇ ਵਿੱਚ ਕੈਦ ਹੋਣ ਦੀ ਥਾਂ, ਆਪਣੀ ਆਪਣੀ ਹੱਕ ਦੀ ਲੜਾਈ ਲੜਦੀ ਹੈ। ਇਹ ਨਵਾਂ ਦ੍ਰਿਸ਼ਟੀਕੋਣ ਉੱਤਰ ਆਧੁਨਿਕਤਾ ਦੁਆਰਾ ਉਤਸ਼ਾਹਤ ਕੀਤਾ ਗਿਆ ਹੈ ਜੋ ਕਿ ਕਹਿੰਦਾ ਹੈ ਕਿ "ਸਥਿਰਤਾ" ਜਾਂ "ਨੈਤਿਕ ਅਧਿਕਾਰ" ਦੀ ਕੋਈ ਇਕ ਤਿੱਖੀ ਪੜ੍ਹਤ ਨਹੀਂ ਹੋਣੀ ਚਾਹੀਦੀ। ਔਰਤ ਨੂੰ ਆਪਣੇ ਹੱਕ ਲੈਣ ਅਤੇ ਰੱਖਣ ਦਾ ਅਧਿਕਾਰ ਹੈ।ਅੱਜ ਕੱਲ੍ਹ ਵਿੱਚ ਕੁਝ ਕਵੀਆਂ ਨੇ ਆਪਣੇ ਕਵਿਤਾ ਸੰਚਾਰਾਂ ਵਿੱਚ ਔਰਤ ਦੀ ਨਵੀਂ ਵਿਆਖਿਆ, ਵਿਰੋਧ ਅਤੇ ਆਜ਼ਾਦੀ ਦੀ ਗਲ ਕੀਤੀ ਹੈ।ਉੱਤਰ ਆਧੁਨਿਕ ਰਾਜਨੀਤਿਕ ਬਾਰੇ ਗੱਲ ਕਰਨ ਵਿੱਚ ਔਰਤ ਦਾ ਅਧਿਕਾਰ ਸਮਝਦੀ ਹੈ। ਉਸਦੇ ਹੱਕ ਦੇ ਨਾਲ ਉਸਦੀ ਲੜਾਈ ਦੀ ਪ੍ਰਸੰਗਿਕਤਾ ਤੇ ਔਰਤਾਂ ਲਈ ਅੰਤਰਰਾਸ਼ਟਰੀ ਸਮਰਥਨ ਦੀ ਜ਼ਰੂਰਤ ਪ੍ਰਗਟ ਕੀਤੀ ਹੈ। ਇਸ ਪ੍ਰਸੰਗ ਵਿਚ ਹੈਲੇਨ ਸ਼ਿਖੂ, ਉਹ ਲਿਖਦੀ ਹੈ "ਉਤਰ-ਆਧੁਨਿਕਤਾ ਕਿਸੇ ਇਕ ਪਰੰਪਰਾ ਜਾਂ ਵਿਸ਼ਵਾਸ ਨੂੰ ਸਭ ਕੁਝ ਨਹੀਂ ਸਮਝਦੀ ਸਗੋਂ ਇਸ ਨੂੰ ਚੁਣੌਤੀਦਿੰਦੀ ਹੈ । ਉਤਰ-ਆਧੁਨਿਕਤਾ ਦਾ ਮੁਢਲਾ ਸਰੋਕਾਰ ਸਾਡੇ ਜ਼ਿੰਦਗੀ ਜਿਉਣ ਦੇ ਭਾਰੂ ਲੱਛਣਾਂ ਨੂੰ ਗ਼ੈਰ-ਕੁਦਰਤੀ ਦੱਸਣਾ ਹੈ । ਅਸੀਂ ਕੁਝ ਚੀਜ਼ਾਂ ਨੂੰ ਬਿਨਾ ਕੁਝ ਸੋਚੇ ਸਮਝੇ ਹੀ ਕੁਦਰਤ ਵਜੋਂ ਮਹਿਸੂਸ ਕਰੀ ਜਾਂਦੇ ਹਾਂ ਜਿਵੇਂ ਪੂੰਜੀਵਾਦ, ਪਿੱਤਰੀ ਪ੍ਰਧਾਨਤਾ, ਮਾਨਵੀ ਉਦਾਰਵਾਦ ਜਦੋਂ ਕਿ ਅਸਲ ਵਿਚ ਇਹ ਸਭਿਆਚਾਰਕ ਹਨ ਭਾਵ ਇਹ ਬਣੇ ਬਣਾਏ ਨਹੀਂ ਮਿਲੇ ਹਨ ਸਗੋਂ ਇਹ ਅਸੀਂ ਬਣਾਏ ਹਨ ।" ਇਸੇ ਦ੍ਰਿਸ਼ਟੀਕੋਣ ਨੇ ਹੀ ਨਾਰੀਆਂ ਨੂੰ ਆਪਣੀ ਸਥਿਤੀ ਬਾਰੇ ਸੋਚਣ ਲਈ ਸ਼ਕਤੀ ਪ੍ਰਦਾਨ ਕੀਤੀ ਕਿ ਸਾਡੀ ਮੌਜੂਦਾ ਸਥਿਤੀ ਬਦਲੀ ਜਾ ਸਕਦੀ ਹੈ। ਇਸੇ ਵਿਚੋਂ ਹੀ ਕ੍ਰਾਂਤੀਕਾਰੀ

ਨਾਰੀਵਾਦ ਦਾ ਜਨਮ ਹੁੰਦਾ ਹੈ। ਇਸ ਪ੍ਰਕਾਰ ਉਤਰ-ਆਧੁਨਿਕਵਾਦ ਸਿਆਸੀ ਹੋ ਜਾਂਦਾ ਹੈ।"[8] ਪੰਜਾਬੀ ਸਾਹਿਤ ਵਿੱਚ ਕਈ ਔਰਤਾਂ ਨੂੰ ਆਪਣੇ ਅਧਿਕਾਰਾਂ ਲਈ ਲੜਾਈ ਕਰਨ ਵਾਲੀ ਤਾਕਤਵਰ ਸ਼ਖਸੀਅਤਾਂ ਦੇ ਤੌਰ 'ਤੇ ਦਰਸਾਇਆ ਗਿਆ ਹੈ। ਉੱਤਰ ਆਧੁਨਿਕ ਵਿਸ਼ਲੇਸ਼ਣ ਵਿੱਚ ਇਹ ਨਵਾਂ ਅਤੇ ਤਾਜਾ ਦ੍ਰਿਸ਼ਟੀਕੋਣ ਦੇ ਰੂਪ ਵਿੱਚ ਉਭਾਰਦਾ ਹੈ। ਅਜਿਹਾ ਸੁਚਿਤ ਕਰਨ ਵਾਲੀ ਨਾਰੀ ਆਪਣੀ ਆਵਾਜ਼ ਨੂੰ ਨਾ ਸਿਰਫ਼ ਆਪਣੇ ਪਰਿਵਾਰ ਜਾਂ ਕੌਮੀ ਮਿਆਰਾਂ ਤੱਕ ਸਗੋਂ ਵਿਸਵ ਪੰਜਾਬੀ ਸਾਹਿਤ ਵਿੱਚ ਔਰਤ ਦੀ ਪਛਾਣ ਅਤੇ ਉਸ ਦੀ ਕਥਾ ਅੱਜ ਆਪਣੇ ਨਵੇਂ ਰੂਪ ਵਿੱਚ ਹੈ। ਉੱਤਰ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 128-141

ਆਧੁਨਿਕਤਾ ਨੇ ਔਰਤ ਨੂੰ ਇੱਕ ਨਵੀਨ ਦਰਸ਼ਨ ਦੇ ਨਾਲ ਪ੍ਰਗਟ ਕੀਤਾ ਹੈ ਜਿਸ ਵਿੱਚ ਉਹ ਆਪਣੇ ਅਧਿਕਾਰਾਂ ਦੀ ਖੋਜ ਕਰਦੀ ਹੈ ਅਤੇ ਉਸ ਦੀ ਕਥਾ ਸਿਰਫ਼ ਰਵਾਇਤੀ ਨਹੀਂ ਰਹਿੰਦੀ ਸਗੋਂ ਉਹ ਆਪਣੀ ਲੜਾਈ ਅਤੇ ਸੰਘਰਸ਼ ਨਾਲ ਇੱਕ ਨਵੀਂ ਪਛਾਣ ਪ੍ਰਦਾਨ ਕਰਦੀ ਹੈ। ਪੰਜਾਬੀ ਸਾਹਿਤ ਨੇ ਆਪਣੀ ਜੜਾਂ ਸਮਾਜਕ ਅਤੇ ਧਾਰਮਿਕ ਸੰਘਰਸ਼ਾਂ ਵਿੱਚ ਲਾਈਆਂ ਹਨ। ਡਾ.ਗੁਰਭਗਤ ਸਿੰਘ ' ਤਾਂ ਸਿੱਖ ਖਾੜਕੂ ਲਹਿਰ ਦੀ ਵਿਆਖਿਆ ਹੀ ਉਤਰ-ਆਧੁਨਿਕ ਪ੍ਰਸੰਗ ਵਿਚ ਕਰਦੇ ਹਨ।''[10]ਸਮਾਜਿਕ ਅਧਿਕਾਰਾਂ ਅਤੇ ਰਾਜਨੀਤਿਕ ਹੱਕਾਂ ਦੀ ਲੜਾਈ ਅਕਸਰ ਪੰਜਾਬੀ ਸਾਹਿਤ ਦੇ ਕੇਂਦਰ ਵਿੱਚ ਰਹੀ ਹੈ। ਡਾ.ਜਸਬੀਰ ਸਿੰਘ ਆਹਲੂਵਾਲੀਆ ਵੀ 'ਸਿੱਖ ਚਿੰਤਨ' ਵਿਚ ਭਾਰਤੀ ਪ੍ਰਸੰਗ ਵਿਚ ਸਿੱਖਾਂ ਦੀ ਹੋਣੀ ਨੂੰ ਵਿਚਾਰਦੇ ਹਨ।'[11] ਉਹ ਭਾਰਤੀ ਦਰਸ਼ਨ ਦੇ ਪ੍ਰਸੰਗ ਵਿਚ ਸਿੱਖ-ਦਰਸ਼ਨ ਦੀ ਵਿਲੱਖਣਤਾ ਨੂੰ ਉਭਾਰ ਕੇ ਪੇਸ਼ ਕਰਦੇ ਹਨ। ਅਪਾਰ ਸੰਘਰਸ਼ਾਂ ਅਤੇ ਜ਼ਿੰਦਗੀ ਦੇ ਵਿਸ਼ੇਸ਼ ਅਨੁਭਵਾਂ ਨੂੰ ਦਰਸਾਉਂਦੇ ਹੋਏ ਪੰਜਾਬੀ ਸਾਹਿਤ ਦੀ ਰਚਨਾ ਨੇ ਨਵੇਂ ਦ੍ਰਿਸ਼ਟੀਕੋਣ ਅਤੇ ਸਮਾਜਿਕ ਕਦਰਾਂ ਨੂੰ ਸਾਹਿਤਕ ਰੂਪ ਵਿੱਚ ਪੇਸ਼ ਕੀਤਾ ਹੈ। ਉੱਤਰ ਆਧੁਨਿਕਤਾ ਨੇ ਇਹ ਚੁਣੌਤੀ ਦਿੱਤੀ ਕਿ ਕਿਸੇ ਵੀ ਰਚਨਾ ਨੂੰ ਸਿਰਫ ਇਕ ਪਰੰਪਰਾਗਤ ਜਾਂ ਸੰਸਕ੍ਰਿਤਿਕ ਨਜ਼ਰੀਏ ਤੋਂ ਨਾ ਦੇਖਿਆ ਜਾਵੇ ਸਗੋਂ ਉਸਨੂੰ ਵਿਭਿੰਨ ਪਾਸਿਆਂ ਨਾਲ ਜੋੜ ਕੇ ਸਮਝਿਆ ਜਾਵੇ। ਇਸ ਨੇ ਪੰਜਾਬੀ ਸਾਹਿਤ ਵਿੱਚ ਇੱਕ ਨਵੀਂ ਚਿੰਨਤਾ ਨੂੰ ਜਨਮ ਦਿੱਤਾ, ਜਿਸ ਵਿੱਚ ਜੁੜੇ ਹੋਏ ਸਮਾਜਿਕ ਸੰਘਰਸ਼, ਪਰਿਵਾਰਕ ਰਿਸ਼ਤੇ ਅਤੇ ਜਨਮ ਦੇ ਅਧਿਕਾਰਾਂ ਦੀ ਪੁਸ਼ਟੀ ਕਰਨ ਵਾਲੀਆਂ ਰਚਨਾਵਾਂ ਨੂੰ ਮੁੱਖ ਰੂਪ ਵਿੱਚ ਪੇਸ਼ ਕੀਤਾ ਗਿਆ।

### ਪੰਜਾਬੀ ਸੰਸਕ੍ਰਿਤੀ ਵਿੱਚ ਵਿਕਾਸ ਅਤੇ ਵਿਖੰਡਨ

ਪੰਜਾਬੀ ਸੰਸਕ੍ਰਿਤੀ ਦਾ ਵਿਕਾਸ ਹਮੇਸ਼ਾ ਇੱਕ ਮੁਸ਼ਕਲ ਰਾਹ ਵਿਚੋਂ ਹੋਇਆ ਹੈ। ਇਤਿਹਾਸਕ ਤੌਰ 'ਤੇ, ਪੰਜਾਬੀ ਲੋਕਾਂ ਨੇ ਆਪਣੀ ਖੁਸ਼ਹਾਲੀ ਅਤੇ ਪ੍ਰਗਤੀ ਲਈ ਨਿਰੰਤਰ ਜੂਝਦੇ ਰਹੇ ਹਨ। ਉੱਤਰ ਆਧੁਨਿਕਤਾ ਦੀ ਵਿਸ਼ਲੇਸ਼ਣ ਨੂੰ ਸਮਝਦੇ ਹੋਏ, ਅਸੀਂ ਇਹ ਪਛਾਣ ਸਕਦੇ ਹਾਂ ਕਿ ਕਿਸ ਤਰ੍ਹਾਂ ਪੰਜਾਬੀ ਸੰਸਕ੍ਰਿਤੀ ਨੇ ਆਪਣੇ ਆਪ ਨੂੰ ਵਿਖੰਡਨ ਅਤੇ ਵਿਕਾਸ ਦੇ ਦੋਨੋ ਪੱਖਾਂ ਵਿੱਚ ਸੰਬੰਧਿਤ ਕੀਤਾ ਹੈ। ਪੰਜਾਬੀ ਸੰਸਕ੍ਰਿਤੀ ਅਕਸਰ ਰਾਜਨੀਤੀ, ਧਾਰਮਿਕ ਵਿਸ਼ਲੇਸ਼ਣ ਅਤੇ ਸਮਾਜਿਕ ਧਾਰਾਵਾਂ ਨਾਲ ਸੰਯੁਕਤ ਰਹੀ ਹੈ। ਪੰਜਾਬੀ ਲੋਕ ਆਪਣੇ ਸੱਭਿਆਚਾਰ, ਰਿਵਾਇਤਾਂ ਅਤੇ ਭਾਸ਼ਾ ਨੂੰ ਸੁਰੱਖਿਅਤ ਰੱਖਣ ਵਿੱਚ ਕਾਫੀ ਹਦ ਤੱਕ ਸਫਲ ਰਹੇ ਹਨ ਪਰ ਇਸ ਉੱਤਰ ਆਧੁਨਿਕ ਯੁੱਗ ਵਿੱਚ ਪੰਜਾਬੀ ਸੰਸਕ੍ਰਿਤੀ ਦੇ ਆਧੁਨਿਕ ਸਿਧਾਂਤਾਂ ਅਤੇ ਪਾਠਾਂ ਦੇ ਨਾਲ ਕੁਝ ਵਿਖੰਡਨ ਆਇਆ ਹੈ। ਡਾ. ਕੁਲਦੀਪ ਸਿੰਘ ਧੀਰ' ਨੇ "ਤੁਲਨਾਤਮਿਕ ਸਾਹਿਤ ਅਤੇ ਉਤਰ ਆਧੁਨਿਕ ਚਿੰਤਨ' ਲੇਖ ਵਿਚ ਤੁਲਨਾਤਮਿਕ ਸਾਹਿਤ ਅਧਿਐਨ ਦੇ ਭਾਰਤੀ ਪ੍ਰਸੰਗ ਦਾ ਉਤਰ ਆਧੁਨਿਕ ਪਰਿਪੇਖ ਉਸਾਰਕੇ ਨਵੀਆਂ ਮੁਲਵਾਨ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ ।''[12]ਇਸ ਵਿਖੰਡਨ ਵਿੱਚ ਭਾਸ਼ਾ ਦੇ ਨਵੇਂ ਰੂਪ, ਧਾਰਮਿਕ ਤੱਤ ਅਤੇ ਸਮਾਜਿਕ ਪਹਿਚਾਣ ਸ਼ਾਮਿਲ ਹੈ। ਉੱਤਰ ਆਧੁਨਿਕਤਾ ਨੇ ਮਿੱਥ ਦੇ ਅਰਥ ਨੂੰ ਵੀ ਨਵੇ ਅਰਥ ਦਿੱਤੇ। ਪੁਰਾਣੀਆਂ ਕਹਾਣੀਆਂ, ਧਾਰਮਿਕ ਮਿੱਥਾ ਅਤੇ ਕਥਾਵਾਂ ਹੁਣ ਨਵੇਂ ਪ੍ਰਸੰਗ ਵਿੱਚ ਇੱਕ ਵੱਖਰੇ ਰੂਪ ਵਿੱਚ ਵਿਅਕਤ ਹੋ ਰਹੀਆਂ ਹਨ। ਉੱਤਰ ਆਧੁਨਿਕ ਨਜ਼ਰੀਏ ਵਿੱਚ ਇਹ ਮਿੱਥ ਸਿਰਫ ਇਕ ਧਾਰਮਿਕ ਸਿਧਾਂਤਾਂ ਦਾ ਸੰਗ੍ਰਹਿਤ ਖ਼ਜ਼ਾਨਾ ਨਹੀਂ ਰਹਿੰਦੇ ਸਗੋਂ ਉਹ ਸਮਾਜਿਕ ਰੇਖਾਵਾਂ ਅਤੇ ਮਨੋਵਿਗਿਆਨਿਕ ਸੰਘਰਸ਼ਾਂ ਦੀ ਪ੍ਰਤੀਕ ਹਨ। ਇਹ ਨਵਾਂ ਰੂਪ ਲੋਕ ਸੱਭਿਆਚਾਰ ਦੇ ਖੇਤਰ ਵਿੱਚ ਵੀ ਦੇਖਿਆ ਜਾ ਸਕਦਾ ਹੈ ਜਿਵੇਂ ਕਿ ਪੰਜਾਬੀ ਮਿਊਜ਼ਿਕ, ਫਿਲਮਾਂ ਅਤੇ ਡਾਂਸਾਂ ਵਿੱਚ। ਇਹਨਾਂ ਵਿੱਚ ਭਾਸ਼ਾ ਅਤੇ ਧਾਰਮਿਕ ਉਲਝਣਾਂ

ਦੇ ਰੂਪ ਵਿੱਚ ਬਦਲਾਅ ਅਤੇ ਪ੍ਰਗਟ ਹੋ ਰਹੇ ਨਵੇਂ ਅਰਥ ਲਿਖੇ ਜਾ ਰਹੇ ਹਨ। ਪੰਜਾਬੀ ਸੰਸਕ੍ਰਿਤੀ ਅਤੇ ਸਾਹਿਤ ਵਿੱਚ ਸੰਸਕਾਰਕਾਂ, ਲਹਿਰਾਂ ਅਤੇ ਭਾਸ਼ਾਈ ਉਲਝਣਾਂ ਨਾਲ ਅਸੀਂ ਸਮਾਜਿਕ ਅਤੇ ਰਾਜਨੀਤਿਕ ਰੂਪਾਂ ਦੀ ਪਛਾਣ ਕਰਦੇ ਹੋਏ ਇਸ ਨਵੇਂ ਸੰਪਰਕ ਨੂੰ ਸਮਝ ਸਕਦੇ ਹਾਂ। ਉਹ ਨਵੇਂ ਸੰਪਰਕ ਜਿਨ੍ਹਾਂ ਵਿੱਚ ਪੰਜਾਬੀ ਭਾਸ਼ਾ ਨੇ ਰਾਜਨੀਤਿਕ ਅਤੇ ਧਾਰਮਿਕ ਮਿਸ਼ਰਣ ਦੇ ਸਹਾਰੇ ਆਪਣੇ ਨਵੇਂ ਅਰਥ ਬਣਾ ਲਏ ਹਨ।

**ਹਵਾਲੇ**


1. Hayden, white. Metahistory, John Hipkins University Press, Baltimore, 1973.
2. Fredric Jameson (Foreword), The Postmodern Condition: A Report on knowledge,
3. Manchester University Press, Manchester, 1989, Page –xxiv
4. Deleuze, Gilles and Felix Guatari, Anti Oedipus, Minnesota University Press,Minneapolis, 1983, Page -27
5. Hayden, white. Metahistory, John Hipkins University Press, Baltimore, 1973
6. Fredric,Jameson. Postmodernism or Cultural Logic of Late Capitalism, Verso,London, 1992.
7. Linda Hutcheon. The Poetics of Post-Modernism, Routledge, London, 1988.page-226
8. Roland Barth, Death of Authur The Rustle of Language, Basil Blackwell 1986.Page 49 to 55.
9. Linda Hutcheon. The Politics of Post-Modernism, Routledge London, 1989(Ist), 1999,p-2
10. ਗੁਰਭਗਤ ਸਿੰਘ, ਕੌਮੀ ਅਜ਼ਾਦੀ ਵੱਲ, ਵਿਚਾਰ ਪ੍ਰਕਾਸ਼ਨ,ਸਕਰੋਦੀ (ਸੰਗਰੂਰ),1993
11. ਜਸਬੀਰ ਸਿੰਘ ਆਹਲੂਵਾਲੀਆ, ਸਿੱਖ ਚਿੰਤਨ, ਲੋਕ-ਗੀਤ ਪ੍ਰਕਾਸ਼ਨ, ਚੰਡੀਗੜ੍ਹ, 1998
12. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ : ਸਿਧਾਂਤ ਅਤੇ ਵਿਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ - 145

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 142-148

# ਉੱਤਰ ਆਧੁਨਿਕ ਸਾਹਿਤ ਅਧਿਐਨ ਦ੍ਰਿਸ਼ਟੀ

**ਸੰਦੀਪ ਕੌਰ**
**ਖੋਜਾਰਥੀ,**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

**ਅਧਿਐਨ ਵਿਧੀ:** ਪੰਜਾਬੀ ਵਿੱਚ ਉੱਤਰ ਆਧੁਨਿਕਤਾ ਸੰਬੰਧੀ ਚਰਚਾ ਦਾ ਇਤਿਹਾਸ ਬਹੁਤਾ ਲੰਬਾ ਨਹੀਂ ਹੈ। ਇਸ ਸੰਕਲਪ ਦੀ ਦਾਰਸ਼ਨਿਕ ਵਿਆਖਿਆ ਤਾਂ ਬਹੁਤ ਹੋਈ ਪਰ ਇਸ ਨੂੰ ਸਾਹਿਤ ਦੀ ਅਧਿਐਨ ਵਿਧੀ ਵਜੋਂ ਸਥਾਪਿਤ ਕਰਨ ਦਾ ਯਤਨ ਬਹੁਤ ਘੱਟ ਹੋਇਆ ਹੈ। ਉੱਤਰ ਆਧੁਨਿਕ ਅਧਿਐਨ ਦ੍ਰਿਸ਼ਟੀ ਬਾਰੇ ਚਰਚਾ ਕਰਨ ਤੋਂ ਪਹਿਲਾਂ ਸਾਹਿਤ ਅਧਿਐਨ ਵਿਧੀਆਂ ਬਾਰੇ ਜਾਣ- ਪਛਾਣ ਕਰ ਲੈਣੀ ਜ਼ਰੂਰੀ ਹੈ। ਸਾਹਿਤ ਦੀਆਂ ਅਧਿਐਨ ਵਿਧੀਆਂ ਵਿੱਚ ਮੁੱਖ ਰੂਪ ਵਿੱਚ ਮਾਰਕਸਵਾਦੀ, ਰੂਪਵਾਦੀ, ਸੰਰਚਨਾਵਾਦੀ, ਚਿਹਨ ਵਿਗਿਆਨ, ਸ਼ੈਲੀ ਵਿਗਿਆਨ ਅਧਿਐਨ ਆਦਿ ਵਿਧੀਆਂ ਬਹੁਤ ਪ੍ਰਸਿੱਧ ਹੋਈਆਂ ਹਨ ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਸਾਹਿਤ ਸੰਬੰਧੀ ਨਿਯਮ ਨਿਧਾਰਨ ਕਰਨ ਵਾਲੀਆਂ ਅਧਿਐਨ ਵਿਧੀਆਂ ਆਧੁਨਿਕਤਾ ਦੇ ਦਾਇਰੇ ਵਿੱਚ ਆਉਂਦੀਆਂ ਹਨ।

**ਕੁੰਜੀਗਤ ਸ਼ਬਦ :** ਪੋਸਟ ਮਾੱਡਨਿਟੀ, ਅੰਤਰਮੁਖਤਾ, ਭਾਸ਼ਾ ਖੇਡ, ਇਤਿਹਾਸ ਦਾ ਅੰਤ, ਸਿਮੂਲੈਕਰ, ਡਿਫਰੈਂਡ, ਪਾਠਾਤਮਕਤਾ,ਚਿਹਨ,ਸਿਮੂਲੇਸ਼ਨ ।

ਅਜੋਕੀ ਵਿਧੀਆਂ ਦਾ ਸਾਹਿਤ ਦੀ ਸਹਿਜਤਾ ਨਾਲ ਸੰਬੰਧ ਇੱਕਮੁਖਤਾ ਤੇ ਓਪਰਾ ਰਿਹਾ ਹੈ। ਇਹਨਾਂ ਅਧਿਐਨ ਵਿਧੀਆਂ ਦੀ ਸਾਹਿਤ ਸਮੀਖਿਆ ਵਿੱਚ ਨੈਤਿਕ, ਰਾਜਨੀਤਿਕ, ਸੁਹਜਤਮਕ ਤੇ ਇੱਕਮੁਖੀ ਰੁਝਾਨਾਂ ਦੀ ਬਹੁਲਤਾ ਨੇ ਇਸ ਨੂੰ ਸੀਮਤ ਸੰਸਥਾਗਤ ਦਾਇਰਿਆਂ ਤੱਕ ਘਟਾਈ ਰੱਖਿਆ ਹੈ,ਭਾਵੇਂ ਇਹ ਅਧਿਐਨ ਵਿਧੀਆਂ ਸਾਹਿਤ ਦੇ ਅੰਤਿਮ ਸੱਚ ਤੱਕ ਅੱਪੜਨ ਦਾ ਦਾਅਵਾ ਵੀ ਕਰਦੀਆਂ ਰਹੀਆਂ ਹਨ ਪਰ ਇਹਨਾਂ ਅਧਿਐਨ ਵਿਧੀਆਂ ਦਾ ਖੇਤਰ ਸੀਮਤ ਹੀ ਰਿਹਾ ਹੈ। ਆਧੁਨਿਕ ਅਧਿਐਨ ਵਿਧੀਆਂ ਸਾਹਿਤ ਨਾਲ ਪੂਰਨ ਭਾਂਤ ਸਾਂਝ ਪਾਉਣ ਤੋਂ ਖੁੰਝ ਗਈਆਂ ਹਨ। ਇਹ ਸਰਵ ਵਿਆਪਕ ਨਹੀਂ ਹਨ। ਹਰੇਕ ਅਧਿਐਨ ਵਿਧੀ ਚਾਹੇ ਉਹ ਰੂਪਵਾਦੀ ਹੋਵੇ ਜਾਂ ਮਾਰਕਸਵਾਦੀ, ਆਪਣੀ ਖੰਡਿਤ ਦ੍ਰਿਸ਼ਟੀ ਵਿੱਚੋਂ ਸਾਹਿਤ ਨੂੰ ਦੇਖਦੀ- ਪਰਖਦੀ ਰਹੀ ਹੈ । ਅਸਲ ਵਿੱਚ ਇਹਨਾਂ ਅਧਿਐਨ ਵਿਧੀਆਂ ਕੋਲ ਆਪੋ - ਆਪਣੀ ਨਿਸ਼ਚਤਾਵਾਦੀ ਸਿਧਾਂਤਕ ਵਿਧੀ ਹੈ, ਜਿਸ ਵਿੱਚੋਂ ਇਹ ਸਾਹਿਤ ਦੀ ਸਰਵ ਵਿਆਪਕ ਹੋਂਦ ਨੂੰ ਲੰਘਾਉਂਦੀਆਂ ਹਨ । ਵਿਰੋਧਾਭਾਸ਼ੀ ਗੱਲ ਇਹ ਹੈ ਕਿ ਸਾਹਿਤ ਆਪਣੀ ਪ੍ਰਕਿਰਤੀ ਵਿੱਚ ਸਰਬਾਂਗੀ ਪਹੁੰਚ ਵਾਲਾ ਵਰਤਾਰਾ ਹੈ ਪਰ ਇਸ ਦਾ ਅਧਿਐਨ ਕਰਨ ਵਾਲੀਆਂ ਵਿਧੀਆਂ ਆਂਗਿਕ ਪਹੁੰਚ ਰੱਖ ਰਹੀਆਂ ਹਨ। ਕਿਸੇ ਇੱਕ ਮਨਪਸੰਦ ਸੰਕਲਪ ਦੀ ਚੋਣ ਕਰਕੇ ਸਾਹਿਤ ਅਧਿਐਨ ਕਰਨ ਵਾਲੀ ਇਕਹਿਰੀ ਤੇ ਖੰਡਿਤ ਸਮੀਖਿਆ ਦੀਆਂ ਜੜ੍ਹਾਂ ਲਗਭਗ ਸਾਰੀਆਂ ਆਧੁਨਿਕ ਸਮੀਖਿਆ ਪ੍ਰਣਾਲੀਆਂ ਦੇ ਧੁਰ ਅਵਚੇਤਨ ਵਿੱਚ ਜੜ੍ਹ ਰੂਪ ਵਿੱਚ ਸਮਾਈਆਂ ਹੋਈਆਂ ਹਨ । ਇਸੇ ਤਰ੍ਹਾਂ ਇਹਨਾਂ ਅਧਿਐਨ ਵਿਧੀਆਂ ਦੀ ਇੱਕ ਹੋਰ ਸੀਮਾ ਇਹ ਹੈ ਕਿ ਇਹ ਕਦੇ ਤਾਂ ਸਾਹਿਤ ਨੂੰ ਇਤਿਹਾਸ, ਰਾਜਨੀਤੀ, ਨਾਰੀਵਾਦ, ਸੱਭਿਆਚਾਰਕ ਸੱਤਾ ਵਿੱਚੋਂ ਘੜੇ ਜਾਣ ਦੇ ਰੂਪ ਵਿੱਚ ਦੇਖਦੀਆਂ ਹਨ ਤੇ ਕਦੇ ਇਹ ਸਾਹਿਤ ਨੂੰ ਇਹਨਾਂ

Volume: 11, March 2025 ISSN: 2394-0980
PP: 142-148

ਅਨੁਸ਼ਾਸਨਾਂ ਦੀ ਮੋੜਵੀਂ ਆਦਰਸ਼ਕ ਘਾੜਤ ਕਰਨ ਵਾਲੇ ਸਾਧਨਾਂ ਦੇ ਰੂਪ ਵਿੱਚ ਦੇਖਦੀਆਂ ਹਨ । ਇਹ ਅਧਿਐਨ ਵਿਧੀਆਂ ਇੱਕ ਸੰਸਥਾ ਵਾਂਗ ਕੰਮ ਕਰਦੀਆਂ ਸਾਹਿਤ ਨੂੰ ਆਪਣੇ ਮੇਚ ਜਾਂ ਨਿਯਮ ਵਿੱਚ ਬੱਝ ਲੈਂਦੀਆਂ ਹਨ, ਜਿਸ ਕਾਰਨ ਸਾਹਿਤ ਦੇ ਮੂਲ ਗੁਣ ਜਾਂ ਮੰਤਵ ਕਈ ਵਾਰ ਅਧਿਐਨ ਵਿਧੀਆ ਦੁਆਰਾ ਹੀ ਖਾਰਜ ਹੋ ਜਾਂਦੇ ਹਨ ਅਤੇ ਆਧੁਨਿਕ ਅਧਿਐਨ ਵਿਧੀਆਂ ਦੀ ਲਾਗੂ ਕਰਨ ਦੀ ਪ੍ਰਵਿਰਤੀ ਦੇ ਰੂਪ ਵਿੱਚ ਸਾਹਿਤ ਦੀ ਅਖੰਡਤਾ ਦੇ ਸਨਮੁੱਖ ਸਦਾ ਊਣੀਆਂ ਰਹਿੰਦੀਆਂ ਹਨ। ਇਹ ਸਾਹਿਤ ਕਿਰਤਾਂ ਨੂੰ ਆਪਣੇ ਅਨੁਸਾਰੀ ਬਣਾ ਕੇ ਇੱਕ ਸੀਮਤ ਦਾਇਰੇ ਵਿੱਚ ਬੰਦ ਕਰ ਲੈਂਦੀਆਂ ਹਨ ਅਤੇ ਸਾਹਿਤ ਨੂੰ ਆਪਣੇ ਅਨੁਸਾਰੀ ਬਣਾਉਂਦੀਆਂ ਹਨ ।

ਉੱਤਰ ਆਧੁਨਿਕ ਅਧਿਐਨ ਦ੍ਰਿਸ਼ਟੀ ਨੂੰ ਆਧੁਨਿਕ ਅਧਿਐਨ ਵਿਧੀਆਂ ਵਾਂਗ ਅਧਿਐਨ ਵਿਧੀ ਕਹਿਣਾ ਵੀ ਕਠਿਨ ਹੈ ਕਿਉਂਕਿ ਇਹ ਸਾਹਿਤ ਸੰਬੰਧੀ ਨਿਸ਼ਚਿਤਵਾਦੀ ਸਥਾਪਨਾਵਾਂ ਕਰਨ ਤੋਂ ਗੁਰੇਜ ਕਰਦੀ ਹੈ। ਵਿਧੀ ਜਾਂ ਸਿਧਾਂਤ ਨਾਲ ਇਸ ਦਾ ਖੜ੍ਹੇ ਦਾਅ ਦਾ ਵਿਰੋਧ ਵੀ ਹੈ । ਇਸ ਵਿੱਚ ਸਾਹਿਤ ਦੀ ਸਮਝ ਲਈ ਇੱਕ ਵਿਲੱਖਣ ਦ੍ਰਿਸ਼ਟੀ ਅਪਣਾਏ ਜਾਣ ਦੀ ਸੂਝ ਪ੍ਰਾਪਤ ਹੁੰਦੀ ਹੈ। ਇਸ ਲਈ ਉੱਤਰ ਆਧੁਨਿਕਤਾ ਨੂੰ ਅਧਿਐਨ ਵਿਧੀ ਦੀ ਅਧਿਐਨ ਦ੍ਰਿਸ਼ਟੀ ਕਹਿਣਾ ਵਧੇਰੇ ਯੋਗ ਪ੍ਰਤੀਤ ਹੁੰਦਾ ਹੈ। ਸਾਹਿਤ ਦੀ ਉੱਤਰ ਆਧੁਨਿਕ ਅਧਿਐਨ ਦ੍ਰਿਸ਼ਟੀ ਨੂੰ ਪਰਿਭਾਸ਼ਤ ਕਰਨਾ ਬਹੁਤ ਕਠਿਨ ਕਾਰਜ ਹੈ। ਇਹ ਕੇਵਲ ਇਸ ਦੇ ਬੁਨਿਆਦੀ ਸੰਕਲਪਾਂ ਜਾਂ ਮੁੱਦਿਆਂ ਦੀ ਵਿਆਖਿਆ ਕਰ ਸਕਦੀ ਹੈ । ਅਸਲ ਵਿੱਚ ਇਹ, ਉਹ ਬੁਨਿਆਦੀ ਸੰਕਲਪ ਹੈ ਜਿਸ ਕਰਕੇ ਉੱਤਰ ਆਧੁਨਿਕ ਅਧਿਐਨ ਵਿਧੀ ਦੀ ਨਿਖੜਵੀਂ ਪਛਾਣ ਸਥਾਪਿਤ ਹੁੰਦੀ ਹੈ। ਸਾਹਿਤ ਦੀ ਉੱਤਰ ਆਧੁਨਿਕ ਅਧਿਐਨ ਵਿਧੀ ਆਪਣੇ ਸੰਕਲਪ, ਦ੍ਰਿਸ਼ਟੀ, ਉੱਤਰ ਆਧੁਨਿਕਤਾ ਦੇ ਦਾਰਸ਼ਨਿਕ ਸੰਕਲਪ ਤੋਂ ਗ੍ਰਹਿਣ ਕਰਦੀ ਹੈ। ਇਸ ਦੇ ਕੁਝ ਪ੍ਰਮੁੱਖ ਚਿੰਤਕਾਂ ਨੇ ਉੱਤਰ ਆਧੁਨਿਕਤਾ ਦੇ ਦਾਰਸ਼ਨਿਕ ਸੰਕਲਪਾਂ ਤੋਂ ਸੇਧ ਲੈ ਕੇ ਸਾਹਿਤ ਦੇ ਅਧਿਐਨ ਵਿਧੀ ਦੇ ਰੂਪ ਵਿੱਚ ਇਸ ਦੀਆਂ ਨਿਖੜਵੀਆਂ ਪਹੁੰਚ ਦ੍ਰਿਸ਼ਟੀਆਂ ਵੱਲ ਇਸ਼ਾਰਾ ਕੀਤਾ ਹੈ। ਇਹ ਭਾਵੇਂ ਚਿੰਤਕ ਆਪਣੇ ਇਸ ਚਿੰਤਨ ਕਾਰਜ ਨੂੰ ਉੱਤਰ ਆਧੁਨਿਕ ਅਧਿਐਨ ਵਿਧੀ ਦਾ ਨਾਂ ਨਹੀਂ ਦਿੰਦੇ ਪਰ ਇਹਨਾਂ ਦੁਆਰਾ ਦਿੱਤੇ ਸੰਕਲਪਾਂ ਵਿੱਚੋਂ ਖੋਜ ਰੂਪ ਵਿੱਚ ਉੱਤਰ ਆਧੁਨਿਕਤਾ ਦ੍ਰਿਸ਼ਟੀ ਦੀ ਧੁਨੀ ਹੁੰਦੀ ਹੈ। ਭਾਵੇਂ ਕੁਝ ਸਮਾਂ ਇਸ ਨੂੰ ਆਧੁਨਿਕਤਾ ਦੇ ਉੱਤਰ ਜਾਂ ਵਿਰੋਧੀ ਰੂਪ ਵਜੋਂ ਹੀ ਦੇਖਿਆ ਜਾਦਾਂ ਰਿਹਾ ਹੈ।

ਉੱਤਰ ਆਧੁਨਿਕਤਾ 20ਵੀਂ ਸਦੀ ਦੀ ਉਹ ਮੂਲਧਾਰਾ ਹੈ ਜੋ ਪੂਰਨ ਰੂਪ ਵਿੱਚ ਆਧੁਨਿਕ ਯੂਰਪੀਅਨ ਦਰਸ਼ਨ ਦੇ ਪ੍ਰਤਿ ਇੱਕ ਤਿੱਖੀ ਪ੍ਰਤੀਕਿਰਿਆ ਦੇ ਰੂਪ ਵਿੱਚ ਸਾਹਮਣੇ ਆਈ ਹੈ। ਇਸ ਕਾਰਨ ਇਸ ਨੂੰ ਵਿਚਾਰ ਜਾਂ ਦਰਸ਼ਨ ਦੀ ਬਜਾਏ ਇੱਕ ਪ੍ਰਵਿਰਤੀ ਦਾ ਨਾਮ ਦਿੱਤਾ ਜਾਂਦਾ ਰਿਹਾ ਹੈ। ਉੱਤਰ ਆਧੁਨਿਕ ਵਿੱਚ ਉੱਤਰ ਆਧੁਨਿਕਤਾ ਸ਼ਬਦ ਅੰਗਰੇਜ਼ੀ ਦੇ ਸੰਕੇਤਕ ਪਦ ਪੋਸਟ ਮਾੱਡਨਿਟੀ (Post Modernity) ਦਾ ਸਮਨਾਰਥੀ ਸ਼ਬਦ ਹੈ। ਇਸ ਦੀ ਚਰਚਾ ਸਭ ਤੋਂ ਪਹਿਲੀ ਵਾਰ Arnold Toynbee ਨੇ ਆਪਣੀ ਪੁਸਤਕ A Study of history ਵਿੱਚ 1918 ਤੋਂ ਲੈ ਕੇ 1939 ਤੱਕ ਦੇ ਵਿਚਕਾਰਲੇ ਸਮੇਂ ਕੀਤੀ ਸੀ। ਇਸ ਤੋਂ ਉਪਰੰਤ ਫਰਾਂਸੀਸੀ ਦਾਰਸ਼ਨਿਕ ਲਿਓਤਾਰਦ ਨੇ 1989 ਵਿੱਚ ਸਭ ਤੋਂ ਪਹਿਲਾ ਉੱਤਰ ਆਧੁਨਿਕ ਸ਼ਬਦ ਦਾ ਪ੍ਰਯੋਗ ਕੀਤਾ ਅਤੇ ਇਸ ਨੂੰ ਇੱਕ ਸਥਿਤੀ ਦੇ ਰੂਪ ਵਿੱਚ ਸਥਿਰ ਕਰਨ ਦਾ ਯਤਨ ਕੀਤਾ। ਇਸ ਤੋਂ ਇਲਾਵਾ ਅਮਰੀਕੀ ਨਾਵਲਕਾਰ ਜਾੱਨ ਬਾਰਥ ਨੇ ਵੀ 1967 ਵਿੱਚ ਉੱਤਰ ਆਧੁਨਿਕ ਵਿਸ਼ਲੇਸ਼ਣ ਦਾ ਪ੍ਰਯੋਗ The Literature of exhaustion ਨਾਮਕ ਲੇਖ ਵਿੱਚ ਵੀ ਬੜੇ ਸਾਰਥਕ ਢੰਗ ਨਾਲ ਕੀਤਾ। ਉੱਤਰ ਆਧੁਨਿਕਤਾ ਦੀ

ਖੋਜ ਪੰਧ (Khoj Pandh) Peer Reviewed Refereed & UGC Care Listed Journal
Volume: 11, March 2025 ISSN: 2394-0980
PP: 142-148

ਮੂਲ ਚੇਤਨਾ ਆਧੁਨਿਕ ਹੀ ਹੈ ਕਿਉਂਕਿ ਇਸ ਦਾ ਵਿਕਾਸ ਅਤੇ ਤਰੱਕੀ ਦਾ ਆਧਾਰ ਉਹੀ ਉਦਯੋਗ ਹੈ ਜੋ ਆਧੁਨਿਕਤਾ ਦਾ ਆਧਾਰ ਹੈ ।ਡਾਕਟਰ ਰਜਿੰਦਰ ਪਾਲ ਸਿੰਘ ਅਨਾਰਡ ਟੋਇਨਬੀ ਦੇ ਹਵਾਲੇ ਨਾਲ ਲਿਖਦੇ ਹਨ :

ਆਧੁਨਿਕਤਾ ਦੇ ਬਾਅਦ ਉੱਤਰ ਆਧੁਨਿਕਤਾ ਉਦੋਂ ਸ਼ੁਰੂ ਹੋਈ,ਜਦੋਂ ਲੋਕ ਕਈ ਅਰਥਾਂ ਵਿੱਚ ਆਪਣੇ ਜੀਵਨ ਵਿਚਾਰ ਅਤੇ ਭਾਵਨਾਵਾਂ ਵਿੱਚ ਤਾਰਕਿਕਤਾ ਅਤੇ ਆਪਸੀ ਸਹਿਮਤੀ ਆਦਿ ਪੱਖਾਂ ਨੂੰ ਤਿਆਗ ਕੇ ਅਤਾਰਕਿਕ ਅਤੇ ਅਸਹਿਮਤੀਆਂ ਆਦਿ ਨੂੰ ਅਪਣਾ ਲੈਂਦੇ ਹਨ। ਇਸ ਦੀ ਚੇਤਨਾ ਅਸਿੱਤਤਵ ਅਤੇ ਉਸ ਦੇ ਨਤੀਜਿਆਂ ਨੂੰ ਭੁਲਾ ਦੇਣ ਦੀ ਸੁਚੇਤ ਪੱਧਰ ਤੇ ਕਾਰਜਸ਼ੀਲ ਨਜ਼ਰ ਆਉਂਦੀ ਹੈ ।[1]

ਉੱਤਰ ਆਧੁਨਿਕਤਾ ਸਾਡੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਦਾ ਵਰਣਨ ਕਰਦੀ ਹੈ। ਉਦਾਹਰਣ ਵਜੋਂ ਪੱਛਮੀ ਸੰਸਾਰ ਵਿੱਚ ਉੱਤਰ ਉਦਯੋਗਵਾਦ ਦੇ ਵਿਸਥਾਰ ਕਾਰਨ ਅਸੀਂ ਆਰਥਿਕਤਾ ਵਿੱਚ ਜਿਉ ਰਹੇ ਹਾਂ । ਆਪਣੀਆਂ ਸੰਸਾਰਕ ਲੋੜਾਂ ਜਿਵੇਂ ਕਿ ਵਸਤੂ ਖਰੀਦਣ ਵਾਸਤੇ ਕੰਪਿਊਟਰ ,ਈਮੇਲ ,ਫੈਕਸ, ਵੀਡੀਓ ਲਿੰਕ ਅਤੇ ਇੰਟਰਨੈਟ ਦਾ ਪ੍ਰਯੋਗ ਕਰ ਰਹੇ ਹਾਂ। ਇੱਥੇ ਹੀ ਬਸ ਨਹੀਂ, ਸੰਗੀਤ ਸੁਣਨ ਵਾਸਤੇ ਵਿਸ਼ੇਸ਼ ਚੈਨਲਾਂ ਦੀ ਵਰਤੋਂ ਕਰ ਰਹੇ ਹਾਂ। ਇਹਨਾਂ ਸਭ ਦਾ ਪੋਸਟ ਮਾਡਰਨਿਟੀ ਨਾਲ ਸੰਬੰਧ ਹੈ ।ਉੱਤਰ ਆਧੁਨਿਕਤਾ ਦਾ ਵਧੇਰੇ ਰਿਸ਼ਤਾ ਉਹਨਾਂ ਲੋਕਾਂ ਦੇ ਨਾਲ ਜਿਹੜੇ ਕਲਾ ਪ੍ਰਤਿ ਜੂਝਦੇ ਹਨ ,ਕਲਾਂ ਨੂੰ ਆਪਣੇ ਸਵੈ ਪ੍ਰਗਟਾਵੇ ਦਾ ਸਾਧਨ ਮੰਨ ਕੇ ਚਲਦੇ ਹਨ। ਸਾਹਿਤ ਕਿਰਤਾਂ ਨੂੰ ਨੈਤਿਕ ਜਾਂ ਯਥਾਰਥਵਾਦੀ ਪੇਸ਼ਕਾਰੀ ਨਾਲੋਂ ਭਾਸ਼ਾ ਦੀ ਖੇਡ ਮੰਨਦੇ ਹਨ। ਉੱਤਰ ਆਧੁਨਿਕਤਾ ਸਿਧਾਂਤ ਨੂੰ ਮਾਰਕਸਵਾਦੀਆਂ ਨੇ ਇੱਕ ਅਖੌਤੀ ਸਿਧਾਂਤ ਕਿਹਾ ਹੈ ਜਿਸ ਦਾ ਸਬੰਧ ਪ੍ਰਮੁੱਖ ਤੌਰ ਤੇ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੀ ਜੀਵਨ ਪ੍ਰਣਾਲੀ ਨਾਲ ਜੁੜਿਆ ਹੋਇਆ ਹੈ। ਇਸ ਦਾ ਉਦੇਸ਼ ਆਧੁਨਿਕ ਸਮਾਜ ਦੇ ਤੱਥਾਂ ਅਤੇ ਸਿਧਾਂਤਾਂ ਦਾ ਖੰਡਨ ਕਰਨਾ ਹੈ। ਸਾਹਿਤ ਦੀ ਉੱਤਰ ਆਧੁਨਿਕ ਅਧਿਐਨ ਦ੍ਰਿਸ਼ਟੀ ਦੀ ਸਾਹਿਤ ਪ੍ਰਤਿ ਪਹੁੰਚ ਦੀ ਸਭ ਤੋਂ ਨਿਖੜਵੀਂ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਹਿਤ ਨੂੰ ਪਰਿਭਾਸ਼ਤ ਕਰਨ ਵਿੱਚ ਆਪਣੀ ਅਸਮਰੱਥਾ ਪ੍ਰਗਟ ਕਰਦੀ ਹੈ। ਆਪਣੀ ਇਸੇ ਅਸਮਰੱਥਾ ਕਰਕੇ ਇਹ ਮਾਰਕਸਵਾਦ, ਰੂਪਵਾਦ, ਸੰਰਚਨਾਵਾਦ, ਸ਼ੈਲੀ ਵਿਗਿਆਨ ਆਦਿ ਤੋਂ ਵਿਲੱਖਣ ਹੈ ਕਿਉਂਕਿ ਇਹ ਅਧਿਐਨ ਵਿਧੀਆਂ ਆਪੋ -ਆਪਣੇ ਢੰਗ ਅਨੁਸਾਰ ਸਾਹਿਤ ਸਬੰਧੀ ਨੇਮ ਨਿਰਧਾਰਤ ਕਰਦੀਆਂ ਆ ਰਹੀਆਂ ਹਨ । ਇਹਨਾਂ ਵਿਧੀਆਂ ਦਾ ਇਹ ਨੇਮ ਵਿਧਾਨ ਸਾਹਿਤ ਨੂੰ ਪਰਿਭਾਸ਼ਤ ਕਰਨ ਦੇ ਰਾਹ ਉੱਤੇ ਤੁਰਨ ਲੱਗਦਾ ਹੈ। ਇਸੇ ਲਈ ਸਾਹਿਤ ਦੇ ਕਿਸੇ ਵੀ ਪ੍ਰਕਾਰ ਦੇ ਨੇਮ ਵਿਧਾਨ ਤੋਂ ਇਨਕਾਰ ਉੱਤਰ ਆਧੁਨਿਕ ਦ੍ਰਿਸ਼ਟੀ ਦੀ ਵਿਲੱਖਣ ਪ੍ਰਾਪਤੀ ਬਣਦਾ ਹੈ। ਸਾਹਿਤ ਦੇ ਕਿਸੇ ਵੀ ਕੇਂਦਰੀ ਤੱਤ ਵਾਲੀ ਪ੍ਰਕਿਰਤੀ ਨੂੰ ਇਹ ਅਧਿਐਨ ਦ੍ਰਿਸ਼ਟੀ ਰੱਦ ਕਰਦੀ ਹੈ। ਇਹ ਸਿਧਾਂਤ ਸਾਹਿਤ ਨੂੰ ਇਸ ਦੀ ਸਥਾਪਿਤ ਅਤੇ ਸਥਿਰ ਹੋਂਦ ਵਿੱਚ ਦੇਖਣ ਦੀ ਬਜਾਏ ਇਸ ਨੂੰ ਗਤੀਸ਼ੀਲ ਤੇ ਵਿਸਥਾਪਿਤ ਰੂਪ ਵਿੱਚ ਦੇਖਦੀ ਹੈ। ਇਸ ਅਧਿਐਨ ਦ੍ਰਿਸ਼ਟੀ ਅਨੁਸਾਰ ਸਾਹਿਤ ਕੇਵਲ ਪਾਠਾਤਮਕ ਤੈਹਾਂ ਦੀ ਖੇਡ ਹੈ ਜੋ ਇਸ ਵਿੱਚ ਨਿਰੰਤਰ ਕਾਰਜਸ਼ੀਲ ਰਹਿੰਦੀ ਹੈ।

ਇਤਿਹਾਸ ਦਾ ਖ਼ਾਤਮਾ ਜਾਂ ਇਤਿਹਾਸ ਦੀ ਮੌਤ ਦਾ ਉੱਤਰ ਆਧੁਨਿਕ ਸੰਕਲਪ ਵੀ ਸਾਹਿਤ ਅਧਿਐਨ ਲਈ ਨਵੀਂ ਅੰਤਰ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਇਤਿਹਾਸ ਦੀ ਮੌਤ ਤੋਂ ਭਾਵ ਇਤਿਹਾਸ ਦੀ ਪਰਮ ਬਿਰਤਾਂਤ ਦੇ ਰੂਪ ਵਿੱਚ ਬਣੇ ਚਿਹਨ ਦੇ ਅਰਥਾਂ ਵਿੱਚ ਮੌਤ ਤੋਂ ਹੈ। ਇਸ ਅਨੁਸਾਰ ਸੱਚ ਉਹ ਹੈ ਜੋ ਜਿਉਂ ਦਾ ਤਿਉਂ ਪੇਸ਼ ਹੋਵੇ ਪਰ ਇਤਿਹਾਸ ਇਸ ਸੱਚ ਨੂੰ ਮੱਧਮ ਕਰ ਦਿੰਦਾ ਹੈ ਜਾਂ ਖ਼ਤਮ ਕਰ ਦਿੰਦਾ ਹੈ। ਇਸੇ ਕਰਕੇ ਇਤਿਹਾਸ ਵਿੱਚ ਪਾਠ ਦੀਆਂ ਸੰਭਾਵਨਾਵਾਂ ਨਹੀਂ।

ਇਤਿਹਾਸ ਆਪਣੇ ਆਪ ਵਿੱਚ ਟੈਕਸਟ ਨਹੀਂ ਹੈ । ਇਤਿਹਾਸ ਦੀਆਂ ਆਤਮਪਰਕਤਾ ਤੇ ਨਿਰਪੇਖਤਾ ਨੂੰ ਪੁਨਰ ਸਿਰਜ ਕੇ ਇਸ ਨੂੰ ਸਾਹਿਤ ਦੀ ਗਤੀਸ਼ੀਲਤਾ ਦੀ ਪ੍ਰਕਿਰਿਆ ਵਿੱਚ ਪਾਇਆ ਜਾਂਦਾ ਹੈ। ਹਿਊਚਨ ਲਿੰਡਾ ਦੀ ਦ੍ਰਿਸ਼ਟੀ ਠੀਕ ਜਾਪਦੀ ਹੈ ਕਿ ਇਤਿਹਾਸ ਜਾਂ ਇਤਿਹਾਸਕ ਲਿਖਤਾਂ ਨੂੰ ਚੁਣੌਤੀ ਦੇਣਾ ਅਇਤਿਹਾਸਕ ਹੋਣਾ ਨਹੀਂ ਹੈ।[2] ਅੱਜ ਸਾਡੇ ਸਾਹਮਣੇ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਮਨੁੱਖ ਇਤਿਹਾਸ ਨੂੰ ਕਿਵੇਂ ਜਾਣ ਸਕਦਾ ਹੈ। ਹਿਊਚਨ ਲਿੰਡਾ ਅਨੁਸਾਰ, ਉੱਤਰ ਆਧੁਨਿਕਵਾਦੀ ਜਦੋਂ ਇਤਿਹਾਸ ਦੀ ਮਾਨਵਵਾਦੀ ਧਾਰਨਾ ਨੂੰ ਚੈਲਿੰਜ ਕਰਦੇ ਹਨ ਤਾਂ ਉਹਨਾਂ ਦਾ ਮੰਤਵ ਇਸ ਦੇ ਅੰਦਰ ਛੁਪੀ ਅੰਤਰਮੁਖਤਾ ਦੀ ਧਾਰਨਾ ਨੂੰ ਚੁਣੌਤੀ ਦੇਣਾ ਹੁੰਦਾ ਹੈ।[3] ਇਸ ਪ੍ਰਕਾਰ ਉੱਤਰ ਆਧੁਨਿਕ ਚਿੰਤਨ ਵਿੱਚ ਇਤਿਹਾਸ ਅਤੇ ਇਤਿਹਾਸਕਾਰੀ ਬਾਰੇ ਪੁਨਰ ਚਿੰਤਨ ਆਰੰਭ ਹੋਇਆ ਹੈ। ਸਾਹਿਤ ਦੀ ਮੌਤ ਦਾ ਦੂਸਰਾ ਸੰਦਰਭ ਵੀ ਉੱਤਰ ਆਧੁਨਿਕ ਸਥਿਤੀ ਨਾਲ ਜੁੜਿਆ ਹੋਇਆ ਹੈ । ਤਕਨੀਕ ਵਿੱਚ ਤਰੱਕੀ ਕਾਰਨ ਸੂਚਨਾ ਜਗਤ ਨੇ ਸੰਭਾਵਨਾਵਾਂ ਦੇ ਇੱਕ ਵਿਸ਼ਾਲ ਸੰਸਾਰ ਨੂੰ ਪੇਸ਼ ਕੀਤਾ। ਬਿਜਲਈ ਮੀਡੀਆ ਨੇ ਪ੍ਰਿੰਟ ਮੀਡੀਆ ਨੂੰ ਪਿੱਛੇ ਛੱਡ ਦਿੱਤਾ ਹੈ। ਬਿਜਲਈ ਮੀਡੀਆ ਨੇ ਮਨ ਪਰਚਾਵੇ ਦੇ ਮਹੱਤਵ ਨੂੰ ਇੰਨਾ ਜਿਆਦਾ ਵਧਾ ਦਿੱਤਾ ਹੈ ਕਿ ਸੰਪੂਰਨ ਸੱਭਿਆਚਾਰਕ ਕਿਰਿਆਵਾਂ ਤੇ ਵਪਾਰ ਆਦਿ ਸਭ ਕੁਝ ਮਨ ਪਰਚਾਵੇ ਦੇ ਹਿਸਾਬ ਵਿੱਚ ਬਦਲਣ ਲੱਗ ਪਿਆ ਹੈ। ਜਿਸ ਨਾਲ ਸਾਹਿਤ ਦਾ ਪੁਰਾਣਾ ਸਰੂਪ ਖ਼ਤਮ ਹੋ ਗਿਆ ਹੈ। ਇਸ ਨਾਲ ਇੱਕ ਅਜਿਹਾ ਸਾਹਿਤ ਹੋਂਦ ਵਿੱਚ ਆ ਰਿਹਾ ਹੈ ਜਿਸ ਦਾ ਆਨੰਦ ਇੱਕ ਸੀਮਤ ਸਮੇਂ ਤੱਕ ਹੀ ਰਹਿੰਦਾ ਹੈ। ਦੂਸਰੇ ਪਾਸੇ ਸਾਹਿਤਕਾਰ ਦਾ ਭਵਿੱਖ ਤਾਂ ਸਾਹਿਤ ਸਿਰਜਣ ਵਿੱਚ ਜ਼ਰੂਰੀ ਤੌਰ ’ਤੇ ਜੁੜਿਆ ਹੁੰਦਾ ਹੈ ,ਜਦੋਂ ਅਮਰ ਸਾਹਿਤ ਹੀ ਖ਼ਤਮ ਹੋ ਗਿਆ ਤਾਂ ਸਾਹਿਤਕਾਰ ਕਿਸ ਤਰੀਕੇ ਨਾਲ ਜ਼ਿੰਦਾ ਨਹੀਂ ਰਹਿ ਸਕਦਾ ਹੈ। ਗੁਰਭਗਤ ਸਿੰਘ ਅਨੁਸਾਰ : ਵਰਤਮਾਨ ਸਮਾਂ ਪਾਠਕ ਦਾ ਹੈ ,ਮਹੱਤਵ ਲੇਖਕ ਦਾ ਨਹੀਂ, ਪਾਠਕ ਦਾ ਹੈ ।ਜਿਸ ਯੁੱਗ ਵਿੱਚ ਉਪਭੋਗਤਾ ਨੂੰ ਸਰਵ ਉੱਚ ਮਹੱਤਵ ਦਿੱਤਾ ਜਾ ਰਿਹਾ ਹੋਵੇ ਅਤੇ ਉਤਪਾਦਨ ਦੂਜੈਲਾ ਦਰਜਾ ਪ੍ਰਾਪਤ ਹੋਵੇ, ਇਹੋ ਜਿਹੇ ਦੌਰ ਵਿੱਚ ਸਾਹਿਤਕਾਰ ਦੀ ਮੌਤ ਹੋਣਾ ਕੋਈ ਅਚੰਭੇ ਦੀ ਗੱਲ ਨਹੀਂ ।[4]

ਉੱਤਰ ਆਧੁਨਿਕ ਲੇਖਕ ਦਾਰਸ਼ਨਿਕ ਦੀ ਤਰ੍ਹਾਂ ਹੁੰਦਾ ਹੈ। ਉਹ ਜੋ ਲਿਖਦਾ ਹੈ, ਉਸਦੇ ਲਈ ਉਹ ਕੋਈ ਪਹਿਲਾਂ ਨਿਰਧਾਰਤ ਨਿਯਮਾਂ ਨੂੰ ਨਹੀਂ ਅਪਣਾਉਂਦਾ, ਨਾ ਹੀ ਕਿਸੇ ਪਰੰਪਰਾ ਨੂੰ ਆਧਾਰ ਬਣਾਉਂਦਾ ਹੈ। ਕਿਉਂਕਿ ਹਰ ਕਿਰਤ ਦਾ ਆਪਣਾ ਵਿਧਾਨ ਹੁੰਦਾ ਹੈ। ਇਸ ਵਿਧੀ ਦੇ ਅੰਤਰਗਤ ਸਾਹਿਤ ਸਿਰਫ਼ ਸੰਭਾਵਨਾ ਦਾ ਰੂਪ ਹੁੰਦਾ ਹੈ, ਸੰਭਵ ਨਹੀਂ ਹੁੰਦਾ। ਪਾਠ ਜਾਂ ਕਲਾ ਕਿਰਤ ਮਹਿਜ਼ ਇੱਕ ਸਧਾਰਨ ਘਟਨਾ ਹੀ ਹੋ ਸਕਦੀ ਹੈ । ਇਸ ’ਚ ਕਿਸੇ ਤਰ੍ਹਾਂ ਦੀ ਕੋਈ ਪ੍ਰਾਪਤੀ ਨਹੀਂ ਕਿਉਂਕਿ ਕਵੀ ਜਾਂ ਕਲਾਕਾਰ ਕਿਸੇ ਨਿਸ਼ਚਿਤ ਕਾਵਿ ਪ੍ਰਕਰਣ ਦੀ ਰਚਨਾ ਨਹੀਂ ਕਰਦਾ ਬਲਕਿ ਮੁਕਤ ਰੂਪ ਵਿੱਚ ਜੋੜਦਾ ਹੈ। ਉੱਤਰ ਆਧੁਨਿਕਤਾ ਅਨੁਸਾਰ ਕਾਵਿ ਰਚਨਾਵਾਂ ਵਿੱਚ ਅਨੇਕਾਂ ਸਤਰਾਂ ਅਧੂਰੀਆਂ ਹੁੰਦੀਆਂ ਹਨ, ਜਿਸ ਨੂੰ ਪਾਠਕ ਨੇ ਆਪਣੀ ਕਲਪਨਾ ਅਤੇ ਅਨੁਭਵ ਦੇ ਆਧਾਰ ਤੇ ਸਮਝਣਾ ਹੁੰਦਾ ਹੈ। ਇਸ ਦੇ ਨਾਲ ਹੀ ਇਹ ਅਧਿਐਨ ਵਿਧੀ ਕਾਵਿ ਦੇ ਆਕਾਰ ਜਾਂ ਪਾਠ ਨੂੰ ਜਿਆਦਾ ਮਹੱਤਵ ਨਹੀਂ ਦਿੰਦੀ ਬਲਕਿ ਰਚਨਾ ਵਿੱਚ ਪੇਸ਼ ਅਰਥਾਂ ਤੇ ਸੰਦਰਭਾਂ ਨੂੰ ਉਜਾਗਰ ਕਰਨ ਨੂੰ ਪਹਿਲ ਦਿੰਦੀ ਹੈ। ਇਸ ਅਨੁਸਾਰ ਕਵਿਤਾ ਮੁਕਤ ਵਿਆਖਿਆ ਕਰਦੀ ਹੈ। ਕਵਿਤਾ ਆਨੰਦ ਦੇਣ ਵਾਲੀ ਨਹੀਂ ਸਗੋਂ ਆਨੰਦ ਲੈਣ ਦਾ ਸਾਧਨ ਬਣ ਕੇ ਸਾਹਮਣੇ ਆਉਂਦੀ ਹੈ। ਇਸੇ ਤਰ੍ਹਾਂ ਕਲਾਕਾਰ ਜਾਂ ਕਵੀ ਦੀ ਦ੍ਰਿਸ਼ਟੀ ਸਵੈ ਤੋਂ ਲੋਕ ਭਾਵੀ ਹੁੰਦੀ ਹੈ ਅਤੇ ਹਰ ਤਰ੍ਹਾਂ ਦੇ ਕਿਸੇ ਵਾਦ ਤੋਂ ਮੁਕਤ ਹੁੰਦੀ ਹੈ। ਉੱਤਰ ਆਧੁਨਿਕਤਾ ਇਸ ਤੱਥ ਨੂੰ ਸਵੀਕਾਰ ਕਰਕੇ ਚੱਲਦੀ ਹੈ ਕਿ ਕਲਾ ਦਾ ਅੰਤ ਹੋ ਚੁੱਕਾ ਹੈ ਅਤੇ ਉਸਦਾ ਸਥਾਨ ਪਾਠ ਲੈ ਚੁੱਕਾ ਹੈ ਜਿਸ ਦੇ ਕਾਰਨ ਇਹ ਸਮਾਂ ਕਲਾਕਾਰ ਦੇ ਖ਼ਤਮ ਹੋਣ ਦਾ ਵੀ ਹੈ । ਸਾਹਿਤ ਅਤੇ ਕਲਾ ਮੁਨਾਫ਼ੇ ਦੇ ਸਾਧਨ ਬਣ ਚੁੱਕੇ ਹਨ। ਕੋਈ ਵੀ

ਕਿਰਤ ਜਿੰਨਾ ਜਿਆਦਾ ਮੁਨਾਫ਼ਾ ਦਿੰਦੀ ਹੈ ,ਉਹੀ ਮੁੱਲਵਾਨ ਹੈ- ਜਿਵੇਂ ਚੇਤਨ ਭਗਤ ਦਾ ਹਾਫ ਗਰਲ ਫਰੈਂਡ, ਪ੍ਰੀਤ ਦਾ ਮਿਲਾਂਗੇ ਜ਼ਰੂਰ, ਨਵਦੀਪ ਦਾ ਝੂਠ ਦੀ ਬੁੱਕਲ, ਹਰਮਨ ਦਾ ਰਾਣੀ ਤੱਤ ਆਦਿ।

ਇਸ ਦੇ ਨਾਲ ਹੀ ਉੱਤਰ ਆਧੁਨਿਕਤਾ ਅਧਿਐਨ ਵਿਧੀ ਸਾਹਿਤ ਨੂੰ ਪਰਿਭਾਸ਼ਤ ਨਹੀਂ ਕਰਦੀ ਪਰ ਸਹੀ ਸਾਹਿਤ ਦੀ ਮੰਗ ਜ਼ਰੂਰ ਕਰਦੀ ਹੈ, ਇੱਥੇ ਸਹੀ ਤੋਂ ਭਾਵ ਸਰਵ ਪ੍ਰਮਾਣਿਤ ਸੁਹਜ ਭਰਪੂਰ ਜਾਂ ਵਿਚਾਰਧਾਰਾ ਨਾਲ ਸੰਬੰਧਿਤ ਨਹੀਂ ਬਲਕਿ ਸਥਾਨਕ ਉਹ ਖੰਡਿਤ ਸਮੂਹ ਹਿੱਤ ਹੈ ਜੋ ਪਹਿਲਾ ਬਣੇ ਕਿਸੇ ਨਿਯਮ ਜਾਂ ਵਿਚਾਰ ਦਾ ਵਿਰੋਧ ਕਰਦੇ ਹੋਣ ਕਿਉਂਕਿ ਪੂਰਵ ਕਾਲ ਵਿੱਚ ਵਿਰੋਧੀ ਪ੍ਰਸੰਗਾਂ ਨੂੰ ਗ਼ੈਰ ਜ਼ਰੂਰੀ ਕਹਿ ਕੇ ਸਾਹਿਤ ਵਿੱਚੋਂ ਕੱਢ ਦਿੱਤਾ ਜਾਂਦਾ ਰਿਹਾ ਪਰ ਅਜੋਕੇ ਸਮੇਂ ਵਿੱਚ ਵਿਰੋਧੀ ਪ੍ਰਸੰਗਾਂ ਨੂੰ ਨਵੀਨ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਜਾ ਰਿਹਾ ਹੈ। ਉੱਤਰ ਆਧੁਨਿਕਤਾ ਇਹ ਵੀ ਮੰਨ ਕੇ ਚੱਲਦੀ ਹੈ ਕਿ ਸਾਰੀਆਂ ਰਚਨਾਵਾਂ ਜ਼ਰੂਰੀ ਰੂਪ ਵਿੱਚ ਸੁਭਾਵਿਕ ਤੌਰ ਤੇ ਇੱਕ ਦੂਸਰੇ ਨਾਲ ਅੰਤਰ ਸੰਬੰਧਿਤ ਹੁੰਦੀਆਂ ਹਨ । ਇਸ ਦ੍ਰਿਸ਼ਟੀ ਤੋਂ ਸਾਹਿਤ ਦੀ ਨਿਭਾਅ ਜੁਗਤ ਪ੍ਰਕਿਰਤੀ ਸੰਬੰਧੀ ਇਹ ਨੁਕਤਾ ਵੀ ਪੇਸ਼ ਕਰਦੀ ਹੈ ਕਿ ਸਾਹਿਤ ਕਦੇ ਵੀ ਖੰਚਿਤ ਨਹੀਂ ਹੁੰਦਾ। ਇਸ ਨੁਕਤੇ ਦੀ ਭਰਵੀ ਵਿਆਖਿਆ ਉੱਤਰ ਆਧੁਨਿਕਤਾਵਾਦੀ ਚਿੰਤਕ ਜਾੱਨ ਬਾਰਥ ਨੇ ਕੀਤੀ ਹੈ। ਉਸ ਅਨੁਸਾਰ ਸਾਹਿਤ ਸੰਬੰਧੀ ਆਧੁਨਿਕਤਾ ਦ੍ਰਿਸ਼ਟੀ ਤੋਂ ਕੀਤਾ ਯਥਾਰਥਵਾਦੀ ਤਜਰਬਾ ਸੱਖਣਾ ਹੋਣ ਦੀਆਂ ਸੀਮਾਵਾਂ ਤੇ ਪੁੱਜ ਗਿਆ ਹੈ। ਉਹ ਆਧੁਨਿਕਤਾ ਦ੍ਰਿਸ਼ਟੀ ਤੋਂ ਰਚੇ ਗਏ ਸਾਹਿਤ ਤੇ ਇਸ ਦੀ ਸਮੀਖਿਆ ਦੀਆਂ ਵੇਲਾ ਵਿਹਾ ਚੁੱਕੀਆਂ ਵਿਧੀਆਂ ਤੇ ਇਸ ਦੀਆਂ ਸੀਮਾਵਾਂ ਵੱਲ ਸੰਕੇਤ ਕਰਦਾ ਹੈ। ਉਸ ਅਨੁਸਾਰ ਇਸ ਦੀਆਂ ਦੋ ਪ੍ਰਮੁੱਖ ਸੇਵਾਵਾਂ ਹਨ- ਇੱਕ ਤਕਨੀਕੀ ਹੈ ਤੇ ਦੂਜੀ ਗਿਆਨ ਮੀਮਾਂਸਕ ਹੈ। ਉਸਨੇ ਸਾਹਿਤ ਅਧਿਐਨ ਦੇ ਖੇਤਰ ਵਿੱਚ ਇਹ ਨਵੀਂ ਸੰਭਾਵਨਾ ਜਗਾਈ ਹੈ ਕਿ ਹੁਣ ਸਾਹਿਤ ਕੀਰਤ ਨੂੰ ਕਿਸੇ ਅਜਿਹੀ ਸੰਰਚਿਤ ਵਸਤੂ ਹੋਣ ਬਾਰੇ ਨਹੀਂ ਸੋਚਿਆ ਜਾ ਸਕਦਾ, ਜਿਹੜੀ ਸੱਚ ਤੇ ਸੁੰਦਰ ਦੀ ਸੁਮੇਲ ਪੇਸ਼ਕਾਰੀ ਹੋਵੇ ।ਦੂਜੇ ਸ਼ਬਦਾਂ ਵਿੱਚ ਸਾਹਿਤ ਕੀਰਤ ਨੂੰ ਸਧਾਰਣ ਲਿਖਤ ਤੋਂ ਅਨਿਖੜ ਰੂਪ ਵਿੱਚ ਦੇਖਣ ਦੀ ਲੋੜ ਹੈ। ਲਿਉਤਾਰਦ ਦੇ ਮੱਤ ਅਨੁਸਾਰ: ਲੇਖਕ ਤੇ ਕਲਾਕਾਰ ਕਿਸੇ ਨਿਸ਼ਚਿਤ ਨੇਮਾਂਵਲੀ ਤੋਂ ਮੁਕਤ ਰਹਿ ਕੇ ਸਿਰਜਣ ਪ੍ਰਕਿਰਿਆ ਥਾਣੀਂ ਲੰਘਦੇ ਹੋਏ ਅਜਿਹੇ ਸਹਿਤ-ਪਾਠ ਜਾਂ ਕਲਾ ਕਿਰਤਾਂ ਸਿਰਜਦੇ ਹਨ ਜੋ ਆਪਣੇ ਨਵੇਂ ਨਿਯਮਾਂ ਤੇ ਵਰਗਾਂ ਨੂੰ ਆਪਣੇ ਨਾਲ ਲੈ ਕੇ ਹੋਂਦ ਵਿੱਚ ਆਉਂਦੀਆਂ ਹਨ ।[5]

ਉੱਤਰ ਆਧੁਨਿਕ ਦ੍ਰਿਸ਼ਟੀ ਤੋਂ ਪਾਠ ਸਬੰਧੀ ਵੀ ਵਿਲੱਖਣ ਸੂਝ ਪ੍ਰਾਪਤ ਹੁੰਦੀ ਹੈ। ਇਸ ਅਨੁਸਾਰ ਟੈਕਸਟ ਦਾ ਆਪਣੀ ਸ਼ੁੱਧ ਹੋਂਦ ਜਾਂ ਵਜੂਦ ਕੋਈ ਨਹੀਂ ਹੁੰਦਾ। ਇਹ ਸਥਿਰ ਨਹੀਂ ਗਤੀਸ਼ੀਲ ਵਰਤਾਰਾ ਹੈ। ਇਸ ਦੀ ਇਹ ਗਤੀਸ਼ੀਲਤਾ ਵੀ ਲਕੀਰੀ ਨਹੀਂ ਹੈ। ਇਹ ਆਪਣੀ ਪਾਠਾਤਮਕਤਾ ਦੇ ਰੂਪ ਵਿੱਚ ਅਰਥਾਂ ਦੀ ਉਤਪਾਦਨ ਪ੍ਰਕਿਰਿਆ ਨੂੰ ਕਦੀ ਵੀ ਬੰਦ ਨਹੀਂ ਕਰਦੀ। ਸਾਹਿਤ ਪਾਠ ਦੀ ਪ੍ਰਕਿਰਤੀ ਤਰਕ, ਗਿਣਤੀ- ਮਿਣਤੀ ਤੇ ਗਿਆਨ- ਵਿਗਿਆਨ ਦੀ ਪ੍ਰਣਾਲੀਆਂ ਦੀ ਪਹੁੰਚ ਤੋਂ ਦੂਰ ਰਹਿੰਦੀ ਹੈ। ਸਾਹਿਤ ਵਿੱਚ ਸ਼ਬਦਾਂ ਦੇ ਰੂਪ ਵਿੱਚ ਸ਼ਬਦ ਪਾਰ ਸੱਚ ਸਮਾਇਆ ਹੁੰਦਾ ਹੈ, ਜਿਸ ਨੂੰ ਸਾਹਿਤਕ ਅਸੀਮਤਾ ਕਿਹਾ ਜਾ ਸਕਦਾ ਹੈ। ਇਹ ਟੈਕਸਟ ਦੀ ਅਸੀਮ ਗਤੀਸ਼ੀਲਤਾ ਹੈ। ਰੂਪਵਾਦੀ- ਸੰਰਚਨਾਵਾਦੀ ਸਿਧਾਂਤ ਦੇ ਵਿਪਰੀਤ ਇਸ ਅਨੁਸਾਰ ਹੁਣ ਸਾਹਿਤ ਨਾਲ ਵਿਸ਼ੇਸੀਕ੍ਰਿਤ ਰੂਪ ਵਿੱਚ ਕੁਝ ਵੀ ਜੁੜਿਆ ਨਹੀਂ ਹੋਇਆ ਨਹੀਂ ਹੈ ਕਿਉਂਕਿ ਇਹ ਪਾਠਾਤਮਕ ਹੋਣ ਦੇ ਅਰਥਾਂ ਵਿੱਚ ਸਭ ਕੁਝ ਸਾਹਿਤਕ ਹੈ। ਇਸ ਤੋਂ ਭਾਵ ਇਹ ਨਹੀਂ ਕਿਹਾ ਜਾ ਸਕਦਾ ਕਿ ਯਥਾਰਥ ਦੀ ਸਿੱਧੀ ਸਪਾਟ ਪੇਸ਼ਕਾਰੀ ਨੂੰ ਵੀ ਸਾਹਿਤਕ ਕਿਹਾ ਜਾ ਜਾ ਸਕਦਾ ਸਗੋਂ ਇਹ

ਸਿਮੂਲੈਕਰਾਂ(Simulacrum) ਚਿਹਨਾਂ ਦੀ ਹੈ ਜੋ ਨਾ ਨਿਰਾ ਚਿਹਨਕੀ ਰੂਪ ਹੁੰਦਾ ਹੈ ਤੇ ਨਾ ਹੀ ਯਥਾਰਥਕ ਰੂਪ ਵਿੱਚ ਹੁੰਦਾ ਹੈ। ਡਾ. ਯੋਗਰਾਜ ਅਨੁਸਾਰ , ਸੈਮੂਲੈਕਰਾ ਸਿਮੂਲੇਸ਼ਨ ਦੀ ਪ੍ਰਕਿਰਿਆ ਵਿੱਚ ਸ਼ਬਦਾਂ ਨੂੰ ਅਰਥਾਂ ਦੇ ਘੇਰੇ 'ਚ ਬਾਹਰ ਕਰ ਦਿੰਦੀ ਹੈ ਕਹਿਣ ਨੂੰ ਤਾਂ ਇਹ ਪ੍ਰਕਿਰਿਆ ਸ਼ਬਦਾਂ/ ਸੰਕਲਪਾਂ ਦੇ ਇਕਾਰਥੀ ਰੂਪਾਂ (ਇਕਹਿਰੇ) ਤੋਂ ਮੁਕਤੀ ਦਾ ਆਗਾਜ਼ ਹੈ ਪਰ ਵਾਸਤਵ ਵਿੱਚ ਇਹ ਯਥਾਰਥ ਨੂੰ ਧੁੰਦਲਾ ਕੇ 'ਚ ਲਿਆਉਣ ਦਾ ਉੱਤਰ -ਆਧੁਨਿਕੀ ਅਮਲ ਹੈ ਜਿੱਥੇ ਨਾ ਕੋਈ ਅੰਤਿਮ ਸੱਚ ਹੈ ਨਾ ਯਥਾਰਥ ਨਾ ਅਰਥ ।[6] ਇਹ ਸਿਮੂਲੇਕਰ ਚਿਹਨ ਦੇ ਵਸਤਾਂ ਨਾਲ ਪੁਰਾਣੇ ਸੰਬੰਧਾਂ ਨੂੰ ਨਵੇਂ ਸਿਰਜਦਾ ਹੈ ਜਾਂ ਉਹਨਾਂ ਨੂੰ ਅਜਿਹੀ ਦਿੱਖ ਵਿੱਚ ਲਿਆਉਂਦਾ ਹੈ ਕਿ ਜਿਸ ਵਿੱਚੋਂ ਵੱਖਰਤਾ ਸੰਭਵ ਹੋ ਸਕੇ। ਅਜਿਹੀ ਸਥਿਤੀ ਵਿੱਚ ਸਾਹਿਤਕ ਕੀਰਤ ਨੂੰ ਦਿਸਦੇ ਯਥਾਰਥ ਨਾਲੋਂ ਵਧੇਰੇ ਯਥਾਰਥਕ ਢੰਗ ਨਾਲ ਪੜਿਆ ਜਾ ਸਕਦਾ ਹੈ। ਲਿਉਤਾਰਦ ਦੇ ਸੰਕਲਪ ਡਿਫਰੈਂਡ ਨੂੰ ਸਦਾ ਖੁੱਲੇ ਤੇ ਅਸੀਮ ਹੋਣ ਦੇ ਅਰਥ ਵਿੱਚ ਸਾਹਿਤ ਦੀ ਰੋਮਾਂਸਵਾਦੀ ਪਹੁੰਚ ਦੇ ਸਮਾਂਤਰ ਰੱਖਿਆ ਜਾ ਸਕਦਾ ਹੈ। ਦੋਵੇਂ ਪ੍ਰਕਾਰ ਦੀਆਂ ਪਹੁੰਚਾਂ ਅਨੁਸਾਰ ਸਾਹਿਤ ਪ੍ਰਸ਼ਨ ਦਰ ਪ੍ਰਸ਼ਨ ਖੁੱਲਦਾ ਹੈ। ਜਾਂ ਇਉਂ ਕਹਿ ਲਈਏ ਕਿ ਪ੍ਰਸ਼ਨ ਦੇ ਰੂਪ ਵਿੱਚ ਸਾਹਿਤ ਦਾ ਕੋਈ ਅੰਤ ਨਹੀਂ ਹੈ। ਬਿਲਕੁਲ ਉਵੇਂ ਜਿਵੇਂ ਲਿਉਤਾਰਦ ਨੇ ਕਿਹਾ ਹੈ ਕਿ ਡਿਫਰੈਂਡ ਦੇ ਵਾਪਰਨ ਲਈ ਵਾਕੰਸ਼ ਤੇ ਲਿੰਕ ਪ੍ਰਕਿਰਿਆ ਨੂੰ ਕਿਸੇ ਵੀ ਤਰ੍ਹਾਂ ਸਥਿਰ ਨਹੀਂ ਕੀਤਾ ਜਾ ਸਕਦਾ। ਡਿਫਰੈਂਡ ਨੂੰ ਉਹਨਾਂ ਪ੍ਰਵਚਨਾ ਜਾਂ ਮਹਾਂ ਬਿਰਤਾਤਾਂ ਦੇ ਵਿਰੋਧ ਵਿੱਚ ਵੀ ਰੱਖਿਆ ਜਾ ਸਕਦਾ ਹੈ ਜੋ ਨਿਰਣਾ ਕਰਨ ਦੀ ਵਿਸ਼ਵਵਿਆਪੀ ਸਮਰੱਥਾ ਰੱਖਣ ਦਾ ਦਾਅਵਾ ਕਰਦੇ ਹਨ ।ਲਿਉਤਾਰਦ ਹਰ ਵਾਕੰਸ਼ ਜਾਂ ਭਾਸ਼ਾ ਖੇਡ ਨੂੰ ਇਸ ਦੀ ਆਪਣੀ ਪ੍ਰਕਿਰਤੀ ਦੇ ਅਨੁਸਾਰ ਹੀ ਵਿਆਖਿਆ ਕਰਨ ਦੀ ਵਕਾਲਤ ਕਰਦਾ ਹੈ ਤਾਂ ਜੋ ਕਿਸੇ ਅਢੁਕਵੀਂ ਪ੍ਰਤੀਕਿਰਿਆ ਦੇ ਅਨਿਆਂ ਤੋਂ ਬਚਿਆ ਜਾ ਸਕੇ। ਉੱਤਰ ਆਧੁਨਿਕਤਾ ਨੁਕਤਾ ਉਸਾਰ ਕੇ ਪਾਠ ਪੜ੍ਹਨ ਦੀ ਤਕਨੀਕ ਉੱਤੇ ਜ਼ੋਰ ਦਿੰਦੀ ਹੈ। ਰਚਨਾ ਵਿੱਚ ਅਰਥ ਪ੍ਰਾਪਤ ਕਰਨ ਲਈ ਤਕਨੀਕ ਨੂੰ ਵਿਖੰਡਨ ਆਖਿਆ ਜਾਂਦਾ ਹੈ। ਬਾਹਰੀ ਪੱਧਰ ਤੇ ਰਚਨਾ ਦਾ ਜੋ ਅਰਥ ਪ੍ਰਾਪਤ ਹੁੰਦਾ ਹੈ, ਉਸਦੇ ਬਾਵਜੂਦ ਬਹੁਤ ਕੁਝ ਲੁਕਿਆ ਰਹਿੰਦਾ ਹੈ। ਪਾਠਕ ਉਪਪਾਠਾਂ ਤੇ ਭਾਸ਼ਾਈ ਚਿੰਨ੍ਹਾਂ ਦੀ ਸਹਾਇਤਾ ਨਾਲ ਰਚਨਾ ਦੇ ਉਹਨਾਂ ਅਰਥਾਂ ਨੂੰ ਵੀ ਗ੍ਰਹਿਣ ਕਰਦਾ ਹੈ ,ਜੋ ਸਤਹੀ ਪੱਧਰ ਤੇ ਆਪਣੇ ਸਾਹਮਣੇ ਨਹੀਂ ਆਉਂਦੇ ਕਿਉਂਕਿ ਕਿਸੇ ਵੀ ਰਚਨਾ ਵਿੱਚ ਅਰਥਾਂ ਨੂੰ ਲੱਭਣ ਦੀ ਰਚਨਾ ਦਾ ਮੁੱਖ ਉਦੇਸ਼ ਹੁੰਦਾ ਹੈ। ਉਹ ਮੁਕਤ ਰੂਪ ਵਿੱਚ ਵਿਚਰਦਾ ਹੈ। ਰਚਨਾ ਵਿੱਚ ਅਨੇਕਾਂ ਅਧੂਰੀਆਂ ਸਤਰਾਂ ਹੁੰਦੀਆਂ ਹਨ ਜਿਸ ਨੂੰ ਪਾਠਕ ਆਪਣੀ ਕਲਪਨਾ ਸ਼ਕਤੀ ਅਤੇ ਆਪਣੇ ਅਨੁਭਵ ਦੇ ਸਹਾਰੇ ਹੀ ਸਮਝਦਾ ਹੈ । ਉੱਤਰ ਆਧੁਨਿਕਤਾ,ਆਧੁਨਿਕਤਾ ਦੇ ਵਿਰੋਧ ਵਿੱਚ ਉਪਜੀ ਹੈ ਪਰ ਉਸ ਤੋਂ ਨਿਰਪੇਖ ਨਹੀਂ ਹੈ । ਇਸ ਦੇ ਸਿਧਾਂਤ ਆਧੁਨਿਕਤਾ ਤੋਂ ਵੱਖਰੇ ਹਨ । ਇਸ ਨੇ ਅਨਿਸ਼ਚਤਾ,ਸਥਾਨੀਕਰਨ, ਗਿਆਨ ਆਦਿ ਸੰਕਲਪਾਂ ਨੂੰ ਆਪਣੇ ਸਿਧਾਂਤ ਬਣਾਇਆ ਹੈ । ਇਸ ਤੋਂ ਇਲਾਵਾ ਉੱਤਰ ਆਧੁਨਿਕ ਯੁੱਗ ਵਿੱਚ ਮਹਾਂ ਬਿਰਤਾਂਤਾਂ ਦਾ ਅੰਤ ਹੁੰਦਾ ਹੈ । ਮਸ਼ੀਨੀ ਅਤੇ ਸਰੀਰਕ ਸ਼ਕਤੀ ਦੀ ਥਾਂ ਬੁੱਧੀ ਦੀ ਸ਼ਕਤੀ ਨੂੰ ਜ਼ਿਆਦਾ ਮਹੱਤਵ ਪ੍ਰਦਾਨ ਕੀਤਾ ਗਿਆ ਹੈ । ਇਤਿਹਾਸ ਦੇ ਅੰਤ ਨੂੰ ਵੀ ਪ੍ਰਗਟਾਇਆ ਗਿਆ ਹੈ। ਉੱਤਰ ਆਧੁਨਿਕਤਾ ਦੀ ਹੋਂਦ ਵਿੱਚ ਆਉਣ ਨਾਲ ਕਈ ਮਹੱਤਵਪੂਰਨ ਤਬਦੀਲੀਆਂ ਵੀ ਆਈਆਂ ਹਨ। ਸਾਹਿਤ ਦੀ ਉੱਤਰ ਆਧੁਨਿਕਤਾਵਾਦੀ ਅਧਿਐਨ ਦ੍ਰਿਸ਼ਟੀ ਨੇ ਸਾਹਿਤ ਅਧਿਐਨ ਨੂੰ ਨਵੀਂ ਸੀਰਿਓਂ ਤੇ ਵਿਲੱਖਣ ਪਹੁੰਚ ਨਾਲ ਦੇਖਣ ਦੀ ਸੰਭਾਵਨਾ ਜਗਾਈ ਹੈ। ਇਸ ਨੇ ਆਧੁਨਿਕਤਾਵਾਦੀ ਅਧਿਐਨ ਵਿਧੀਆਂ ਦੇ ਇਕਹਿਰੇ ਸੰਕਲਪ ਜਾਂ ਰੂਪ ਵਿੱਚ ਦੇਖਣ ਦੀ ਬਿਰਤੀ ਨੂੰ ਤੋੜਿਆ ਹੈ ਤੇ ਸਾਹਿਤ ਨੂੰ ਇੱਕ ਅਖੰਡ ਆਯਾਮ ਵਜੋਂ ਦੇਖਣ ਦੀ ਜਾਂਚ ਸਿਖਾਈ ਹੈ ।ਇਸ ਨੇ ਪੂਰਬੀ- ਪੱਛਮੀ ਕਾਵਿ ਤੇ ਵਸਤੂ ਯਥਾਰਥ,ਸਾਹਿਤ ਤੇ ਸਮੀਖਿਆ ਵਿੱਚ ਸਾਂਝ ਸਥਾਪਿਤ ਕਰਨ

ਦਾ ਯਤਨ ਕੀਤਾ ਹੈ। ਅਜਿਹਾ ਕਰਦੇ ਹੋਏ ਇਸ ਦੀ ਦਿਸ਼ਾ ਖੰਡ ਤੋਂ ਅਖੰਡਤਾ ,ਏਕਤਾ ਤੋਂ ਅਨੇਕਤਾ , ਸੰਰਚਨਾ ਤੋਂ ਗੈਰ ਸੰਰਚਣਾ , ਪੇਸ਼ਤਾ ਤੋਂ ਆਪੇਸ਼ਤਾ , ਮਹਾ- ਬਿਰਤਾਂਤ ਤੋਂ ਅਲਪ- ਬਿਰਤਾਂਤ ,ਗਲੋਬਲ ਤੋਂ ਸਥਾਨਕਤਾ, ਸੁਹਜ ਸੋ ਸਹਿਜ ਵੱਲ ਦੀ ਰਹੀ ਹੈ। ਪੰਜਾਬੀ ਵਿੱਚ ਉੱਤਰ ਆਧੁਨਿਕ ਦ੍ਰਿਸ਼ਟੀ ਨੂੰ ਸਮੀਖਿਆ ਸੰਸਾਰ ਦਾ ਹਿੱਸਾ ਬਣਨ ਲਈ ਅਜੇ ਹੋਰ ਲੰਬਾ ਸਮਾਂ ਲੱਗੇਗਾ।

**ਹਵਾਲੇ**

1. ਡਾ. ਰਾਜਿੰਦਰਪਾਲ ਸਿੰਘ, ਉੱਤਰ ਆਧੁਨਿਕਤਾ, ਪੰਨਾ-23
2. ਉਦਰਿਤ, ਡਾ. ਰਾਜਿੰਦਰਪਾਲ ਸਿੰਘ, ਉੱਤਰ ਆਧੁਨਿਕਤਾ, ਪੰਨਾ-44
3. ਡਾ. ਰਾਜਿੰਦਰਪਾਲ ਸਿੰਘ, ਉਹੀ, ਪੰਨਾ-44
4. ਡਾ. ਗੁਰਭਗਤ ਸਿੰਘ, ਉੱਤਰ ਆਧੁਨਿਕਵਾਦ, ਪੰਨਾ.-22
5. ਗੁਰਚਰਨ ਸਿੰਘ ਅਰਸ਼ੀ, ਸਿਧਾਂਤ ਚਿੰਤਨ- ਅਸਤਿਤ੍ਵ ਤੋਂ ਵਿਰਚਨਾ ਤਕ, ਪੰਨਾ-253
6. ਯੋਗਰਾਜ, ਉੱਤਰ ਆਧੁਨਿਕਤਾਵਾਦ ਦੀ ਨਵ ਮਾਰਕਸਵਾਦੀ ਪੜ੍ਹਤ ,ਪਰਖ (ਚਿੰਤਨ ਵਿਸ਼ੇਸ਼ ਅੰਕ -1) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਨਾ -29-30